




$40
$20
Tanya's
BEAUTY SALOON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
40-39 75ST. JACKSON HEIGHTS
NY TEL : 718-478-9009
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832

Ad Space
Available
Call: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।



Fifteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 44, November 01, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


## ਭਾਜਪਾ ਵੱਲੋਂ ਹੁਣ ਪੰਜਾਬ 'ਤੇ ਚੜ੍ਹਾਈ ਲਈ ਕਮਰ-ਕੱਸੇ

### ਆਰ.ਐਸ.ਐਸ. ਨੇ ਵੀ ਸਰਗਰਮੀ ਵਧਾਈ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪਹਿਲਾਂ ਲੋਕ ਸਭਾ ਚੋਣਾਂ ਅਤੇ ਹੁਣ ਹਰਿਆਣਾ ਵਿਚ ਮੋਰਚਾ ਮਾਰਨ ਤੋਂ ਬਾਅਦ ਭਾਜਪਾ ਨੇ ਹੁਣ ਸਾਰਾ ਧਿਆਨ ਪੰਜਾਬ ਦੀ ਸਿਆਸਤ ਉਤੇ ਲਾ ਦਿੱਤਾ ਹੈ। ਇਸੇ ਦੌਰਾਨ ਭਾਜਪਾ ਦੀ ਮਾਂ ਜਥੇਬੰਦੀ ਆਰ.ਐਸ.ਐਸ. ਨੇ ਵੀ ਸੂਬੇ ਵਿਚ ਸਰਗਰਮੀ ਵਧਾ ਦਿੱਤੀ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਹਲਫਦਾਰੀ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਅਣਗੌਲਿਆ ਕਰ ਕੇ ਸਾਫ ਸੰਕੇਤ ਦੇ ਦਿੱਤੇ ਹਨ ਕਿ ਭਾਜਪਾ ਹੁਣ ਅਗਲਾ ਕਦਮ ਉਠਾਉਣ ਦੀ ਤਿਆਰੀ ਕਰ ਰਹੀ ਹੈ। ਉਧਰ, ਪੰਜਾਬ ਦੇ ਭਾਜਪਾ ਆਗੂਆਂ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਰਨ ਬਾਰੇ ਦਿੱਤੇ ਬਿਆਨ ਨੇ ਸੂਬੇ ਦੇ ਸਿਆਸੀ ਪਿੜਾਂ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਭਾਜਪਾ ਨੇ ਭਾਵੇਂ ਇਹ ਛੇੜਾ ਛੇੜ ਕੇ ਚੁੱਪ ਧਾਰ ਲਈ ਹੈ, ਪਰ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਪੰਜਾਬ ਪ੍ਰਤੀ ਜਾਗੇ ਇਸ ਹੇਜ ਬਾਰੇ ਕਨਸੋਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਦੇ ਪੰਜਾਬ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਤਾਂ ਇਸ ਮੁੱਦੇ 'ਤੇ ਭਾਜਪਾ ਦਾ ਡਟ ਦੇ ਸਾਥ ਦੇਣ ਦਾ ਐਲਾਨ ਕੀਤਾ ਹੈ। ਹਾਲਾਂਕਿ ਇਸ ਮੁੱਦੇ 'ਤੇ ਲੰਬੇ ਸਮੇਂ ਤੋਂ ਚੁੱਪ ਧਾਰੀ ਬੈਠੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਕੋਲ ਪਹੁੰਚ ਕਰਨ ਦੀ ਗੱਲ ਆਖੀ ਹੈ।

ਪੰਜਾਬ ਦੇ ਇਨ੍ਹਾਂ ਮੁੱਦਿਆਂ ਨਾਲ ਜੁੜਿਆ ਬੁੱਧੀਜੀਵੀ ਵਰਗ ਵੀ ਭਾਜਪਾ ਦੇ ਇਸ ਪੈਂਤੜੇ ਤੋਂ ਹੈਰਾਨ ਹੈ, ਕਿਉਂਕਿ ਭਾਜਪਾ ਸ਼ੁਰੂ ਤੋਂ ਹੀ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਰਨ ਦੇ ਵਿਰੁੱਧ ਰਹੀ ਹੈ ਪਰ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਤੋਂ ਅਗਲੇ ਦਿਨ ਹੀ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਵੱਲੋਂ ਕੀਤਾ ਇਹ ਐਲਾਨ ਕਿਸੇ ਦੇ ਗਲੇ ਨਹੀਂ ਉੱਤਰ ਰਿਹਾ। ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਦਾ ਇਹ ਪੈਂਤੜਾ ਹੁਣ ਪਾਰਟੀ ਦੇ ਅਸਰ ਵਿਹੂਣੇ ਸੂਬਿਆਂ ਵਿਚ ਵੀ ਆਪਣੇ ਪੈਰ ਪਸਾਰਨ ਲਈ ਅਪਣਾਈ ਗਈ 'ਏਕਲਾ ਚਲੋ' ਰਣਨੀਤੀ ਦਾ ਹੀ ਹਿੱਸਾ ਹੈ ਕਿਉਂਕਿ ਮਹਾਰਾਸ਼ਟਰ ਤੇ ਹਰਿਆਣਾ ਵਿਚ ਚੰਗਾ ਪ੍ਰਦਰਸ਼ਨ ਕਰ ਚੁੱਕੀ ਭਾਜਪਾ ਦੀ ਨਜ਼ਰ ਹੁਣ ਪੰਜਾਬ, ਬਿਹਾਰ ਸਮੇਤ ਹੋਰਨਾਂ ਸੂਬਿਆਂ 'ਤੇ ਹੈ ਜਿਸ ਲਈ ਉਹ ਨਾ ਸਿਰਫ ਸਿਆਸੀ ਬਲਕਿ ਫਿਰਕੂ ਤੇ ਸਮਾਜਕ ਮੁੱਦੇ ਵੀ ਉਠਾ ਰਹੀ ਹੈ।

ਭਾਜਪਾ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਚੁੱਕੀ ਹੈ ਕਿ ਸੂਬਾਈ ਪਾਰਟੀਆਂ ਨੂੰ ਲੋਕ ਆਪਣੇ ਹਿੱਤਾਂ ਦੀਆਂ ਰੱਖਿਅਕ ਸਮਝ ਕੇ ਅਪਣਾਉਂਦੇ ਸਨ ਤੇ ਹੁਣ ਖੇਤਰੀ ਮੁੱਦੇ ਵਿਸਰ ਜਾਣ ਮਗਰੋਂ ਜਨਤਾ ਦਾ ਮੋਹ ਉਨ੍ਹਾਂ 'ਤੋਂ ਭੰਗ ਹੋ ਰਿਹਾ ਹੈ ਜਿਸ ਦਾ ਲਾਭ ਭਾਜਪਾ ਧੜਾਧੜ ਹਥਿਆਉਣ ਦੇ ਰੌਂਅ ਵਿਚ ਹੈ। ਅਸਲ ਵਿਚ ਭਾਜਪਾ ਜਾਣਦੀ ਹੈ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਸੂਬੇ ਦੇ ਇਨ੍ਹਾਂ ਮੁੱਦਿਆਂ ਨੂੰ ਬਿੱਲਕੁਲ ਵਿਸਾਰ ਚੁੱਕੀਆਂ ਹਨ। ਇਥੋਂ ਤੱਕ ਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਨੇ ਇਨ੍ਹਾਂ ਮਸਲਿਆਂ ਨੂੰ ਆਪਣੇ ਚੋਣ ਮਨੋਰਥ ਪੱਤਰ ਦਾ ਹਿੱਸਾ ਹੀ ਨਹੀਂ ਬਣਾਇਆ ਸੀ। ਇਨ੍ਹਾਂ ਚੋਣਾਂ ਮੌਕੇ ਕੈਪਟਨ

(ਬਾਕੀ ਸਫਾ 6 'ਤੇ)

### ਅਕਾਲੀ ਦਲ ਵੀ ਹੁਣ ਮੁੱਦੇ ਲੱਭਣ ਲੱਗਾ



**ਚੰਡੀਗੜ੍ਹ:** ਭਾਜਪਾ ਵੱਲੋਂ ਪੰਜਾਬ ਦੇ ਮੁੱਦਿਆਂ ਬਾਰੇ ਗੱਲ ਕਰਨ ਪਿੱਛੋਂ ਅਕਾਲੀ ਦਲ ਬਾਦਲ ਨੇ ਵੀ ਮੌਕਾ ਸਾਂਭਦੇ ਹੋਏ ਦਿੱਲੀ ਤੇ ਦੇਸ਼ ਦੇ ਹੋਰਨਾਂ ਸ਼ਹਿਰਾਂ ਵਿਚ ਸਿੱਖ ਕਤਲੇਆਮ ਬਾਰੇ ਪਾਰਲੀਮੈਂਟ ਵਿਚ ਨਿੰਦਾ ਮਤਾ ਲਿਆਉਣ ਦੀ ਮੰਗ ਕਰ ਦਿੱਤੀ ਹੈ। ਤਿੰਨ ਦਹਾਕਿਆਂ ਤੋਂ ਇਸ ਮਤੇ ਬਾਰੇ ਚੁੱਪ ਧਾਰੀ ਬੈਠੇ ਅਕਾਲੀ ਦਲ ਦਾ ਕਹਿਣਾ ਹੈ ਕਿ ਪਾਰਲੀਮੈਂਟ ਦੇ ਅਗਲੇ ਸੈਸ਼ਨ ਵਿਚ ਦੰਗਿਆਂ ਬਾਰੇ ਨਿੰਦਾ ਮਤਾ ਲਿਆਂਦਾ ਜਾਣਾ ਚਾਹੀਦਾ ਹੈ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਅਫਸੋਸ ਦੀ ਗੱਲ ਹੈ ਕਿ ਪਿਛਲੇ 30 ਸਾਲਾਂ ਤੋਂ ਸਾਰੀਆਂ ਸਿਆਸੀ ਪਾਰਟੀਆਂ ਇਸ ਮੁੱਦੇ ਨੂੰ ਨਜ਼ਰਅੰਦਾਜ਼ ਕਰਦੀਆਂ ਆ ਰਹੀਆਂ ਹਨ ਪਰ ਕਦੇ ਤਾਂ ਇਸ ਮੁੱਦੇ ਨੂੰ ਮੁਖ਼ਾਤਬ ਹੋਣਾ ਪਵੇਗਾ। ਉਨ੍ਹਾਂ ਕਿਹਾ ਦਿਲੀ ਵਿਚ ਦੰਗਿਆਂ ਦੌਰਾਨ ਤਕਰੀਬਨ 3000 ਸਿੱਖ ਮਾਰੇ ਗਏ ਸਨ। ਦੰਗਾ ਪੀੜਤਾਂ ਲਈ ਕੋਈ ਮਾਲੀ ਸਹਾਇਤਾ ਨਹੀਂ ਐਲਾਨੀ ਗਈ।

## ਗੁਰਦੁਆਰਾ ਕਮਿਸ਼ਨਰ ਬਾਰੇ ਨਿਯਮਾਂ ਨੇ ਸਿੱਖਾਂ ਨੂੰ ਸੋਚਣ ਲਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੋਦੀ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਗਠਿਤ ਕੀਤੇ ਜਾਂਦੇ ਮੁੱਖ ਕਮਿਸ਼ਨਰ ਦੀ ਨਿਯੁਕਤੀ ਲਈ ਜਾਰੀ ਨਵੀਂ ਨਿਯਮਾਂਵਲੀ ਨੇ ਸਿੱਖ ਹਲਕਿਆਂ ਖਾਸਕਰ ਅਕਾਲੀ ਦਲ ਬਾਦਲ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਇਸ ਨਿਯਮਾਂਵਲੀ ਤਹਿਤ ਪੰਜਾਬ ਸਰਕਾਰ ਦਾ ਦਖ਼ਲ ਇਸ ਚੋਣ ਵਿਚੋਂ ਪੂਰੀ ਤਰ੍ਹਾਂ ਖ਼ਤਮ ਹੀ ਕਰ ਦਿੱਤਾ ਹੈ। ਹਾਲਾਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਮੰਨਣਾ ਹੈ ਕਿ ਕੇਂਦਰ ਦੀ ਇਸ ਕਾਰਵਾਈ ਨਾਲ ਸਿੱਖ ਗੁਰਦੁਆਰਾ ਐਕਟ 1925 'ਤੇ ਵੀ ਮੋਹਰ ਲੱਗੀ ਹੈ ਜਿਸ ਤਹਿਤ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਸ਼੍ਰੋਮਣੀ ਕਮੇਟੀ ਵਾਸਤੇ ਆਮ ਚੋਣਾਂ ਹੋਣਗੀਆਂ।

ਨਵੇਂ ਫ਼ੈਸਲੇ ਤਹਿਤ ਇਹ ਪਹਿਲੀ ਵਾਰ ਹੋਵੇਗਾ ਕਿ ਗੁਰਦੁਆਰਾ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਵਿਚ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਸ਼ਾਮਲ ਹੋਣਗੇ। ਪਹਿਲਾਂ ਇਹ ਰਵਾਇਤ ਰਹੀ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਲਈ ਭੇਜੇ ਜਾਣ ਵਾਲੇ ਸਾਬਕਾ ਜੱਜਾਂ ਦੇ ਪੈਨਲ ਬਾਰੇ ਪੰਜਾਬ ਸਰਕਾਰ ਦੀ ਪਹਿਲੋਂ ਸਹਿਮਤੀ ਲੈਂਦੀ ਰਹੀ ਹੈ ਤੇ ਆਮ ਕਰ ਕੇ ਪੰਜਾਬ ਸਰਕਾਰ ਵੱਲੋਂ ਸੁਝਾਏ ਨਾਂ ਵਾਲੇ ਸਾਬਕਾ ਜੱਜ ਦੀ ਨਿਯੁਕਤੀ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕਰ ਦਿੱਤੀ ਜਾਂਦੀ ਸੀ। ਰਵਾਇਤ ਇਹੀ ਹੈ ਕਿ ਗੁਰਦੁਆਰਾ ਚੋਣਾਂ ਲਈ ਮੁੱਖ ਕਮਿਸ਼ਨਰ ਕਿਸੇ ਸਾਬਕਾ ਸਿੱਖ ਨੂੰ ਹੀ ਨਿਯੁਕਤ ਕੀਤਾ ਜਾਵੇ ਪਰ ਨਵੇਂ ਨਿਯਮਾਂ ਵਿਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੁੱਖ ਚੋਣ ਕਮਿਸ਼ਨਰ ਦੀ ਮਿਆਦ ਬਾਰੇ ਪਹਿਲਾਂ ਕੋਈ ਨਿਯਮ ਹੀ ਨਹੀਂ ਸੀ, ਪਰ ਹੁਣ ਇਸ ਦੀ ਮਿਆਦ ਦੋ ਸਾਲ ਕਰ ਦਿੱਤੀ ਗਈ ਤੇ ਇਸ ਮਿਆਦ ਵਿਚ ਇਕ ਸਾਲ ਲਈ ਹੋਰ ਵਾਧਾ ਹੋ ਸਕਦਾ ਹੈ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਚੋਣ ਪੰਜ ਸਾਲ ਬਾਅਦ ਕਰਵਾਈ ਜਾਂਦੀ ਹੈ ਪਰ ਚੋਣ ਕਮਿਸ਼ਨਰ ਹਰ ਦੋ ਸਾਲ ਬਾਅਦ ਬਦਲ ਜਾਇਆ ਕਰਨਗੇ।


ਨਵੀਂ ਨਿਯੁਕਤੀ ਵਿਧੀ ਵਿਚ ਪੈਨਲ ਪੰਜਾਬ ਦੇ ਹਰਿਆਣਾ ਹਾਈਕੋਰਟ ਦੇ ਰਜਿਸਟਰਾਰ ਤੋਂ ਮੰਗਿਆ ਜਾਵੇਗਾ ਜਿਸ ਵਿਚ 70 ਸਾਲ ਤੋਂ ਘੱਟ ਉਮਰ ਵਾਲੇ ਤਿੰਨ ਸੇਵਾ ਮੁਕਤ ਜੱਜਾਂ ਦੇ ਨਾਂ ਸੁਝਾਏ ਜਾਣਗੇ। ਇਸ ਪੈਨਲ ਨੂੰ ਅੱਗੇ ਗ੍ਰਹਿ ਸਕੱਤਰ, ਕਾਨੂੰਨ ਤੇ ਖਰਚਾ ਸਕੱਤਰ ਦੇ ਆਧਾਰਤ ਸਰਚ ਤੇ ਚੋਣ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ ਤੇ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਬਣੀ ਕੈਬਨਿਟ ਕਮੇਟੀ ਨਿਯੁਕਤੀ ਦਾ ਅੰਤਿਮ ਫ਼ੈਸਲਾ ਲਵੇਗੀ। ਪ੍ਰਧਾਨ ਮੰਤਰੀ ਦੇ ਨਾਲ ਕਮੇਟੀ ਵਿਚ ਗ੍ਰਹਿ ਮੰਤਰੀ ਸ਼ਾਮਲ ਹੋਣਗੇ। ਬੜੀ ਤੇਜ਼ੀ ਨਾਲ ਵਾਪਰੀ ਇਸ ਘਟਨਾ ਨੂੰ ਲੈ ਕੇ ਸਿੱਖ ਹਲਕੇ ਹੈਰਾਨ ਹਨ। ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ

(ਬਾਕੀ ਸਫਾ 6 'ਤੇ)

### ਵੱਖਰੀ ਕਮੇਟੀ ਦਾ ਭਵਿੱਖ ਡਾਵਾਂਡੋਲ

ਕੇਂਦਰ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਮੁੱਖ ਕਮਿਸ਼ਨਰ ਦੀ ਨਿਯੁਕਤੀ ਲਈ ਜਾਰੀ ਨਵੀਂ ਨਿਯਮਾਂਵਲੀ ਤੇ ਹਰਿਆਣਾ ਵਿਚ ਨਵੀਂ ਬਣੀ ਭਾਜਪਾ ਸਰਕਾਰ ਕਾਰਨ ਸੂਬੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਦਾ ਭਵਿੱਖ ਡਾਵਾਂਡੋਲ ਨਜ਼ਰ ਆ ਰਿਹਾ ਹੈ। ਵੱਖਰੀ ਕਮੇਟੀ ਦੇ ਆਗੂ ਭਾਵੇਂ ਇਸ ਨਿਯਮਾਂਵਾਲੀ ਦਾ ਹਰਿਆਣਾ ਕਮੇਟੀ 'ਤੇ ਕੋਈ ਅਸਰ ਨਾ ਪੈਣ ਦੀ ਗੱਲ ਆਖ ਰਹੇ ਹਨ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਕੇਂਦਰ ਦੀ ਇਸ ਕਾਰਵਾਈ ਨਾਲ ਇਹ ਕਮੇਟੀ ਅਜੇ 'ਦੂਰ ਦੀ ਗੱਲ' ਲੱਗ ਰਹੀ ਹੈ।

ਨਵੀਂ ਹਰਿਆਣਾ ਸਰਕਾਰ ਨੇ ਵੀ ਅਜੇ ਵੱਖਰੀ ਕਮੇਟੀ ਵਿਵਾਦ ਤੋਂ ਦੂਰ ਰਹਿਣ ਦੀ ਗੱਲ ਆਖੀ ਹੈ। ਲਿਹਾਜ਼ਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭਵਿੱਖ ਸੁਪਰੀਮ ਕੋਰਟ ਦੇ ਫ਼ੈਸਲੇ ਉੱਤੇ ਹੀ ਨਿਰਭਰ ਕਰੇਗਾ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਕਤਲੇਆਮ-84 ਯਾਦਗਾਰ ਦੀ ਉਸਾਰੀ ਪਹਿਲੀ ਤੋਂ

**ਅੰਮ੍ਰਿਤਸਰ:** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਜਾਣ ਵਾਲੀ ਯਾਦਗਾਰ ਦਾ ਕੰਮ ਪਹਿਲੀ ਨਵੰਬਰ ਤੋਂ ਸ਼ੁਰੂ ਹੋਵੇਗਾ। ਇਸ ਸਬੰਧੀ ਦਿੱਲੀ ਕਮੇਟੀ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਯਾਦਗਾਰ ਗੁਰਦੁਆਰਾ ਰਕਾਬਗੰਜ ਵਿਖੇ ਉਸਾਰੀ ਜਾਵੇਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਯਾਦਗਾਰ ਦੇ ਰੂਪ ਵਿਚ ਸਿਰਫ ਇੱਕ ਕੰਧ ਉਸਾਰੀ ਜਾਵੇਗੀ ਜਿਸ ਉਪਰ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਲੋਕਾਂ ਦੇ ਨਾਂ ਉਕਰੇ ਹੋਣਗੇ। ਇਸ ਸਬੰਧ ਵਿਚ ਕੋਈ ਵੱਖਰੀ ਇਮਾਰਤ ਜਾਂ ਢਾਂਚਾ ਨਹੀਂ ਉਸਾਰਿਆ ਜਾ ਰਿਹਾ। ਇਸ ਯਾਦਗਾਰ ਦੇ ਨੇੜੇ ਸੁੰਦਰ ਲੈਂਡ ਸਕੇਪਿੰਗ, ਫੁਹਾਰਾ ਅਤੇ ਪੱਥਰ ਨਾਲ ਸਜਾਵਟ ਕੀਤੀ ਜਾਵੇਗੀ। ਇਹ ਯਾਦਗਾਰ ਉਨ੍ਹਾਂ ਗੈਰ-ਸਿੱਖਾਂ ਨੂੰ ਵੀ ਸਮਰਪਿਤ ਹੋਵੇਗੀ ਜਿਨ੍ਹਾਂ ਨੇ ਬਿਨਾਂ ਕਿਸੇ ਧਰਮ ਦੇ ਭੇਦਭਾਵ ਤੋਂ ਸਿੱਖਾਂ ਨੂੰ ਦੰਗਾਕਾਰੀਆਂ ਤੋਂ ਬਚਾਇਆ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਦਿੱਲੀ ਸਰਕਾਰ ਨੇ ਹੁਣ ਯਾਦਗਾਰ ਰੂਪੀ ਇਸ ਕੰਧ 'ਤੇ ਕੋਈ ਇਤਰਾਜ਼ ਨਹੀਂ ਉਠਾਇਆ ਹੈ ਜਦੋਂਕਿ ਇਸ ਤੋਂ ਪਹਿਲਾਂ ਯਾਦਗਾਰ ਰੂਪੀ ਢਾਂਚਾ ਉਸਾਰਨ ਤੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਗਰੋਂ ਅਜਾਇਬ ਘਰ ਵੀ ਸਥਾਪਤ ਕੀਤਾ ਜਾਵੇਗਾ ਜਿਸ ਵਿਚ ਉਸ ਵੇਲੇ ਮਾਰੇ ਗਏ ਸਿੱਖਾਂ ਦੀਆਂ ਤਸਵੀਰਾਂ ਅਤੇ ਉਸ ਵੇਲੇ ਦੀਆਂ ਪ੍ਰਕਾਸ਼ਤ ਹੋਈਆਂ ਮੀਡੀਆ ਰਿਪੋਰਟਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ।

ਦੱਸਣਯੋਗ ਹੈ ਕਿ ਇਸ ਯਾਦਗਾਰ ਦਾ ਨੀਂਹ ਪੱਥਰ ਪਿਛਲੇ ਵਰ੍ਹੇ 12 ਜੂਨ ਨੂੰ ਰੱਖਿਆ ਗਿਆ ਸੀ ਪਰ ਉਸ ਵੇਲੇ ਇਸ ਮਾਮਲੇ 'ਤੇ ਵਿਵਾਦ ਸ਼ੁਰੂ ਹੋ ਗਿਆ ਸੀ। ਕੁਝ ਵਿਅਕਤੀਆਂ ਵੱਲੋਂ ਗੁਰਦੁਆਰੇ ਦੇ ਵਿਹੜੇ ਵਿਚ ਯਾਦਗਾਰ ਬਣਾਉਣ ਦਾ ਵਿਰੋਧ ਕਰਦਿਆਂ ਦਿੱਲੀ ਉੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਸੀ ਪਰ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਦੀਆਂ ਹਦਾਇਤਾਂ 'ਤੇ ਇਹ ਪਟੀਸ਼ਨ ਵਾਪਸ ਲੈ ਲਈ ਗਈ ਸੀ।




## ਜਗਤਾਰ ਸਿੰਘ ਤਾਰਾ ਬਾਰੇ ਥਾਈਲੈਂਡ 'ਚ ਚੌਕਸੀ

**ਬੈਂਕਾਕ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿਚ ਸ਼ਾਮਿਲ ਭਾਈ ਜਗਤਾਰ ਸਿੰਘ ਤਾਰਾ ਦੇ ਥਾਈਲੈਂਡ ਵਿਚ ਦਾਖਲ ਹੋਣ ਦਾ ਯਤਨ ਕਰਨ ਸਬੰਧੀ ਮਿਲੀਆਂ ਰਿਪੋਰਟਾਂ ਪਿੱਛੋਂ ਥਾਈਲੈਂਡ ਦੇ ਮਸ਼ਹੂਰ ਟਾਪੂ ਫੁਕੇਟ ਵਿਚ ਚੌਕਸੀ ਵਧਾ ਦਿੱਤੀ ਹੈ। ਅੰਦਰੂਨੀ ਸੁਰੱਖਿਆ ਆਪਰੇਸ਼ਨ ਕਮਾਂਡ ਦੇ ਡਿਪਟੀ ਸਕੱਤਰ ਜਨਰਲ ਜੈਤੂਪੋਰਨ ਕਲਾਮਪਸੂਤ ਨੇ ਦੱਸਿਆ ਕਿ ਉਨ੍ਹਾਂ ਨੂੰ ਅਧਿਕਾਰੀਆਂ ਤੋਂ ਭਾਈ ਤਾਰਾ ਬਾਰੇ ਸੂਚਨਾ ਮਿਲੀ ਹੈ ਜਿਹੜੇ ਉਸ ਦੀ ਭਾਲ ਵਿਚ ਹਨ। ਉਸ ਨੂੰ ਆਖਰੀ ਵਾਰ ਥਾਈਲੈਂਡ ਅਤੇ ਮਲੇਸ਼ੀਆ ਦੇ ਸਰਹੱਦ 'ਤੇ ਦੇਖਿਆ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਉਹ ਸੁੰਗਾਈ ਕੋਲੋਕ ਰਸਤੇ ਥਾਈਲੈਂਡ 'ਚ ਦਾਖਲ ਹੋ ਸਕਦਾ ਹੈ ਅਤੇ ਉਥੋਂ ਪਾਕਿਸਤਾਨ ਜਾਵੇਗਾ। ਭਾਈ ਤਾਰਾ ਨੂੰ 1995 ਵਿਚ ਬੇਅੰਤ ਸਿੰਘ ਦੀ ਹੱਤਿਆ ਕਰਨ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ ਸੀ। ਉਹ ਅਤੇ ਉਸ ਦੇ ਦੋ ਸਾਥੀ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ 2004 ਵਿਚ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਅੰਦਰ ਸੁਰੰਗ ਬਣਾ ਕੇ ਫਰਾਰ ਹੋ ਗਏ ਸਨ। ਪੁਲਿਸ ਨੇ ਬਾਅਦ ਵਿਚ ਭਾਈ ਹਵਾਰਾ ਅਤੇ ਭਾਈ ਭਿਓਰਾ ਨੂੰ ਗ੍ਰਿਫਤਾਰ ਕਰ ਲਿਆ ਸੀ।

## ਫੜਨਵੀਸ ਮਹਾਰਾਸ਼ਟਰ ਦੇ ਨਵੇਂ ਮੁੱਖ ਮੰਤਰੀ

**ਮੁੰਬਈ:** ਭਾਜਪਾ ਆਗੂ ਦੇਵੇਂਦਰ ਫੜਨਵੀਸ ਨੂੰ ਮਹਾਰਾਸ਼ਟਰ ਵਿਚ ਭਾਜਪਾ ਵਿਧਾਇਕ ਦਲ ਦਾ ਆਗੂ ਚੁਣ ਲਿਆ ਗਿਆ। ਉਹ ਹੁਣ ਸੂਬੇ ਵਿਚ ਭਾਜਪਾ ਦੇ ਪਹਿਲੇ ਮੁੱਖ ਮੰਤਰੀ ਹੋਣਗੇ। ਸ੍ਰੀ ਫੜਨਵੀਸ ਆਰ.ਐਸ.ਐਸ. ਦੇ ਚਹੇਤੇ ਹੀ ਨਹੀਂ ਬਲਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਪਾਰਟੀ ਮੁਖੀ ਅਮਿਤ ਸ਼ਾਹ ਦਾ ਥਾਪੜਾ ਵੀ ਹਾਸਲ ਹੈ। ਮਰਾਠਾ ਸਿਆਸਤ ਤੇ ਸਿਆਸਤਦਾਨਾਂ ਦੇ ਗੜ੍ਹ ਵਾਲੇ ਸੂਬੇ ਵਿਚ ਫੜਨਵੀਸ ਕੇਵਲ ਦੂਜੇ ਬ੍ਰਾਹਮਣ ਹਨ ਜੋ ਮਹਾਰਾਸ਼ਟਰ ਦੇ ਮੁੱਖ ਮੰਤਰੀ ਬਣ ਰਹੇ ਹਨ। ਇਸ ਤੋਂ ਪਹਿਲਾਂ ਭਾਈਵਾਲ ਪਾਰਟੀ ਸ਼ਿਵ ਸੈਨਾ ਦੇ ਮਨੋਹਰ ਜੋਸ਼ੀ ਮੁੱਖ ਮੰਤਰੀ ਬਣੇ ਸਨ। ਜਨਸੰਘ ਤੇ ਮਗਰੋਂ ਭਾਜਪਾ ਆਗੂ ਮਰਹੂਮ ਗੰਗਾਧਰ ਫੜਨਵੀਸ ਦੇ ਪੁੱਤਰ ਦੇਵੇਂਦਰ ਫੜਨਵੀਸ ਨੂੰ ਗੁੜਤੀ ਹੀ ਸਿਆਸਤ ਦੀ ਮਿਲੀ ਸੀ। 1989 ਵਿਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰ ਬਣੇ ਫੜਨਵੀਸ 22 ਸਾਲ ਦੀ ਉਮਰੇ ਨਾਗਪੁਰ ਸ਼ਹਿਰੀ ਬਾਡੀ ਦੇ ਕਾਰਪੋਰੇਟਰ ਤੇ 1997 'ਚ 27 ਸਾਲ ਦੀ ਉਮਰੇ ਮੇਅਰ ਵੀ ਬਣ ਗਏ ਸਨ। 1999 'ਚ ਪਹਿਲੀ ਅਸੈਂਬਲੀ ਚੋਣ ਜਿੱਤਣ ਮਗਰੋਂ ਇਸ ਆਗੂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।



# ਸਿੱਖਾਂ ਅਤੇ ਨੂਰਮਹਿਲੀਆਂ ਵਿਚਾਲੇ ਝੜਪਾਂ



*ਹਸਪਤਾਲ ਵਿਚ ਦਾਖਲ ਇਕ ਸਿੱਖ ਜੋ ਝੜਪ ਵਿਚ ਜ਼ਖਮੀ ਹੋ ਗਿਆ ਸੀ।*

**ਤਰਨ ਤਾਰਨ:** ਇਥੋਂ ਚਾਰ ਕਿਲੋਮੀਟਰ ਦੂਰ ਪਿੰਡ ਜੋਧਪੁਰ ਵਿਖੇ ਗਰਮ ਖਿਆਲੀ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਅਤੇ ਨੂਰਮਹਿਲ ਆਧਾਰਤ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਿਚਾਲੇ ਹੋਈਆਂ ਹਿੰਸਕ ਝੜਪਾਂ ਵਿਚ 30 ਵਿਅਕਤੀ ਜ਼ਖਮੀ ਹੋ ਗਏ ਹਨ। ਗੋਲੀਬਾਰੀ ਵਿਚ ਜਿੱਥੇ 20 ਦੇ ਕਰੀਬ ਸਿੱਖ ਕਾਰਕੁਨ ਜ਼ਖਮੀ ਹੋ ਗਏ, ਉੱਥੇ ਜਵਾਬੀ ਹਮਲੇ ਵਿਚ 10 ਦੇ ਕਰੀਬ ਨੂਰਮਹਿਲੀਏ ਸ਼ਰਧਾਲੂ ਵੀ ਜ਼ਖਮੀ ਹੋ ਗਏ। ਪਿੰਡ ਵਿਚ ਤਣਾਅ ਵਾਲੀ ਸਥਿਤੀ ਸਬੰਧੀ ਜਾਣਕਾਰੀ ਲੈਣ ਅਤੇ ਹਾਲਾਤ ਨਾਲ ਨਿਪਟਣ ਲਈ ਡਿਪਟੀ ਕਮਿਸ਼ਨਰ ਬਲਵਿੰਦਰ ਸਿੰਘ ਧਾਲੀਵਾਲ ਅਤੇ ਐਸ.ਐਸ.ਪੀ. ਮਨੋਹਰ ਲਾਲ ਸ਼ਰਮਾ ਸਮੇਤ ਸਮੁੱਚਾ ਪ੍ਰਸ਼ਾਸਨ ਮੌਕੇ 'ਤੇ ਪੁੱਜ ਗਿਆ। ਪਿੰਡ ਅੰਦਰ ਥਾਂ-ਥਾਂ 'ਤੇ ਪੁਲਿਸ ਦਾ ਪਹਿਰਾ ਲਗਾ ਦਿੱਤਾ ਗਿਆ ਹੈ।

ਇਹ ਵਾਰਦਾਤ ਉਸ ਸਮੇਂ ਹੋਈ ਜਦੋਂ ਪਿੰਡ ਅੰਦਰ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸ਼ਰਧਾਲੂ ਹਰਜੀਤ ਸਿੰਘ ਦੇ ਘਰ ਸਤਿਸੰਗ ਕਰਵਾਇਆ ਜਾ ਰਿਹਾ ਸੀ ਜਿਸ ਨੂੰ ਰੋਕਣ ਲਈ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਭਿੰਡਰਾਂਵਾਲਾ ਯੂਥ ਫੈਡਰੇਸ਼ਨ ਆਦਿ ਸ਼ਾਮਲ ਹਨ, ਵੱਲੋਂ ਪਹਿਲਾਂ ਹੀ ਚਿਤਾਵਨੀ ਦਿੱਤੀ ਹੋਈ ਸੀ। ਇਸੇ ਕਰ ਕੇ ਹੀ ਪਿੰਡ ਵਿਖੇ ਪੁਲਿਸ ਤਾਇਨਾਤ ਕੀਤੀ ਹੋਈ ਸੀ। ਸ਼ਾਮ ਵੇਲੇ ਜਿਵੇਂ ਹੀ ਸਤਿਸੰਗ ਸ਼ੁਰੂ ਹੋਇਆ, ਹਥਿਆਰਬੰਦ ਸਿੱਖ ਕਾਰਕੁਨ ਮੌਕੇ ਉਪਰ ਆ ਪੁੱਜੇ। ਦੋਹਾਂ ਧਿਰਾਂ 'ਚ ਅਜੇ ਸਥਿਤੀ ਆਹਮੋ-ਸਾਹਮਣੇ ਵਾਲੀ ਹੀ ਹੋਈ ਸੀ ਕਿ ਸਿੱਖ ਕਾਰਕੁਨਾਂ ਨੇ ਨੂਰਮਹਿਲੀਆਂ ਦੇ ਪੈਰੋਕਾਰਾਂ ਉਪਰ ਤਲਵਾਰਾਂ, ਡਾਂਗਾਂ ਆਦਿ ਨਾਲ ਹਮਲਾ ਕਰ ਦਿੱਤਾ। ਇਨ੍ਹਾਂ ਦੀ ਗਿਣਤੀ 100 ਦੇ ਕਰੀਬ ਸੀ ਜਦੋਂਕਿ ਇੰਨੀ ਹੀ ਗਿਣਤੀ 'ਚ ਦੂਰਮਹਿਲੀਏ ਹੋਣਗੇ, ਜਿਨ੍ਹਾਂ 'ਚ ਅੱਧੀਆਂ ਔਰਤਾਂ ਸਨ। ਜਿਵੇਂ ਹੀ ਝੜਪ ਸ਼ੁਰੂ ਹੋਈ ਨੂਰਮਹਿਲੀਆਂ ਨੂੰ ਮਿਲੇ ਦੋ ਸੁਰੱਖਿਆ ਕਰਮਚਾਰੀਆਂ ਨਿਸ਼ਾਨ ਸਿੰਘ ਅਤੇ ਤੇਜਿੰਦਰ ਸਿੰਘ ਨੇ ਸਿੱਖ ਕਾਰਕੁਨਾਂ ਉਪਰ ਗੋਲੀਆਂ ਚਲਾ ਦਿੱਤੀਆਂ।

ਸੁਰੱਖਿਆ ਕਰਮਚਾਰੀਆਂ ਦੀਆਂ ਗੋਲੀਆਂ ਨਾਲ ਸਿੱਖ ਆਗੂ ਤਰਲੋਚਨ ਸਿੰਘ, ਨਿਸ਼ਾਨ ਸਿੰਘ, ਕੁਲਵੰਤ ਸਿੰਘ, ਰਣਵੀਰ ਸਿੰਘ, ਅਮਰੀਕ ਸਿੰਘ ਅਜਨਾਲਾ, ਸੁਖਬੀਰ ਸਿੰਘ, ਗੁਰਵਿੰਦਰ ਸਿੰਘ, ਜਰਨੈਲ ਸਿੰਘ, ਬਲਵਿੰਦਰ ਸਮੇਤ 20 ਜਣੇ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਇਥੋਂ ਗੁਰੂ ਨਾਨਕ ਸੁਪਰਸਪੈਸ਼ਲਿਟੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਥੋਂ ਤਰਲੋਚਨ ਸਿੰਘ ਨੂੰ ਫੋਰਟਿਸ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ ਗਿਆ। ਦਸ ਜ਼ਖਮੀਆਂ ਨੂੰ ਮੁੱਢਲੀ ਦਵਾਈਆਂ ਦੇ ਕੇ ਛੁੱਟੀ ਦੇ ਦਿੱਤੀ ਗਈ। ਇਸ ਵਾਰਦਾਤ ਵਿਚ ਨੂਰਮਹਿਲੀਏ ਪੈਰੋਕਾਰ ਭਗਤ, ਕਾਂਸ਼ੀ ਰਾਮ, ਜਸਮੇਰ ਸਿੰਘ ਸਮੇਤ 10 ਜਣੇ ਜ਼ਖਮੀ ਹੋ ਗਏ। ਜਿਵੇਂ ਹੀ ਸਿੱਖ ਕਾਰਕੁਨ ਮੌਕੇ 'ਤੇ ਪੁੱਜੇ ਤਾਂ ਸਤਿਸੰਗ ਵਿਚ ਸ਼ਾਮਲ ਡੇਰੇ ਦੀਆਂ ਪੈਰੋਕਾਰ ਔਰਤ-ਮਰਦਾਂ ਨੇ ਕੋਠਿਆਂ 'ਤੇ ਚੜ੍ਹ ਕੇ ਬਨੇਰੇ ਦੀਆਂ ਇੱਟਾਂ ਉਖਾੜ ਕੇ ਸਿੱਖ ਕਾਰਕੁਨਾਂ ਉਪਰ ਇੱਟਾਂ ਦਾ ਮੀਂਹ ਵਰ੍ਹਾ ਦਿੱਤਾ। ਇਹ ਸਭ ਕੁਝ ਪੁਲਿਸ ਦੀ ਹਾਜ਼ਰੀ ਵਿਚ ਹੋਇਆ। ਸਿੱਖ ਜਥੇਬੰਦੀਆਂ ਦੇ ਆਗੂ ਪਿੰਡ ਨੂੰ ਆਉਂਦੇ ਰਾਹ 'ਚ ਖੜ੍ਹੀ ਪੁਲਿਸ ਦੇ ਲਾਗਿਓਂ ਆਏ ਅਤੇ ਪੁਲਿਸ ਰਤਾ ਵੀ ਸੁਚੇਤ ਨਾ ਹੋਈ। ਜਿਵੇਂ ਹੀ ਇਸ ਹਿੰਸਕ ਝੜਪ ਬਾਰੇ ਪ੍ਰਸ਼ਾਸਨ ਨੂੰ ਪਤਾ ਲੱਗਾ ਤਾਂ ਮੌਕੇ 'ਤੇ ਪੁਲਿਸ ਦੀਆਂ ਧਾੜਾਂ ਪੁੱਜ ਗਈਆਂ। ਨੂਰਮਹਿਲੀਏ ਦੋਸ਼ ਲਗਾ ਰਹੇ ਹਨ ਕਿ ਇਹ ਸਭ ਕੁਝ ਪੁਲਿਸ ਦੀ ਅਣਗਹਿਲੀ ਕਾਰਨ ਵਾਪਰਿਆ। ਸੰਪਰਕ ਕਰਨ 'ਤੇ ਐਸ.ਐਸ.ਪੀ. ਮਨੋਹਰ ਲਾਲ ਸ਼ਰਮਾ ਨੇ ਇੰਨਾ ਹੀ ਆਖਿਆ ਕਿ ਪੁਲਿਸ ਬਣਦੀ ਕਾਰਵਾਈ ਕਰ ਰਹੀ ਹੈ।

**ਅੰਮ੍ਰਿਤਸਰ:** ਤਰਨ ਤਾਰਨ ਵਿਚ ਨੂਰ ਮਹਿਲ ਸੰਸਥਾ ਦੇ ਪ੍ਰਬੰਧਕਾਂ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਹੋਏ ਟਕਰਾਅ ਦੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨੂਰ ਮਹਿਲ ਦੇ ਕਾਰਕੁਨਾਂ ਵੱਲੋਂ ਨਿਹੱਥੇ ਸਿੰਘਾਂ 'ਤੇ ਗੋਲੀ ਚਲਾਈ ਗਈ ਹੈ। ਇਥੇ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਕਾਰਵਾਈਆਂ ਰੋਕਣ ਲਈ ਪਹਿਲਾਂ ਹੀ ਸਰਕਾਰ ਨੂੰ ਕਿਹਾ ਜਾ ਚੁੱਕਾ ਹੈ। ਉਨ੍ਹਾਂ ਗੋਲੀ ਚਲਾਉਣ ਵਾਲੇ ਤੇਜਿੰਦਰ ਸਿੰਘ ਸਿਪਾਹੀ ਖ਼ਿਲਾਫ਼ ਢੁੱਕਵੀਂ ਕਾਰਵਾਈ ਕਰਦਿਆਂ ਨੌਕਰੀ ਤੋਂ ਬਰਖਾਸਤ ਕਰਨ ਅਤੇ ਕੇਸ ਚਲਾਉਣ ਦੀ ਮੰਗ ਕੀਤੀ ਹੈ।

# ਕਸ਼ਮੀਰ ਬਾਰੇ ਭਾਰਤ ਦੀ ਸ਼ਰਤ ਮਨਜ਼ੂਰ ਨਹੀਂ: ਅਜ਼ੀਜ਼

**ਇਸਲਾਮਾਬਾਦ:** ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ਼ ਅਜ਼ੀਜ਼ ਨੇ ਆਖਿਆ ਕਿ ਭਾਰਤ ਕਸ਼ਮੀਰ ਮੁੱਦੇ ਬਾਰੇ ਗੱਲਬਾਤ ਕਰਨ ਲਈ ਤਿਆਰ ਨਹੀਂ ਹੈ ਪਰ ਪਾਕਿਸਤਾਨ ਅਜਿਹੀ ਕੋਈ ਵੀ ਸ਼ਰਤ ਦੀ ਪਾਲਣਾ ਨਹੀਂ ਕਰੇਗਾ।

ਉਨ੍ਹਾਂ ਇਹ ਟਿੱਪਣੀਆਂ ਸੈਨੇਟ ਦੀ ਸਥਾਈ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤੀਆਂ ਜਿਸ ਵਿਚ ਉਨ੍ਹਾਂ ਦੇ ਅਫਗਾਨਿਸਤਾਨ ਦੌਰੇ, ਪਾਕਿ-ਇਰਾਕ ਸਰਹੱਦੀ ਮੁੱਦਾ ਅਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਸਰਹੱਦੀ ਗੋਲੀਬਾਰੀ ਦੇ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ ਗਈ।

ਸ੍ਰੀ ਅਜ਼ੀਜ਼ ਨੇ ਕਮੇਟੀ ਨੂੰ ਦੱਸਿਆ ਕਿ ਕਸ਼ਮੀਰ ਦੇ ਸਵਾਲ ਨੂੰ ਗੱਲਬਾਤ ਦੇ ਏਜੰਡੇ 'ਚ ਸ਼ਾਮਲ ਨਾ ਕਰਨ ਬਾਰੇ ਭਾਰਤ ਦੀ ਸ਼ਰਤ ਪਾਕਿਸਤਾਨ ਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਕਮੇਟੀ ਨੂੰ ਆਗਾਹ ਕੀਤਾ ਕਿ ਜੇ ਭਾਰਤ ਕਸ਼ਮੀਰ ਵਿਚ ਰਾਏਸ਼ੁਮਾਰੀ ਕਰਾਉਣ ਲਈ ਰਾਜ਼ੀ ਹੋ ਸਕਦਾ ਹੈ ਤਾਂ ਪਾਕਿਸਤਾਨ ਵੀ ਇਸ ਅਨੁਸਾਰ ਕੰਮ ਕਰਨ ਲਈ ਤਿਆਰ ਹੋ ਜਾਵੇਗਾ। ਸੰਯੁਕਤ ਰਾਸ਼ਟਰ ਦੇ ਮਤਿਆਂ ਅਨੁਸਾਰ ਜੰਮੂ ਕਸ਼ਮੀਰ ਦੇ ਲੋਕਾਂ ਕੋਲ ਭਾਰਤ ਅਤੇ ਪਾਕਿਸਤਾਨ 'ਚ ਚੋਣ ਕਰਨ ਤੋਂ ਇਲਾਵਾ ਹੋਰ ਤੀਜਾ ਬਦਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਅਸਲ ਕੰਟਰੋਲ ਰੇਖਾ ਉਪਰ ਭਾਰਤੀ ਫੌਜ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 14 ਲੋਕ ਮਾਰੇ ਗਏ ਅਤੇ 65 ਜ਼ਖ਼ਮੀ ਹੋਏ ਸਨ।

# ਸਕੂਲਾਂ ਦੀ ਖਸਤਾ ਹਾਲਤ ਬਾਰੇ ਪੰਜਾਬ ਸਰਕਾਰ ਤਲਬ

**ਚੰਡੀਗੜ੍ਹ:** ਹਾਈਕੋਰਟ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚਲੇ ਖਸਤਾ ਹਾਲ ਸਰਕਾਰੀ ਸਕੂਲਾਂ ਦੇ ਮੁੱਦੇ ਨੂੰ ਗੰਭੀਰਤਾ ਨਾਲ ਲਿਆ ਹੈ। ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਖ਼ਾਸਕਰ ਕਲਾਸ ਰੂਮਾਂ ਦੇ ਅਸੁਰੱਖਿਅਤ ਹੋਣ ਦੇ ਮੁੱਦੇ 'ਤੇ ਚੱਲ ਰਹੇ ਕੇਸ ਦੇ ਤਹਿਤ ਕਾਰਜਕਾਰੀ ਚੀਫ਼ ਜਸਟਿਸ ਆਸ਼ੁਤੋਸ਼ ਮੋਹੰਤਾ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਨਿਰਦੇਸ਼ ਜਾਰੀ ਕਰਦਿਆਂ ਪੇਂਡੂ ਖੇਤਰ ਵਿਚਲੇ ਸਰਕਾਰ ਅਤੇ ਪੰਚਾਇਤਾਂ ਵੱਲੋਂ ਚਲਾਏ ਜਾ ਰਹੇ ਸਕੂਲਾਂ ਨੂੰ ਯੋਗ ਸਹੂਲਤਾਂ ਦੇਣ ਹਿਤ ਹੁਣ ਤੱਕ ਚੁੱਕੇ ਗਏ ਕਦਮਾਂ ਬਾਰੇ ਦੱਸਣ ਲਈ ਕਿਹਾ ਹੈ।

ਬੈਂਚ ਨੇ ਪੰਜਾਬ ਦੇ ਪ੍ਰਿੰਸੀਪਲ ਸਕੱਤਰ ਸਕੂਲੀ ਸਿੱਖਿਆ ਨੂੰ ਵੀ ਅਗਲੀ ਸੁਣਵਾਈ 'ਤੇ ਅਦਾਲਤ ਵਿਚ ਮੌਜੂਦ ਰਹਿਣ ਦੀ ਤਾਕੀਦ ਵੀ ਕੀਤੀ ਹੈ ਤਾਂ ਜੋ ਉਹ ਇਸ ਮਾਮਲੇ 'ਚ ਹੋਈ ਤਰੱਕੀ ਬਾਰੇ ਖ਼ੁਦ ਅਦਾਲਤ ਨੂੰ ਜਾਣੂ ਕਰਵਾ ਸਕਣ ਅਤੇ ਭਵਿੱਖ ਦੀਆਂ ਯੋਜਨਾ ਬਾਰੇ ਦੱਸਣ। ਹਾਈਕੋਰਟ ਬੈਂਚ ਵੱਲੋਂ ਇਸ ਤੋਂ ਪਹਿਲਾਂ ਅਸੁਰੱਖਿਅਤ ਸਕੂਲੀ ਇਮਾਰਤਾਂ ਦੀ ਸਮਾਂ ਰਹਿੰਦਿਆਂ ਢਾਹ-ਢੁਆਈ ਅਤੇ ਮੁੜ ਉਸਾਰੀ ਬਾਰੇ ਰਾਜ ਸਰਕਾਰ ਦੀ ਢਿੱਲ-ਮੱਠ ਵਾਲੀ ਕਾਰਗੁਜ਼ਾਰੀ ਦਾ ਵੀ ਸਖ਼ਤ ਨੋਟਿਸ ਲਿਆ ਜਾ ਚੁੱਕਾ ਹੈ। ਇਹ ਮੁੱਦਾ ਕਰੀਬ ਇੱਕ ਸਾਲ ਪਹਿਲਾਂ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਲੁਧਿਆਣਾ ਜ਼ਿਲ੍ਹੇ ਵਿਚਲੇ ਦੋ ਸਕੂਲਾਂ ਦੀਆਂ ਖਸਤਾ ਹਾਲ ਇਮਾਰਤਾਂ ਨੂੰ ਲੈ ਕੇ ਜਨਹਿਤ ਪਟੀਸ਼ਨ ਰਾਹੀਂ ਉਭਾਰਿਆ ਸੀ।

# ਦਿੱਲੀ 'ਚ ਸਰਕਾਰ ਬਣਾਉਣ ਦੇ ਮੁੱਦੇ 'ਤੇ ਕੇਂਦਰ ਦੀ ਝਾੜ-ਝੰਬ

**ਨਵੀਂ ਦਿੱਲੀ:** ਦਿੱਲੀ ਵਿਚ ਸਰਕਾਰ ਬਣਾਉਣ ਬਾਰੇ ਸ਼ਸ਼ੋਪੰਜ ਜਲਦੀ ਖਤਮ ਹੋਣ ਦੇ ਆਸਾਰ ਹਨ। ਕਿਹਾ ਜਾ ਰਿਹਾ ਹੈ ਕਿ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਲਈ ਉਪ ਰਾਜਪਾਲ ਨਜੀਬ ਜੰਗ ਦੀ ਤਜਵੀਜ਼ ਨੂੰ ਰਾਸ਼ਟਰਪਤੀ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਨਾਲ ਹੀ ਸੁਪਰੀਮ ਕੋਰਟ ਇਸ ਮੁੱਦੇ ਨੂੰ ਛੇਤੀ ਨਿਬੇੜਨਾ ਚਾਹੁੰਦੀ ਹੈ।

ਚੀਫ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਕੇਂਦਰ ਸਰਕਾਰ ਅਤੇ ਉਪ ਰਾਜਪਾਲ ਦੀ ਇਸ ਗੱਲੋਂ ਖਿਚਾਈ ਕੀਤੀ ਕਿ ਸਰਕਾਰ ਬਣਾਉਣ ਦੇ ਸਵਾਲ 'ਤੇ ਫੈਸਲਾ ਲੈਣ ਵਿਚ ਹੀ ਉਨ੍ਹਾਂ ਨੂੰ ਪੰਜ ਮਹੀਨੇ ਲੱਗ ਗਏ। ਬੈਂਚ ਨੇ ਦਿੱਲੀ ਵਿਧਾਨ ਸਭਾ ਭੰਗ ਕਰਨ ਬਾਰੇ ਆਮ ਆਦਮੀ ਪਾਰਟੀ ਵੱਲੋਂ ਪਾਈ ਪਟੀਸ਼ਨ 'ਤੇ ਸੁਣਵਾਈ ਕੀਤੀ।

ਸੁਣਵਾਈ ਦੌਰਾਨ ਕੇਂਦਰ ਨੇ ਖੁਲਾਸਾ ਕੀਤਾ ਕਿ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਬਾਰੇ ਉਪ ਰਾਜਪਾਲ ਦੀ ਤਜਵੀਜ਼ ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨਗੀ ਮਿਲ ਗਈ ਹੈ। ਇਸ ਮਾਮਲੇ 'ਚ ਦੇਰੀ 'ਤੇ ਕੇਂਦਰ ਅਤੇ ਉਪ ਰਾਜਪਾਲ ਦੀ ਝਾੜ-ਝੰਬ ਕਰਦਿਆਂ ਅਦਾਲਤ ਨੇ ਕਿਹਾ ਕਿ ਲੋਕਤੰਤਰ ਵਿਚ ਰਾਸ਼ਟਰਪਤੀ ਸ਼ਾਸਨ ਸਦਾ ਲਈ ਨਹੀਂ ਚੱਲ ਸਕਦਾ ਅਤੇ ਅਧਿਕਾਰੀਆਂ ਨੇ ਤੇਜ਼ੀ ਨਾਲ ਕਾਰਵਾਈ ਨਹੀਂ ਕੀਤੀ।

ਬੈਂਚ ਸਾਹਮਣੇ ਪੇਸ਼ ਕੀਤੇ ਗਏ ਰਾਸ਼ਟਰਪਤੀ ਦੇ ਪੱਤਰ ਬਾਰੇ ਅਦਾਲਤ ਨੇ ਕਿਹਾ ਕਿ ਇਹ ਪ੍ਰਕਿਰਿਆ ਬਹੁਤ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ।

ਇਸ ਦੌਰਾਨ ਕਾਂਗਰਸ ਨੇ ਉਪ ਰਾਜਪਾਲ ਨਜੀਬ ਜੰਗ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਭਾਜਪਾ ਨੂੰ ਸਰਕਾਰ ਬਣਾਉਣ ਲਈ ਹੋਰਨਾਂ ਪਾਰਟੀਆਂ ਦੇ ਵਿਧਾਇਕਾਂ ਦੀ ਖਰੀਦੋ-ਫਰੋਖਤ ਕਰਨ ਦਾ ਮੌਕਾ ਦੇ ਰਹੇ ਹਨ। ਕਾਂਗਰਸ ਆਗੂ ਸ਼ਕੀਲ ਅਹਿਮਦ ਨੇ ਆਖਿਆ ਕਿ ਭਾਜਪਾ ਕੋਲ ਬਹੁਮਤ ਨਹੀਂ ਹੈ ਅਤੇ ਖਰੀਦੋ-ਫਰੋਖਤ ਕਰ ਕੇ ਸਰਕਾਰ ਬਣਾਉਣੀ ਗਲਤ ਕਾਰਵਾਈ ਹੈ।

# ਅਮਰੀਕੀ ਫ਼ੌਜਾਂ 'ਤੇ ਹਮਲੇ ਦੇ ਸਾਜ਼ਿਸ਼ਘਾੜਿਆਂ ਨੂੰ ਕੈਦ

**ਰਿਆਧ:** ਅਮਰੀਕੀ ਫ਼ੌਜਾਂ ਖ਼ਿਲਾਫ਼ ਅਲਕਾਇਦਾ ਦੀ ਹਮਲੇ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਸਾਊਦੀ ਅਦਾਲਤ ਨੇ ਇਕ ਅਫ਼ਗਾਨੀ ਤੇ ਕਤਰ ਦੇ ਵਿਅਕਤੀ ਸਮੇਤ 13 ਲੋਕਾਂ ਨੂੰ 18 ਮਹੀਨਿਆਂ ਤੋਂ ਲੈ ਕੇ 30 ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਹੈ।

ਇਨ੍ਹਾਂ ਨੇ ਦਹਿਸ਼ਤੀ ਸੈੱਲ ਬਣਾਇਆ ਸੀ, ਜਿਸ ਨੇ ਕਤਰ ਵਿਚ ਅਮਰੀਕੀ ਫ਼ੌਜਾਂ ਉਪਰ ਹੱਥ ਗੋਲਿਆਂ, ਰਾਕਟਾਂ ਤੇ ਹੋਰ ਹਥਿਆਰਾਂ ਨਾਲ ਹਮਲੇ ਕਰਨੇ ਸਨ। ਉਨ੍ਹਾਂ ਕੁਵੈਤ ਵਿਚ ਵੀ ਅਮਰੀਕੀ ਫ਼ੌਜਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਘੜੀ ਸੀ।

ਤੰਦੂਰੀਏ ਤੇ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ



ਪਤੀ-ਪਤਨੀ ਨੂੰ ਪਹਿਲ
ਚੰਗੀ ਤਨਖਾਹ ਤੇ ਮੁਫਤ ਰਿਹਾਇਸ਼

ਸੰਪਰਕ ਕਰੋ, ਮਿਸਟਰ ਸਿੰਘ
ਫੋਨ: 515-291-1961
44

ਤੰਦੂਰੀਏ, ਹੈਲਪਰ, ਵੇਟਰ ਤੇ ਡਿਸ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ।

ਜੋੜੇ (ਪਤੀ-ਪਤਨੀ) ਨੂੰ ਪਹਿਲ
ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348
43-44

ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ
ਫੋਨ: 913-277-7794
43-44

# ਸਰਕਾਰ ਦੀ ਨਾਲਾਇਕੀ ਦਾ ਖਮਿਆਜਾ ਕਿਸਾਨਾਂ ਨੇ ਭੁਗਤਿਆ

## ਸੋਕਾ ਨਾ ਐਲਾਨਣ ਕਾਰਨ ਲੱਗਿਆ ਕੇਂਦਰੀ ਰਾਹਤ 'ਤੇ ਕੱਟ



**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਛੋਟੀ ਜਹੀ ਅਣਗਹਿਲੀ ਸੂਬੇ ਦੇ ਕਿਸਾਨਾਂ ਨੂੰ ਬੜੀ ਮਹਿੰਗੀ ਪੈ ਰਹੀ ਹੈ। ਸਰਕਾਰ ਵੱਲੋਂ ਘੱਟ ਬਾਰਸ਼ ਦੇ ਬਾਵਜੂਦ ਪੰਜਾਬ ਨੂੰ ਸੋਕਾਗ੍ਰਸਤ ਨਾ ਐਲਾਨਣ ਕਾਰਨ ਸੂਬੇ ਦੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਵੇਲੇ ਪਈ ਸੋਕੇ ਦੀ ਮਾਰ ਪਿੱਛੋਂ ਹੁਣ ਕਣਕ ਦੇ ਬੀਜ 'ਤੇ ਮਿਲਣ ਵਾਲੀ ਸਬਸਿਡੀ ਵਿਚ ਕਰੋੜਾਂ ਰੁਪਏ ਦਾ ਘਾਟਾ ਝੱਲਣਾ ਪੈ ਰਿਹਾ ਹੈ। ਕੇਂਦਰ ਸਰਕਾਰ ਨੇ ਸੋਕੇ ਤੇ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਕਣਕ ਦਾ ਬੀਜ 1000 ਰੁਪਏ ਪ੍ਰਤੀ ਕੁਇੰਟਲ ਸਬਸਿਡੀ 'ਤੇ ਦੇਣ ਦਾ ਐਲਾਨ ਕੀਤਾ ਸੀ ਪਰ ਪੰਜਾਬ ਨੂੰ ਸੋਕਾਗ੍ਰਸਤ ਨਾ ਐਲਾਨਣ ਕਾਰਨ ਸੂਬੇ ਦੇ ਕਿਸਾਨ ਇਸ ਰਾਹਤ ਦੇ ਹੱਕਦਾਰ ਨਹੀਂ ਹੋਣਗੇ।

ਜ਼ਿਕਰਯੋਗ ਹੈ ਕਿ ਹਰਿਆਣਾ ਸਮੇਤ ਕਈ ਸੂਬਾ ਸਰਕਾਰ ਨੇ ਆਮ ਨਾਲੋਂ ਘੱਟ ਬਾਰਸ਼ ਹੋਣ ਕਾਰਨ ਆਪਣੇ ਸੂਬਿਆਂ ਨੂੰ ਸੋਕਾਗ੍ਰਸਤ ਐਲਾਨਿਆ ਸੀ ਪਰ ਪੰਜਾਬ ਸਰਕਾਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤੀ ਸੀ। ਹੁਣ ਕੇਂਦਰੀ ਰਾਹਤ ਉਨ੍ਹਾਂ ਸੂਬਿਆਂ ਨੂੰ ਹੀ ਮਿਲੇਗੀ ਜੋ ਸੋਕਾਗ੍ਰਸਤ ਐਲਾਨੇ ਗਏ ਸਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦੋਂ ਸੋਕਾ ਐਲਾਨਿਆ ਹੀ ਨਹੀਂ ਗਿਆ ਤਾਂ ਕਿਸਾਨਾਂ ਨੂੰ ਕਣਕ ਦੇ ਬੀਜ 'ਤੇ ਇਸ ਸਕੀਮ ਤਹਿਤ ਸਬਸਿਡੀ ਨਹੀਂ ਦਿੱਤੀ ਜਾ ਸਕਦੀ।

ਪੰਜਾਬ ਸਰਕਾਰ ਵੱਲੋਂ ਇਸ ਬੀਜ 'ਤੇ 700 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਕੌਮੀ ਅੰਨ ਸੁਰੱਖਿਆ ਮਿਸ਼ਨ ਤੇ ਕੌਮੀ ਖੇਤੀ ਵਿਕਾਸ ਮਿਸ਼ਨ ਤਹਿਤ ਕਣਕ ਦੇ ਬੀਜ 'ਤੇ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦੇਣ ਲਈ ਸੂਬਾ ਸਰਕਾਰ ਨੂੰ 37.50 ਕਰੋੜ ਰੁਪਏ ਦਿੱਤੇ ਗਏ ਹਨ। ਕੇਂਦਰ ਸਰਕਾਰ ਨੇ ਉਕਤ ਯੋਜਨਾਵਾਂ ਤਹਿਤ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਦੀ ਸਬਸਿਡੀ ਦੇਣ ਲਈ ਸੂਬਾ ਸਰਕਾਰ ਨੂੰ ਪ੍ਰਵਾਨਗੀ ਦੇ ਦਿੱਤੀ ਸੀ।

ਸੂਬਾ ਸਰਕਾਰ ਵੱਲੋਂ ਕਣਕ ਦੇ ਬੀਜ 'ਤੇ 700 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿਚੋਂ 12 ਕਰੋੜ ਰੁਪਏ ਦਾ ਘਾਟਾ ਸਹਿਣਾ ਪਵੇਗਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਸੂਬੇ ਵਿਚ ਸੋਕਾ ਐਲਾਨਿਆ ਹੀ ਨਹੀਂ, ਇਸ ਲਈ ਸਬਸਿਡੀ ਦਾ ਕੱਟ ਲੱਗ ਰਿਹਾ ਹੈ। ਸਪੱਸ਼ਟ ਹੈ ਕਿ ਸਰਕਾਰ ਦੀ ਨਾਅਹਿਲੀਅਤ ਦਾ ਖਮਿਆਜ਼ਾ ਕਿਸਾਨ ਭੁਗਤਣਗੇ। ਪੰਜਾਬ ਸਰਕਾਰ ਵੱਲੋਂ ਕਣਕ ਦਾ ਬੀਜ ਦੇਣ ਲਈ 2325 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਤੈਅ ਕੀਤਾ ਗਿਆ ਹੈ। ਇਸ ਬੀਜ 'ਤੇ 700 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਜਾਣੀ ਹੈ। ਇਸ ਤਰ੍ਹਾਂ ਕਿਸਾਨਾਂ ਨੂੰ 1625 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਅਦਾ ਕਰਨੇ ਪੈਣਗੇ। ਜੇਕਰ ਸਰਕਾਰ ਇਕ ਹਜ਼ਾਰ ਰੁਪਏ ਸਬਸਿਡੀ ਦਿੰਦੀ ਤਾਂ ਕਿਸਾਨ ਨੂੰ ਪ੍ਰਤੀ ਕੁਇੰਟਲ 1325 ਰੁਪਏ ਅਦਾ ਕਰਨੇ ਪੈਣੇ ਸਨ। ਪੰਜਾਬ ਦੇ ਖੇਤੀਬਾੜੀ ਵਿਭਾਗ ਵੱਲੋਂ ਕਣਕ ਦਾ 3.75 ਲੱਖ ਕੁਇੰਟਲ ਬੀਜ ਕਿਸਾਨਾਂ ਨੂੰ ਦਿੱਤਾ ਜਾਣਾ ਹੈ। ਕੇਂਦਰ ਸਰਕਾਰ ਨੇ ਕੌਮੀ ਅੰਨ ਸੁਰੱਖਿਆ ਮਿਸ਼ਨ ਤਹਿਤ ਬੀਜ ਸਬਸਿਡੀ ਲਈ 17.50 ਕਰੋੜ ਰੁਪਏ ਤੇ ਕੌਮੀ ਖੇਤੀ ਵਿਕਾਸ ਮਿਸ਼ਨ ਤਹਿਤ 20 ਕਰੋੜ ਰੁਪਏ ਸੂਬਾ ਸਰਕਾਰ ਨੂੰ ਦਿੱਤੇ ਸਨ। ਕੇਂਦਰ ਵੱਲੋਂ 2013 ਦੌਰਾਨ ਕਣਕ ਦੇ ਬੀਜ 'ਤੇ 500 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਗਈ ਸੀ। ਸਰਕਾਰ ਨੇ ਇਸ ਵਾਰੀ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਬਾਰਸ਼ਾਂ ਘੱਟ ਪੈਣ ਤੇ ਕਈ ਥਾਈਂ ਬੇਮੌਸਮੇ ਮੀਂਹ ਪੈਣ ਕਾਰਨ ਸਾਉਣੀ ਦੀਆਂ ਫਸਲਾਂ ਦੇ ਨੁਕਸਾਨ ਹੋਣ ਕਰਕੇ ਕਣਕ ਦੇ ਬੀਜ 'ਤੇ ਸਬਸਿਡੀ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਸੀ। ਪੰਜਾਬ ਵਿਚ ਵੀ ਪਹਿਲਾਂ ਸੋਕੇ ਵਾਲੇ ਹਾਲਾਤ ਰਹੇ ਤੇ ਬਾਅਦ ਵਿਚ ਕਈ ਥਾਈਂ ਹੜ੍ਹਾਂ ਵਰਗੀ ਸਥਿਤੀ ਬਣੀ।

### ਕੇਂਦਰ ਤੋਂ ਹੋਰ ਫੰਡ ਮਿਲਣ ਦੀ ਆਸ: ਤੋਤਾ ਸਿੰਘ

ਖੇਤੀਬਾੜੀ ਵਿਭਾਗ ਦੇ ਮੰਤਰੀ ਜਥੇਦਾਰ ਤੋਤਾ ਸਿੰਘ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੇ ਕੇਂਦਰ ਨੂੰ ਸਬਸਿਡੀ ਦੀ ਰਕਮ ਵਧਾਉਣ ਲਈ ਲਿਖਿਆ ਸੀ। ਕੇਂਦਰ ਸਰਕਾਰ ਨੇ 37.50 ਕਰੋੜ ਤੋਂ ਰਕਮ ਨਾ ਵਧਾਈ ਤਾਂ ਸੂਬਾ ਸਰਕਾਰ ਨੇ ਸਬਸਿਡੀ ਦਾ ਲਾਭ ਜ਼ਿਆਦਾ ਕਿਸਾਨਾਂ ਨੂੰ ਦੇਣ ਲਈ ਕਣਕ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਵਿਚ 300 ਰੁਪਏ ਪ੍ਰਤੀ ਕੁਇੰਟਲ ਦਾ ਕੱਟ ਲਾਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਹੋਰ ਫੰਡ ਦੇ ਦੇਵੇ ਤਾਂ ਸਬਸਿਡੀ ਵਧਾ ਦਿੱਤੀ ਜਾਵੇਗੀ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਦੋਂ ਕਿਸਾਨ ਨੂੰ ਕੁਝ ਦੇਣ ਦੀ ਗੱਲ ਆਉਂਦੀ ਹੈ, ਤਾਂ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਮੂੰਹ ਫੇਰ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਕਣਕ ਦੇ ਬੀਜ 'ਤੇ ਸਬਸਿਡੀ ਘਟਾਉਣੀ ਬਹੁਤ ਹੀ ਮਾੜੀ ਗੱਲ ਹੈ। ਜੇਕਰ ਪੀ.ਐਸ.ਆਈ.ਡੀ.ਸੀ. ਨੂੰ ਬਚਾਉਣ ਲਈ ਸਰਕਾਰ 500 ਕਰੋੜ ਦੀ ਰਾਸ਼ੀ ਦੇ ਸਕਦੀ ਹੈ, ਤਾਂ ਕਿਸਾਨਾਂ ਨੂੰ ਸਬਸਿਡੀ ਦੇਣ ਤੋਂ ਕਿਉਂ ਮੂੰਹ ਫੇਰਿਆ ਜਾ ਰਿਹਾ ਹੈ।

# ਕਾਮਾਗਾਟਾਮਾਰੂ ਘਟਨਾ ਦੀ ਵਰ੍ਹੇਗੰਢ 'ਤੇ ਸਮਾਗਮ ਨਾ ਕਰਵਾਉਣ ਵਿਰੁਧ ਰੋਸ

**ਜਲੰਧਰ:** ਕਾਮਾਗਾਟਾਮਾਰੂ ਜ਼ਹਾਜ਼ ਦੇ ਸ਼ਹੀਦਾਂ ਦੀ 100ਵੀਂ ਵਰ੍ਹੇਗੰਢ 'ਤੇ ਕੋਈ ਸਰਕਾਰੀ ਪ੍ਰੋਗਰਾਮ ਨਾ ਕਰਵਾਉਣ 'ਤੇ ਕੈਨੇਡਾ ਦੀ ਕਾਮਾਗਾਟਾਮਾਰੂ ਫਾਊਂਡੇਸ਼ਨ ਨੇ ਪੰਜਾਬ ਸਰਕਾਰ ਦੀ ਤਿੱਖੀ ਨਿਖੇਧੀ ਕੀਤੀ ਹੈ। ਫਾਊਂਡੇਸ਼ਨ ਦਾ ਕਹਿਣਾ ਹੈ ਕਿ ਪੰਜਾਬ ਨਾਲ ਸਬੰਧਤ ਸ਼ਹੀਦਾਂ ਲਈ ਹੀ ਪੰਜਾਬ ਦੀ ਸਰਕਾਰ ਵੱਲੋਂ ਹੀ ਕੋਈ ਵੀ ਸਮਾਗਮ ਨਾ ਕਰਵਾਉਣਾ ਨਿਰਾਸ਼ਾਜਨਕ ਹੈ। ਇਸ ਦੇ ਨਾਲ ਹੀ ਇਸ ਕੈਨੇਡਾ ਸਥਿਤ ਸਮਾਜ ਸੇਵੀ ਸੰਸਥਾ ਨੇ ਉਥੋਂ ਦੀ ਸਰਕਾਰ ਤੋਂ ਕੈਨੇਡਾ ਦੀ ਪਾਰਲੀਮੈਂਟ ਵਿਚ ਮੁਆਫੀ ਮੰਗਣ ਦੀ ਵੀ ਮੰਗ ਕੀਤੀ ਹੈ।ਕਾਮਾਗਾਟਾਮਾਰੂ ਫਾਊਂਡੇਸ਼ਨ ਦੇ ਹਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਕੈਨੇਡਾ ਸਰਕਾਰ ਵੱਲੋਂ ਛੇ ਮਈ ਨੂੰ ਰਾਜਧਾਨੀ ਉਟਾਵਾ ਵਿਚ ਕਾਮਾਗਾਟਾਮਾਰੂ ਸ਼ਹੀਦਾਂ ਦੀ ਯਾਦ ਵਿਚ ਜਾਰੀ ਕੀਤੀ ਗਈ ਡਾਕ ਟਿਕਟ ਵੀ ਉਨ੍ਹਾਂ ਦੀ ਸੰਸਥਾ ਦੇ ਯਤਨਾਂ ਸਦਕਾ ਹੀ ਰਿਲੀਜ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿਚ ਦਿਲਚਸਪੀ ਨਾ ਲੈਣਾ ਮੰਦਭਾਗਾ ਹੈ। ਉਹ ਪੰਜਾਬ ਸਰਕਾਰ ਨਾਲ ਸੰਪਰਕ ਕਰਕੇ ਲਗਾਤਾਰ ਯਤਨ ਕਰ ਰਹੇ ਹਨ ਕਿ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੇ ਨਾਂ 'ਤੇ ਸਰਕਾਰ ਵੱਲੋਂ ਕੋਈ ਨਾ ਕੋਈ ਪ੍ਰੋਗਰਾਮ ਜ਼ਰੂਰ ਸ਼ੁਰੂ ਕੀਤਾ ਜਾਵੇ। ਸ. ਗਿੱਲ ਨੇ ਕਿਹਾ ਕਿ ਕੈਨੇਡਾ ਸਰਕਾਰ ਨੇ ਬੇਸ਼ੱਕ ਇਹ ਹਾਦਸਾ ਵਰਤਾਉਣ 'ਤੇ ਰਸਮੀ ਮੁਆਫੀ ਮੰਗੀ ਹੈ ਪਰ ਸਰਕਾਰ ਨੇ ਹਾਲੇ ਤੱਕ ਪਾਰਲੀਮੈਂਟ ਵਿਚ ਇਸ ਬਾਰੇ ਮੁਆਫੀ ਨਹੀਂ ਮੰਗੀ ਹੈ। ਕੈਨੇਡਾ ਵਸਦੇ ਪੰਜਾਬੀਆਂ ਦੀ ਸਹਾਇਤਾ ਨਾਲ ਉਥੇ ਦੀ ਸਰਕਾਰ 'ਤੇ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਪਾਰਲੀਮੈਂਟ ਵਿਚ ਵੀ ਮੁਆਫੀ ਮੰਗੀ ਜਾਵੇ।

ਇਸ ਦੇ ਨਾਲ ਹੀ ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਕਾਮਾਗਾਟਾਮਾਰੂ ਦੇ ਇਤਿਹਾਸ ਨੂੰ ਵਿਦਿਆਰਥੀਆਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਦੇ ਇਤਿਹਾਸ ਤੋਂ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਕਾਮਾਗਾਟਾਮਾਰੂ ਦੇ ਹਾਦਸੇ ਨੂੰ ਪੇਸ਼ ਕਰਦਾ ਨਾਟਕ ਪੰਜਾਬੀ ਯੂਨੀਵਰਸਿਟੀ ਵੱਲੋਂ ਤਿਆਰ ਕੀਤਾ ਗਿਆ ਹੈ ਜੋ ਦੇਸ਼-ਵਿਦੇਸ਼ ਵਿਚ ਨੌਜਵਾਨਾਂ ਨੂੰ ਇਸ ਘਟਨਾ ਬਾਰੇ ਜਾਗਰੂਕ ਕਰ ਰਿਹਾ ਹੈ। ਇਸ ਬਾਰੇ ਛੇਤੀ ਹੀ ਇਕ ਦਸਤਾਵੇਜ਼ੀ ਫਿਲਮ ਵੀ ਤਿਆਰ ਕੀਤੀ ਜਾ ਰਹੀ ਹੈ।

# ਮਨਪ੍ਰੀਤ ਬਾਦਲ ਦੀ ਈਮੇਲ ਹੈਕ ਕਰ ਕੇ ਮੰਗੀ ਵਿੱਤੀ ਮਦਦ

**ਮੁਕਤਸਰ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦਾ ਈਮੇਲ ਅਕਾਊਂਟ ਕਿਸੇ ਅਣਪਛਾਤੇ ਵਿਅਕਤੀ ਨੇ ਹੈਕ ਕਰ ਲਿਆ ਹੈ। ਇਸ ਕਾਰਵਾਈ ਮਗਰੋਂ ਹੈਕਰ ਨੇ ਮਨਪ੍ਰੀਤ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਈਮੇਲ ਕਰਕੇ 90 ਹਜ਼ਾਰ ਰੁਪਏ ਦੀ ਵਿੱਤੀ ਮਦਦ ਦੀ ਮੰਗ ਕੀਤੀ ਹੈ ਤਾਂ ਕਿ ਮਨਪ੍ਰੀਤ ਬੈਂਕਾਕ ਵਿਚ ਆਪਣੇ ਇਲਾਜ ਅਧੀਨ ਭਤੀਜੇ ਦਾ ਖਰਚਾ ਚੁੱਕ ਸਕੇ।

ਹੈਕਰ ਨੇ ਆਪਣਾ ਨਾਂ ਮਨਪ੍ਰੀਤ ਸਿੰਘ ਬਾਦਲ ਦੱਸਿਆ ਤੇ ਕਿਹਾ ਕਿ ਉਹ ਬੈਂਕਾਕ ਵਿਚ ਆਪਣੇ ਭਤੀਜੇ ਦੇ ਇਲਾਜ ਲਈ ਪਹੁੰਚਿਆ ਹੈ ਪਰ ਉਸ ਕੋਲ ਪੈਸਿਆਂ ਦੀ ਘਾਟ ਹੈ। ਉਸ ਨੇ ਕਿਹਾ ਕਿ ਆਰਥਿਕ ਮਦਦ ਕਰਨ ਵਾਲਿਆਂ ਦੀ ਰਾਸ਼ੀ ਛੇਤੀ ਹੀ ਵਾਪਸ ਕਰ ਦਿੱਤੀ ਜਾਵੇਗੀ। ਇਸ ਹੈਕਿੰਗ ਖਿਲਾਫ ਮਨਪ੍ਰੀਤ ਬਾਦਲ ਨੇ ਚੰਡੀਗੜ੍ਹ ਪੁਲਿਸ ਦੇ ਸਾਈਬਰ ਕਰਾਈਮ ਸੈੱਲ ਵਿਚ ਸ਼ਿਕਾਇਤ ਕੀਤੀ ਤੇ ਉਹ ਈਮੇਲ ਵੀ ਦਿਖਾਈ ਜਿਹੜੀ ਉਸ ਦੇ ਇਕ ਦੋਸਤ ਨੂੰ ਕੈਨੇਡਾ ਵੀ ਭੇਜੀ ਗਈ ਸੀ। ਇਸ ਘਟਨਾਕ੍ਰਮ ਦੀ ਪੁਸ਼ਟੀ ਕਰਦਿਆਂ ਮਨਪ੍ਰੀਤ ਬਾਦਲ ਦੇ ਸਾਲੇ ਜੈਜੀਤ ਸਿੰਘ ਜੌਹਲ ਨੇ ਦੱਸਿਆ ਕਿ ਮਨਪ੍ਰੀਤ ਹਾਲ ਹੀ ਵਿਚ ਇੰਗਲੈਂਡ ਗਏ ਸਨ ਤੇ ਕੁਝ ਦਿਨ ਪਹਿਲਾਂ ਪਰਤੇ ਹਨ। ਵਿਦੇਸ਼ ਵਿਚ ਰਹਿੰਦਿਆਂ ਕਿਸੇ ਨੇ ਮਨਪ੍ਰੀਤ ਦਾ ਈਮੇਲ ਹੈਕ ਕਰ ਲਿਆ ਤੇ 400 ਈਮੇਲਾਂ ਕਰਕੇ ਮਨਪ੍ਰੀਤ ਦੇ ਦੋਸਤਾਂ ਤੇ ਰਿਸ਼ਤੇਦਾਰਾਂ ਤੋਂ 90 ਹਜ਼ਾਰ ਰੁਪਏ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਸ੍ਰੀ ਜੌਹਲ ਪੀਪਲਜ਼ ਪਾਰਟੀ ਆਫ ਪੰਜਾਬ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਨਿਗਰਾਨੀ ਕਰਦੇ ਹਨ।

# ਪੰਜਾਬ ਦੀ ਆਟਾ-ਦਾਲ ਸਕੀਮ ਦਾ ਦਮ ਨਿਕਲਿਆ

## ਇਕ ਸਾਲ 'ਚ ਹੀ ਰਾਸ਼ਨ ਦਾ ਭਾਅ ਦੁੱਗਣਾ ਕਰਨ ਦਾ ਐਲਾਨ




**ਚੰਡੀਗੜ੍ਹ:** ਆਰਥਿਕ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਪੰਜਾਬ ਸਰਕਾਰ ਨੇ ਹੁਣ ਗਰੀਬ ਵਰਗ ਨੂੰ ਵੀ ਆਪਣੀ 'ਸਰਫਾ ਮੁਹਿੰਮ' ਵਿਚ ਸ਼ਾਮਲ ਕਰ ਲਿਆ ਹੈ। ਸੂਬਾ ਸਰਕਾਰ ਨੇ 31 ਲੱਖ ਗਰੀਬ ਪਰਿਵਾਰਾਂ ਨੂੰ ਦਿੱਤੀ ਜਾਂਦੀ ਆਟਾ-ਦਾਲ ਦੀ ਕੀਮਤ ਵਧਾ ਕੇ 172 ਕਰੋੜ ਰੁਪਏ ਬਚਾਉਣ ਦਾ ਟੀਚਾ ਮਿਥਿਆ ਹੈ। ਪਿਛਲੇ ਸਾਲ ਯੂ.ਪੀ.ਏ. ਸਰਕਾਰ ਵੱਲੋਂ ਇਸ ਸਕੀਮ ਤਹਿਤ ਦੋ ਰੁਪਏ ਕਿੱਲੋ ਕਣਕ ਦੇਣ ਦਾ ਫੈਸਲਾ ਕੀਤਾ ਸੀ, ਪਰ ਅਕਾਲੀ-ਭਾਜਪਾ ਸਰਕਾਰ ਨੇ ਇਹ ਕਣਕ ਇਕ ਰੁਪਏ ਕਿੱਲੋ ਦੇਣ ਦਾ ਐਲਾਨ ਕੀਤਾ ਸੀ ਭਾਵ ਇਕ ਰੁਪਿਆ ਇਸ ਨੇ ਆਪਣੇ ਖ਼ਜ਼ਾਨੇ ਵਿਚੋਂ ਦੇਣਾ ਸੀ। ਕੇਂਦਰੀ ਸਕੀਮ ਵਿਚ ਦਾਲ ਸ਼ਾਮਲ ਨਹੀਂ ਸੀ, ਪਰ ਪੰਜਾਬ ਸਰਕਾਰ ਨੇ ਇਹ ਵੀ ਲਾਭਪਾਤਰੀਆਂ ਨੂੰ ਦੇਣ ਦਾ ਐਲਾਨ ਕੀਤਾ ਸੀ। ਹੁਣ ਇਕ ਸਾਲ ਵਿਚ ਹੀ ਸਰਕਾਰ ਦਾ ਦਮ ਨਿਕਲ ਗਿਆ ਹੈ।

ਪੰਜਾਬ ਸਰਕਾਰ ਦੀ ਫਲੈਗਸ਼ਿਪ ਵਾਲੀ ਇਸ ਸਕੀਮ ਵਿਚ ਪਹਿਲੀ ਦਸੰਬਰ ਤੋਂ ਕਣਕ ਦੇ ਭਾਅ ਦੁੱਗਣੇ ਤੇ ਦਾਲ ਦੇ ਭਾਅ ਡੇਢ ਗੁਣਾ ਕਰਨ ਦਾ ਫੈਸਲਾ ਕੀਤਾ ਹੈ। ਹੁਣ ਗਰੀਬ ਪਰਿਵਾਰਾਂ ਨੂੰ ਕਣਕ ਇਕ ਰੁਪਏ ਕਿਲੋ ਦੀ ਥਾਂ ਦੋ ਰੁਪਏ ਕਿੱਲੋ ਤੇ ਦਾਲ 20 ਰੁਪਏ ਪ੍ਰਤੀ ਕਿੱਲੋ ਦੀ ਥਾਂ 30 ਰੁਪਏ ਪ੍ਰਤੀ ਕਿੱਲੋ ਮਿਲਿਆ ਕਰੇਗੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਮੀਟਿੰਗ ਵਿਚ ਇਹ ਫੈਸਲਾ ਲਏ ਜਾਣ ਮਗਰੋਂ ਸੂਬਾ ਸਰਕਾਰ ਸਕੀਮ ਅਧੀਨ ਵੰਡੀ ਜਾਣ ਵਾਲੀ ਕਣਕ ਤੇ ਦਾਲ ਦੀਆਂ ਕੀਮਤਾਂ ਵਧਾਏ ਜਾਣ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਚੁੱਕੀ ਹੈ।

ਮੁੱਖ ਸਕੱਤਰ ਦੀ ਅਗਵਾਈ ਵਿਚ ਇਕ ਕਮੇਟੀ ਬਣਾ ਕੇ ਉਸ ਨੂੰ ਕੌਮੀ ਭੋਜਨ ਸੁਰੱਖਿਆ ਐਕਟ ਅਧੀਨ ਸੂਬੇ ਦੇ ਸ਼ਨਾਖਤ ਕੀਤੇ 31 ਲੱਖ ਪਰਿਵਾਰਾਂ ਨੂੰ ਵੰਡੀ ਜਾਣ ਵਾਲੀ ਕਣਕ-ਦਾਲ ਦੇ ਭਾਅ ਵਧਾਏ ਜਾਣ ਦਾ ਕੰਮ ਸੌਂਪਿਆ ਗਿਆ ਸੀ। ਸਰਕਾਰੀ ਸੂਤਰਾਂ ਮੁਤਾਬਕ ਸਰਕਾਰ ਨੂੰ ਇਹ ਕੀਮਤਾਂ ਧਨ ਦੀ ਘਾਟ ਕਾਰਨ ਵਧਾਉਣੀਆਂ ਪੈ ਰਹੀਆਂ ਹਨ। ਸਰਕਾਰ ਸਬਸਿਡੀਆਂ ਦੇ 6000 ਕਰੋੜ ਰੁਪਏ ਤੋਂ ਵੱਧ ਭਾਰੇ ਬਿੱਲਾਂ ਵਿਚ ਵੱਡਾ ਵਾਧਾ ਕਰ ਰਹੀ ਇਸ ਸਕੀਮ ਵਿਚ ਹੁਣ ਕੀਮਤਾਂ ਵਧਾਉਣ ਨਾਲ 172 ਕਰੋੜ ਰੁਪਏ ਬਚਾ ਸਕੇਗੀ।

ਸਰਕਾਰ ਕਣਕ ਤੋਂ 87 ਕਰੋੜ ਤੇ ਦਾਲ ਤੋਂ 85 ਕਰੋੜ ਰੁਪਏ ਬਚਾ ਲਏਗੀ। ਅਜੇ ਪਿਛਲੇ ਸਾਲ ਹੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਕੌਮੀ ਖੁਰਾਕ ਸੁਰੱਖਿਆ ਮਿਸ਼ਨ ਦਾ ਐਲਾਨ ਕਰਨ ਮਗਰੋਂ ਪੰਜਾਬ ਸਰਕਾਰ ਨੇ ਮੋਹਰੀ ਰਹਿਣ ਦਾ ਯਤਨ ਕਰਦਿਆਂ ਕਣਕ ਦਾ ਭਾਅ ਘਟਾ ਕੇ ਦੇਣ ਦਾ ਫੈਸਲਾ ਲਿਆ ਸੀ। ਅਕਾਲੀ-ਭਾਜਪਾ ਸਰਕਾਰ ਉਦੋਂ ਕਾਂਗਰਸ ਨੂੰ ਇਸ ਦਾ ਲਾਭ ਲੈਣ ਤੋਂ ਰੋਕਣਾ ਚਾਹੁੰਦੀ ਸੀ।

ਇਕ ਵਾਰ ਵਿਚ ਸਰਕਾਰ ਛੇ ਮਹੀਨੇ ਲਈ ਕਣਕ ਵੰਡਦੀ ਹੈ ਤੇ ਜੂਨ-ਨਵੰਬਰ ਦੀ ਕਣਕ ਇਹ ਪਹਿਲਾਂ ਹੀ ਵੰਡ ਚੁੱਕੀ ਹੈ ਤਾਂ ਕਿ ਦਸੰਬਰ ਤੋਂ ਨਵੇਂ ਭਾਅ (ਦੋ ਰੁਪਏ ਪ੍ਰਤੀ ਕਿਲੋ) ਲਏ ਜਾ ਸਕਣ। ਦਾਲ ਤਿੰਨ ਮਹੀਨੇ ਲਈ ਵੰਡੀ ਜਾਂਦੀ ਹੈ ਤੇ ਹੁਣ ਜੂਨ-ਅਗਸਤ ਤੱਕ ਵੰਡੀ ਜਾ ਚੁੱਕੀ ਹੈ। ਹੁਣ ਜਦੋਂ ਲਾਭਪਾਤਰੀ ਸਤੰਬਰ-ਦਸੰਬਰ ਲਈ ਇਹ ਸਬਸਿਡੀ ਵਾਲੀ ਦਾਲ ਖਰੀਦਣਗੇ ਤਾਂ ਉਨ੍ਹਾਂ ਨੂੰ 30 ਰੁਪਏ ਵਾਲੇ ਨਵੇਂ ਭਾਅ 'ਤੇ ਇਹ ਮਿਲੇਗੀ।

### ਸਰਕਾਰ ਖਰਚਿਆਂ ਨੂੰ ਲਗਾਮ ਲਾਵੇ: ਜਾਖੜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਨੂੰ ਕਣਕ-ਦਾਲ ਦੀਆਂ ਕੀਮਤਾਂ ਵਧਾਉਣ ਦੀ ਥਾਂ ਆਪਣੇ ਖਰਚਿਆਂ ਉਪਰ ਲਗਾਮ ਲਾਉਣ ਦੀ ਨਸੀਹਤ ਦਿੱਤੀ ਹੈ।

ਉਨ੍ਹਾਂ ਆਖਿਆ ਕਿ ਪੰਜਾਬ ਦੇ ਖ਼ਜ਼ਾਨੇ ਨੂੰ ਲੱਗੇ ਤਾਲੇ ਕਾਰਨ ਪਿਛਲੇ ਛੇ ਮਹੀਨਿਆਂ ਤੋਂ ਗਰੀਬਾਂ ਨੂੰ ਰਾਸ਼ਨ ਵਿਚ ਦਾਲ ਮੁਹੱਈਆ ਹੀ ਨਹੀਂ ਕੀਤੀ ਗਈ। ਦੇਸ਼ ਦੇ ਗਰੀਬਾਂ ਨੂੰ ਚੰਗੇ ਦਿਨਾਂ ਦੇ ਸੁਪਨੇ ਦਿਖਾ ਕੇ ਸੱਤਾ 'ਤੇ ਕਾਬਜ਼ ਹੋਏ ਐਨ.ਡੀ.ਏ. ਦੇ ਗੱਠਜੋੜ ਦੀ ਪੰਜਾਬ ਵਿਚ ਹਵਾ ਨਿਕਲ ਗਈ ਹੈ। ਐਨ.ਡੀ.ਏ. ਸਰਕਾਰ ਦੇ ਬੰਦਿਆਂ ਹੀ ਪਹਿਲਾਂ ਸਬਜ਼ੀਆਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਸੀ ਤੇ ਹੁਣ ਗਰੀਬਾਂ 'ਤੇ ਮਹਿੰਗਾਈ ਦੀ ਹੋਰ ਮਾਰ ਪੈਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਯੋਜਨਾ ਉਪਰ ਆਪਣੀ ਮੋਹਰ ਲਾਉਣ ਲਈ ਕੇਂਦਰ ਤੋਂ ਦੋ ਰੁਪਏ ਕਿਲੋ ਕਣਕ ਪ੍ਰਾਪਤ ਕਰਕੇ ਉਸ ਨੂੰ ਇਕ ਰੁਪਏ ਕਿਲੋ ਕਾਰਡਧਾਰਕਾਂ ਨੂੰ ਦੇਣ ਦੇ ਐਲਾਨ ਤੋਂ ਪਿਛੇ ਹਟ ਗਈ ਹੈ।

ਪੰਜਾਬ ਸਰਕਾਰ ਦੇ ਖ਼ਜ਼ਾਨੇ ਦੀ ਹਾਲਤ ਏਨੀ ਖਰਾਬ ਹੈ ਕਿ ਉਹ ਇਸ ਯੋਜਨਾ ਤਹਿਤ ਸਾਲਾਨਾ 85 ਕਰੋੜ ਰੁਪਏ ਤੱਕ ਖਰਚ ਕਰਨ ਵਿਚ ਵੀ ਲਾਚਾਰ ਹੈ। ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆਂ ਗਾਂਧੀ ਦੀ ਪਹਿਲ ਦੇ ਆਧਾਰ 'ਤੇ ਹੀ ਕੇਂਦਰ ਦੀ ਸਾਬਕਾ ਯੂ.ਪੀ.ਏ. ਸਰਕਾਰ ਨੇ ਕੌਮੀ ਖਾਦ ਸੁਰੱਖਿਆ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ। ਇਸ ਮਿਸ਼ਨ ਤਹਿਤ ਦੇਸ਼ ਦੇ ਸਾਰੇ ਗਰੀਬਾਂ ਨੂੰ ਦੋ ਰੁਪਏ ਕਿਲੋ ਕਣਕ ਮੁਹੱਈਆ ਕਰਵਾਉਣ ਦੀ ਯੋਜਨਾ ਦੀਆਂ ਪੰਜਾਬ ਸਰਕਾਰ ਨੇ ਧੱਜੀਆਂ ਉਡਾਈਆਂ ਹਨ।

# ਮਾਲ ਵਿਭਾਗ ਨੂੰ ਚੰਗੇ ਦਿਨਾਂ ਦੀ ਆਸ

**ਚੰਡੀਗੜ੍ਹ:** ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਪੰਜਾਬ ਸਰਕਾਰ ਦੇ ਮਾਲੀ ਵਿਭਾਗ ਨੂੰ ਛੇਤੀ ਹੀ ਥੋੜ੍ਹੀ ਰਾਹਤ ਮਿਲਣ ਦੀ ਉਮੀਦ ਬੱਝੀ ਹੈ। ਸਰਕਾਰ ਨੇ ਪੰਜ ਮਹੀਨੇ ਤੋਂ ਵੱਧ ਸਮੇਂ ਤੋਂ ਅਣ-ਅਧਿਕਾਰਤ ਕਾਲੋਨੀਆਂ ਦੇ ਪਲਾਟਾਂ ਲਈ ਐਨ.ਓ.ਸੀ. 'ਇਤਰਾਜ਼ ਨਹੀਂ ਹੈ' ਪ੍ਰਮਾਣ ਪੱਤਰ ਦੇਣ ਦਾ ਕੰਮ ਮੁੜ ਸ਼ੁਰੂ ਕਰਨ ਲਈ ਹਾਮੀ ਭਰ ਦਿੱਤੀ ਹੈ। ਇਸ ਰੋਕ ਨਾਲ ਜਿਥੇ ਜਾਇਦਾਦ ਬਾਜ਼ਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਉਥੇ ਮਾਲ ਵਿਭਾਗ ਦਾ ਮਾਲੀਆ ਵੀ ਲਗਾਤਾਰ ਹੇਠਾਂ ਡਿੱਗ ਰਿਹਾ ਸੀ ਜਿਸ ਦੀ ਚਿੰਤਾ ਪੰਜਾਬ ਸਰਕਾਰ ਨੂੰ ਵੀ ਸਤਾ ਰਹੀ ਸੀ।

ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਹੀ ਐਨ.ਓ.ਸੀ. ਦੇਣ ਦਾ ਕੰਮ ਬੰਦ ਕਰ ਦਿੱਤਾ ਗਿਆ ਸੀ ਤੇ ਉਸ ਤੋਂ ਬਾਅਦ ਹੀ ਮਾਲ ਵਿਭਾਗ ਦੇ ਖ਼ਜ਼ਾਨੇ 'ਤੇ ਸੰਕਟ ਪੈਦਾ ਹੋਣ ਲੱਗ ਪਿਆ ਸੀ। ਤਹਿਸੀਲਦਾਰਾਂ ਨੇ ਲੋਕਾਂ ਦੀਆਂ ਰਜਿਸਟਰੀਆਂ ਇਸ ਕਰਕੇ ਕਰਨੀਆਂ ਬੰਦ ਕਰ ਦਿੱਤੀਆਂ ਸਨ ਕਿ ਜੇਕਰ ਪਲਾਟ ਦੀ ਰਜਿਸਟਰੀ ਕਰਵਾਉਣੀ ਹੈ ਤਾਂ ਪਹਿਲਾਂ ਐਨ.ਓ.ਸੀ. ਲਿਆਓ। ਹਾਊਸਿੰਗ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਏ. ਵੇਣੂਪ੍ਰਸਾਦ ਨੇ ਦੱਸਿਆ ਕਿ ਐਨ.ਓ.ਸੀ. ਜਾਰੀ ਕਰਨ ਲਈ ਨੋਟੀਫ਼ਿਕੇਸ਼ਨ ਨੂੰ ਜ਼ਿਆਦਾ ਦੇਰੀ ਇਸ ਕਰਕੇ ਵੀ ਹੋਈ ਕਿਉਂਕਿ ਆਰਡੀਨੈਂਸ ਤਿਆਰ ਕਰਨ ਲਈ ਕਾਫ਼ੀ ਸਮਾਂ ਲੱਗਦਾ ਹੈ।

### ਰਜਿਸਟਰੀਆਂ ਮੁੜ ਸ਼ੁਰੂ ਹੋਣ ਨਾਲ ਦੂਰ ਹੋਵੇਗੀ ਆਰਥਿਕ ਮੰਦੀ




ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਪਹਿਲਾਂ ਵੀ ਪਲਾਟਾਂ ਦੀ ਐਨ.ਓ.ਸੀ. ਲੈਣ ਲਈ ਕਾਫ਼ੀ ਸਮਾਂ ਦਿੱਤਾ ਸੀ ਤੇ ਇਸ ਵਾਰ ਇਕ ਸਾਲ ਦਾ ਸਮਾਂ ਦਿੱਤਾ ਗਿਆ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਇਸ ਸਮੇਂ ਦੌਰਾਨ ਆਪਣੇ ਪਲਾਟਾਂ ਦੇ ਐਨ.ਓ.ਸੀ. ਲੈ ਲੈਣ। ਉਧਰ ਜਾਣਕਾਰਾਂ ਦਾ ਕਹਿਣਾ ਹੈ ਕਿ ਸੂਬੇ ਵਿਚ 7000 ਤੋਂ ਜ਼ਿਆਦਾ ਅਣਅਧਿਕਾਰਤ ਕਲੋਨੀਆਂ ਦਾ ਨਿਰਮਾਣ ਕੀਤਾ ਗਿਆ ਹੈ ਤੇ ਅਜੇ ਵੀ ਕਾਫ਼ੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੇ ਆਪਣੇ ਪਲਾਟਾਂ ਦੇ ਐਨ.ਓ.ਸੀ. ਹਾਸਲ ਕਰਨੇ ਹਨ।

ਪੁੱਡਾ ਦੇ ਅਧਿਕਾਰ ਖੇਤਰ ਵਿਚ ਵੀ ਲੱਖਾਂ ਪਲਾਟਾਂ ਨੂੰ ਐਨ.ਓ.ਸੀ. ਦੇਣ ਦਾ ਕੰਮ ਬਕਾਇਆ ਪਿਆ ਹੈ। ਪਿਛਲੇ ਸਾਲ ਦੇ ਆਖ਼ਰ ਵਿਚ ਜਦੋਂ ਐਨ.ਓ.ਸੀ. ਦੇਣ ਦਾ ਕੰਮ ਸ਼ੁਰੂ ਕੀਤਾ ਸੀ ਤਾਂ ਉਸ ਵੇਲੇ 500 ਕਰੋੜ ਰੁਪਏ ਦਾ ਮਾਲੀਆ ਸਰਕਾਰ ਨੂੰ ਪ੍ਰਾਪਤ ਹੋਇਆ ਸੀ। ਇਸ ਵਾਰ ਵੀ ਇਹ ਮਾਲੀਆ 400 ਕਰੋੜ ਰੁਪਏ ਤੋਂ ਜ਼ਿਆਦਾ ਆਉਣ ਦੀ ਉਮੀਦ ਹੈ। ਚੇਤੇ ਰਹੇ ਕਿ ਐਨ.ਓ.ਸੀ. ਲੈਣ ਵਿਚ ਸਿਰਫ਼ ਪਲਾਟ ਮਾਲਕ ਹੀ ਮੋਹਰੀ ਹਨ ਜਦ ਕਿ ਅਣਅਧਿਕਾਰਤ ਕਲੋਨੀਆਂ ਤਿਆਰ ਕਰਨ ਵਾਲਿਆਂ ਨੇ ਐਨ.ਓ.ਸੀ. ਲੈਣ ਵਿਚ ਕਿਸੇ ਤਰ੍ਹਾਂ ਦੀ ਦਿਲਚਸਪੀ ਇਸ ਕਰਕੇ ਨਹੀਂ ਦਿਖਾਈ ਹੈ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਰੱਖੀ ਗਈ ਫ਼ੀਸ ਕਾਫ਼ੀ ਜ਼ਿਆਦਾ ਹੈ। ਉਂਝ ਅਣਅਧਿਕਾਰਤ ਕਲੋਨੀਆਂ ਕੱਟਣ ਵਾਲੇ ਤਾਂ ਲੋਕ ਆਪਣੇ ਪਲਾਟ ਵੇਚ ਕੇ ਲਾਂਭੇ ਹੋ ਗਏ ਹਨ ਜਦ ਕਿ ਇਨ੍ਹਾਂ ਕਲੋਨੀਆਂ ਵਿਚ ਪਲਾਟ ਲੈਣ ਵਾਲੇ ਹੀ ਸਰਕਾਰ ਦੀ ਇਸ ਨੀਤੀ ਦਾ ਸ਼ਿਕਾਰ ਹੋਏ ਹਨ ਜਿਨ੍ਹਾਂ ਨੂੰ ਆਪਣੇ ਪਲਾਟਾਂ ਦੀ ਵਿਕਰੀ ਕਰਨ ਲਈ ਪ੍ਰੇਸ਼ਾਨੀ ਆ ਰਹੀ ਹੈ ਤੇ ਉਨ੍ਹਾਂ ਵੱਲੋਂ ਐਨ.ਓ.ਸੀ. ਦੇਣ ਦੀ ਮੰਗ ਲਗਾਤਾਰ ਕੀਤੀ ਜਾ ਰਹੀ ਸੀ।

# ਭਾਰਤ ਵਿਚ ਜਿਨਸੀ ਤਵਾਜ਼ਨ ਹੋਰ ਵਿਗੜਿਆ

**ਨਿਊ ਯਾਰਕ:** ਲਿੰਗਕ ਅਸਮਾਨਤਾਵਾਂ ਖ਼ਤਮ ਕਰਨ ਵਿਚ ਭਾਰਤ ਦੀ ਕਾਰਕਰਦਗੀ ਬਹੁਤ ਹੀ ਖ਼ਰਾਬ ਰਹੀ ਹੈ ਅਤੇ ਇਹ ਵਿਸ਼ਵ ਆਰਥਿਕ ਮੰਚ ਦੇ ਲਿੰਗਕ ਪਾੜਾ ਸੂਚਕ ਅੰਕ-2014 ਵਿਚ 142 ਦੇਸ਼ਾਂ ਵਿਚੋਂ 114ਵੇਂ ਨੰਬਰ 'ਤੇ ਰਿਹਾ ਹੈ। ਆਰਥਿਕ ਸ਼ਮੂਲੀਅਤ, ਵਿਦਿਆ ਪ੍ਰਾਪਤੀ, ਸਿਹਤ ਅਤੇ ਜੀਵਨ ਜਿਹੇ ਪੈਮਾਨਿਆਂ 'ਤੇ ਇਸ ਨੇ ਔਸਤ ਨਾਲੋਂ ਘੱਟ ਅੰਕ ਹਾਸਲ ਕੀਤੇ ਹਨ।

ਪਿਛਲੇ ਸਾਲ ਤੋਂ ਭਾਰਤ 13 ਅੰਕ ਹੇਠਾਂ ਖਿਸਕ ਗਿਆ ਹੈ। ਉਦੋਂ ਇਹ ਆਲਮੀ ਦਰਜੇ 'ਤੇ 101ਵੇਂ ਸਥਾਨ 'ਤੇ ਆਇਆ ਸੀ। ਕਿਰਤ ਸ਼ਕਤੀ ਵਿਚ ਭਾਈਵਾਲੀ, ਕਮਾਈ, ਸਾਖਰਤਾ ਦਰ ਅਤੇ ਜਨਮ ਵੇਲੇ ਲਿੰਗਕ ਅਨੁਪਾਤ ਪੱਖੋਂ ਭਾਰਤ ਦੁਨੀਆਂ ਦੇ ਸਭ ਤੋਂ ਪਿਛਾਂਹਖਿੱਚੂ 20 ਮੁਲਕਾਂ ਵਿਚ ਸ਼ੁਮਾਰ ਹੈ। ਉਂਜ, ਸਿਆਸੀ ਤਾਕਤ ਦੇ ਸੂਚਕ ਅੰਕ ਵਿਚ ਭਾਰਤ ਦੁਨੀਆਂ ਦੇ 20 ਚੋਟੀ ਦੇ ਮੁਲਕਾਂ 'ਚ ਸ਼ੁਮਾਰ ਹੈ।

ਵਿਸ਼ਵ ਆਰਥਿਕ ਮੰਚ ਵੱਲੋਂ ਇਹ ਸੂਚਕ ਅੰਕ 2006 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਨੂੰ ਲਿੰਗਕ ਅਸਮਾਨਤਾਵਾਂ ਮਾਪਣ ਅਤੇ ਇਨ੍ਹਾਂ ਬਾਰੇ ਪ੍ਰਗਤੀ 'ਤੇ ਨਜ਼ਰ ਰੱਖਣ ਲਈ ਚੌਖਟੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਸੂਚਕ ਅੰਕ ਵਿਚ ਆਰਥਿਕ, ਸਿਆਸੀ, ਸਿੱਖਿਆ ਅਤੇ ਸਿਹਤ ਪੈਮਾਨਿਆਂ 'ਤੇ ਕੌਮੀ ਲਿੰਗਕ ਪਾੜਿਆਂ ਦੀ ਸਥਿਤੀ ਤੈਅ ਕਰਦਾ ਹੈ।

ਆਰਥਿਕ ਸ਼ਮੂਲੀਅਤ ਅਤੇ ਮੌਕਿਆਂ ਦੇ ਪੈਮਾਨੇ 'ਤੇ ਭਾਰਤ 134ਵੇਂ ਨੰਬਰ 'ਤੇ ਹੈ। ਕਿਰਤ ਸ਼ਕਤੀ ਸ਼ਮੂਲੀਅਤ ਵਿਚ ਇਸ ਦਾ ਮਹਿਲਾ ਤੇ ਪੁਰਸ਼ ਅਨੁਪਾਤ 0.36 ਹੈ। ਅੰਦਾਜ਼ਨ ਕਮਾਈ ਦੇ ਮਾਮਲੇ ਵਿਚ ਇਹ ਪਾੜਾ ਬਹੁਤ ਜ਼ਿਆਦਾ ਹੈ ਜਿੱਥੇ ਔਰਤਾਂ ਦੀ ਅੰਦਾਜ਼ਨ ਆਮਦਨ 1980 ਡਾਲਰ ਹੈ ਜਦਕਿ ਪੁਰਸ਼ਾਂ ਦੀ ਕਮਾਈ 8087 ਡਾਲਰ ਹੈ। ਵਿਦਿਆ ਪ੍ਰਾਪਤੀ ਦੇ ਪੈਮਾਨੇ 'ਤੇ ਭਾਰਤ 126ਵੇਂ ਨੰਬਰ 'ਤੇ ਅਤੇ ਇਸ ਦੀ ਸਾਖਰਤਾ ਦਰ ਪੱਖੋਂ ਮਹਿਲਾ-ਪੁਰਸ਼ ਅਨੁਪਾਤ 0.68 ਹੈ।

ਸਿਹਤ ਅਤੇ ਜਿਊਣ ਦੇ ਪੈਮਾਨੇ 'ਤੇ ਭਾਰਤ ਅਰਮੀਨੀਆ ਤੋਂ ਬਾਅਦ ਸਭ ਤੋਂ ਮਾੜੀ ਕਾਰਗੁਜ਼ਾਰੀ ਵਾਲਾ ਮੁਲਕ ਹੈ। ਸਿਆਸੀ ਤਾਕਤ ਦੇਣ ਦੇ ਮਾਮਲੇ 'ਚ ਭਾਰਤ 15ਵੇਂ ਨੰਬਰ 'ਤੇ ਹੈ ਅਤੇ ਪਿਛਲੇ 50 ਸਾਲਾਂ ਦੌਰਾਨ ਰਾਜ ਦੀ ਮਹਿਲਾ ਮੁਖੀ ਦੇ ਕਾਰਜਕਾਲ ਪੱਖੋਂ ਇਹ ਦੁਨੀਆਂ ਦਾ ਨੰਬਰ ਇਕ ਮੁਲਕ ਗਿਣਿਆ ਗਿਆ ਹੈ।

ਭਾਰਤ ਤੋਂ ਇਸ ਤਰ੍ਹਾਂ ਦੇ ਸੰਕੇਤ ਵੀ ਆਏ ਹਨ ਕਿ ਮੁਕਾਮੀ ਸਰਕਾਰਾਂ ਵਿਚ ਔਰਤ ਦੀ ਭੂਮਿਕਾ ਵਧੀ ਹੈ ਅਤੇ ਉਹ ਪੁਰਸ਼ਾਂ ਦੇ ਮੁਕਾਬਲੇ ਸਮੁਦਾਇਕ ਬਜਟ ਬਣਾਉਣ 'ਚ ਵਧੇਰੇ ਸਫਲ ਹੁੰਦੀਆਂ ਹਨ।

# ਹੁਣ ਬਲਾਕ ਪ੍ਰਧਾਨਾਂ ਨੇ 'ਬਾਜਵਾ ਹਟਾਓ' ਮੁਹਿੰਮ ਛੇੜੀ

**ਲੁਧਿਆਣਾ:** ਪੰਜਾਬ ਕਾਂਗਰਸ ਦੇ ਕਈ ਬਲਾਕ ਪ੍ਰਧਾਨਾਂ, ਜ਼ਿਲ੍ਹਾ ਅਹੁਦੇਦਾਰਾਂ ਤੇ ਵਾਰਡ ਪ੍ਰਧਾਨਾਂ ਸਮੇਤ ਸੂਬਾ ਇਕਾਈ ਦੇ ਹੋਰਨਾਂ ਅਹੁਦੇਦਾਰਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ 'ਬਾਜਵਾ ਹਟਾਓ' ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਾਜਵਾ ਹੁਣ ਤੱਕ ਪੂਰੀ ਤਰ੍ਹਾਂ ਫੇਲ੍ਹ ਰਹੇ ਹਨ। ਉਨ੍ਹਾਂ ਦੀ ਪਾਰਟੀ ਵਿਚ ਵੰਡ ਪਾਉਣ ਤੋਂ ਇਲਾਵਾ ਹੋਰ ਕੋਈ ਪ੍ਰਾਪਤੀ ਨਹੀਂ ਹੈ।

ਲੁਧਿਆਣਾ ਤੋਂ ਪਾਰਟੀ ਦੇ ਪੰਜ ਬਲਾਕ ਪ੍ਰਧਾਨਾਂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਸਮਾਂ ਮੰਗਿਆ ਤਾਂ ਕਿ ਉਹ ਪੰਜਾਬ ਕਾਂਗਰਸ ਵਿਚ ਛਾਏ 'ਲੀਡਰਸ਼ਿਪ ਸੰਕਟ' ਬਾਰੇ ਦੱਸ ਸਕਣ। ਸੂਬੇ ਵਿਚ ਲੀਡਰਸ਼ਿਪ ਬਦਲਣ ਦੀ ਮੰਗ ਕਰਨ ਵਾਲਿਆਂ ਵਿਚ ਬਲਾਕ ਪ੍ਰਧਾਨ ਬਲਵਿੰਦਰ ਬੰਟੀ, ਪਲਵਿੰਦਰ ਸਿੰਘ, ਸਤਵਿੰਦਰ ਸਿੰਘ ਜਗੱਦੀ, ਰਾਕੇਸ਼ ਤੇ ਵਿਨੋਦ ਭਾਟਲਾ ਹਨ। ਲੁਧਿਆਣਾ ਸ਼ਹਿਰੀ ਦੇ ਸਾਬਕਾ ਬਲਾਕ ਪ੍ਰਧਾਨ ਪਵਨ ਦੀਵਾਨ ਵੀ ਇਨ੍ਹਾਂ ਨਾਲ ਸਨ ਜਿਸ ਨੂੰ ਅਨੁਸ਼ਾਸਨਹੀਣਤਾ ਕਰਕੇ ਹਾਲ ਵਿਚ ਸ੍ਰੀ ਬਾਜਵਾ ਨੇ ਪਾਰਟੀ ਵਿਚੋਂ ਕੱਢਿਆ ਸੀ। ਦੀਵਾਨ ਅਨੁਸਾਰ ਉਸ ਨੂੰ ਨਾਜਾਇਜ਼ ਤਰੀਕੇ ਨਾਲ ਕੱਢਿਆ ਗਿਆ ਹੈ।

ਕਾਂਗਰਸੀ ਬਲਾਕ ਪ੍ਰਧਾਨਾਂ ਨੇ ਕਿਹਾ ਕਿ ਸ. ਬਾਜਵਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਨੂੰ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਬਣਾ ਦਿੱਤਾ ਹੈ, ਜਿਸ ਦੇ ਮਾਲਕ ਉਹ ਤੇ ਉਨ੍ਹਾਂ ਦੇ ਭਰਾ ਫਤਹਿ ਬਾਜਵਾ ਬਣ ਬੈਠੇ ਹਨ। ਉਹ ਆਪਣੇ ਭਰਾ ਫਤਹਿ ਬਾਜਵਾ ਨੂੰ ਲੁਧਿਆਣਾ ਤੋਂ ਖੜ੍ਹਾ ਕਰਨਾ ਚਾਹੁੰਦੇ ਹਨ। ਲੁਧਿਆਣਾ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਤੱਗੜ, ਸਤਵਿੰਦਰ ਸਿੰਘ ਜਵੱਦੀ, ਬਲਜਿੰਦਰ ਸਿੰਘ ਬੰਟੀ ਨੇ ਦੋਸ਼ ਲਾਇਆ ਕਿ ਸ. ਬਾਜਵਾ ਪਾਰਟੀ ਹਾਈਕਮਾਨ ਤੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਗੁੰਮਰਾਹ ਕਰ ਰਹੇ ਹਨ। ਸ. ਬਾਜਵਾ ਵਰਕਿੰਗ ਪ੍ਰਧਾਨਾਂ ਦੀ ਨਿਯੁਕਤੀ ਕਰ ਕੇ ਜ਼ਮੀਨੀ ਪੱਧਰ 'ਤੇ ਪਾਰਟੀ ਨੂੰ ਵੰਡ ਰਹੇ ਹਨ। ਜਦੋਂ ਤੱਕ ਸ. ਬਾਜਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਰਹਿਣਗੇ, ਪਾਰਟੀ 2017 ਦੀਆਂ ਚੋਣਾਂ ਜਿੱਤਣ ਦੀ ਉਮੀਦ ਨਹੀਂ ਕਰ ਸਕਦੀ। ਇਸ ਦੌਰਾਨ ਪਾਰਟੀ ਅਹੁਦੇਦਾਰਾਂ ਨੇ ਮੰਗ ਕੀਤੀ ਕਿ ਪਾਰਟੀ ਹਾਈਕਮਾਨ ਨੂੰ ਇਕ ਅਜਿਹਾ ਆਗੂ ਚੁਣਨਾ ਚਾਹੀਦਾ ਹੈ, ਜਿਹੜਾ ਨਾ ਸਿਰਫ ਪਾਰਟੀ ਦੇ ਹਰੇਕ ਵਰਗ ਨੂੰ ਮਨਜ਼ੂਰ ਹੋਵੇ, ਬਲਕਿ ਲੋਕਾਂ ਦੀ ਵੀ ਪਸੰਦ ਹੋਵੇ। ਬਾਜਵਾ 'ਤੇ ਵਰਕਰਾਂ ਦੀ ਆਵਾਜ਼ ਦਬਾਉਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੇ ਦੌਰੇ ਦੌਰਾਨ ਵੀ 234 ਬਲਾਕ ਪ੍ਰਧਾਨਾਂ ਵਿਚੋਂ ਸਿਰਫ ਦੋ ਨੂੰ ਬੋਲਣ ਦਿੱਤਾ ਗਿਆ, ਜਿਹੜੇ ਗੁਰਦਾਸਪੁਰ ਨਾਲ ਸਬੰਧਤ ਸਨ। ਜ਼ਿਕਰਯੋਗ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਹੀ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਆਗੂਆਂ ਨੂੰ ਏਕੇ ਲਈ ਅਪੀਲ ਕਰਕੇ ਗਏ ਸਨ ਕਿ ਸੂਬਾਈ ਯੂਨਿਟ ਵਿਚਲੇ ਬਾਗੀਆਂ ਨੇ ਦਿੱਲੀ ਪੁੱਜ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ।



# ਮਾਨ ਦੇ ਸਾਥੀ ਪਾਕਿਸਤਾਨੀ ਰੇਂਜਰਾਂ ਦਾ ਮੂੰਹ ਮਿੱਠਾ ਨਾ ਕਰਵਾ ਸਕੇ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੂੰ ਪਾਕਿਸਤਾਨ ਰੇਂਜਰਾਂ ਨੂੰ ਬੰਦੀ ਛੋੜ ਦਿਵਸ ਦੀ ਮਠਿਆਈ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਬੀ.ਐਸ.ਐਫ. ਨੇ ਉਨ੍ਹਾਂ ਨੂੰ ਸਰਹੱਦੀ ਚੈੱਕ ਪੋਸਟ ਦੇ ਨੇੜੇ ਜਾਣ ਤੋਂ ਰੋਕ ਦਿੱਤਾ।

ਜ਼ਿਕਰਯੋਗ ਹੈ ਕਿ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਭਾਰਤੀ ਸੀਮਾ ਸੁਰੱਖਿਆ ਬਲ ਵੱਲੋਂ ਪਾਕਿਸਤਾਨੀ ਰੇਂਜਰਾਂ ਨੂੰ ਹਰ ਵਰ੍ਹੇ ਦੀਵਾਲੀ ਮੌਕੇ ਦਿੱਤੀ ਜਾਂਦੀ ਮਠਿਆਈ ਇਸ ਵਾਰ ਨਾ ਦਿੱਤੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਸੀ ਕਿ ਪਾਰਟੀ ਆਗੂ 25 ਅਕਤੂਬਰ ਨੂੰ ਵਾਹਗਾ ਸਰਹੱਦ 'ਤੇ ਪਾਕਿਸਤਾਨੀ ਰੇਂਜਰਾਂ ਨੂੰ ਬੰਦੀ ਛੋੜ ਦਿਵਸ ਦੀ ਖੁਸ਼ੀ ਵਿਚ ਮਠਿਆਈ ਦੇਣਗੇ। ਮਿਲੀ ਜਾਣਕਾਰੀ ਮੁਤਾਬਕ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਦਫਤਰ ਸਕੱਤਰ ਹਰਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਪਾਰਟੀ ਕਾਰਕੁਨ ਪਾਕਿਸਤਾਨੀ ਰੇਂਜਰਾਂ ਨੂੰ ਮਠਿਆਈ ਦੇਣ ਲਈ ਸਰਹੱਦ 'ਤੇ ਪੁੱਜੇ ਸਨ।

ਸਰਹੱਦੀ ਚੌਕੀ ਨੇੜੇ ਪੈਂਦੇ ਗੇਟ 'ਤੇ ਹੀ ਉਨ੍ਹਾਂ ਨੂੰ ਰੋਕ ਲਿਆ ਗਿਆ ਤੇ ਅੱਗੇ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ।

ਸ. ਸੰਧੂ ਨੇ ਕਿਹਾ ਕਿ ਉਹ ਸਿੱਖ ਪੰਥ ਵੱਲੋਂ ਮਨਾਏ ਜਾਂਦੇ ਬੰਦੀ ਛੋੜ ਦਿਵਸ ਦੀ ਖੁਸ਼ੀ ਵਿਚ ਪਾਕਿ ਰੇਂਜਰਾਂ ਨੂੰ ਮਠਿਆਈ ਦੇਣ ਗਏ ਸਨ ਤਾਂ ਜੋ ਦੋਵਾਂ ਮੁਲਕਾਂ ਵਿਚਾਲੇ ਭਾਈਚਾਰਕ ਸਾਂਝ ਬਣੀ ਰਹੇ। ਹਰ ਵਰ੍ਹੇ ਭਾਰਤੀ ਸੁਰੱਖਿਆ ਬਲ ਵੱਲੋਂ ਪਾਕਿਸਤਾਨੀ ਰੇਂਜਰਾਂ ਨੂੰ ਮਠਿਆਈ ਦਿੱਤੀ ਜਾਂਦੀ ਹੈ ਪਰ ਇਸ ਵਾਰ ਅਜਿਹਾ ਨਾ ਕਰਕੇ ਹੋਰ ਕੁੜੱਤਣ ਪੈਦਾ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਸਰਕਾਰ ਸਬੰਧਾਂ ਨੂੰ ਸੁਧਾਰਨ ਦੀ ਬਜਾਏ ਵਿਗਾੜ ਰਹੀ ਹੈ।

# ਸਰਕਾਰ ਦੀ ਅਣਦੇਖੀ ਨੇ ਭੱਠਿਆਂ ਦਾ ਭੱਠਾ ਬਿਠਾਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰਕੇ ਸੂਬੇ ਦਾ ਭੱਠਾ ਉਦਯੋਗ ਆਖਰੀ ਸਾਹਾਂ 'ਤੇ ਆ ਗਿਆ ਹੈ। ਸਰਕਾਰ ਦੇ ਸਖ਼ਤ ਨਿਯਮਾਂ ਕਰਕੇ ਕੁਲ 2700 ਇੱਟਾਂ ਦੇ ਭੱਠਿਆਂ ਵਿਚੋਂ 90 ਫ਼ੀਸਦੀ ਬੰਦ ਹੋ ਗਏ ਹਨ ਜਦਕਿ 10 ਫ਼ੀਸਦੀ ਭੱਠੇ ਗੈਰਕਾਨੂੰਨੀ ਢੰਗ ਨਾਲ ਚੱਲ ਰਹੇ ਹਨ। ਇਨ੍ਹਾਂ ਵਿਚੋਂ 315 ਭੱਠਿਆਂ ਦੇ ਮਾਲਕਾਂ ਵੱਲੋਂ ਹਾਸਲ ਕੀਤੀ ਵਾਤਾਵਰਨ ਕਲੀਅਰੈਂਸ ਦੀ ਮਿਆਦ ਵੀ ਖ਼ਤਮ ਹੋਣ ਕਾਰਨ ਸੂਬੇ ਵਿਚ ਇੱਟਾਂ ਦਾ ਵੱਡਾ ਖਲਾਅ ਪੈਦਾ ਹੋਣ ਦੇ ਆਸਾਰ ਬਣ ਰਹੇ ਹਨ। 'ਬਰਿਕ ਕਿਲਨ ਆਨਰਜ਼ ਐਸੋਸੀਏਸ਼ਨ ਪੰਜਾਬ' ਨੇ ਸਰਕਾਰ ਨੂੰ ਮੋਗਾ, ਅੰਮ੍ਰਿਤਸਰ, ਪਟਿਆਲਾ, ਫਿਰੋਜ਼ਪੁਰ, ਤਰਨ ਤਾਰਨ, ਦੀਨਾਨਗਰ ਤੇ ਦਸੂਹਾ ਵਿਖੇ ਕੁਝ ਭੱਠੇ ਗੈਰਕਾਨੂੰਨੀ ਢੰਗ ਨਾਲ ਚੱਲਣ ਦੀ ਸ਼ਿਕਾਇਤ ਕੀਤੀ ਹੈ। 'ਲੁਧਿਆਣਾ ਬਰਿਕ ਕਿਲਨ ਆਨਰਜ਼ ਐਸੋਸੀਏਸ਼ਨ' ਨੇ ਉਦਯੋਗ ਤੇ ਕਾਮਰਸ ਵਿਭਾਗ ਦੇ ਡਾਇਰੈਕਟਰ ਮਾਈਨਿੰਗ ਨੂੰ ਕੀਤੀ ਸ਼ਿਕਾਇਤ ਵਿਚ ਕਿਹਾ ਹੈ ਕਿ ਸੂਬੇ ਵਿਚ ਕੁਝ ਭੱਠਾ ਮਾਲਕਾਂ ਵੱਲੋਂ ਸਬੰਧਤ ਅਧਿਕਾਰੀਆਂ ਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਹੇਠ ਬਰਿੱਕ ਅਰਥ ਦੀ ਗੈਰਕਾਨੂੰਨੀ ਢੰਗ ਨਾਲ ਨਿਕਾਸੀ ਕੀਤੀ ਜਾ ਰਹੀ ਹੈ।

ਐਸੋਸੀਏਸ਼ਨ ਵੱਲੋਂ ਲਾਏ ਇਨ੍ਹਾਂ ਗੰਭੀਰ ਦੋਸ਼ਾਂ ਦਾ ਜਵਾਬ ਡਾਇਰੈਕਟਰ ਮਾਈਨਿੰਗ ਵੱਲੋਂ 21 ਅਕਤੂਬਰ ਨੂੰ ਇਕ ਸਤਰ 'ਐਸੋਸੀਏਸ਼ਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਭੱਠਾ ਮਾਲਕਾਂ ਬਾਰੇ ਸੂਚਨਾ ਵਿਸਥਾਰਪੂਰਵਕ ਭੇਜੀ ਜਾਵੇ ਤਾਂ ਜੋ ਉਨ੍ਹਾਂ ਖ਼ਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾ ਸਕੇ' ਵਿਚ ਦੇ ਕੇ ਪੱਲਾ ਝਾੜ ਦਿੱਤਾ ਹੈ। ਇਸ ਦੇ ਵਿਰੋਧ ਵਿਚ ਇਥੇ ਪੰਜਾਬ ਬਰਿੱਕ ਕਿਲਨ ਆਨਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਤੇ ਲੁਧਿਆਣਾ ਦੇ ਪ੍ਰਧਾਨ ਇੰਦਰਪਾਲ ਸਿੰਘ ਵਾਲੀਆ, ਪੰਜਾਬ ਦੇ ਪ੍ਰੈੱਸ ਸਕੱਤਰ ਸਰਬਜੀਤ ਸਿੰਘ ਢਿੱਲੋਂ, ਦੀਵਾਨ ਚੰਦ ਗੋਇਲ ਤੇ ਸੁਰਿੰਦਰ ਨੇਗੀ ਨੇ ਇਸ ਮਾਮਲੇ ਨਾਲ ਸਬੰਧਤ ਦਸਤਾਵੇਜ਼ ਮੀਡੀਆ ਨੂੰ ਪੇਸ਼ ਕਰਦਿਆਂ ਦੱਸਿਆ ਕਿ ਕੁਲ 2700 ਭੱਠਿਆਂ ਦੇ ਮਾਲਕਾਂ ਵਿਚੋਂ 90 ਫ਼ੀਸਦੀ ਕਾਨੂੰਨ ਦੇ ਪਾਬੰਦ ਹੋਣ ਕਾਰਨ ਭੱਠੇ ਬੰਦ ਕਰੀ ਬੈਠੇ ਹਨ।

ਭਾਰਤ ਸਰਕਾਰ ਦੀ ਮਨਿਸਟਰੀ ਆਫ਼ ਐਨਵਾਇਰਮੈਂਟ ਐਂਡ ਫੋਰੈਸਟ ਵੱਲੋਂ 24 ਜੂਨ 2013 ਨੂੰ ਬਰਿੱਕ ਅਰਥ ਲਈ ਵੀ ਵਾਤਾਵਰਨ ਕਲੀਅਰੈਂਸ ਤੇ ਪਰਮਿਟ ਲੈਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਭੱਠਾ ਮਾਲਕਾਂ ਵੱਲੋਂ ਇੱਟਾਂ ਬਣਾਉਣ ਲਈ ਕਿਸਾਨਾਂ ਤੋਂ ਹਾਸਲ ਕੀਤੀ ਜਾਂਦੀ ਇਕ ਮੀਟਰ ਤੱਕ ਦੀ ਪੁਟਾਈ ਦੀ ਪ੍ਰਵਾਨਗੀ ਵੀ ਹੁਣ ਬੀ-2 ਕੈਟਾਗਰੀ ਤਹਿਤ ਪੰਜਾਬ ਸਰਕਾਰ ਤੋਂ ਲੈਣ ਦੀ ਥਾਂ ਬੀ-1 ਵਰਗ ਲਈ ਭਾਰਤ ਸਰਕਾਰ ਕੋਲੋਂ ਲੈਣੀ ਪੈਂਦੀ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦਿੱਲੀ ਵੱਲੋਂ ਬੀ-2 ਕੈਟਾਗਰੀ ਉਪਰ ਰੋਕ ਲਾਉਣ ਕਾਰਨ ਪੰਜਾਬ ਦੇ ਭੱਠੇ ਬੰਦ ਹੋਣ ਕਿਨਾਰੇ ਪੁੱਜ ਗਏ ਹਨ। ਪ੍ਰੈਸ ਸਕੱਤਰ ਸ੍ਰੀ ਢਿੱਲੋਂ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਬਾਰੇ ਕੋਈ ਕਦਮ ਨਾ ਚੁੱਕਣ ਦੀ ਸੂਰਤ ਵਿਚ ਉਹ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ।

### ਪੰਜਾਬ ਵਿਚ 90 ਫੀਸਦੀ ਭੱਠੇ ਬੰਦ



### ਗੈਰਕਾਨੂੰਨੀ ਢੰਗ ਵਰਤਣ ਵਾਲਿਆਂ ਦੀ ਚਾਂਦੀ

ਸੂਬੇ ਵਿਚ ਕੁਝ ਭੱਠਾ ਮਾਲਕਾਂ ਵੱਲੋਂ ਸਬੰਧਤ ਅਧਿਕਾਰੀਆਂ ਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਹੇਠ ਬਰਿੱਕ ਅਰਥ ਦੀ ਗੈਰਕਾਨੂੰਨੀ ਢੰਗ ਨਾਲ ਨਿਕਾਸੀ ਕੀਤੀ ਜਾ ਰਹੀ ਹੈ। ਕੁਝ ਜ਼ਿਲ੍ਹਿਆਂ ਵਿਚ ਭੱਠਾ ਮਾਲਕਾਂ ਨੂੰ ਵਾਤਾਵਰਨ ਕਲੀਅਰੈਂਸ ਲਏ ਬਗੈਰ ਹੀ ਬਰਿੱਕ ਅਰਥ ਦੀ ਨਿਕਾਸੀ ਕਰਨ ਦੀ ਪ੍ਰਵਾਨਗੀ ਦਿੱਤੀ ਜਾ ਰਹੀ ਹੈ ਜਦਕਿ ਕੁਝ ਭੱਠਾ ਮਾਲਕਾਂ ਵੱਲੋਂ ਜ਼ਮੀਨ ਦੀ ਮਲਕੀਅਤ ਦੇ ਗਲਤ ਦਸਤਾਵੇਜ਼ਾਂ ਦੇ ਆਧਾਰ 'ਤੇ ਵਾਤਾਵਰਨ ਕਲੀਅਰੈਂਸ ਲਈ ਗਈ ਹੈ। ਮਾਈਨਿੰਗ ਵਿਭਾਗ ਵੱਲੋਂ ਭੱਠਾ ਮਾਲਕਾਂ ਨੂੰ 17 ਅਕਤੂਬਰ ਨੂੰ ਹਦਾਇਤਾਂ ਜਾਰੀ ਕਰਕੇ ਚਿਤਾਵਨੀ ਦਿੱਤੀ ਗਈ ਸੀ ਕਿ ਪੰਜਾਬ ਮਾਈਨਰ ਮਿਨਰਲ ਰੂਲਜ਼ 2013 ਅਨੁਸਾਰ ਭੱਠਿਆਂ ਵੱਲੋਂ ਬਿਨਾਂ ਪਰਮਿਟ ਬਰਿੱਕ ਅਰਥ ਦੀ ਨਿਕਾਸੀ ਨਹੀਂ ਕੀਤੀ ਜਾ ਸਕਦੀ। ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਉਚ ਅਦਾਲਤ ਦੇ ਫ਼ੈਸਲੇ ਅਨੁਸਾਰ ਵਾਤਾਵਰਨ ਕਲੀਅਰੈਂਸ ਤੋਂ ਬਿਨਾਂ ਕਿਸੇ ਵੀ ਭੱਠੇ ਨੂੰ ਬਰਿੱਕ ਅਰਥ ਦੀ ਨਿਕਾਸੀ ਲਈ ਪਰਮਿਟ ਨਹੀਂ ਦਿੱਤਾ ਜਾ ਸਕਦਾ। ਵਿਭਾਗ ਨੇ ਸਖ਼ਤ ਤਾੜਨਾ ਕੀਤੀ ਹੈ ਕਿ ਬਿਨਾਂ ਪਰਮਿਟ/ਵਾਤਾਵਰਨ ਕਲੀਅਰੈਂਸ ਬਰਿੱਕ ਅਰਥ ਦੀ ਨਿਕਾਸੀ ਕਰਨ 'ਤੇ ਪੰਜਾਬ ਮਾਈਨਰ ਮਿਨਰਲ ਰੂਲਜ਼ 2013 ਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਤਹਿਤ ਭੱਠਾ ਮਾਲਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤਿੜਕਦੇ ਰਿਸ਼ਤਿਆਂ ਵਿਚ ਅਹਿਮ ਹੋਈ ਅਕਾਲੀ-ਭਾਜਪਾ ਤਾਲਮੇਲ ਕਮੇਟੀ

**ਚੰਡੀਗੜ੍ਹ:** ਅਕਾਲੀ ਦਲ ਹਾਈਕਮਾਨ ਦੀ ਸਿਆਸੀ ਚੁੱਪ ਭਾਵੇਂ ਅਕਾਲੀ-ਭਾਜਪਾ ਗਠਜੋੜ ਦੀ ਸਿਹਤ ਸੁਧਾਰਨ ਲਈ ਹੋਮਿਓਪੈਥੀ ਵਾਂਗ ਕੰਮ ਕਰ ਰਹੀ ਹੈ, ਪਰ ਹਾਲ ਹੀ ਦੀਆਂ ਵੱਡੀਆਂ ਸਿਆਸੀ ਸਫ਼ਲਤਾਵਾਂ ਕਾਰਨ ਭਾਜਪਾ ਆਗੂਆਂ ਦਾ ਅੰਦਾਜ਼-ਏ-ਬਿਆਨ ਅਤੇ ਸਿਆਸੀ ਸੱਥਾਂ 'ਚ ਚੱਲ ਰਹੀ ਗੁਫ਼ਤਗੂ 'ਰੋਗ ਦੇ ਘਟਣ' ਦੀ ਬਜਾਇ ਲਗਾਤਾਰ ਵਧਣ ਵੱਲ ਹੀ ਸੰਕੇਤ ਕਰ ਰਹੀ ਹੈ। ਇਸ ਸੂਰਤ ਵਿਚ ਅਕਾਲੀ-ਭਾਜਪਾ ਆਗੂਆਂ ਦੀ ਤਾਲਮੇਲ ਕਮੇਟੀ ਦੀ ਭੂਮਿਕਾ ਹੋਰ ਅਹਿਮ ਹੋ ਗਈ ਹੈ।

ਕਮੇਟੀ ਦੀ ਆਖਿਰੀ ਬੈਠਕ ਬੀਤੀ 17 ਸਤੰਬਰ ਨੂੰ ਹੋਈ ਸੀ, ਪਰ ਉਸ ਤੋਂ ਬਾਅਦ ਹੁਣ ਤੱਕ ਕਮੇਟੀ ਦੀ ਕੋਈ ਬੈਠਕ ਨਹੀਂ ਸੱਦੀ ਗਈ। ਕਮੇਟੀ ਵਿਚਲੇ ਇਕ ਸੀਨੀਅਰ ਅਕਾਲੀ ਆਗੂ ਅਨੁਸਾਰ ਕਮੇਟੀ ਦੀ ਬੈਠਕ ਅਕਤੂਬਰ ਮਹੀਨੇ ਹੋਣੀ ਸੀ, ਪਰ ਹਰਿਆਣਾ ਚੋਣਾਂ ਵਿਚ ਡਿਊਟੀਆਂ ਅਤੇ ਤਿਉਹਾਰਾਂ ਦੇ ਚੱਲਦਿਆਂ ਅਜਿਹਾ ਸੰਭਵ ਨਹੀਂ ਹੋ ਸਕਿਆ ਅਤੇ ਹੁਣ 10 ਨਵੰਬਰ ਤੋਂ ਪਹਿਲਾਂ ਪਹਿਲਾਂ ਇਹ ਬੈਠਕ ਸੱਦੀ ਜਾ ਰਹੀ ਹੈ। ਅਕਾਲੀ ਆਗੂ ਨੇ ਕਿਹਾ ਕਿ ਭਾਵੇਂ ਇਹ ਕਮੇਟੀ ਪੰਜਾਬ 'ਚ ਕਰਾਂ ਆਦਿ ਨੂੰ ਲੈਕੇ ਦੋਹਾਂ ਪਾਰਟੀਆਂ ਵਿਚਾਲੇ ਪੈਦਾ ਹੋਏ ਮਤਭੇਦਾਂ ਨੂੰ ਖ਼ਤਮ ਕਰਨ ਲਈ ਗਠਿਤ ਕੀਤੀ ਗਈ ਸੀ ਅਤੇ ਇਸ ਕਮੇਟੀ ਦੀਆਂ 4 ਬੈਠਕਾਂ ਵਿਚ ਅਜਿਹੇ ਮਸਲੇ ਹੀ ਵਿਚਾਰੇ ਗਏ ਸਨ, ਪਰ ਅਗਲੇ ਮਹੀਨੇ ਹੋਣ ਵਾਲੀ ਇਸ ਕਮੇਟੀ ਦੀ ਬੈਠਕ ਵਿਚ ਗਠਜੋੜ ਵਿਚ 'ਸਭ ਅੱਛਾ' ਕਰਨ ਲਈ ਦੋਹਾਂ ਧਿਰਾਂ ਵਿਚਾਲੇ ਮੰਥਨ ਹੋਣ ਦੀ ਸੰਭਾਵਨਾ ਹੈ।

ਇਸ ਕਮੇਟੀ ਵਿਚ ਅਕਾਲੀ ਦਲ ਵੱਲੋਂ ਸ. ਬਲਵਿੰਦਰ ਸਿੰਘ ਭੂੰਦੜ, ਰਣਜੀਤ ਸਿੰਘ ਬ੍ਰਹਮਪੁਰਾ ਤੇ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਿਲ ਕੀਤੇ ਗਏ ਸਨ ਅਤੇ ਭਾਜਪਾ ਨੇ ਇਸ ਕਮੇਟੀ ਲਈ ਸ੍ਰੀ ਅਸ਼ਵਨੀ ਸ਼ਰਮਾ, ਨਰੋਤਮ ਦੇਵ ਰੱਤੀ ਅਤੇ ਰਜਿੰਦਰ ਭੰਡਾਰੀ ਨੂੰ ਬਤੌਰ ਮੈਂਬਰ ਸ਼ਾਮਿਲ ਕੀਤਾ ਸੀ। ਕਮੇਟੀ ਦੀਆਂ ਹੁਣ ਤੱਕ 4 ਬੈਠਕ ਹੋ ਚੁੱਕੀਆਂ ਹਨ।

17 ਸਤੰਬਰ ਨੂੰ ਹੋਈ ਤੋਂ ਬਾਅਦ ਦੋਹਾਂ ਧਿਰਾਂ ਦੇ ਆਗੂਆਂ ਨੇ 2 ਅਕਤੂਬਰ ਨੂੰ ਸ. ਬਾਦਲ ਨੂੰ ਮਿਲਣ ਦੀ ਯੋਜਨਾ ਬਣਾਈ ਤਾਂ ਕਿ ਕਮੇਟੀ ਦੀ ਅਗਲੀ ਬੈਠਕ ਵਿਚ ਵਿਚਾਰੇ ਜਾਣ ਵਾਲੇ ਮਸਲਿਆਂ ਬਾਰੇ ਸ. ਬਾਦਲ ਨਾਲ ਗੱਲਬਾਤ ਕੀਤੀ ਜਾ ਸਕੇ, ਪਰ ਹਰਿਆਣਾ ਚੋਣ ਪ੍ਰਚਾਰ 'ਚ ਡਿਊਟੀਆਂ ਕਾਰਨ ਅਜਿਹਾ ਨਾ ਹੋ ਸਕਿਆ ਅਤੇ ਉਸ ਤੋਂ ਹੁਣ ਤੱਕ ਬੈਠਕ ਨਹੀਂ ਹੋਈ।

ਦੂਜੇ ਪਾਸੇ ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਭਾਜਪਾ ਦੇ ਅੰਦਾਜ਼ ਅਤੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਲਗਾਤਾਰ ਵੱਟੀ ਜਾ ਰਹੀ ਚੁੱਪ ਕਾਰਨ ਹੁਣ ਹੇਠਲੇ ਪੱਧਰ 'ਤੇ ਵਿਚਰ ਰਹੇ ਅਕਾਲੀ ਵਰਕਰਾਂ ਦੇ ਹੌਂਸਲੇ ਪਸਤ ਹੋਣ ਲੱਗੇ ਹਨ।

## ਅਮਰੀਕਾ ਦੇ ਸਕੂਲਾਂ ਵਿਚ ਮਕਬੂਲ ਹੋਣ ਲੱਗੀ ਕ੍ਰਿਪਾਨ

**ਆਬਰਨ (ਵਾਸ਼ਿੰਗਟਨ):** ਅਮਰੀਕਾ ਦੇ ਸਕੂਲਾਂ ਵਿਚ ਹਥਿਆਰ ਲੈ ਕੇ ਆਉਣ ਦੀਆਂ ਸਖ਼ਤ ਪਾਬੰਦੀਆਂ ਤੋਂ ਸਿੱਖਾਂ ਨੂੰ ਛੋਟ ਮਿਲਣੀ ਸ਼ੁਰੂ ਹੋ ਗਈ ਹੈ। ਇਥੋਂ ਦੇ ਇਕ ਸਕੂਲ ਦੇ ਪ੍ਰਬੰਧਕਾਂ ਨੇ ਹਥਿਆਰਾਂ ਬਾਰੇ ਅਪਣੇ ਨਿਯਮਾਂ ਤੋਂ ਛੋਟ ਦਿੰਦਿਆਂ ਧਾਰਮਕ ਕਾਰਨਾਂ ਕਰਕੇ ਇਕ ਸਿੱਖ ਵਿਦਿਆਰਥੀ ਨੂੰ ਕਿਰਪਾਨ (ਸ੍ਰੀ ਸਾਹਿਬ) ਪਹਿਨ ਕੇ ਸਕੂਲ ਆਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਕ ਸੀਨੀਅਰ ਪੁਲਿਸ ਅਧਿਕਾਰੀ ਰਿਆਨ ਫਾਸਟਰ ਨੇ ਟੀ.ਵੀ. ਚੈਨਲ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਕਿਰਪਾਨ ਕੱਪੜਿਆਂ ਦੇ ਹੇਠਾਂ ਪਹਿਨੀ ਹੋਵੇਗੀ ਤੇ ਕਿਸੇ ਨੂੰ ਨਜ਼ਰ ਨਹੀਂ ਆਵੇਗੀ। ਇਹ ਉਨ੍ਹਾਂ ਦਾ ਧਾਰਮਕ ਚਿੰਨ੍ਹ ਹੈ ਤੇ ਇਸ ਨਾਲ ਕਿਸੇ ਨੂੰ ਖ਼ਤਰਾ ਨਹੀਂ। ਜੇਕਰ ਕੋਈ ਸਮੱਸਿਆ ਹੋਈ ਤਾਂ ਉਸ ਬਾਰੇ ਵਿਦਿਆਰਥੀ ਦੇ ਮਾਪਿਆਂ ਨੂੰ ਦੱਸਿਆ ਜਾਵੇਗਾ ਪਰ ਅਜਿਹੀ ਕੋਈ ਉਮੀਦ ਨਹੀਂ। ਅਸਲ ਵਿਚ ਇਹ ਮਾਮਲਾ ਕਿਸੇ ਹੋਰ ਵਿਦਿਆਰਥੀ ਨੇ ਉਠਾਇਆ ਸੀ। ਉਸ ਨੇ ਕਿਹਾ ਸੀ ਕਿ ਜੇਕਰ ਸਿੱਖ ਵਿਦਿਆਰਥੀ ਕਿਰਪਾਨ ਪਹਿਨ ਕੇ ਸਕੂਲ ਆਇਆ ਤਾਂ ਉਹ ਸਕੂਲ ਤੋਂ ਹਟ ਜਾਵੇਗਾ।

## ਕੈਨੇਡਾ ਵਿਚ ਜਹਾਦੀ ਹਮਲਿਆਂ ਦਾ ਖੌਫ਼

**ਓਟਾਵਾ:** ਕੈਨੇਡਾ ਵਿਚ ਪਿਛਲੇ ਦਿਨੀਂ ਦਹਿਸ਼ਤੀ ਹਮਲਿਆਂ ਨਾਲ ਤਰਥੱਲੀ ਮਚਾਉਣ ਵਾਲੇ ਮਾਈਕਲ ਜ਼ੇਹਾਫ ਬਿਬੀਯੋ (32) ਤੇ ਮਾਰਟਿਨ ਕੋਟੂਰ ਰੋਲਿਊ (25) ਸਰਕਾਰ ਦੀ ਨਿਗਰਾਨ ਸੂਚੀ ਵਿਚ ਸ਼ਾਮਲ ਸਨ। ਉਨ੍ਹਾਂ ਦੇ ਵਿਦੇਸ਼ ਜਾਣ 'ਤੇ ਪਾਬੰਦੀ ਲੱਗੀ ਹੋਈ ਸੀ ਕਿਉਂਕਿ ਸਰਕਾਰ ਨੂੰ ਖਦਸ਼ਾ ਸੀ ਕਿ ਉਹ ਇਸਲਾਮੀ ਜਹਾਦੀਆਂ ਨਾਲ ਮਿਲ ਕੇ ਵਿਦੇਸ਼ ਵਿਚ ਖੌਰੂ ਪਾ ਸਕਦੇ ਹਨ।

ਕੈਨੇਡਾ ਵਿਚ ਇਸਲਾਮੀ ਹਿੰਸਾ ਦੀ ਪਹਿਲਾਂ ਕਦੇ ਵੀ ਕੋਈ ਵਾਰਦਾਤ ਨਹੀਂ ਹੋਈ ਪਰ ਅਮਰੀਕਾ ਦਾ ਸਾਥ ਦੇਣ ਲਈ ਦਹਿਸ਼ਤਗਰਦਾਂ ਵੱਲੋਂ ਸਰਕਾਰ ਨੂੰ ਵੰਗਾਰ ਦਿੱਤੀ ਜਾਂਦੀ ਰਹੀ ਹੈ।

ਉਧਰ ਕੈਨੇਡਾ ਦੀ ਸੰਸਦ ਵਿਚ ਮੁੜ ਤੋਂ ਕੰਮਕਾਜ ਸ਼ੁਰੂ ਹੋ ਗਿਆ ਹੈ। ਹਾਊਸ ਆਫ ਕਾਮਨਜ਼ ਵਿਚ ਮੈਂਬਰਾਂ ਨੇ ਸੰਸਦ ਦੀ ਸੁਰੱਖਿਆ ਵਿਚ ਲੱਗੇ ਕਰਮੀਆਂ ਦੀ ਅਗਵਾਈ ਕਰ ਰਹੇ ਸਾਰਜੈਂਟ ਕੇਵਿਨ ਵਿੱਕਰਸ ਦੀ ਬਹਾਦਰੀ ਦੀ ਸ਼ਲਾਘਾ ਕੀਤੀ। ਵਿੱਕਰਸ ਵੱਲੋਂ ਗੋਲੀ ਚਲਾਉਣ ਕਰਕੇ ਇਕ ਹਮਲਾਵਰ ਪਿੱਛੇ ਹੀ ਰਹਿ ਗਿਆ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸੰਸਦ ਵਿਚ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਉਦੇਸ਼ ਲੋਕਾਂ ਵਿਚ ਖੌਫ਼ ਪੈਦਾ ਕਰਨ ਤੇ ਸਰਕਾਰ ਦੇ ਕੰਮਕਾਜ ਵਿਚ ਅੜਿੱਕਾ ਪਾਉਣਾ ਸੀ।

## ਹੋਂਦ ਚਿੱਲੜ ਕਾਂਡ: ਤਾਲਮੇਲ ਕਮੇਟੀ ਮੁੱਖ ਮੰਤਰੀ ਖੱਟਰ ਨੂੰ ਮਿਲੇਗੀ

**ਜਲੰਧਰ:** ਨਵੰਬਰ 1984 ਦੇ ਹੋਂਦ ਚਿੱਲੜ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਹੋਂਦ ਚਿੱਲੜ ਤਾਲਮੇਲ ਕਮੇਟੀ ਨੇ ਛੇਤੀ ਹੀ ਹਰਿਆਣਾ ਦੇ ਨਵੇਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲਣ ਦਾ ਫੈਸਲਾ ਕੀਤਾ ਹੈ। ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਮਾਰਚ 2011 ਨੂੰ ਜਦੋਂ ਹੋਂਦ ਚਿੱਲੜ ਦਾ ਕਤਲੇਆਮ ਉਜਾਗਰ ਹੋਇਆ ਸੀ ਤਾਂ ਕਾਂਗਰਸ ਦੀ ਹੁੱਡਾ ਸਰਕਾਰ ਵੱਲੋਂ ਛੇ ਮਹੀਨੇ ਵਿਚ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ ਦੇ ਨਾਮ 'ਤੇ ਸਿਰਫ ਤਰੀਕਾਂ ਹੀ ਮਿਲ ਰਹੀਆਂ ਹਨ।

ਇਥੇ ਇਹ ਵੀ ਵਰਣਨਯੋਗ ਹੈ ਕਿ 30 ਸਤੰਬਰ ਨੂੰ ਹੋਂਦ ਚਿੱਲੜ ਮਾਮਲੇ ਦੀ ਜਾਂਚ ਕਰ ਰਹੇ ਇਕ ਮੈਂਬਰੀ ਗਰਗ ਕਮਿਸ਼ਨ ਦੀ ਮਿਆਦ ਵੀ ਖਤਮ ਹੋ ਚੁੱਕੀ ਹੈ। ਦੋਹਾਂ ਆਗੂਆਂ ਨੇ ਪੀੜਤਾਂ ਨਾਲ ਮੀਟਿੰਗ ਕਰਨ ਉਪਰੰਤ ਕਿਹਾ ਕਿ ਉਹ ਕਮਿਸ਼ਨ ਦੀ ਮਿਆਦ ਵਧਾਉਣ ਤੇ ਉਸ ਨੂੰ ਸਮਾਂਬੱਧ ਕਰਵਾਉਣ ਲਈ ਮੁੱਖ ਮੰਤਰੀ ਸ੍ਰੀ ਖੱਟਰ ਨੂੰ ਅਪੀਲ ਕਰਨਗੇ।



ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਯੂ.ਐਨ.ਓ. ਤੱਕ ਪਹੁੰਚ ਕਰਨਗੇ ਤੇ ਯੂ.ਐਨ.ਓ. ਦੇ ਅਹੁਦੇਦਾਰਾਂ ਨੂੰ ਹੋਂਦ ਚਿੱਲੜ ਦਾ ਦੌਰਾ ਕਰਵਾਉਣਗੇ ਤਾਂ ਜੋ ਦੁਨੀਆਂ ਦੀ ਮਨੁੱਖੀ ਅਧਿਕਾਰਾਂ ਦੀ ਸੰਸਥਾ 'ਨਵੰਬਰ 1984' ਦੇ ਸਾਕੇ ਨੂੰ ਅੱਖੀਂ ਦੇਖ ਸਕੇ ਤੇ ਸਿੱਖਾਂ ਦੀ ਪੀੜਾ ਨੂੰ ਸਮਝ ਕੇ ਇਸ ਕਤਲੇਆਮ ਨੂੰ ਨਸਲਕੁਸ਼ੀ ਐਲਾਨੇ।

## ਦੁਰਲੱਭ ਬੀੜਾਂ ਗੁਰੂ ਗ੍ਰੰਥ ਸਾਹਿਬ ਭਵਨ ਪੁੱਜੀਆਂ

**ਪਟਿਆਲਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੋਨੇ ਤੇ ਨੀਲਮ ਨਾਲ ਹੱਥ ਲਿਖ਼ਤ ਪਵਿੱਤਰ ਬੀੜਾਂ ਤੋਂ ਇਲਾਵਾ 58 ਦੁਰਲੱਭ ਬੀੜਾਂ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਸੁਸ਼ੋਭਿਤ ਹਨ। ਭਵਨ ਵਿਚ ਕੁਲ 61 ਬੀੜਾਂ ਵਿਚੋਂ 3 ਬੀੜਾਂ ਸੋਨੇ ਤੇ ਨੀਲਮ ਨਾਲ ਲਿਖੀਆਂ ਹੋਈਆਂ ਵੀ ਹਨ। ਸੋਨੇ ਨਾਲ ਲਿਖਤ ਤਿੰਨ ਬੀੜਾਂ ਵਿਚੋਂ ਇੱਕ ਬੀੜ ਸ਼ਮਸ਼ੇਰ ਸਿੰਘ ਅਸ਼ੋਕ ਕੋਲੋਂ ਪ੍ਰਾਪਤ ਹੋਈ। ਦੂਜੀ ਬੀੜ 1906 ਸਫ਼ਿਆਂ ਦੀ ਬੀਬੀ ਜਸਵੰਤ ਕੌਰ ਪੁੱਤਰੀ ਸੋਢੀ ਆਸਾ ਸਿੰਘ ਕੋਲੋਂ ਤੇ ਤੀਜੀ ਬੀੜ 1882 ਸਫ਼ਿਆਂ ਦੀ ਕਾਂਗੜਾ ਚਿੱਤਰਕਾਰੀ ਵਿਚ ਪ੍ਰਤਾਪ ਸਿੰਘ ਕੈਰੋਂ ਦੇ ਰਾਜ ਸਮੇਂ ਖ਼ੁਰਾਕ ਮੰਤਰੀ ਰਹੇ ਗੁਰਮੀਤ ਸਿੰਘ ਦੇ ਘਰੋਂ ਪ੍ਰਾਪਤ ਹੋਈ ਹੈ।

ਬੀੜਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਧਰਮ ਗ੍ਰੰਥ ਦੇ ਮੁਖੀ ਡਾ. ਸਰਬਜਿੰਦਰ ਸਿੰਘ ਨੇ ਦੱਸਿਆ ਕਿ ਸੋਨੇ ਤੇ ਨੀਲਮ ਨਾਲ ਲਿਖ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਇਨ੍ਹਾਂ ਬੀੜਾਂ ਦੀ ਰਚਨਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੋਈ ਸਪਸ਼ਟ ਹੁੰਦੀ ਹੈ। ਇਨ੍ਹਾਂ ਬੀੜਾਂ ਦੀ ਅੰਤਿਕਾ ਵਿਚ ਸਿਆਹੀ ਤੇ ਕਾਗ਼ਜ਼ ਬਣਾਉਣ ਦੀ ਵਿਧੀ ਵੀ ਦੱਸੀ ਗਈ ਹੈ। ਇਨ੍ਹਾਂ ਬੀੜਾਂ ਦੀ ਕੀਮਤ ਕਰੋੜਾਂ (ਅਨਮੋਲ) ਵਿਚ ਵੀ ਹੋ ਸਕਦੀ ਹੈ ਕਿਉਂਕਿ ਬੀੜਾਂ ਦੀ ਲਿਖਾਈ ਵਿਚ 24 ਕੈਰਟ ਸੋਨਾ ਲੱਗਾ ਹੈ ਤੇ ਅਸਲੀ ਨੀਲਮ ਵੀ ਲੱਗਾ ਹੈ, ਸੋਨੇ ਦੀ ਚਮਕ ਅੱਜ ਵੀ ਬਰਕਰਾਰ ਹੈ। ਇਨ੍ਹਾਂ ਬੀੜਾਂ ਵਿਚ ਕਸ਼ਮੀਰੀ ਚਿੱਤਰਕਾਰੀ ਤੇ ਨਾਲ ਗੁਰੂ ਸਹਿਬਾਨ ਦੀਆਂ ਫ਼ੋਟੋਆਂ ਵੀ ਸੁਸ਼ੋਭਿਤ ਹਨ।

ਜਾਣਕਾਰੀ ਅਨੁਸਾਰ ਬਾਕੀ 58 ਬੀੜਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 34 ਹੱਥ ਲਿਖਤ 'ਬਿਨਾਂ ਪਦ ਛੇਦ' ਤੋਂ, ਫ਼ੋਟੋ ਕਾਪੀ ਹੱਥ ਲਿਖਤ ਬੀੜਾਂ-3, ਹੱਥ ਲਿਖਤ ਸ਼ਬਦਾਰਥ-4, ਗੁਰਮੁਖੀ ਛਾਪਾ -5, ਸ਼ਾਹਮੁਖੀ (ਉਰਦੂ) ਛਾਪਾ ਸ੍ਰੀ ਗੁਰੂ ਗ੍ਰੰਥ ਸਾਹਿਬ-9, ਦੇਵਨਾਗਰੀ (ਹਿੰਦੀ) ਛਾਪਾ ਸ੍ਰੀ ਗੁਰੂ ਗ੍ਰੰਥ ਸਾਹਿਬ-4, ਛੋਟੀ ਬੀੜ (ਮਾਈਕਰੋ) ਸ੍ਰੀ ਗੁਰੂ ਗ੍ਰੰਥ ਸਾਹਿਬ 2 ਬੀੜਾਂ ਵਿਭਾਗ ਨੇ ਪੂਰੀ ਗੁਰ ਮਰਿਆਦਾ ਅਨੁਸਾਰ ਸੰਭਾਲੀਆਂ ਹੋਈਆਂ ਹਨ।

## ਭਾਜਪਾ ਵੱਲੋਂ ਹੁਣ ਪੰਜਾਬ 'ਤੇ ਚੜ੍ਹਾਈ ਲਈ ਕਮਰ-ਕੱਸੇ

*(ਸਫਾ ਇਕ ਦੀ ਬਾਕੀ)*

ਅਮਰਿੰਦਰ ਸਿੰਘ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਪੰਜਾਬ ਲਈ ਚੰਡੀਗੜ੍ਹ ਹੁਣ ਕੋਈ ਮੁੱਦਾ ਹੀ ਨਹੀਂ ਰਹਿ ਗਿਆ ਹਾਲਾਂਕਿ ਬਾਅਦ ਆਪਣੇ ਆਪ ਨੂੰ ਸਿਆਸੀ ਤੂਫ਼ਾਨ ਵਿਚ ਫਸਦਾ ਦੇਖਦਿਆਂ ਅਗਲੇ ਦਿਨ ਹੀ ਇਸ ਮੁੱਦੇ ਉਪਰ ਪੈਂਤੜਾ ਬਦਲਣਾ ਪਿਆ ਸੀ।

ਪੰਜਾਬ ਵਿਧਾਨ ਸਭਾ ਵਿਚ 15 ਮਾਰਚ 2010 ਨੂੰ ਸਮੂਹ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਇਤਿਹਾਸਕ ਮਤਾ ਪਾਸ ਕਰ ਕੇ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਮੁੱਖ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਕੀਤੀ ਸੀ ਪਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਦੇ ਇਸ ਇਤਿਹਾਸਕ ਮਤੇ ਨੂੰ ਵੀ ਪਿਛਲੇ ਸਾਢੇ ਚਾਰ ਸਾਲਾਂ ਵਿਚ ਲਾਗੂ ਕਰਵਾਉਣ ਤੋਂ ਅਸਮਰੱਥ ਰਹੇ ਹਨ। ਹੁਣ ਭਾਜਪਾ ਵੱਲੋਂ ਇਹ ਮੁੱਦਾ ਚੁੱਕਣ ਨਾਲ ਸਾਰੀਆਂ ਸਿਆਸੀ ਧਿਰਾਂ ਦੇ ਕੰਨ ਖੜ੍ਹੇ ਹੋ ਗਏ ਹਨ ਕਿਉਂਕਿ ਕੇਂਦਰ ਵਿਚ ਸਰਕਾਰ ਹੋਣ ਕਾਰਨ ਭਾਜਪਾ ਜੇ ਇਨ੍ਹਾਂ ਵਿਚੋਂ ਇਕ ਵੀ ਮਸਲੇ ਦਾ ਹੱਲ ਕਰਵਾਉਣ ਵਿਚ ਸਫਲ ਹੁੰਦਾ ਹੈ ਤਾਂ ਸੂਬੇ ਦੀਆਂ ਰਵਾਇਤੀ ਪਾਰਟੀਆਂ ਖੂੰਝੇ ਲੱਗ ਜਾਣਗੀਆਂ।

ਇਸ ਕਰ ਕੇ ਹੀ ਭਾਜਪਾ ਦੇ ਐਲਾਨ ਪਿੱਛੋਂ ਸ਼੍ਰੋਮਣੀ ਅਕਾਲੀ ਬਾਦਲ, ਅਕਾਲੀ ਦਲ (ਲੌਂਗੋਵਾਲ) ਤੇ ਪੰਜਾਬ ਕਾਂਗਰਸ ਦਬਾ-ਦਬ ਇਸ ਮੁੱਦੇ 'ਤੇ ਸਰਗਰਮ ਹੋ ਗਈ ਹੈ। ਮੁੱਖ ਮੰਤਰੀ ਬਾਦਲ ਨੇ ਤਾਂ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀਆਂ ਦਾ ਜਾਇਜ਼ ਹਿੱਸਾ ਤੇ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਬਾਰੇ ਮੁੱਦਿਆਂ 'ਤੇ ਅਕਾਲੀ ਦਲ ਵੱਲੋਂ ਹਮੇਸ਼ਾ ਡਟੇ ਰਹਿਣ ਦੀ ਗੱਲ ਆਖ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਗੇ ਮੰਗ ਰੱਖਣ ਦੀ ਗੱਲ ਆਖੀ ਹੈ।

## ਗੁਰਦੁਆਰਾ ਕਮਿਸ਼ਨਰ ਬਾਰੇ ਨਿਯਮਾਂ ਨੇ ਸਿੱਖਾਂ ਨੂੰ ਸੋਚਣ ਲਾਇਆ

*(ਸਫਾ ਇਕ ਦੀ ਬਾਕੀ)*

ਚੋਣਾਂ ਵਿਚ ਵੋਟ ਪਾਉਣ ਦੇ ਅਧਿਕਾਰਾਂ ਬਾਰੇ ਖੜ੍ਹੇ ਹੋਏ ਕਾਨੂੰਨੀ ਰੇੜਕੇ ਕਾਰਨ 2011 ਵਿਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਸੁਪਰੀਮ ਕੋਰਟ ਵੱਲੋਂ ਪਹਿਲਾਂ ਹੀ ਰੱਦ ਕੀਤੀ ਹੋਈ ਹੈ ਤੇ ਇਸ ਵੇਲੇ 2011 ਤੋਂ ਪਹਿਲਾਂ ਵਾਲੀ ਕਾਰਜਕਾਰਨੀ ਕਮੇਟੀ ਹੀ ਕੰਮ ਕਰ ਰਹੀ ਹੈ।

ਨਵੇਂ ਬਣਨ ਵਾਲੇ ਗੁਰਦੁਆਰਾ ਚੋਣ ਕਮਿਸ਼ਨਰ ਦੀ ਅਗਵਾਈ ਹੇਠ ਹੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਤੰਬਰ 2016 ਵਿਚ ਹੋਣਗੀਆਂ। ਇਹ ਚੋਣ ਕਮਿਸ਼ਨਰ ਸਿੱਖ ਗੁਰਦੁਆਰਾ ਐਕਟ 1925 ਅਧੀਨ ਕੰਮ ਕਰੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 25 ਸਾਲ, ਕੱਦ 5'-6", ਇੰਗਲੈਂਡ ਤੋਂ ਸਿੱਖਿਆ ਪ੍ਰਾਪਤ, ਹਾਰਡਵੇਅਰ ਇੰਜੀਨੀਅਰਿੰਗ ਡਿਪਲੋਮਾ, ਪਰਿਵਾਰ ਨਾਲ ਰਹਿ ਰਹੇ ਅਤੇ ਆਪਣਾ ਗੈਸ ਸਟੇਸ਼ਨ ਚਲਾ ਰਹੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: 317-250-2428 44-47

ਜੱਟ ਸਿੱਖ ਸੰਘਾ, ਉਮਰ 24 ਸਾਲ, ਕੱਦ 6'-1", ਯੂ ਐਸ ਸਿਟੀਜ਼ਨ, ਉਚ ਸਿੱਖਿਆ ਪ੍ਰਾਪਤ, ਬੈਂਕ ਵਿਚ ਉਚੀ ਜੌਬ ਕਰਦੇ ਲੜਕੇ ਲਈ ਰਜਿਸਟਰਡ ਨਰਸ ਜਾਂ ਬਰਾਬਰ ਦੀ ਯੋਗਤਾ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 209-634-7584 ਜਾਂ 209-262-7200 42-45

### ਵਰ ਦੀ ਲੋੜ

ਪੰਜਾਬ (ਇੰਡੀਆ) ਤੋਂ ਟੂਰਿਸਟ ਵੀਜ਼ੇ 'ਤੇ ਆਈ ਐਮ.ਏ., ਬੀ ਐਡ ਪਾਸ, ਉਮਰ 38 ਸਾਲ, 5'-2", ਤਲਾਕਸ਼ੁਦਾ, ਬਿਨਾ ਬੱਚੇ ਤੋਂ, ਨਿਊ ਯਾਰਕ ਰਹਿੰਦੀ ਲੜਕੀ ਲਈ ਨਿਊ ਯਾਰਕ ਰਹਿੰਦੇ ਯੋਗ ਵਰ ਦੀ ਤਲਾਸ਼ ਹੈ। ਸੰਪਰਕ ਕਰੋ, ਫੋਨ: 347-545-8099 44-47

ਜੱਟ ਸਿੱਖ 24 ਸਾਲ, 5'-5", ਇੰਡੀਆ ਰਹਿੰਦੀ ਬੀ ਏ, ਐਮ.ਐਸ-ਸੀ ਅਤੇ ਐਮ ਸੀ ਏ ਲੜਕੀ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਕੁੜੀ ਦਾ ਇਕ ਮਾਮਾ ਤੇ ਦੋ ਮਾਸੀਆਂ ਅਮਰੀਕਾ ਵਿਚ ਹਨ ਜੋ ਮਦਦ ਕਰਨਗੇ। ਸੰਪਰਕ ਕਰੋ, ਫੋਨ: 219-671-3442

Khatri Sikh girl, 28yrs, 5'-5", US citizen, Pharmacist in Santa Fe (New Mexico), seeking highly educated (medicine or engineering), well settled in US, non-smoker, non-drinker, non-trimmer 28-30yrs, 5'-7" to 6'-2" boy. Contact, Ph: 505-216-1644 or E-mail: hvij@aol.com 41-44



**Punjab Times**
*Ph: 847-359-0746*
*Fax:847-705-9388*
*Visit us on the web:*
*punjabtimesusa.com*


# ਪੰਜਾਬ 'ਚ ਭਾਜਪਾ ਮੰਤਰੀਆਂ ਦੀਆਂ ਮੌਜਾਂ ਲੱਗੀਆਂ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਸਮੀਕਰਨਾਂ ਦੇ ਬਦਲਣ ਮਗਰੋਂ ਸਰਕਾਰ ਵਿਚ ਭਾਜਪਾ ਨਾਲ ਸਬੰਧਤ ਮੰਤਰੀਆਂ ਦੇ 'ਅੱਛੇ ਦਿਨਾਂ' ਦੀ ਸ਼ੁਰੂਆਤ ਹੋਣ ਲੱਗੀ ਹੈ। ਮੁੱਖ ਮੰਤਰੀ ਦਫ਼ਤਰ ਨੇ ਅਜਿਹੀਆਂ ਫਾਈਲਾਂ ਤੋਂ ਗਰਦ ਝਾੜਨੀ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਕੰਮਾਂ ਵਿਚ ਭਾਜਪਾ ਮੰਤਰੀਆਂ ਦੀ ਨਿੱਜੀ ਦਿਲਚਸਪੀ ਸੀ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਹਿਮਤੀ ਨਹੀਂ ਸੀ ਹੋ ਰਹੀ।

ਪਿਛਲੇ ਕਈ ਮਹੀਨਿਆਂ ਤੋਂ ਲਮਕਦੇ ਆ ਰਹੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਨਾਲ ਸਬੰਧਤ ਇੱਕ ਮੁੱਦੇ 'ਤੇ ਸ. ਬਾਦਲ ਨੇ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਅਤੇ ਹੋਰ ਅਧਿਕਾਰੀਆਂ ਨਾਲ ਤੁਰੰਤ ਮੀਟਿੰਗ ਕੀਤੀ। ਇਹ ਤਬਦੀਲੀ ਹਰਿਆਣਾ ਵਿਚ ਭਾਜਪਾ ਵੱਲੋਂ ਆਪਣੇ ਦਮ 'ਤੇ ਸਰਕਾਰ ਬਣਾਉਣ ਅਤੇ ਭਾਈਵਾਲ ਪਾਰਟੀਆਂ ਦਰਮਿਆਨ ਚੱਲ ਰਹੀ ਕਸ਼ਮਕਸ਼ ਤੋਂ ਬਾਅਦ ਆਈ ਹੈ। ਅਕਾਲੀ ਦਲ ਵੱਲੋਂ ਭਾਜਪਾ ਮੰਤਰੀਆਂ ਨਾਲ ਸੁਲ੍ਹਾ-ਸਫ਼ਾਈ ਬਣਾਈ ਰੱਖਣ ਅਤੇ ਟਕਰਾਅ ਘਟਾਉਣ ਦੀ ਨੀਤੀ ਅਪਣਾਈ ਗਈ ਹੈ। ਉਧਰ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਸਮੇਂ ਪੂਰੀ ਤਰ੍ਹਾਂ ਖਾਮੋਸ਼ ਹਨ।

ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਮੁਤਾਬਕ ਸ. ਬਾਦਲ ਨੇ ਭਾਜਪਾ ਮੰਤਰੀਆਂ ਨਾਲ ਸਬੰਧਤ ਵਿਭਾਗਾਂ ਦੇ ਬਕਾਇਆ ਪਏ ਮਸਲਿਆਂ ਨੂੰ ਨਿਪਟਾਉਣ ਲਈ ਪਹਿਲਕਦਮੀ ਆਰੰਭ ਦਿੱਤੀ ਹੈ। ਹਰਿਆਣਾ ਦਾ ਚੋਣ ਅਮਲ ਮੁਕੰਮਲ ਹੋਣ ਮਗਰੋਂ ਸਥਾਨਕ ਸਰਕਾਰ ਵਿਭਾਗ, ਉਦਯੋਗ, ਮੈਡੀਕਲ ਸਿੱਖਿਆ ਤੇ ਸਿਹਤ ਆਦਿ ਵਿਭਾਗਾਂ ਦੇ ਕਈ ਮਾਮਲਿਆਂ ਦੀਆਂ ਫਾਈਲਾਂ ਜੋ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀਆਂ ਗਈਆਂ ਸਨ, ਨੂੰ ਕੱਢ ਲਿਆ ਗਿਆ ਹੈ। ਮਿਸਾਲ ਵਜੋਂ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਮੰਤਰੀ ਮੈਡੀਕਲ ਕਾਲਜਾਂ ਦੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਉਮਰ 65 ਸਾਲ ਤੱਕ ਕਰਨਾ ਚਾਹੁੰਦੇ ਸਨ। ਇਸ ਸਬੰਧੀ ਪ੍ਰਸਤਾਵ ਮੁੱਖ ਮੰਤਰੀ ਦਫ਼ਤਰ ਨੂੰ ਕਈ ਮਹੀਨੇ ਪਹਿਲਾਂ ਭੇਜਿਆ ਗਿਆ ਸੀ। ਮੁੱਖ ਮੰਤਰੀ ਦੇ ਨਾਕਾਰਾਤਮਕ ਰੁਖ਼ ਕਾਰਨ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਨੇ ਇਸ ਮੁੱਦੇ ਦੀ ਪੈਰਵੀ ਕਰਨੀ ਛੱਡ ਦਿੱਤੀ ਸੀ, ਪਰ ਹੁਣ ਹਰਿਆਣਾ ਚੋਣਾਂ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਦਫ਼ਤਰ ਵੱਲੋਂ ਸ੍ਰੀ ਜੋਸ਼ੀ ਨੂੰ ਮੀਟਿੰਗ ਦਾ ਸੱਦਾ ਭੇਜ ਦਿੱਤਾ ਗਿਆ।

ਦਰਅਸਲ, ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਨੇ ਜਦੋਂ ਤੇਵਰ ਬਦਲੇ ਤਾਂ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਭਾਜਪਾ ਆਗੂਆਂ ਦੀਆਂ ਸਿਫਾਰਸ਼ਾਂ ਨਾ ਮੰਨਣ ਦੀਆਂ ਜ਼ੁਬਾਨੀ ਹਦਾਇਤਾਂ ਦਿੱਤੀਆਂ ਗਈਆਂ ਸਨ। ਹੁਣ ਹਰਿਆਣਾ ਵਿਚ ਮਨੋਹਰ ਲਾਲ ਖੱਟਰ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤੀਆਂ ਇਹ ਹਦਾਇਤਾਂ ਵਾਪਸ ਲੈ ਲਈਆਂ ਗਈਆਂ ਹਨ।

## ਇਨਸਾਫ ਰੈਲੀ 7 ਨਵੰਬਰ ਨੂੰ

**ਨਿਊ ਯਾਰਕ (ਬਿਊਰੋ):** ਨਵੰਬਰ 1984 ਵਿਚ ਸਿੱਖਾਂ ਦੇ ਸਮੂਹਿਕ ਕਤਲੇਆਮ ਦੀ 30ਵੀਂ ਵਰ੍ਹੇ ਗੰਢ ਮੌਕੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਸਯੁੰਕਤ ਰਾਸ਼ਟਰ ਹੈਡਕੁਆਰਟਰ ਨਿਊ ਯਾਰਕ ਦੇ ਸਾਹਮਣੇ 7 ਨਵੰਬਰ ਨੂੰ ਇਨਸਾਫ ਰੈਲੀ ਕੀਤੀ ਜਾ ਰਹੀ ਹੈ।

ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਭਾਰਤੀ ਨਿਆਂ ਪ੍ਰਣਾਲੀ ਵਿਚ ਪੀੜਤਾਂ ਦਾ ਵਿਸ਼ਵਾਸ ਖਤਮ ਹੋ ਗਿਆ ਹੈ ਜਿਸ ਕਰਕੇ ਹੁਣ ਕੌਮਾਂਤਰੀ ਪੱਧਰ 'ਤੇ ਇਨਸਾਫ ਪ੍ਰਾਪਤੀ ਲਈ ਅਵਾਜ਼ ਬੁਲੰਦ ਕੀਤੀ ਜਾ ਰਹੀ ਹੈ।

## ਸ਼ਾਹੀ ਇਮਾਮ 'ਤੇ ਮਿੱਟੀ ਦੇ ਤੇਲ ਦੀ ਬੋਤਲ ਸੁੱਟੀ

**ਨਵੀਂ ਦਿੱਲੀ:** ਇਥੇ ਜਾਮਾ ਮਸਜਿਦ ਵਿਖੇ ਸ਼ਾਮ ਦੀ ਨਮਾਜ਼ ਦੌਰਾਨ ਸ਼ਾਹੀ ਇਮਾਮ ਬੁਖਾਰੀ ਉਤੇ ਇਕ 32 ਸਾਲਾ ਵਿਅਕਤੀ ਵੱਲੋਂ ਮਿੱਟੀ ਦੇ ਤੇਲ ਦੀ ਬੋਤਲ ਸੁੱਟ ਦਿੱਤੀ ਗਈ। ਇਸ ਵਿਅਕਤੀ ਦੀ ਪਛਾਣ ਪੱਛਮੀ ਬੰਗਾਲ ਦੇ 24 ਪਰਗਨਾਸ ਜ਼ਿਲ੍ਹਾ ਵਾਸੀ ਕਮਾਲੁਦੀਨ ਵਜੋਂ ਹੋਈ ਹੈ। ਸ਼ਾਹੀ ਇਮਾਮ ਦੇ ਨਿੱਜੀ ਸੁਰੱਖਿਆ ਅਧਿਕਾਰੀਆਂ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ ਤੇ ਬਾਅਦ 'ਚ ਪੁਲਿਸ ਹਵਾਲੇ ਕਰ ਦਿੱਤਾ।


## ਤੰਦੂਰੀਏ ਦੀ ਲੋੜ ਹੈ

ਬੇਏਰੀਏ ਵਿਚ ਚੰਗੇ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਲੋੜ ਹੈ। ਵਧੀਆ ਤਨਖਾਹ।
ਸੰਪਰਕ ਕਰੋ
ਫੋਨ 650-630-8588
42-44


# ਲੋਕ ਸਭਾ ਦੇ 401 ਮੈਂਬਰਾਂ ਨੂੰ ਅਸਾਸੇ ਨਸ਼ਰ ਕਰਨਾ ਯਾਦ ਨਾ ਰਿਹਾ

**ਨਵੀਂ ਦਿੱਲੀ:** ਸੋਨੀਆ ਗਾਂਧੀ, ਰਾਹੁਲ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ ਤੇ ਰਾਜਨਾਥ ਸਿੰਘ ਸਣੇ 400 ਤੋਂ ਵੱਧ ਲੋਕ ਸਭਾ ਮੈਂਬਰਾਂ ਨੇ ਆਪਣੇ ਅਸਾਸਿਆਂ ਤੇ ਦੇਣਦਾਰੀਆਂ ਦੇ ਵੇਰਵੇ 26 ਸਤੰਬਰ ਤੱਕ ਸਦਨ ਦੇ ਸਕੱਤਰੇਤ ਨੂੰ ਨਹੀਂ ਦੱਸੇ ਸਨ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦਾ ਜਵਾਬ ਦਿੰਦਿਆਂ ਲੋਕ ਸਭਾ ਦੇ ਸਕੱਤਰੇਤ ਨੇ ਦੱਸਿਆ ਕਿ 26 ਸਤੰਬਰ ਤੱਕ 401 ਲੋਕ ਸਭਾ ਮੈਂਬਰਾਂ ਦੇ ਅਸਾਸਿਆਂ ਦੇ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਸੀ।

ਲੋਕ ਸਭਾ ਮੈਂਬਰਾਂ ਦੇ ਅਸਾਸਿਆਂ ਦੇ ਐਲਾਨ ਬਾਰੇ ਨੇਮ 2004 ਤਹਿਤ ਕਿਸੇ ਮੈਂਬਰ ਲਈ ਸਹੁੰ ਚੁੱਕਣ ਤੋਂ 90 ਦਿਨਾਂ ਦੇ ਅੰਦਰ-ਅੰਦਰ ਆਪਣੇ ਅਸਾਸੇ ਐਲਾਨਣੇ ਜ਼ਰੂਰੀ ਹਨ। ਜਿਨ੍ਹਾਂ ਲੋਕ ਸਭਾ ਮੈਂਬਰਾਂ ਨੇ ਉਸ ਤਾਰੀਕ ਤੱਕ ਆਪਣੇ ਅਸਾਸੇ ਨਸ਼ਰ ਨਹੀਂ ਕੀਤੇ ਸਨ, ਉਨ੍ਹਾਂ ਵਿਚ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ, ਉਮਾ ਭਾਰਤੀ, ਨਿਤਿਨ ਗਡਕਰੀ ਤੇ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਵੀ ਸ਼ਾਮਲ ਹਨ। ਲੋਕ ਸਭਾ ਸਕੱਤਰੇਤ ਦਾ ਕਹਿਣਾ ਹੈ ਕਿ 26 ਸਤੰਬਰ ਨੂੰ ਜਿਸ ਦਿਨ ਇਸ ਆਰ.ਟੀ.ਆਈ. ਤਹਿਤ ਇਹ ਅਰਜ਼ੀ ਪ੍ਰਾਪਤ ਹੋਈ ਸੀ, ਉਦੋਂ ਤੱਕ ਇਸ ਬਾਰੇ ਮੈਂਬਰਾਂ ਨੂੰ ਕੋਈ ਸੰਦੇਸ਼ ਨਹੀਂ ਭੇਜਿਆ ਗਿਆ ਸੀ।

ਆਰ.ਟੀ.ਆਈ. ਜਵਾਬ ਮੁਤਾਬਕ ਇਨ੍ਹਾਂ ਅਸਾਸੇ ਨਸ਼ਰ ਨਾ ਕਰਨ ਵਾਲਿਆਂ ਵਿੱਚ ਭਾਜਪਾ (209 ਮੈਂਬਰ), ਕਾਂਗਰਸ (31), ਤ੍ਰਿਣਮੂਲ ਕਾਂਗਰਸ (27), ਬੀਜੂ ਜਨਤਾ ਦਲ (18), ਸ਼ਿਵ ਸੈਨਾ (15), ਤੈਲਗੂ ਦੇਸਮ ਪਾਰਟੀ (14), ਅੰਨਾ ਡੀ.ਐਮ.ਕੇ. (9), ਤੇਲੰਗਾਨਾ ਰਾਸ਼ਟਰ ਸਮਿਤੀ (8), ਵਾਈ.ਐਸ.ਆਰ. ਕਾਂਗਰਸ (8), ਲੋਕ ਜਨਸ਼ਕਤੀ ਪਾਰਟੀ (6), ਐਨ.ਸੀ.ਪੀ., ਸੀ.ਪੀ.ਆਈ. (ਐਮ) ਤੇ ਸਮਾਜਵਾਦੀ ਪਾਰਟੀ ਦੇ ਚਾਰ-ਚਾਰ, ਸ਼੍ਰੋਮਣੀ ਅਕਾਲੀ ਦਲ, ਰਾਸ਼ਟਰੀ ਜਨਤਾ ਦਲ ਤੇ ਆਮ ਆਦਮੀ ਪਾਰਟੀ ਦੇ 3-3, ਜਨਤਾ ਦਲ (ਯੂ) ਤੇ ਅਪਨਾ ਦਲ ਦੇ 2-2 ਮੈਂਬਰ ਸ਼ਾਮਲ ਹਨ। ਇਨ੍ਹਾਂ ਮੈਂਬਰਾਂ ਖਿਲਾਫ ਅਸਾਸੇ ਐਲਾਨਣ ਬਾਰੇ ਨੇਮਾਂ ਦੀ ਧਾਰਾ 5 ਤੇ 6 ਅਤੇ ਲੋਕ ਪ੍ਰਤੀਨਿਧਤਾ ਕਾਨੂੰਨ 1951 ਦੀ ਧਾਰਾ 75 (ਏ) ਤਹਿਤ ਕਾਰਵਾਈ ਕੀਤੀ ਗਈ ਹੈ। ਉਸ ਤਰੀਕ ਤੱਕ ਜਿਹੜੇ ਹੋਰਨਾਂ ਐਮ.ਪੀਜ਼ ਨੇ ਆਪਣੇ ਅਸਾਸੇ ਨਸ਼ਰ ਨਹੀਂ ਕੀਤੇ, ਉਨ੍ਹਾਂ ਵਿਚ ਹਰਸ਼ ਵਰਧਨ, ਰਾਧਾ ਮੋਹਨ ਸਿੰਘ, ਅਨੰਤ ਗੀਤੇ, ਅਨੰਤ ਕੁਮਾਰ, ਰਾਮ ਵਿਲਾਸ ਪਾਸਵਾਨ, ਅਮਰਿੰਦਰ ਸਿੰਘ, ਐਮ. ਵੀਰੱਪਾ ਮੋਇਲੀ, ਮਹਿਬੂਬਾ ਮੁਫਤੀ, ਉਪਿੰਦਰ ਕੁਸ਼ਵਾਹਾ, ਕਿਰਨ ਰਿਜਿਜੂ ਤੇ ਸੁਪ੍ਰੀਆ ਸੂਲੇ ਸ਼ਾਮਲ ਹਨ।


## Gas Stations For Sale or Lease

*in Oshkosh, WI*

## ਗੈਸ ਸਟੇਸ਼ਨ ਵਿਕਾਊ ਹਨ

ਤਿੰਨ ਨੇਮ-ਬਰਾਂਡ ਗੈਸ ਸਟੇਸ਼ਨ ਵਿਸਕਾਨਸਿਨ ਦੇ ਓਸ਼ਕੋਸ਼ ਇਲਾਕੇ ਵਿਚ ਸੇਲ ਜਾਂ ਲੀਜ਼ ਲਈ ਉਪਲਬਧ ਹਨ।
ਚਾਹਵਾਨ ਸੱਜਣ ਸੰਪਰਕ ਕਰਨ
ਸੈਮ, ਫੋਨ: 920-427-9376
44-47



DOR
WEBSITE - DHOLRADIO.ORG
Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
LISTEN ON PHONE
MUSIC24/7
LIVE CALLS ➡ USA +1-951-824-6365
CANADA +1-604-210-1955
skype - DHOLRADIO.ORG
01 PM TO 3 PM, 9.30 PM TO 11.30 PM (IST)
LISTEN BY CALL ➡ USA +702-489-0211
UK +44-20-3519-1210
Application For Android and iPhone - Dhol Radio


## ਸਿੱਖ ਕਤਲੇਆਮ ਕੇਸ ਵਿਚ ਅਮਿਤਾਭ ਬੱਚਨ ਨੂੰ ਸੰਮਨ

**ਲਾਸ ਏਂਜਲਸ:** ਅਮਰੀਕੀ ਅਦਾਲਤ ਨੇ ਸਿੱਖਾਂ ਦੀ ਇਕ ਜਥੇਬੰਦੀ ਵੱਲੋਂ ਦਾਇਰ ਕੀਤੇ ਗਏ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਕੇਸ ਵਿਚ ਫਿਲਮ ਸਟਾਰ ਅਮਿਤਾਭ ਬੱਚਨ ਨੂੰ ਸੰਮਨ ਜਾਰੀ ਕੀਤੇ ਹਨ। ਅਮਰੀਕੀ ਜ਼ਿਲ੍ਹਾ ਅਦਾਲਤ ਨੇ ਨਿਊ ਯਾਰਕ ਆਧਾਰਤ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਅਤੇ 1984 ਵਿਚ ਹੋਏ ਸਿੱਖ ਕਤਲੇਆਮ ਦੇ ਦੋ ਪੀੜਤਾਂ ਵੱਲੋਂ ਦਾਇਰ ਸ਼ਿਕਾਇਤ 'ਤੇ ਸੰਮਨ ਜਾਰੀ ਕੀਤੇ ਹਨ।

ਦੰਗਾ ਪੀੜਤ ਬਾਬੂ ਸਿੰਘ ਦੁਖੀਆ ਦਿੱਲੀ ਅਤੇ ਮਹਿੰਦਰ ਸਿੰਘ ਕੈਲੀਫੋਰਨੀਆ ਦਾ ਵਸਨੀਕ ਹੈ। ਅਦਾਲਤ ਨੇ ਬੱਚਨ ਨੂੰ ਸੰਮਨ ਜਾਰੀ ਕਰਦਿਆਂ 21 ਦਿਨਾਂ ਵਿਚ ਜਵਾਬ ਦੇਣ ਦੀ ਹਦਾਇਤ ਕੀਤੀ ਹੈ। 36 ਸਫ਼ਿਆਂ ਦੀ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਅਮਿਤਾਭ ਬੱਚਨ ਨੇ ਸਿੱਖਾਂ ਵਿਰੁੱਧ ਲੋਕਾਂ ਨੂੰ ਉਕਸਾਇਆ ਸੀ। ਐਸ.ਐਫ.ਜੇ. ਵੱਲੋਂ ਪਿਛਲੇ ਕਈ ਸਾਲਾਂ ਤੋਂ ਸਿੱਖ ਕਤਲੇਆਮ ਦੇ ਮੁੱਦੇ 'ਤੇ ਭਾਰਤੀ ਆਗੂਆਂ ਨੂੰ ਅਦਾਲਤ ਦੇ ਕਟਹਿਰੇ 'ਚ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।


## 40 ਟਰੱਕ ਰਿਪੇਅਰ-ਓਕਲਹੋਮਾ

## ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

# ਪੰਜਾਬ ਸਰਕਾਰ ਦੇ 'ਕਮਾਊ ਪੁੱਤਾਂ' ਉਤੇ ਮੰਦੀ ਦੀ ਮਾਰ

**ਬਠਿੰਡਾ:** ਪੰਜਾਬ ਸਰਕਾਰ ਦੇ ਕਮਾਊ ਪੁੱਤ ਮੰਨੇ ਜਾਂਦੇ ਸ਼ਰਾਬ ਦੇ ਠੇਕੇਦਾਰ ਐਤਕੀਂ ਮੰਦੀ ਦੀ ਮਾਰ ਵਿਚ ਘਿਰ ਗਏ ਹਨ। ਪਹਿਲੀ ਵਾਰ ਅਜਿਹੇ ਹਾਲਾਤ ਬਣੇ ਹਨ ਕਿ ਠੇਕੇਦਾਰਾਂ ਨੂੰ ਮਹੀਨਾਵਾਰ ਕਿਸ਼ਤ ਤਾਰਨੀ ਔਖੀ ਹੋ ਗਈ ਹੈ। ਸੂਬੇ ਦੇ ਬਹੁਤੇ ਜ਼ਿਲ੍ਹਿਆਂ ਵਿਚ ਠੇਕੇਦਾਰ ਕਰਜ਼ਾ ਚੁੱਕ ਕੇ ਕਿਸ਼ਤਾਂ ਤਾਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਹਰ ਵਰ੍ਹੇ ਆਬਕਾਰੀ ਟੀਚਾ ਵਧਾ ਦਿੱਤਾ ਜਾਂਦਾ ਹੈ, ਜਿਸ ਕਰਕੇ ਹੁਣ ਨਵੀਂ ਨੌਬਤ ਬਣਨ ਲੱਗੀ ਹੈ।

ਪੰਜਾਬ ਸਰਕਾਰ ਵੱਲੋਂ ਚਾਲੂ ਮਾਲੀ ਸਾਲ ਦੌਰਾਨ 4020 ਕਰੋੜ ਰੁਪਏ ਵਿਚ ਸ਼ਰਾਬ ਦੇ ਠੇਕੇ ਅਲਾਟ ਕੀਤੇ ਹੋਏ ਹਨ ਤੇ ਅਗਲੇ ਮਾਲੀ ਵਰ੍ਹੇ ਲਈ 4800 ਕਰੋੜ ਰੁਪਏ ਦਾ ਟੀਚਾ ਮਿਥਣ ਦਾ ਅਨੁਮਾਨ ਹੈ। 2012-13 ਵਿਚ ਸਰਕਾਰ ਨੇ ਸ਼ਰਾਬ ਤੋਂ 3410 ਕਰੋੜ ਰੁਪਏ ਕਮਾਏ ਸਨ। ਨਵੇਂ ਹਾਲਾਤ ਮੁਤਾਬਕ ਠੇਕੇਦਾਰਾਂ ਨੂੰ ਕਾਫ਼ੀ ਮਾਲੀ ਸੰਕਟ ਖੜ੍ਹਾ ਹੋ ਗਿਆ ਹੈ। ਜ਼ਿਲ੍ਹਾ ਬਠਿੰਡਾ ਵਿਚ ਤਕਰੀਬਨ ਡੇਢ ਦਰਜਨ ਠੇਕਿਆਂ ਨੂੰ ਤਾਲੇ ਮਾਰਨੇ ਪਏ ਹਨ ਕਿਉਂਕਿ ਇਹ ਠੇਕੇਦਾਰ ਸਤੰਬਰ ਦੀ ਕਿਸ਼ਤ ਨਹੀਂ ਤਾਰ ਸਕੇ ਸਨ। ਜਦੋਂ ਮਹਿਕਮੇ ਨੇ ਠੇਕੇ ਸੀਲ ਕਰ ਦਿੱਤੇ ਤਾਂ ਠੇਕੇਦਾਰਾਂ ਨੇ ਮੌਕੇ 'ਤੇ ਪੈਸੇ ਦਾ ਪ੍ਰਬੰਧ ਕਰਕੇ ਕਿਸ਼ਤ ਤਾਰੀ।

ਆਬਕਾਰੀ ਮਹਿਕਮੇ ਨੂੰ ਹਰ ਮਹੀਨੇ ਦੀ 15 ਤਰੀਕ ਤੱਕ ਠੇਕੇਦਾਰਾਂ ਨੇ ਕਿਸ਼ਤ ਜਮ੍ਹਾਂ ਕਰਵਾਉਣੀ ਹੁੰਦੀ ਹੈ। ਆਬਕਾਰੀ ਮਹਿਕਮੇ ਨੇ ਸੰਗਤ ਮੰਡੀ ਦੇ ਤਿੰਨ, ਗੋਨਿਆਣਾ ਦੇ ਅੱਠ ਤੇ ਰਾਮਾਂ ਮੰਡੀ ਦੇ ਚਾਰ ਠੇਕੇ ਸੀਲ ਕਰ ਦਿੱਤੇ ਸਨ ਕਿਉਂਕਿ ਇਨ੍ਹਾਂ ਠੇਕੇਦਾਰਾਂ ਵੱਲੋਂ ਤਕਰੀਬਨ 65 ਲੱਖ ਰੁਪਏ ਦੀ ਕਿਸ਼ਤ ਨਹੀਂ ਭਰੀ ਗਈ ਸੀ। ਮੌੜ ਮੰਡੀ ਦੇ ਅੱਠ ਠੇਕਿਆਂ ਦੇ ਠੇਕੇਦਾਰਾਂ ਨੇ ਐਨ ਮੌਕੇ 'ਤੇ ਕਿਸ਼ਤ ਭਰ ਦਿੱਤੀ, ਜਿਸ ਕਰਕੇ ਉਨ੍ਹਾਂ ਦੇ ਠੇਕੇ ਸੀਲ ਹੋਣ ਤੋਂ ਬਚ ਗਏ। ਕਰ ਤੇ ਆਬਕਾਰੀ ਅਫਸਰ ਸ੍ਰੀ ਬੀ.ਐਸ. ਗਿੱਲ ਦਾ ਕਹਿਣਾ ਹੈ ਕਿ ਠੇਕੇਦਾਰਾਂ ਵੱਲੋਂ ਕਿਸ਼ਤ ਤਾਰਨ ਮਗਰੋਂ ਠੇਕੇ ਖੋਲ੍ਹ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਪ੍ਰਤੀ ਮਹੀਨਾ 17.76 ਕਰੋੜ ਰੁਪਏ ਦੀ ਕਿਸ਼ਤ ਬਠਿੰਡਾ ਜ਼ਿਲ੍ਹੇ ਦੀ ਬਣਦੀ ਹੈ।

ਜ਼ਿਲ੍ਹਾ ਸੰਗਰੂਰ ਵਿਚ ਸ਼ਰਾਬ ਦੇ ਕਰੀਬ 25 ਠੇਕਿਆਂ ਨੂੰ ਤਾਲੇ ਲਾਉਣੇ ਪਏ ਹਨ। ਦਿੜ੍ਹਬਾ, ਚੀਮਾ, ਅਹਿਮਦਗੜ੍ਹ ਤੇ ਲਹਿਰਾ ਇਲਾਕੇ ਦੇ ਇਨ੍ਹਾਂ ਠੇਕਿਆਂ ਦੇ ਠੇਕੇਦਾਰਾਂ ਵੱਲੋਂ ਕਿਸ਼ਤ ਨਹੀਂ ਤਾਰੀ ਗਈ ਸੀ। ਸਹਾਇਕ ਕਰ ਤੇ ਆਬਕਾਰੀ ਅਫਸਰ ਸੰਗਰੂਰ ਦਰਬਾਰਾ ਸਿੰਘ ਦਾ ਕਹਿਣਾ ਹੈ ਕਿ ਜਦੋਂ ਠੇਕੇਦਾਰਾਂ ਨੇ ਨਿਸ਼ਚਿਤ ਤਰੀਕ ਤੱਕ ਕਿਸ਼ਤ ਨਾ ਭਰੀ ਤਾਂ ਉਨ੍ਹਾਂ ਨੂੰ ਠੇਕੇ ਬੰਦ ਕਰਨੇ ਪਏ। ਹੁਣ ਕਿਸ਼ਤ ਆ ਗਈ ਹੈ, ਜਿਸ ਕਰਕੇ ਸੀਲ ਖੋਲ੍ਹ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪ੍ਰਤੀ ਮਹੀਨਾ 20 ਕਰੋੜ ਰੁਪਏ ਤੋਂ ਉਪਰ ਕਿਸ਼ਤ ਬਣਦੀ ਹੈ। ਦੱਸਣਯੋਗ ਹੈ ਕਿ ਦੇਸੀ ਸ਼ਰਾਬ ਦੀ ਬੋਤਲ 140 ਰੁਪਏ ਦੀ ਹੈ ਜਦੋਂਕਿ ਮੁਕਾਬਲੇ ਕਾਰਨ ਇਹ 100 ਰੁਪਏ ਵਿਚ ਵਿਕ ਰਹੀ ਹੈ। ਮੁਕਾਬਲੇਬਾਜ਼ੀ ਵਿਚ ਗੈਰਕਾਨੂੰਨੀ ਬ੍ਰਾਂਚਾਂ ਖੋਲ੍ਹ ਕੇ ਸ਼ਰਾਬ ਵੇਚੀ ਜਾ ਰਹੀ ਹੈ, ਜਿਸ ਕਰਕੇ ਠੇਕੇਦਾਰਾਂ ਨੂੰ ਹੀ ਸੱਟ ਵੱਜ ਰਹੀ ਹੈ। ਜ਼ਿਲ੍ਹਾ ਫ਼ਰੀਦਕੋਟ ਦੇ ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ ਨੇ ਅਜਿਹੀ ਨੀਤੀ ਬਣਾ ਦਿੱਤੀ ਕਿ ਜ਼ਿਲ੍ਹੇ ਦੇ ਸਾਰੇ ਸਰਕਲਾਂ ਵਿਚ ਬਰਾਬਰ ਰੈਵੇਨਿਊ ਪਾਉਣ ਦੀ ਥਾਂ ਜੈਤੋ ਸਰਕਲ ਦੇ ਰੈਵੇਨਿਊ ਵਿਚ ਡੇਢ ਗੁਣਾ ਵਾਧਾ ਕਰ ਦਿੱਤਾ ਕਿਉਂਕਿ ਜੈਤੋ ਸਰਕਲ ਲਈ ਸਾਧਾਰਨ ਠੇਕੇਦਾਰਾਂ ਨੇ ਅਪਲਾਈ ਕੀਤਾ ਸੀ। ਬਾਕੀ ਸਰਕਲਾਂ 'ਤੇ ਸਿਆਸੀ ਨੇਤਾ ਕਾਬਜ਼ ਹਨ। ਇਸ ਜ਼ਿਲ੍ਹੇ ਵਿਚ ਠੇਕੇਦਾਰ ਟੁੱਟ ਗਏ ਹਨ। ਜ਼ਿਲ੍ਹੇ ਦੀ ਮਹੀਨਾਵਾਰ ਕਿਸ਼ਤ 8.70 ਕਰੋੜ ਰੁਪਏ ਬਣਦੀ ਹੈ।

ਉਧਰ ਪੰਜਾਬ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਕੁਮਾਰ ਜਾਖੜ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸੂਬੇ ਦੇ ਆਰਥਕ ਤੇ ਸਮਾਜਕ ਹਾਲਾਤ ਅਤਿ ਮਾੜੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2014-15 ਲਈ ਤੈਅ ਕੀਤੀ ਗਈ ਆਬਕਾਰੀ ਨੀਤੀ ਵਿਚ 43 ਕਰੋੜ ਪਰੂਫ਼ ਲੀਟਰ ਸ਼ਰਾਬ ਵੇਚਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਤੋਂ ਸਪੱਸ਼ਟ ਹੈ ਕਿ ਅਕਾਲੀ ਸਰਕਾਰ ਪੰਜਾਬ ਨੂੰ ਨਸ਼ੇ ਵਿਚ ਡੋਬਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਤੇ ਗੋਬਿੰਦਗੜ੍ਹ ਦੀ ਸਨਅਤ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਬੰਦ ਹੋਣ ਕਿਨਾਰੇ ਹਨ।

### ਸ਼ਰਾਬ ਦੇ ਠੇਕੇਦਾਰਾਂ ਨੂੰ ਮਹੀਨਾਵਾਰ ਕਿਸ਼ਤ ਤਾਰਨੀ ਹੋਈ ਔਖੀ



### ਸਰਕਾਰ ਨੂੰ ਹਰ ਮਹੀਨੇ ਦੇਣੀ ਪੈਂਦੀ ਹੈ 327 ਕਰੋੜ ਦੀ ਕਿਸ਼ਤ

ਪੰਜਾਬ ਭਰ ਵਿਚੋਂ ਠੇਕਿਆਂ ਤੋਂ ਪ੍ਰਤੀ ਮਹੀਨਾ 327 ਕਰੋੜ ਰੁਪਏ ਦੀ ਕਿਸ਼ਤ ਆਉਣੀ ਹੁੰਦੀ ਹੈ। ਆਬਕਾਰੀ ਮਹਿਕਮੇ ਨੂੰ ਹਰ ਮਹੀਨੇ ਦੀ 15 ਤਰੀਕ ਤੱਕ ਠੇਕੇਦਾਰਾਂ ਨੇ ਕਿਸ਼ਤ ਜਮ੍ਹਾਂ ਕਰਵਾਉਣੀ ਹੁੰਦੀ ਹੈ। ਬਹੁਤੇ ਅਫਸਰਾਂ ਨੂੰ ਠੇਕੇਦਾਰਾਂ ਦੇ ਮਿੰਨਤ ਤਰਲੇ ਕਰਨੇ ਪੈਂਦੇ ਹਨ। ਸੂਤਰ ਆਖਦੇ ਹਨ ਕਿ ਐਤਕੀਂ ਠੇਕੇਦਾਰਾਂ ਨੂੰ ਵੱਡੇ ਘਾਟੇ ਝੱਲਣੇ ਪੈਣਗੇ।

ਵਧੀਕ ਕਰ ਤੇ ਆਬਕਾਰੀ ਕਮਿਸ਼ਨਰ ਪੰਜਾਬ ਨੀਲਮ ਚੌਧਰੀ ਦਾ ਕਹਿਣਾ ਹੈ ਕਿ ਬਠਿੰਡਾ ਤੇ ਸੰਗਰੂਰ ਵਿਚ ਠੇਕੇ ਸੀਲ ਕਰਨੇ ਪਏ ਹਨ ਜਦੋਂਕਿ ਬਾਕੀ ਪੰਜਾਬ ਵਿਚੋਂ ਮਹੀਨਾਵਾਰ ਕਿਸ਼ਤ ਪ੍ਰਾਪਤ ਹੋਣ ਵਿਚ ਜ਼ਿਆਦਾ ਸਮੱਸਿਆ ਨਹੀਂ ਹੈ। ਮੁੱਖ ਸੰਸਦੀ ਸਕੱਤਰ (ਕਰ ਤੇ ਆਬਕਾਰੀ) ਸਰੂਪ ਚੰਦ ਸਿੰਗਲਾ ਦਾ ਕਹਿਣਾ ਹੈ ਕਿ ਸਮੁੱਚੀ ਮੰਦੀ ਦਾ ਅਸਰ ਐਤਕੀਂ ਠੇਕਿਆਂ ਦੇ ਕਾਰੋਬਾਰ 'ਤੇ ਵੀ ਪਿਆ ਹੈ, ਜਿਸ ਕਰਕੇ ਕਿਸ਼ਤਾਂ ਦੀ ਵਸੂਲੀ ਵਿਚ ਦਿੱਕਤਾਂ ਆ ਰਹੀਆਂ ਹਨ। ਉਨ੍ਹਾਂ ਆਖਿਆ ਕਿ ਵਸੂਲੀ ਲਈ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

# ਦਿੱਲੀ ਕਮੇਟੀ ਦੇ ਜਨਰਲ ਸਕੱਤਰ 'ਤੇ ਪ੍ਰਿੰਟਿੰਗ ਪ੍ਰੈਸ ਦੀ ਦੁਰਵਰਤੋਂ ਦੇ ਦੋਸ਼

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਵੱਲੋਂ ਗੁਰਦੁਆਰਾ ਕਮੇਟੀ ਦੀ ਪ੍ਰਿੰਟਿੰਗ ਪ੍ਰੈਸ ਦੀ ਦੁਰਵਰਤੋਂ ਕਰਕੇ, ਨਿੱਜੀ ਪ੍ਰਚਾਰ ਵਾਲੇ ਗ੍ਰੀਟਿੰਗ ਕਾਰਡ ਛਪਵਾਏ ਗਏ ਹਨ।

ਉਨ੍ਹਾਂ ਕਿਹਾ ਕਿ ਦੀਵਾਲੀ ਮੌਕੇ ਆਪਣੇ ਹਲਕੇ ਦੇ ਲੋਕਾਂ ਨੂੰ ਵਧਾਈਆਂ ਦੇਣ ਲਈ ਸ. ਸਿਰਸਾ ਨੇ ਤਕਰੀਬਨ ਇਕ ਲੱਖ ਵਧਾਈ ਕਾਰਡ ਛਪਵਾਏ, ਜੋ ਗੁਰਦੁਆਰਾ ਕਮੇਟੀ ਦੀ ਗੁਰਉਪਦੇਸ਼ ਪ੍ਰਿੰਟਿੰਗ ਪ੍ਰੈਸ ਵਿਚ ਛਾਪੇ ਗਏ। ਸ. ਸਰਨਾ ਨੇ ਦਾਅਵਾ ਕੀਤਾ ਕਿ ਬਹੁਤ ਮਹਿੰਗੇ ਕਾਗਜ਼ 'ਤੇ ਛਾਪੇ ਗਏ ਇਨ੍ਹਾਂ ਕਾਰਡਾਂ ਦੀ ਕੀਮਤ 35 ਰੁਪਏ ਪ੍ਰਤੀ ਕਾਰਡ ਬਣਦੀ ਹੈ। ਇਸ ਲਈ ਸ. ਸਿਰਸਾ ਨੂੰ ਗੁਰੂ ਕੀ ਗੋਲਕ ਵਿਚ 35 ਲੱਖ ਰੁਪਏ ਜਮ੍ਹਾਂ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਇਹ ਦਾਅਵਾ ਕੀਤਾ ਕਿ ਇਨ੍ਹਾਂ ਕਾਰਡਾਂ ਨੂੰ ਲੋਕਾਂ ਵਿਚਕਾਰ ਵੰਡਣ ਲਈ ਗੁਰਦੁਆਰਾ ਕਮੇਟੀ ਦੇ 32 ਮੁਲਾਜ਼ਮਾਂ ਨੂੰ ਵਰਤਿਆ ਗਿਆ ਤੇ ਮੁਲਾਜ਼ਮਾਂ ਨੂੰ ਸ. ਸਿਰਸਾ ਦੇ ਇਸ ਨਿੱਜੀ ਕਾਰਜ ਨੂੰ ਭੁਗਤਾਉਣ ਲਈ ਬਾਕਾਇਦਾ ਲਿਖਤੀ ਸਰਕੂਲਰ ਜਾਰੀ ਕੀਤਾ ਗਿਆ।

ਦੂਜੇ ਪਾਸੇ ਸ. ਸਿਰਸਾ ਨੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਉਕਤ ਕਾਰਡ ਗੁਰਦੁਆਰਾ ਕਮੇਟੀ ਦੀ ਪ੍ਰੈਸ ਵਿਚ ਨਹੀਂ ਛਪਵਾਏ ਗਏ ਬਲਕਿ ਸ. ਸਰਨਾ ਸੌੜੀ ਸਿਆਸਤ ਅਧੀਨ ਇਲਜ਼ਾਮ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੀ ਡਾਕ ਵੰਡਵਾਉਣ ਲਈ ਹਮੇਸ਼ਾ ਇਕ ਕੰਪਨੀ ਦੀਆਂ ਸੇਵਾਵਾਂ ਲੈਂਦੇ ਰਹੇ ਹਨ ਤੇ ਇਸ ਮਾਮਲੇ ਵਿਚ ਵੀ ਇਸੇ ਕੰਪਨੀ ਦੀਆਂ ਸੇਵਾਵਾਂ ਲਈਆਂ ਗਈਆਂ ਸਨ।

# ਵਲੈਤੋਂ ਆਏ ਧਰਮ ਗੁਰੂਆਂ ਵੱਲੋਂ ਕਾਲੀ ਵੇਈਂ ਦਾ ਦੌਰਾ

**ਸੁਲਤਾਨਪੁਰ ਲੋਧੀ:** ਇੰਗਲੈਂਡ ਤੋਂ ਆਏ ਅੱਠ ਧਰਮਾਂ ਦੇ ਗੁਰੂਆਂ ਨੇ ਸਥਾਨਕ ਪਵਿੱਤਰ ਕਾਲੀ ਵੇਈਂ ਦਾ ਦੌਰਾ ਕੀਤਾ। ਉਨ੍ਹਾਂ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਵੇਈਂ ਦੀ ਕਰਵਾਈ ਕਾਰ ਸੇਵਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਦੁਨੀਆ ਵਿਚ ਇਹ ਪਹਿਲੀ ਮਿਸਾਲ ਹੈ ਜਿਥੇ ਲੋਕਾਂ ਨੇ ਰਲ ਕੇ ਕਿਸੇ ਨਦੀ ਨੂੰ ਸਾਫ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਸੰਤ ਸੀਚੇਵਾਲ ਦੀ ਅਗਵਾਈ ਹੇਠ ਕੀਤਾ ਇਹ ਕੰਮ ਪ੍ਰੇਰਨਾਦਾਇਕ ਹੈ। ਇਸ 20 ਮੈਂਬਰੀ ਵਫ਼ਦ ਦੀ ਅਗਵਾਈ ਇੰਗਲੈਂਡ ਦੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਮਹਿੰਦਰ ਸਿੰਘ ਨੇ ਕੀਤੀ।



ਭਾਈ ਮਹਿੰਦਰ ਸਿੰਘ ਨੇ ਦੱਸਿਆ ਕਿ ਸੰਨ 2000 ਵਿਚ ਯੂ.ਐਨ.ਓ. ਨੇ ਇਕ ਐਲਾਨਨਾਮਾ ਕੀਤਾ ਸੀ ਜਿਸ ਦਾ ਨਾਂ 21ਵੀਂ ਸਦੀ ਦਾ ਐਲਾਨਨਾਮਾ ਰੱਖਿਆ ਗਿਆ ਸੀ। ਇਸ ਐਲਾਨਨਾਮੇ ਵਿਚ ਅੱਠ ਸਮੱਸਿਆਵਾਂ 'ਤੇ ਧਿਆਨ ਦੇਣ ਬਾਰੇ ਕਿਹਾ ਗਿਆ ਸੀ ਜਿਨ੍ਹਾਂ ਵਿਚ 2015 ਤੱਕ ਦੁਨੀਆਂ ਵਿਚੋਂ ਗਰੀਬੀ ਹਟਾਉਣ, ਬੱਚਿਆਂ ਲਈ ਪ੍ਰਾਇਮਰੀ ਸਿੱਖਿਆ ਦਾ ਪ੍ਰਬੰਧ ਕਰਨ, ਮਾਂ ਤੇ ਬੱਚੇ ਦੀ ਸੇਵਾ ਸੰਭਾਲ ਕਰਨ, ਵਾਤਾਵਰਣ ਦਾ ਪੂਰਾ ਖਿਆਲ ਰੱਖਣ, ਐਚ.ਆਈ.ਵੀ. ਬਾਰੇ ਲੋਕਾਂ ਨੂੰ ਜਾਗਰੂਕ ਕਰਨ ਤੇ ਨੌਜਵਾਨਾਂ ਦੀ ਸੋਚ ਨੂੰ ਉਸਾਰੂ ਪਾਸੇ ਲਾਉਣ ਦੀ ਗੱਲ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਬਾਰੇ ਅੱਜ ਕੀ ਸਥਿਤੀ ਹੈ, ਲੋਕ ਇਸ ਤੋਂ ਭਲੀ ਭਾਂਤ ਜਾਣੂ ਹਨ। ਜਦੋਂ ਇਹ ਟੀਚਾ 2015 ਤੱਕ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ ਤਾਂ ਯੂ.ਐਨ.ਓ. ਨੇ ਧਾਰਮਿਕ ਆਗੂਆਂ ਨੂੰ ਅੱਗੇ ਕਰਨ ਦੀ ਨੀਤੀ ਬਣਾਈ ਹੈ।

ਉਨ੍ਹਾਂ ਦੱਸਿਆ ਕਿ ਜਿਵੇਂ ਸੰਤ ਸੀਚੇਵਾਲ ਨੇ ਪਵਿੱਤਰ ਕਾਲੀ ਵੇਈਂ ਦੀ ਕਾਰ ਸੇਵਾ ਕਰਵਾ ਕੇ ਦੁਨੀਆ ਨੂੰ ਰਾਹ ਦਿਖਾਇਆ ਹੈ, ਉਸੇ ਤਰ੍ਹਾਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਹੋਰ ਦਰਿਆਵਾਂ ਦੀ ਸਫਾਈ ਲਈ ਵਰਤਿਆ ਜਾਵੇਗਾ। ਭਾਈ ਮਹਿੰਦਰ ਸਿੰਘ ਨੇ ਦੱਸਿਆ ਕਿ ਪੰਜ ਜੁਲਾਈ 2017 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ, ਜਿਸ ਮੌਕੇ ਪਟਨਾ ਵਿਚ ਤਕਰੀਬਨ ਪੰਜ ਕਰੋੜ ਸੰਗਤਾਂ ਦੇ ਆਉਣ ਦਾ ਅਨੁਮਾਨ ਹੈ।

ਉਨ੍ਹਾਂ ਕਿਹਾ ਉਥੇ ਦੋ ਸਾਲ ਤੱਕ ਚੱਲਣ ਵਾਲੀ ਕਾਰ ਸੇਵਾ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਇਸ ਤੋਂ ਪਹਿਲਾਂ ਇਨ੍ਹਾਂ ਧਾਰਮਿਕ ਗੁਰੂਆਂ ਦਾ ਪਵਿੱਤਰ ਕਾਲੀ ਵੇਈਂ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਵੇਈਂ ਕੰਢੇ ਇਕ ਬੂਟਾ ਵੀ ਲਾਇਆ। ਵਫ਼ਦ ਨੂੰ ਪਵਿੱਤਰ ਕਾਲੀ ਵੇਈਂ 'ਤੇ ਬਣਾਈ ਗਈ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਫਿਲਮ ਵਿਚ ਵੇਈਂ ਬਾਰੇ ਸੰਗਤਾਂ ਦੁਆਰਾ ਹੱਥੀਂ ਕੀਤੇ ਜਾ ਰਹੇ ਕੰਮਾਂ ਨੂੰ ਦੇਖ ਕੇ ਧਾਰਮਿਕ ਆਗੂ ਦੰਗ ਰਹਿ ਗਏ।

# ਪੰਜਾਬ ਦੀਆਂ 95 ਫੀਸਦੀ ਪੇਂਡੂ ਮਜ਼ਦੂਰ ਔਰਤਾਂ ਕਰਜ਼ਈ

**ਪਟਿਆਲਾ:** ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਪੰਜਾਬ ਵਿਚ 95 ਫ਼ੀਸਦੀ ਮਜ਼ਦੂਰ ਔਰਤਾਂ ਕਰਜ਼ਈ ਹਨ। ਗਰੀਬੀ ਭੋਗਦੇ ਇਹ ਪਰਿਵਾਰ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਜੋਗੇ ਵੀ ਨਹੀਂ। ਖੇਤੀ ਤੇ ਗੈਰ-ਖੇਤੀ ਖੇਤਰ ਵਿਚ ਔਰਤਾਂ ਨੂੰ ਸਿਰਫ ਉਹੀ ਕੰਮ ਮਿਲਦਾ ਹੈ ਜਿਹੜਾ ਘੱਟ ਮਜ਼ਦੂਰੀ ਦਾ ਹੋਵੇ ਤੇ ਜੋਖ਼ਮ ਤੋਂ ਬਗੈਰ ਹੋਵੇ। ਜ਼ਿਆਦਾਤਰ ਮਜ਼ਦੂਰ ਔਰਤਾਂ ਅਨਪੜ੍ਹਤਾ ਦੇ ਨਾਲ-ਨਾਲ ਵਿਸ਼ੇਸ਼ ਸਿਖਲਾਈ ਤੋਂ ਵੀ ਵਾਂਝੀਆਂ ਹਨ। ਮਿਹਨਤ ਦੇ ਬਾਵਜੂਦ ਨਾ ਤਾਂ ਇਹ ਚੰਗਾ ਪਾ ਸਕਦੀਆਂ ਹਨ ਤੇ ਨਾ ਹੰਢਾ ਸਕਦੀਆਂ ਹਨ। ਜ਼ਿਆਦਾ ਪਰਿਵਾਰਾਂ ਕੋਲ ਸਿਰ ਢੱਕਣ ਲਈ ਇਕ ਹੀ ਕਮਰਾ ਰਸੋਈ ਦੀ ਸਹੂਲਤ ਤੋਂ ਬਗੈਰ ਮਿਲਿਆ, ਨਹਾਉਣ-ਧੋਣ ਲਈ ਵੀ ਢੁਕਵੀਂ ਥਾਂ ਨਹੀਂ ਹੈ। ਗੁਸਲਖ਼ਾਨੇ ਛੱਤ ਤੋਂ ਬਗੈਰ ਹਨ। ਜ਼ਿਆਦਾਤਰ ਮਜ਼ਦੂਰ ਔਰਤਾਂ ਬਾਹਰ ਖਾਲੀ ਪਈ ਜ਼ਮੀਨ ਨੂੰ ਪਖਾਨੇ ਦੇ ਤੌਰ 'ਤੇ ਵਰਤਣ ਲਈ ਮਜਬੂਰ ਹਨ।

### ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਕੁਝ ਨਹੀਂ ਪੈਂਦਾ ਪੱਲੇ



ਇਹ ਤੱਥ ਪੰਜਾਬੀ ਯੂਨੀਵਰਸਿਟੀ ਵਿਚ ਅਰਥ ਵਿਭਾਗ ਵਿਚ ਡਾ. ਧਰਮਪਾਲ ਵੱਲੋਂ ਕੀਤੀ ਗਈ ਪੀ.ਐਚ.ਡੀ. ਦੇ ਥੀਸਿਸ ਵਿਚ ਸਾਹਮਣੇ ਆਏ ਹਨ। ਇਸ ਖੋਜ ਵਿਚ ਪੰਜਾਬ ਦੇ ਤਿੰਨ ਜ਼ਿਲ੍ਹਿਆਂ (ਹੁਸ਼ਿਆਰਪੁਰ, ਲੁਧਿਆਣਾ ਤੇ ਸੰਗਰੂਰ) ਵਿਚੋਂ 31 ਪਿੰਡਾਂ ਦੇ 498 ਔਰਤ ਮਜ਼ਦੂਰ ਪਰਿਵਾਰਾਂ ਨੂੰ ਲਿਆ ਗਿਆ। ਸਾਫ਼ ਪਾਣੀ ਤੇ ਸੰਤੁਲਿਤ ਭੋਜਨ ਨਾ ਮਿਲਣ ਕਾਰਨ ਇਨ੍ਹਾਂ ਦੇ ਬੱਚਿਆਂ ਦਾ ਭਾਰ ਲੋੜ ਤੋਂ ਕਿਤੇ ਘੱਟ ਹੈ ਤੇ ਆਪ ਕਮਜ਼ੋਰੀ, ਪਿੱਠ ਤੇ ਜੋੜ ਆਦਿ ਦੇ ਦਰਦਾਂ ਤੋਂ ਪੀੜਤ ਹਨ। ਸਰਕਾਰ ਦੇ ਕਈ ਦਾਅਵਿਆਂ ਦੇ ਬਾਵਜੂਦ ਸਰਕਾਰੀ ਸਹੂਲਤਾਂ ਅਜੇ ਇਨ੍ਹਾਂ ਤੋਂ ਦੂਰ ਦੀ ਲੰਘ ਜਾਂਦੀਆਂ ਹਨ। ਕਈ ਪੱਖਾਂ ਤੋਂ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਮਜ਼ਦੂਰ ਔਰਤਾਂ ਦਾ ਰਹਿਣ-ਸਹਿਣ ਕੁਝ ਠੀਕ ਜਾਪਿਆ। ਹੁਸ਼ਿਆਰਪੁਰ ਵਿਚ 43363.25 ਰੁਪਏ, ਸੰਗਰੂਰ 38935.93 ਲੁਧਿਆਣਾ ਜ਼ਿਲ੍ਹੇ ਵਿਚ 41263.24 ਰੁਪਏ ਸਾਲਾਨਾ ਦਿਹਾੜੀ ਦਾ ਰੁਪਿਆ ਮਜ਼ਦੂਰ ਔਰਤਾਂ ਨੂੰ ਮਿਲਦਾ ਹੈ, ਪਰਿਵਾਰਾਂ ਦਾ ਉਪਭੋਗ ਖ਼ਰਚ ਆਮਦਨ ਤੋਂ ਵਧੇਰੇ ਹੈ, ਜਿਸ ਕਾਰਨ ਇਨ੍ਹਾਂ ਪਰਿਵਾਰਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਜੋ ਗੈਰ-ਸੰਸਥਾਗਤ ਸਾਧਨਾਂ ਜਿਵੇਂ ਸ਼ਾਹੂਕਾਰਾਂ ਜਾਂ ਵੱਡੇ ਕਿਸਾਨਾਂ ਤੋਂ ਵਿਆਜ ਦੀਆਂ ਉੱਚੀਆਂ ਦਰਾਂ 'ਤੇ ਮਿਲਦਾ ਹੈ।

ਪੀੜ੍ਹੀ ਦਰ ਪੀੜ੍ਹੀ ਚੱਲਦੇ ਕਰਜ਼ੇ ਦੀ ਪੰਡ ਦਾ ਭਾਰ ਹੌਲਾ ਨਹੀਂ ਹੁੰਦਾ। ਦਲਿਤ ਪਰਿਵਾਰਾਂ ਵਿਚ ਔਰਤ ਮਜ਼ਦੂਰਾਂ ਦੀ ਆਮਦਨ ਦਾ ਵਧੇਰੇ ਹਿੱਸਾ ਮੁੱਢਲੀਆਂ ਲੋੜਾਂ ਨੂੰ ਪੂਰਨ ਲਈ ਖ਼ਰਚਿਆ ਜਾਂਦਾ ਹੈ ਪਰ ਕਈ ਮਰਦ ਆਪਣੀ ਆਮਦਨ ਦਾ ਵੱਡਾ ਹਿੱਸਾ ਨਸ਼ਿਆਂ 'ਤੇ ਖ਼ਰਚ ਦਿੰਦੇ ਹਨ।

ਕੇਂਦਰ ਤੇ ਸੂਬਾ ਸਰਕਾਰਾਂ 80ਵਿਆਂ ਤੋਂ ਗਰੀਬੀ ਹਟਾਓ, ਧਨ ਤੇ ਆਮਦਨ ਦੀ ਸਮਾਨ ਵੰਡ ਕਰਨ, ਰੁਜ਼ਗਾਰ ਵਧਾਉਣ ਲਈ ਸੈਂਕੜੇ ਪ੍ਰੋਗਰਾਮਾਂ 'ਤੇ ਕਰੋੜਾਂ ਰੁਪਏ ਖ਼ਰਚ ਚੁੱਕੀਆਂ ਹਨ ਪਰ ਇਸ ਵਰਗ ਦਾ ਵਿਕਾਸ ਨਹੀਂ ਹੋ ਸਕਿਆ। ਮੰਗ ਉਠੀ ਹੈ ਕਿ ਗਰੀਬ ਜਨਤਾ ਨੂੰ ਆਟਾ ਦਾਲ ਮੁਫ਼ਤ ਦੇਣ ਦੀ ਬਜਾਏ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਇਸ ਲਈ ਪੇਂਡੂ ਖੇਤਰ ਵਿਚ ਘਰੇਲੂ ਤੇ ਛੋਟੇ ਪੱਧਰ 'ਤੇ ਖੇਤੀ ਆਧਾਰਤ ਉਦਯੋਗ ਸਥਾਪਤ ਕੀਤੇ ਜਾਣ।

# ਕੰਪਨੀਆਂ ਦਾ ਹੀ ਭਲਾ ਕਰ ਰਹੀਆਂ ਨੇ ਲੋਕ ਭਲਾਈ ਸਕੀਮਾਂ

**ਚੰਡੀਗੜ੍ਹ:** ਦੇਸ਼ ਵਿਚ ਸ਼ੁਰੂ ਕੀਤੀਆਂ ਲੋਕ ਭਲਾਈ ਦੀਆਂ ਜ਼ਿਆਦਾਤਰ ਸਕੀਮਾਂ ਆਮ ਲੋਕਾਂ ਦੀ ਥਾਂ ਸਬੰਧਤ ਕੰਪਨੀਆਂ ਨੂੰ ਹੀ ਮਾਲਾਮਾਲ ਕਰ ਰਹੀਆਂ ਹਨ। ਇਹ ਦਾਅਵਾ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਕੀਤੇ ਗਏ ਅੰਕੜਿਆਂ ਵਿਚ ਕੀਤਾ ਗਿਆ ਹੈ। ਅੰਕੜਿਆਂ ਵਿਚ ਸਾਹਮਣੇ ਆਇਆ ਹੈ ਕਿ ਕੌਮੀ ਸਿਹਤ ਬੀਮਾ ਯੋਜਨਾ ਗਰੀਬਾਂ ਦੀ ਬਜਾਏ ਬੀਮਾ ਕੰਪਨੀਆਂ ਦੀ ਭਲਾਈ ਯੋਜਨਾ ਬਣ ਕੇ ਰਹਿ ਗਈ ਹੈ। ਇਸ ਯੋਜਨਾ ਤੋਂ ਬੀਮਾ ਕੰਪਨੀਆਂ ਨੂੰ ਮੋਟੀ ਕਮਾਈ ਹੋ ਰਹੀ ਹੈ ਜਦੋਂ ਕਿ ਸਰਕਾਰ ਵੱਲੋਂ ਕੰਪਨੀਆਂ ਨੂੰ ਦਿੱਤੇ ਜਾਂਦੇ ਪੈਸੇ ਦਾ ਅੱਧਾ ਹਿੱਸਾ ਵੀ ਗਰੀਬਾਂ ਪੱਲੇ ਨਹੀਂ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਕੌਮੀ ਸਿਹਤ ਬੀਮਾ ਯੋਜਨਾ ਭਾਰਤ ਵਿਚ ਇਕ ਅਪਰੈਲ 2008 ਤੋਂ ਸ਼ੁਰੂ ਹੋਈ ਸੀ। ਇਸ ਯੋਜਨਾ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਪਰਿਵਾਰਾਂ ਨੂੰ ਇਸ ਯੋਜਨਾ ਨਾਲ ਜੋੜ ਕੇ 30 ਹਜ਼ਾਰ ਰੁਪਏ ਤੱਕ ਦੇ ਮੁਫ਼ਤ ਸਿਹਤ ਬੀਮੇ ਦੀ ਸਹੂਲਤ ਦਿੱਤੀ ਗਈ ਸੀ। ਗਰੀਬਾਂ ਦੇ ਇਹ ਸਿਹਤ ਬੀਮੇ ਕਰਨ ਲਈ ਵੱਖ-ਵੱਖ ਬੀਮਾ ਕੰਪਨੀਆਂ ਨੂੰ ਸਰਕਾਰ ਵੱਲੋਂ ਪ੍ਰੀਮੀਅਮ ਅਦਾ ਕੀਤਾ ਜਾਂਦਾ ਹੈ। ਬੀਮਾ ਹੋਣ ਤੋਂ ਬਾਅਦ ਕੰਪਨੀਆਂ ਗਰੀਬਾਂ ਨੂੰ ਸਿਹਤ ਬੀਮੇ ਦੇ ਮੁਆਵਜ਼ੇ ਦੀ ਰਕਮ ਅਦਾ ਕਰਦੀਆਂ ਹਨ ਪਰ ਅੰਕੜਿਆਂ ਮੁਤਾਬਕ ਸਰਕਾਰ ਵੱਲੋਂ ਇਸ ਯੋਜਨਾ ਲਈ ਜਾਰੀ ਕੀਤੇ ਪੈਸੇ ਨਾਲ ਸਿਰਫ ਬੀਮਾ ਕੰਪਨੀਆਂ ਦੀਆਂ ਜੇਬਾਂ ਭਰ ਰਹੀਆਂ ਹਨ ਜਦੋਂ ਕਿ ਗਰੀਬ ਲੋਕਾਂ ਨੂੰ ਪ੍ਰੀਮੀਅਮ ਦੇ ਰੂਪ ਵਿਚ ਦਿੱਤੇ ਗਏ ਇਸ ਪੈਸੇ ਦਾ ਅੱਧ ਜਿੰਨਾ ਲਾਭ ਵੀ ਨਹੀਂ ਹੋ ਰਿਹਾ ਹੈ।

### ਕੌਮੀ ਸਿਹਤ ਬੀਮਾ ਯੋਜਨਾ 'ਚ ਵੱਡੇ ਪੱਧਰ 'ਤੇ ਘਾਲਾਮਾਲਾ



ਇਸ ਤਰ੍ਹਾਂ ਕੁੱਲ ਮਿਲਾ ਕੇ ਇਨ੍ਹਾਂ ਦੋ ਵਿੱਤੀ ਵਰ੍ਹਿਆਂ ਵਿਚ ਹੀ ਉੱਤਰ ਪ੍ਰਦੇਸ਼ ਵਿਚ ਤਕਰੀਬਨ 137 ਕਰੋੜ ਰੁਪਏ ਗਰੀਬਾਂ ਦੇ ਬੀਮੇ ਕਰਨ ਲਈ ਕੰਪਨੀਆਂ ਨੂੰ ਸਰਕਾਰੀ ਖਾਤੇ ਵਿਚੋਂ ਅਦਾ ਕੀਤੇ ਗਏ, ਪਰ ਦੂਜੇ ਪਾਸੇ ਯੋਜਨਾ ਲਾਗੂ ਹੋਣ ਤੋਂ ਲੈ ਕੇ 12 ਅਗਸਤ 2014 ਤੱਕ ਗਰੀਬਾਂ ਵੱਲੋਂ ਇਸ ਯੋਜਨਾ ਤਹਿਤ ਸਿਰਫ 43 ਕਰੋੜ ਰੁਪਏ ਦੇ ਕਲੇਮ ਹਾਸਲ ਕੀਤੇ ਹਨ। ਇਸ ਤਰ੍ਹਾਂ ਉੱਤਰ ਪ੍ਰਦੇਸ਼ ਵਿਚ ਵੀ ਇਸ ਯੋਜਨਾ ਤਹਿਤ ਜਾਰੀ ਬੀਮਾ ਕੰਪਨੀਆਂ ਨੂੰ ਕਾਫੀ ਲਾਭ ਹੋਇਆ ਹੈ। ਕਰਨਾਟਕ ਵਿਚ ਸਾਲ 2012-13 ਵਿਚ ਵੀ ਇਸ ਯੋਜਨਾ ਤਹਿਤ ਗਰੀਬਾਂ ਦੇ ਬੀਮੇ ਕਰਨ ਲਈ ਬੀਮਾ ਕੰਪਨੀਆਂ ਨੂੰ ਤਕਰੀਬਨ 45 ਕਰੋੜ ਰੁਪਏ ਦੇ ਪ੍ਰੀਮੀਅਮ ਅਦਾ ਕੀਤੇ ਗਏ ਸਨ ਜਦੋਂਕਿ ਇਸ ਵਿੱਤੀ ਵਰ੍ਹੇ ਦੌਰਾਨ ਗਰੀਬਾਂ ਨੇ ਸਿਰਫ 19 ਕਰੋੜ ਰੁਪਏ ਦੇ ਹੀ ਕਲੇਮ ਲਏ ਸਨ। ਇਸੇ ਤਰ੍ਹਾਂ ਸਾਲ 2013-14 ਵਿਚ ਬੀਮਾ ਕੰਪਨੀਆਂ ਨੂੰ ਕਰਨਾਟਕ ਵਿਚ ਪ੍ਰੀਮੀਅਮ ਵਜੋਂ ਤਕਰੀਬਨ 22 ਕਰੋੜ ਰੁਪਏ ਅਦਾ ਕੀਤੇ ਗਏ ਸਨ, ਜਦੋਂਕਿ ਗਰੀਬਾਂ ਵੱਲੋਂ ਕਲੇਮ ਸਿਰਫ ਅੱਠ ਕਰੋੜ ਰੁਪਏ ਦੇ ਲਏ ਗਏ।

ਸਮੁੱਚੇ ਭਾਰਤ ਵਿਚ ਹੁਣ ਤੱਕ ਤਕਰੀਬਨ 36985740 ਗਰੀਬ ਪਰਿਵਾਰਾਂ ਨੂੰ ਕੌਮੀ ਸਿਹਤ ਬੀਮਾ ਯੋਜਨਾ ਨਾਲ ਜੋੜਿਆ ਗਿਆ ਹੈ ਤੇ ਪਿਛਲੇ ਦੋ ਵਿੱਤੀ ਵਰ੍ਹਿਆਂ ਦੌਰਾਨ ਸਰਕਾਰ ਵੱਲੋਂ ਸਮੁੱਚੇ ਭਾਰਤ ਵਿਚ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਪ੍ਰੀਮੀਅਮ ਵਜੋਂ ਬੀਮਾ ਕੰਪਨੀਆਂ ਨੂੰ ਅਦਾ ਕੀਤੇ ਗਏ ਹਨ ਪਰ ਪ੍ਰਾਪਤ ਅੰਕੜਿਆਂ ਮੁਤਾਬਕ ਅਦਾ ਕੀਤੇ ਗਏ ਦੋ ਹਜ਼ਾਰ ਕਰੋੜ ਰੁਪਏ ਦਾ ਤਕਰੀਬਨ ਇਕ ਤਿਹਾਈ ਹਿੱਸਾ ਹੀ ਕਲੇਮ ਵਜੋਂ ਗਰੀਬ ਵਰਗ ਤੱਕ ਪਹੁੰਚਿਆ ਹੋਵੇਗਾ, ਜਦੋਂਕਿ ਬਾਕੀ ਵੱਡਾ ਹਿੱਸਾ ਬੀਮਾ ਕੰਪਨੀਆਂ ਦੇ ਮੁਨਾਫੇ ਵਿਚ ਜੁੜ ਗਿਆ ਹੋਵੇਗਾ। ਇਸ ਸਮਾਜਿਕ ਕਾਰਕੁਨ ਨੇ ਮੰਗ ਕੀਤੀ ਕਿ ਗਰੀਬਾਂ ਦੇ ਬੀਮੇ ਦੇ ਨਾਂ 'ਤੇ ਕੰਪਨੀਆਂ ਨੂੰ ਹੋ ਰਹੇ ਹਜ਼ਾਰਾਂ ਕਰੋੜ ਰੁਪਏ ਦੇ ਮੁਨਾਫੇ ਨੂੰ ਰੋਕ ਕੇ ਇਸ ਯੋਜਨਾ ਤੇ ਅਜਿਹੀਆਂ ਹੋਰ ਯੋਜਨਾਵਾਂ ਨੂੰ ਗਰੀਬਪੱਖੀ ਤਰੀਕੇ ਨਾਲ ਬਣਾਉਣਾ ਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ।

### ਪੰਜਾਬ 'ਚ ਯੋਜਨਾ ਦਾ ਅੱਧਾ ਪੈਸਾ ਵੀ ਲੋਕਾਂ ਤੱਕ ਨਾ ਪੁੱਜਾ

ਕੌਮੀ ਸਿਹਤ ਬੀਮਾ ਯੋਜਨਾ ਤਹਿਤ ਸਰਕਾਰ ਵੱਲੋਂ ਪੰਜਾਬ ਵਿਚ ਅਗਸਤ 2014 ਤੱਕ ਵੱਖ-ਵੱਖ ਬੀਮਾ ਕੰਪਨੀਆਂ ਨੂੰ ਤਕਰੀਬਨ 42 ਕਰੋੜ ਰੁਪਏ ਦਾ ਪ੍ਰੀਮੀਅਮ ਗਰੀਬਾਂ ਦੇ ਬੀਮੇ ਕਰਨ ਲਈ ਅਦਾ ਕੀਤਾ ਗਿਆ ਹੈ ਪਰ ਇਸ ਪ੍ਰੀਮੀਅਮ ਦੇ ਇਵਜ ਵਿਚ ਗਰੀਬਾਂ ਨੇ ਬੀਮਾ ਕੰਪਨੀਆਂ ਤੋਂ ਸਿਰਫ 18 ਕਰੋੜ ਰੁਪਏ ਦੇ ਹੀ ਕਲੇਮ ਲਏ ਹਨ। ਇਸ ਤਰ੍ਹਾਂ ਇਸ ਯੋਜਨਾ ਤਹਿਤ ਸਰਕਾਰ ਦੇ 42 ਕਰੋੜ ਰੁਪਏ ਵਿਚੋਂ ਗਰੀਬਾਂ ਨੂੰ ਸਿਰਫ 18 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ ਜਦੋਂਕਿ ਬੀਮਾ ਕੰਪਨੀਆਂ ਨੂੰ 24 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿਚ ਸਾਲ 2012-13 ਵਿਚ ਬੀਮਾ ਕੰਪਨੀਆਂ ਨੂੰ ਗਰੀਬਾਂ ਦੇ ਬੀਮੇ ਕਰਨ ਲਈ ਤਕਰੀਬਨ 82 ਕਰੋੜ ਰੁਪਏ ਪ੍ਰੀਮੀਅਮ ਦੇ ਰੂਪ ਵਿਚ ਅਦਾ ਕੀਤੇ ਗਏ ਤੇ ਸਾਲ 2013-14 ਵਿਚ ਤਕਰੀਬਨ 55 ਕਰੋੜ ਰੁਪਏ ਪ੍ਰੀਮੀਅਮ ਦੇ ਰੂਪ ਵਿਚ ਅਦਾ ਕੀਤੇ ਗਏ।

# ਇੰਗਲੈਂਡ ਸਰਕਾਰ ਨੂੰ ਬਿਨਾਂ ਸ਼ਰਤ ਮੁਆਫੀ ਦੀ ਚਿਤਾਵਨੀ

**ਚੰਡੀਗੜ੍ਹ:** ਬਰਤਾਨਵੀ ਸ਼ਾਸਨ ਦੌਰਾਨ ਜੰਗ-ਏ-ਆਜ਼ਾਦੀ ਤਹਿਤ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਦੇਹਾਂ ਨੂੰ 'ਖ਼ੁਰਦ-ਬੁਰਦ' ਕਰਨ ਵਾਸਤੇ ਵਰਤੇ ਗਏ ਗੈਰ-ਮਨੁੱਖੀ ਤੇ ਅਤਿ ਘਿਣਾਉਣੇ ਤਰੀਕੇ ਬਾਰੇ ਇੰਗਲੈਂਡ ਸਰਕਾਰ ਤੋਂ ਬਿਨਾ ਸ਼ਰਤ ਮੁਆਫ਼ੀ ਮੰਗਣ ਦੀ ਮੰਗ ਕੀਤੀ ਗਈ ਹੈ।

ਐਡਵੋਕੇਟ ਹਰੀ ਚੰਦ ਅਰੋੜਾ ਵੱਲੋਂ ਇਸ ਮੁੱਦੇ ਉੱਤੇ ਨਵੀਂ-ਦਿੱਲੀ ਸਥਿਤ ਬਰਤਾਨਵੀ ਹਾਈ ਕਮਿਸ਼ਨ ਨੂੰ ਪੱਤਰ ਲਿਖਦਿਆਂ ਬਿਨਾ ਸ਼ਰਤ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ ਤੇ ਇਸ ਬਾਰੇ ਬੀਤੀ 8 ਜੂਨ 2013 ਨੂੰ ਬਰਤਾਨੀਆ ਸਰਕਾਰ ਵੱਲੋਂ ਕੀਨੀਆ ਦੇ ਵਿਦਰੋਹੀਆਂ 'ਤੇ ਤਸ਼ੱਦਦ ਨੂੰ ਲੈ ਕੇ ਮੁਆਫ਼ੀ ਮੰਗੇ ਜਾਣ ਦੇ ਨਾਲ-ਨਾਲ 20 ਮਿਲੀਅਨ ਪੌਂਡ ਦਾ ਭੁਗਤਾਨ ਵੀ ਕੀਤਾ ਗਿਆ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਭਾਰਤ ਵਿਚ ਬਰਤਾਨਵੀ ਹਾਈ ਕਮਿਸ਼ਨਰ ਖ਼ੁਦ ਖਟਕੜ ਕਲਾਂ ਆਉਣ ਤੇ ਉਥੇ ਮੌਜੂਦ ਵਿਜ਼ਟਰ ਬੁੱਕ ਵਿਚ ਮੁਆਫੀਨਾਮਾ ਦਰਜ ਕਰਨ। ਇਸ ਬਾਰੇ ਆਉਂਦੇ ਦੋ ਮਹੀਨਿਆਂ ਵਿਚ ਮੁਆਫ਼ੀ ਨਾ ਮੰਗੇ ਜਾਣ ਦੀ ਸੂਰਤ ਵਿਚ ਮੌਜੂਦ ਕੌਮਾਂਤਰੀ ਕਾਨੂੰਨਾਂ ਤਹਿਤ ਮੁੱਦਾ ਨਜਿੱਠਣ ਦੀ ਚਿਤਾਵਨੀ ਦਿੱਤੀ ਗਈ ਹੈ।

ਇਸ ਬਾਰੇ ਭਾਰਤੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਸਾਲ 2007 ਵਿਚ ਪ੍ਰਕਾਸ਼ਿਤ ਕੀਤੀ ਗਈ ਕਿਤਾਬ 'ਭਗਤ ਸਿੰਘ-ਦ ਇੰਟਰਨਲ ਰੇਬੇਲ' (ਲੇਖਕ ਮਲਵਿੰਦਰਜੀਤ ਸਿੰਘ ਵੜੈਚ) ਵਿਚ ਵੀ ਵੇਰਵਾ ਮਿਲਦਾ ਹੈ ਕਿ ਅੰਗਰੇਜ਼ ਸਰਕਾਰ ਨੇ ਲੋਕ ਰੋਹ ਨੂੰ ਵੇਖਦਿਆਂ ਅਦਾਲਤ ਵੱਲੋਂ ਤੈਅ ਤਰੀਕ ਤੋਂ ਇਕ ਦਿਨ ਪਹਿਲਾਂ 23 ਮਾਰਚ, 1931 ਦੀ ਸ਼ਾਮ ਤਕਰੀਬਨ 7 ਵਜੇ ਹੀ ਇਨ੍ਹਾਂ ਤਿੰਨਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇ ਦਿੱਤੀ ਗਈ। ਇਤਿਹਾਸਕ ਹਵਾਲਿਆਂ ਮੁਤਾਬਕ ਜੇਲ੍ਹ ਦੇ ਬਾਹਰ ਵੱਡੀ ਗਿਣਤੀ ਲੋਕਾਂ ਦਾ ਇਕੱਠ ਹੁੰਦਾ ਵੇਖ ਲਾਸ਼ਾਂ ਦੇ ਟੁਕੜੇ ਕਰ ਬੋਰੀਆਂ ਵਿਚ ਬੰਨ੍ਹ ਕੇ ਜੇਲ੍ਹ ਦੇ ਪਿਛਲੇ ਦਰਵਾਜ਼ਿਓਂ ਟਰੱਕ ਰਾਹੀਂ ਬਾਹਰ ਕੱਢਿਆ ਗਿਆ ਤੇ ਫ਼ਿਰੋਜ਼ਪੁਰ ਨੇੜੇ ਹੁਸੈਨੀਵਾਲਾ ਵਿਖੇ ਸਤਲੁਜ ਕੰਢੇ ਚੋਰੀ-ਚੋਰੀ ਬੜੀ ਹੀ ਕਾਹਲੀ ਨਾਲ ਮਿੱਟੀ ਦਾ ਤੇਲ ਛਿੜਕ ਸਸਕਾਰ ਕਰਨ ਦੀ ਕੋਸ਼ਿਸ਼ ਕੀਤੀ ਗਈ।

### ਸ਼ਹੀਦਾਂ ਦੀਆਂ ਲਾਸ਼ਾਂ ਦੀ ਬੇਅਦਬੀ ਦਾ ਮਾਮਲਾ



*ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਅਸਲ ਤਸਵੀਰਾਂ।*

# ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ 'ਤੇ ਟੈਕਸ ਦਾ ਵਿਰੋਧ

**ਜਲੰਧਰ:** ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ ਉਤੇ ਸਰਵਿਸ ਟੈਕਸ ਲਾਉਣ ਦੇ ਫ਼ੈਸਲੇ ਬਾਰੇ ਐਨ.ਆਰ.ਆਈ ਤੇ ਸਥਾਨਕਾਂ ਲੋਕਾਂ ਵੱਲੋਂ ਨਾਰਾਜ਼ਗੀ ਜਤਾਈ ਜਾ ਰਹੀ ਹੈ। ਮਨੀਚੇਂਜਰਾਂ ਨੇ ਵੀ ਆਪਣੇ ਕਾਰੋਬਾਰ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਪ੍ਰਗਟ ਕੀਤਾ ਹੈ।

ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਬਾਰੇ ਕੇਂਦਰ ਸਰਕਾਰ ਨਾਲ ਗੱਲ ਕਰਨ ਦਾ ਭਰੋਸਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਸੇਵਾ ਕਰ ਵਿਭਾਗ ਨੇ ਬੀਤੇ ਦਿਨੀਂ ਵਿਦੇਸ਼ਾ ਤੋਂ ਆਉਣ ਵਾਲੇ ਪੈਸੇ 'ਤੇ 12.36 ਫ਼ੀਸਦ ਟੈਕਸ ਲਾਉਣ ਦਾ ਫ਼ੈਸਲਾ ਕੀਤਾ ਹੈ ਤੇ ਮਨੀਚੇਂਜਰਾਂ ਨੂੰ ਇਸ ਬਾਰੇ ਪੱਤਰ ਵੀ ਜਾਰੀ ਕਰ ਦਿੱਤੇ ਗਏ ਹਨ। ਹਾਲਾਂਕਿ ਮਨੀਚੇਂਜਰਾਂ ਦਾ ਕਹਿਣਾ ਹੈ ਕਿ ਇਸ ਪੱਤਰ ਵਿਚ ਕੁਝ ਹਦਾਇਤਾਂ ਹਾਲੇ ਸਪਸ਼ਟ ਨਹੀਂ ਹਨ ਪਰ ਇਹ ਗੱਲ ਪੱਕੀ ਹੈ ਕਿ ਇਹ ਟੈਕਸ ਉਸ ਨੂੰ ਅਦਾ ਕਰਨਾ ਪਵੇਗਾ ਜੋ ਵਿਦੇਸ਼ ਤੋਂ ਪੈਸਾ ਭੇਜ ਰਿਹਾ ਹੈ। ਮਨੀਚੇਂਜਰਾਂ ਨੇ ਖ਼ਦਸ਼ਾ ਪ੍ਰਗਟ ਕੀਤਾ ਹੈ ਕਿ ਇਸ ਫ਼ੈਸਲੇ ਨਾਲ ਜਿਥੇ ਉਨ੍ਹਾਂ ਦੇ ਕਾਰੋਬਾਰ ਦਾ ਨੁਕਸਾਨ ਹੋਵੇਗਾ ਤੇ ਵਿਦੇਸ਼ਾਂ ਤੋਂ ਹਵਾਲਾ ਰਾਸ਼ੀ ਆਉਣ ਦਾ ਕੰਮ ਵੱਧੇਗਾ। ਇਸ ਟੈਕਸ ਨਾਲ ਪੈਸਾ ਭੇਜਣ ਵਾਲੇ 'ਤੇ ਬੋਝ ਵਧ ਜਾਵੇਗਾ। ਐਨ.ਆਰ.ਆਈ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ ਨੇ ਕਿਹਾ ਕਿ ਇਹ ਫ਼ੈਸਲਾ ਜਨ-ਵਿਰੋਧੀ ਹੈ ਤੇ ਉਹ ਇਸ ਦਾ ਵਿਰੋਧ ਕਰਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚੋਂ ਹੀ ਨਹੀਂ ਸਗੋਂ ਦੇਸ਼ ਭਰ ਵਿਚੋਂ ਰੋਜ਼ੀ ਰੋਟੀ ਕਮਾਉਣ ਲਈ ਬਹੁਤ ਸਾਰੇ ਲੋਕ ਵਿਦੇਸ਼ ਗਏ ਹਨ। ਸਰਕਾਰ ਦਾ ਇਹ ਫ਼ੈਸਲਾ ਹਵਾਲਾ ਰਾਸ਼ੀ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਉਤਸ਼ਾਹਤ ਕਰਨ ਵਾਲਾ ਹੈ। ਸ੍ਰੀ ਗਿੱਲ ਨੇ ਕਿਹਾ ਕਿ ਇਹ ਫ਼ੈਸਲਾ ਇਥੇ ਨਿਵੇਸ਼ ਕਰਨ ਵਾਲੇ ਐਨ.ਐਰ.ਆਈਜ਼ ਲਈ ਝਟਕਾ ਹੈ।

# ਦੇਹਰਾਦੂਨ ਵਿਚ ਸਿੱਖ ਪਰਿਵਾਰ ਦੇ ਚਾਰ ਜੀਆਂ ਦੀ ਹੱਤਿਆ

**ਦੇਹਰਾਦੂਨ:** ਇਥੇ ਆਦਰਸ਼ ਨਗਰ ਇਲਾਕੇ ਵਿਚ 21 ਸਾਲਾ ਨੌਜਵਾਨ ਵੱਲੋਂ ਆਪਣੇ ਪਿਤਾ ਸਮੇਤ ਪਰਿਵਾਰ ਦੇ ਚਾਰ ਜੀਆਂ ਦੀ ਹੱਤਿਆ ਕਰ ਦਿੱਤੀ।

ਪੁਲਿਸ ਮੁਤਾਬਕ ਹਰਮੀਤ ਸਿੰਘ ਨੇ ਆਪਣੇ 65 ਸਾਲਾ ਪਿਤਾ ਜੈ ਸਿੰਘ, 60 ਸਾਲਾ ਮਾਤਾ ਕੁਲਵੰਤ ਕੌਰ ਤੇ ਉਨ੍ਹਾਂ ਵੱਲੋਂ ਗੋਦ ਲਈ ਧੀ ਤੇ ਉਸ ਦੇ ਤਿੰਨ ਸਾਲਾ ਬੱਚੇ ਨੂੰ ਚਾਕੂ ਨਾਲ ਵਾਰ ਕਰਕੇ ਮਾਰ ਦਿੱਤਾ। ਹਰਮੀਤ ਸਿੰਘ ਜਿਸ ਦੀ ਦਿਮਾਗੀ ਹਾਲਤ ਠੀਕ ਨਹੀਂ ਦੱਸੀ ਜਾਂਦੀ, ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਮੁਤਾਬਕ ਘਟਨਾ ਪਿੱਛੇ ਕੋਈ ਪਰਿਵਾਰਕ ਝਗੜਾ ਹੋ ਸਕਦਾ ਹੈ। ਜੈ ਸਿੰਘ ਨੇ ਦੋ ਵਿਆਹ ਕਰਵਾਏ ਸਨ ਤੇ ਉਸ ਨੇ ਆਪਣੇ ਕਿਸੇ ਰਿਸ਼ਤੇਦਾਰ ਦੀ ਲੜਕੀ ਨੂੰ ਗੋਦ ਲਿਆ ਸੀ। ਹਰਮੀਤ ਸਿੰਘ ਉਸ ਦੀ ਦੂਜੀ ਪਤਨੀ ਦੀ ਔਲਾਦ ਹੈ।

# ਇਨਸਾਫ ਮਾਰਚ: ਘੱਟ ਗਿਣਤੀਆਂ ਨੂੰ ਇਕ ਮੰਚ 'ਤੇ ਆਉਣ ਦਾ ਸੱਦਾ

**ਹੁਸ਼ਿਆਰਪੁਰ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਵਿਰੋਧ ਵਿਚ ਇਨਸਾਫ਼ ਦੀ ਮੰਗ ਲਈ ਤਿੰਨ ਨਵੰਬਰ ਨੂੰ ਘੱਟ ਗਿਣਤੀਆਂ ਵੱਲੋਂ ਇਕੱਠੇ ਹੋ ਕੇ ਇਨਸਾਫ ਮਾਰਚ ਕਰਦਿਆਂ ਯੂ.ਐਨ.ਓ. ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਦਿੱਲੀ ਸਥਿਤ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਇਕ ਸਾਂਝਾ ਮੰਗ ਪੱਤਰ ਦੇਣ ਦਾ ਫ਼ੈਸਲਾ ਕੀਤਾ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਬੁਲਾਰੇ ਕੰਵਰਪਾਲ ਸਿੰਘ ਸਿੰਘ ਤੇ ਡਾ. ਮਨਜਿੰਦਰ ਸਿੰਘ ਜੰਡ ਨੇ ਦੱਸਿਆ ਕਿ ਨਵਬੰਰ 1984 ਦੇ ਸਿੱਖ ਕਤਲੇਆਮ ਦੇ 30 ਸਾਲਾ ਮੌਕੇ ਭਾਰਤ ਅੰਦਰ ਵਸਦੀਆਂ ਘੱਟ-ਗਿਣਤੀ ਕੌਮਾਂ ਜੋ ਨਸਲਕੁਸ਼ੀ ਦੀ ਰਾਜਨੀਤੀ ਦਾ ਸ਼ਿਕਾਰ ਹੋਈਆਂ ਹਨ, ਤਿੰਨ ਨਵੰਬਰ ਨੂੰ ਇਕੱਠੀਆਂ ਹੋ ਕੇ ਦਿੱਲੀ ਵਿਚ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੂੰ ਇਕ ਸਾਂਝਾ ਯਾਦ-ਪੱਤਰ ਦੇਣਗੀਆਂ।

ਉਨ੍ਹਾਂ ਆਖਿਆ ਕਿ ਇਹ ਪਹਿਲੀ ਵਾਰ ਹੈ ਕਿ ਭਾਰਤ ਭਰ ਵਿਚ ਵੱਸਦੀਆਂ ਘੱਟ-ਗਿਣਤੀ ਕੌਮਾਂ ਨਾਲ ਸਬੰਧਤ ਸੰਘਰਸ਼ੀਲ ਜਥੇਬੰਦੀਆਂ, ਇਕ ਪਲੇਟ ਫਾਰਮ 'ਤੇ ਇਕੱਠੀਆਂ ਹੋ ਕੇ ਆਪਣੀ ਆਵਾਜ਼ ਵਿਸ਼ਵ ਪੱਧਰ 'ਤੇ ਪਹੁੰਚਾਉਣ ਜਾ ਰਹੀਆਂ ਹਨ। ਘੱਟ-ਗਿਣਤੀ ਕੌਮਾਂ ਦਾ ਇਕੱਠੇ ਹੋ ਕੇ ਸੰਯਕੁਤ ਰਾਸ਼ਟਰ ਕੋਲ ਜਾਣਾ ਰਾਜਸੀ ਹਲਕਿਆ ਵਿਚ ਚਰਚਾ ਦਾ ਵਿਸ਼ਾ ਹੈ ਤੇ ਇਸ ਨੂੰ ਕਾਫੀ ਮਹੱਤਵਪੂਰਨ ਵੀ ਮੰਨਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਦਲ ਖ਼ਾਲਸਾ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਚ ਕਰਵਾਈ ਜਾ ਰਹੀ ਇਸ 'ਹੱਕ ਤੇ ਇਸਨਾਫ ਰੈਲੀ' ਵਿਚ ਨਾਗਾਲੈਂਡ, ਮਨੀਪੁਰ, ਤਾਮਿਲਨਾਡੂ, ਕਸ਼ਮੀਰ ਤੋਂ ਨੁਮਾਇੰਦੇ ਪਹੁੰਚ ਰਹੇ ਹਨ, ਜੋ ਬੀਤੇ 30 ਸਾਲਾਂ ਵਿਚ ਸਮੇਂ ਦੀ ਹਾਕਮ ਧਿਰ ਵੱਲੋਂ ਵੱਖ-ਵੱਖ ਸਮੇਂ 'ਤੇ ਕੀਤੇ ਗਏ ਜ਼ੁਲਮਾਂ ਬਾਰੇ ਆਪਣੀ ਗਾਥਾ ਸੁਣਾਉਣਗੇ। ਆਗੂਆਂ ਨੇ ਆਖਿਆ ਕਿ ਉਨ੍ਹਾਂ ਨਸਲਕੁਸ਼ੀ ਦੀ ਰਾਜਨੀਤੀ ਦੀ ਸ਼ਿਕਾਰ ਇਨ੍ਹਾਂ ਕੌਮਾਂ ਦੇ ਨੁਮਾਇੰਦਿਆਂ ਨੂੰ ਇਕ ਪਲੇਟਫਾਰਮ ਉੱਤੇ ਇਕੱਠਾ ਹੋਣ ਦਾ ਸੱਦਾ ਦਿੱਤਾ ਸੀ, ਜੋ ਉਨ੍ਹਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ।

ਉਨਾਂ ਆਖਿਆ ਕਿ ਸਿੱਖ ਕੌਮ ਦਾ ਦਰਦ ਵੰਡਾਉਣ ਤੇ ਇੱਕਜੁਟਤਾ ਦਾ ਪ੍ਰਗਟਾਵਾ ਕਰਨ ਲਈ ਉਕਤ ਆਗੂ ਇਸ ਮਾਰਚ ਵਿਚ ਸ਼ਮੂਲੀਅਤ ਕਰਨਗੇ। ਆਗੂਆਂ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਘੱਟ-ਗਿਣਤੀਆਂ ਦਾ ਮੰਨਣਾ ਹੈ ਕਿ ਸਮੇਂ ਦੀ ਹਾਕਮ ਧਿਰ ਨੇ ਸਾਰਿਆਂ ਨੂੰ ਮਾਰਿਆ ਤੇ ਕੁੱਟਿਆ ਹੈ ਤੇ ਉਨ੍ਹਾਂ ਦਾ ਮਾਨ-ਸਨਮਾਨ ਰੋਲਿਆ ਹੈ। ਇਸ ਮਾਰਚ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਅਕਾਲੀ ਦਲ ਪੰਚ ਪ੍ਰਧਾਨੀ ਦੇ ਪ੍ਰਧਾਨ ਜਥੇਦਾਰ ਕੁਲਬੀਰ ਸਿੰਘ ਬੜਾਪਿੰਡ, ਯੂਨਾਈਟਿਡ ਸਿੱਖ ਮੂਵਮੈਂਟ ਦੇ ਭਾਈ ਮੋਹਕਮ ਸਿੰਘ, ਗੁਰਦੁਆਰਾ ਪਾਤਸ਼ਾਹੀ ਨੌਵੀਂ ਜਲੰਧਰ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ ਤੇ ਹੋਰ ਸ਼ਾਮਲ ਹੋਣਗੇ।

ਜ਼ਿਕਰਯੋਗ ਹੈ ਕਿ ਦਲ ਖ਼ਾਲਸਾ ਹੋਰਨਾਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਦੋ ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਯੂ.ਐਨ.ਓ. ਦੇ ਦਫ਼ਤਰ ਤੱਕ 'ਹੱਕ ਤੇ ਇਨਸਾਫ' ਮਾਰਚ ਕਰ ਰਿਹਾ ਹੈ, ਜੋ ਕਰਤਾਰਪੁਰ, ਜਲੰਧਰ, ਲੁਧਿਆਣਾ, ਖੰਨਾ, ਫਤਹਿਗੜ੍ਹ ਸਾਹਿਬ ਹੁੰਦਾ ਹੋਇਆ ਤਿੰਨ ਨਵੰਬਰ ਨੂੰ ਤੜਕੇ ਦਿੱਲੀ ਪਹੁੰਚੇਗਾ।

### ਤਿੰਨ ਨਵੰਬਰ ਨੂੰ ਦਿੱਤਾ ਜਾਵੇਗਾ ਯੂ.ਐਨ.ਓ. ਅਧਿਕਾਰੀਆਂ ਨੂੰ ਮੰਗ ਪੱਤਰ



# ਸੰਗਤ ਦਾ ਮਾਰਗ ਦਰਸ਼ਨ ਕਰੇਗਾ ਪ੍ਰਵੇਸ਼ ਦੁਆਰ ਪਲਾਜ਼ਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਬਣ ਰਿਹਾ ਜ਼ਮੀਨਦੋਜ਼ ਪ੍ਰਵੇਸ਼ ਦੁਆਰ ਪਲਾਜ਼ਾ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਹਰਿਮੰਦਰ ਸਾਹਿਬ ਦੇ ਇਤਿਹਾਸ, ਸਿੱਖ ਧਰਮ ਤੇ ਇਸ ਦੇ ਸਿਧਾਂਤ, ਮਰਿਆਦਾ ਆਦਿ ਬਾਰੇ ਹਰ ਪੱਧਰ ਦੀ ਜਾਣਕਾਰੀ ਅਤਿ ਆਧੁਨਿਕ ਢੰਗ ਨਾਲ ਮੁਹੱਈਆ ਕਰਵਾਉਣ ਦੇ ਸਮਰੱਥ ਹੋਵੇਗਾ। ਜ਼ਮੀਨਦੋਜ਼ ਪਲਾਜ਼ੇ ਦਾ ਉਪਰਲਾ ਵਿਹੜਾ ਸੰਗਤ ਨੂੰ ਸਮਰਪਤ ਕਰ ਦਿੱਤਾ ਗਿਆ ਹੈ ਜਿਸ ਨਾਲ ਰੋਜ਼ਾਨਾ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਵੱਡੀ ਰਾਹਤ ਮਿਲੇਗੀ।

ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦੀ ਉਸਾਰੀ ਮਈ 2010 ਵਿਚ ਸ਼ੁਰੂ ਕੀਤੀ ਗਈ ਸੀ। ਇਹ ਪਲਾਜ਼ਾ ਤਕਰੀਬਨ 8200 ਵਰਗ ਗਜ ਰਕਬੇ ਵਿਚ ਉਸਾਰਿਆ ਜਾ ਰਿਹਾ ਹੈ, ਜਿਸ ਦੇ ਪਹਿਲੇ ਪੜਾਅ ਵਿਚ ਉਪਰਲਾ ਹਿੱਸਾ ਤਿਆਰ ਕੀਤਾ ਗਿਆ ਹੈ। ਇਸ ਵਿਚ ਜੋੜਾ ਘਰ ਤੇ ਗਠੜੀ ਘਰ ਆਦਿ ਸ਼ਾਮਲ ਹਨ। ਬਾਕੀ ਖੇਤਰ ਨੂੰ ਖੁੱਲ੍ਹਾ ਰੱਖਿਆ ਗਿਆ ਹੈ, ਜਿਸ ਨੇ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਨੂੰ ਨਵੀਂ ਦਿੱਖ ਦਿੱਤੀ ਹੈ। ਇਸ ਦੇ ਜ਼ਮੀਨਦੋਜ਼ ਹਿੱਸੇ ਵਿਚ ਯਾਤਰੂਆਂ ਲਈ ਵੱਖ-ਵੱਖ ਸਹੂਲਤਾਂ ਹੋਣਗੀਆਂ। ਜ਼ਮੀਨਦੋਜ਼ ਹਿੱਸੇ ਵਿਚ ਸੂਚਨਾ ਘਰ, ਅਤਿ ਆਧੁਨਿਕ ਮਲਟੀ ਮੀਡੀਆ ਹਾਲ, ਬੈਂਕ, ਏ.ਟੀ.ਐਮ., ਰੇਲ ਤੇ ਹਵਾਈ ਸੇਵਾ ਪੁੱਛਗਿੱਛ ਕੇਂਦਰ, ਪਖਾਨੇ ਤੇ ਹੋਰ ਵਿਸ਼ੇਸ਼ ਪ੍ਰਬੰਧ ਹੋਣਗੇ। ਇਹ ਇਮਾਰਤੀ ਹਿੱਸਾ ਦੂਜੇ ਪੜਾਅ ਵਿਚ ਬਣਾਇਆ ਜਾ ਰਿਹਾ ਹੈ, ਜਿਸ ਨੂੰ ਮੁਕੰਮਲ ਹੋਣ ਵਿਚ ਤਕਰੀਬਨ ਇਕ ਸਾਲ ਹੋਰ ਲੱਗਣ ਦੀ ਸੰਭਾਵਨਾ ਹੈ। ਹਰਿਮੰਦਰ ਸਾਹਿਬ ਮੁੱਖ ਪ੍ਰਵੇਸ਼ ਦੁਆਰ ਪਲਾਜ਼ਾ ਨੂੰ ਬਣਾਉਣ ਦਾ ਸੁਪਨਾ ਪੰਜਾਬ ਸਰਕਾਰ ਦੇ ਇਕ ਆਈ.ਏ.ਐਸ. ਅਧਿਕਾਰੀ ਕੇ.ਐਸ. ਪੰਨੂ ਵੱਲੋਂ ਦੇਖਿਆ ਗਿਆ ਸੀ, ਜੋ ਉਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵਜੋਂ ਤਾਇਨਾਤ ਸਨ। ਉਨ੍ਹਾਂ ਨੇ ਬੈਂਕਾਕ ਸਥਿਤ ਇਕ ਬੁੱਧ ਮੰਦਰ ਬਾਰੇ ਸੁਣਿਆ ਸੀ ਤੇ ਉਸ ਨੂੰ ਦੇਖਣ ਮਗਰੋਂ ਹਰਿਮੰਦਰ ਸਾਹਿਬ ਦੇ ਬਾਹਰ ਖਾਲੀ ਜਗ੍ਹਾ 'ਤੇ ਅਜਿਹਾ ਹੀ ਜ਼ਮੀਨਦੋਜ਼ ਪਲਾਜ਼ਾ ਬਣਾਉਣ ਦਾ ਸੁਪਨਾ ਸਿਰਜਿਆ। ਉਨ੍ਹਾਂ ਇਸ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗੱਲ ਸਾਂਝੀ ਕੀਤੀ। ਇਸ ਮਗਰੋਂ ਯੋਜਨਾ ਨੂੰ ਅਮਲ ਵਿਚ ਲਿਆਂਦਾ। ਸ੍ਰੀ ਪੰਨੂ ਦੀ ਸੋਚ ਸੀ ਕਿ ਹਰਿਮੰਦਰ ਸਾਹਿਬ ਦੇ ਬਾਹਰ ਖਾਲੀ ਜਗ੍ਹਾ ਵਿਚ ਜ਼ਮੀਨਦੋਜ਼ ਪਲਾਜ਼ਾ ਬਣੇ, ਜਿਥੇ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਹਰਿਮੰਦਰ ਸਾਹਿਬ ਦੇ ਇਤਿਹਾਸ, ਸਿੱਖ ਧਰਮ ਤੇ ਇਸ ਦੇ ਸਿਧਾਂਤ, ਮਰਿਆਦਾ ਆਦਿ ਬਾਰੇ ਹਰ ਪੱਧਰ ਦੀ ਜਾਣਕਾਰੀ ਅਤਿ ਆਧੁਨਿਕ ਢੰਗ ਨਾਲ ਮੁਹੱਈਆ ਕੀਤੀ ਜਾਵੇ ਤਾਂ ਜੋ ਸ਼ਰਧਾਲੂਆਂ ਨੂੰ ਮੱਥਾ ਟੇਕਣ ਸਮੇਂ ਨਾ ਕੋਈ ਔਖ ਨਾ ਆਵੇ।

ਸ੍ਰੀ ਪੰਨੂ ਨੇ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਜ਼ਮੀਨਦੋਜ਼ ਪਲਾਜ਼ਾ ਵਿਚ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਸਿੱਖ ਧਰਮ, ਸ੍ਰੀ ਹਰਿਮੰਦਰ ਸਾਹਿਬ ਤੇ ਇਸ ਦੇ ਸਿਧਾਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਆਦਿ ਬਾਰੇ ਜਾਣਕਾਰੀ ਦੇਣ ਲਈ ਵਿਦਵਾਨ ਸਿੱਖ ਮਾਹਿਰਾਂ ਦੀ ਕਮੇਟੀ ਦਾ ਗਠਨ ਕੀਤਾ ਜਾਵੇ, ਜੋ ਇਸ ਮਾਮਲੇ ਨੂੰ ਬਾਰੀਕੀ ਨਾਲ ਵਿਚਾਰੇ ਤੇ ਸੈਲਾਨੀਆਂ ਨੂੰ ਜਾਣਕਾਰੀ ਦੇਣ ਲਈ ਸਕਰਿਪਟ ਤਿਆਰ ਕਰੇ। ਇਸ ਨੂੰ ਅਤਿ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਦਰਸਾਇਆ ਜਾਵੇ। ਪਲਾਜ਼ਾ ਦੀ ਰੂਪ ਰੇਖਾ ਤਿਆਰ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦਾ ਸਹਿਯੋਗ ਲਿਆ ਗਿਆ ਸੀ, ਜਿਸ ਨੇ ਡਿਜ਼ਾਇਨ ਤਿਆਰ ਕਰਾਉਣ ਲਈ ਵਿਸ਼ਵ ਪੱਧਰੀ ਮੁਕਾਬਲਾ ਕਰਾਇਆ ਤੇ ਮੁਕਾਬਲੇ ਵਿਚ ਪਹਿਲੇ ਸਥਾਨ 'ਤੇ ਆਏ ਡਿਜ਼ਾਇਨ ਨੂੰ ਪਲਾਜ਼ਾ ਲਈ ਚੁਣਿਆ ਗਿਆ। ਸਰਕਾਰ ਵੱਲੋਂ ਡਿਜ਼ਾਇਨ ਤਿਆਰ ਕਰਨ ਵਾਲੇ ਮਾਹਿਰ ਨੂੰ ਵਿਸ਼ੇਸ਼ ਇਨਾਮ ਵੀ ਦਿੱਤਾ ਗਿਆ ਸੀ।

### ਸਿੱਖ ਸਿਧਾਂਤਾਂ ਬਾਰੇ ਆਧੁਨਿਕ ਢੰਗ ਨਾਲ ਜਾਣਕਾਰੀ ਮੁਹੱਈਆ ਕਰਨ ਦੇ ਸਮਰੱਥ



### ਸ਼ਰਧਾਲੂਆਂ ਨੂੰ ਮਿਲੇਗੀ ਵੱਡੀ ਰਾਹਤ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੂਹਰੇ ਬਣੇ ਜ਼ਮੀਨਦੋਜ਼ ਪਲਾਜ਼ੇ ਦਾ ਉਪਰਲਾ ਵਿਹੜਾ ਸੰਗਤ ਦੇ ਸਮਰਪਤ ਹੋਣ ਨਾਲ ਰੋਜ਼ਾਨਾ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਬਜਟ ਤਹਿਤ ਪਲਾਜ਼ਾ ਪ੍ਰੋਜੈਕਟ 'ਤੇ 70 ਤੋਂ 80 ਕਰੋੜ ਰੁਪਏ ਤੱਕ ਹੀ ਖਰਚ ਕਰਨ ਦੀ ਤਜਵੀਜ਼ ਸੀ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਮਹੱਤਤਾ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਇਸ ਪ੍ਰੋਜੈਕਟ 'ਤੇ 130 ਕਰੋੜ ਰੁਪਏ ਖਰਚਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਵੇਸ਼ ਦੁਆਰ ਪਲਾਜ਼ਾ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਹਰਿਮੰਦਰ ਸਾਹਿਬ ਦੇ ਇਤਿਹਾਸ, ਸਿੱਖ ਧਰਮ ਤੇ ਇਸ ਦੇ ਸਿਧਾਂਤ, ਮਰਿਆਦਾ ਆਦਿ ਬਾਰੇ ਹਰ ਪੱਧਰ ਦੀ ਜਾਣਕਾਰੀ ਅਤਿ ਆਧੁਨਿਕ ਢੰਗ ਨਾਲ ਮੁਹੱਈਆ ਕਰਵਾਉਣ ਦੇ ਸਮਰੱਥ ਹੋਵੇਗਾ।

### ਪਾਨ ਵੇਚਣ ਵਾਲੇ ਨੂੰ ਆਇਆ 132 ਕਰੋੜ ਦਾ ਬਿਜਲੀ ਬਿੱਲ

**ਗੋਹਾਣਾ:** ਹਰਿਆਣਾ ਦੇ ਇਕ ਪਾਨ ਵਿਕ੍ਰੇਤਾ ਨੂੰ ਅਕਤੂਬਰ ਲਈ ਬਿਜਲੀ ਦਾ ਬਿੱਲ 132.29 ਕਰੋੜ ਰੁਪਏ ਆਇਆ ਹੈ। ਰਾਜੇਸ਼ ਚੌਟਾਲਾ ਸੋਨੀਪਤ ਜ਼ਿਲ੍ਹੇ ਦੇ ਗੋਹਾਣਾ ਸ਼ਹਿਰ ਵਿਚ ਪਾਨ ਦੀ ਦੁਕਾਨ ਕਰਦਾ ਹੈ। ਉਸ ਮੁਤਾਬਕ ਉਹ ਸਿਰਫ ਇਕ ਬਲਬ ਤੇ ਪੱਖਾ ਚਲਾਉਂਦਾ ਹੈ ਤੇ ਆਮ ਤੌਰ 'ਤੇ ਇਹ ਬਿੱਲ 900 ਰੁਪਏ ਤੋਂ ਘੱਟ ਹੀ ਆਉਂਦਾ ਹੈ। ਇਹ ਬਿੱਲ ਹਰਿਆਣਾ ਬਿਜਲੀ ਵੰਡ ਨਿਗਮ ਨੇ ਭੇਜਿਆ ਹੈ।ਰਾਜੇਸ਼ ਨੇ ਜਦੋਂ ਇਸ ਬਾਰੇ ਹਰਿਆਣਾ ਬਿਜਲੀ ਵੰਡ ਨਿਗਮ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਤਾਂ ਉਨ੍ਹਾਂ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਰਾਜੇਸ਼ ਦਾ 14 ਅਕਤੂਬਰ ਤੱਕ ਦਾ ਦੋ ਮਹੀਨਿਆਂ ਦਾ ਬਿਜਲੀ ਦਾ ਬਿੱਲ 232 ਯੂਨਿਟਾਂ ਦੀ ਖਪਤ ਦੇ ਹਿਸਾਬ ਨਾਲ 1668 ਰੁਪਏ ਬਣਦਾ ਹੈ ਪਰ ਨਵੀਂ ਜਾਰੀ ਕੀਤੇ ਆਨਲਾਈਨ ਬਿਲਿੰਗ ਸਾਫਟੇਅਰ ਵਿਚ ਤਕਨੀਕੀ ਨੁਕਸ ਕਾਰਨ ਖਪਤ ਕੀਤੀਆਂ ਯੂਨਿਟਾਂ 19 ਕਰੋੜ ਦਰਸਾਈਆਂ ਗਈਆਂ ਜਿਸ ਕਰਕੇ ਇਹ ਵੱਡੀ ਗਲਤੀ ਹੋਈ।

# ਬੈਲਜੀਅਮ ਦਾ ਗੁਰਦੁਆਰਾ ਮਹੀਨੇ ਲਈ ਬੰਦ ਕੀਤਾ

**ਬਰੱਸਲਜ਼:** ਵਿਲਵੂਰ ਦੇ ਕਸਬੇ ਦੇ ਮੇਅਰ ਨੇ ਗ਼ੈਰਕਨੂੰਨੀ ਤੌਰ 'ਤੇ ਬੈਲਜੀਅਮ ਵਿਚ ਦਾਖਲ ਹੋਣ ਵਾਲੇ ਭਾਰਤੀਆਂ ਨੂੰ ਸ਼ਰਨ ਦੇਣ ਦੇ ਦੋਸ਼ਾਂ ਹੇਠ ਸਥਾਨਕ ਗੁਰਦੁਆਰੇ ਨੂੰ ਇਕ ਮਹੀਨੇ ਲਈ ਬੰਦ ਕਰਨ ਦਾ ਹੁਕਮ ਸੁਣਾਇਆ ਹੈ। ਬੈਲਜੀਅਮ ਮੀਡੀਆ ਨੇ ਦੋਸ਼ ਲਾਇਆ ਕਿ ਗ਼ੈਰਕਾਨੂੰਨੀ ਤੌਰ 'ਤੇ ਬੈਲਜੀਅਮ ਵਿਚ ਰਹਿ ਰਹੇ ਭਾਰਤੀਆਂ ਲਈ ਇਹ ਗੁਰਦੁਆਰਾ ਸ਼ਰਨਗਾਹ ਬਣਿਆ ਹੋਇਆ ਜਾਪਦਾ ਹੈ।

ਫਲੈਂਡਰਜ਼ ਨਿਊਜ਼ ਤੇ ਰੇਡੀਓ ਵੀਆਰਟੀ ਵੈੱਬਸਾਈਟ ਨੇ ਕਿਹਾ ਕਿ ਗੁਰਦੁਆਰੇ ਨੇੜੇ ਖਾਲੀ ਪਈ ਇਮਾਰਤ ਅੰਦਰੋਂ ਗ਼ੈਰਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਪੁਲਿਸ ਨੇ ਛਾਪਾ ਮਾਰ ਕੇ ਕਾਬੂ ਕੀਤਾ ਹੈ। 11 ਅਕਤੂਬਰ ਨੂੰ ਫੜੇ ਇਨ੍ਹਾਂ ਭਾਰਤੀਆਂ ਨੂੰ ਉਸੇ ਦਿਨ ਦੇਸ਼ ਛੱਡਣ ਦੇ ਹੁਕਮ ਸੁਣਾਏ ਗਏ ਸਨ। ਮੇਅਰ ਹੈਨਸ ਬੋਨਟੇ ਨੇ ਕਿਹਾ ਕਿ ਇਹ ਥਾਂ ਉਹੋ ਹੈ ਜਿਥੋਂ ਗ਼ੈਰ-ਕਾਨੂੰਨੀ ਤੌਰ 'ਤੇ ਠਹਿਰੇ ਲੋਕਾਂ ਨੂੰ ਫੜਿਆ ਗਿਆ ਸੀ। ਇਨ੍ਹਾਂ ਲੋਕਾਂ ਨੂੰ ਪਿਛਲੇ ਸਾਲ ਦੇ ਅਖੀਰ ਵਿਚ ਕੁੱਲ ਸਾਢੇ 54 ਸਾਲਾਂ ਦੀ ਸਜ਼ਾ ਸੁਣਾਈ ਗਈ ਸੀ। ਮੇਅਰ ਨੇ ਕਿਹਾ ਕਿ ਗੁਰਦੁਆਰੇ ਵੱਲੋਂ ਗ਼ੈਰ-ਕਾਨੂੰਨੀ ਆਵਾਸੀਆਂ ਨੂੰ ਲੰਗਰ ਤੇ ਠਹਿਰਣ ਦੀ ਜਗ੍ਹਾ ਮੁਹੱਈਆ ਕਰਵਾਈ ਜਾ ਰਹੀ ਸੀ।

ਬੀਤੀ 13 ਅਕਤੂਬਰ ਨੂੰ ਬੋਨਟੇ ਨੇ ਗੁਰਦੁਆਰਾ ਗੁਰੂ ਨਾਨਕ ਸਾਹਿਬ ਦੇ ਪ੍ਰਬੰਧਕਾਂ ਨਾਲ ਬੈਠਕ ਕਰਕੇ ਗ਼ੈਰ-ਕਾਨੂੰਨੀ ਆਵਾਸੀਆਂ ਨੂੰ ਪਨਾਹ ਨਾ ਦੇਣ ਦੇ ਨਿਰਦੇਸ਼ ਦਿੱਤੇ ਸਨ। ਮੇਅਰ ਨੇ ਪ੍ਰਬੰਧਕਾਂ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਠੋਸ ਤਜਵੀਜ਼ ਪੇਸ਼ ਕਰਨ ਲਈ ਕਿਹਾ ਸੀ। ਮੇਅਰ ਨੇ ਕਿਹਾ ਕਿ "ਪ੍ਰਬੰਧਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਹਾਲਾਤ ਤੋਂ ਜਾਣੂ ਹਨ ਪਰ ਉਹ ਇਸ ਬਾਰੇ ਕੁਝ ਨਹੀਂ ਕਰ ਸਕਦੇ।" ਇਸ ਤੋਂ ਬਾਅਦ ਮੇਅਰ ਨਾਲ ਹੋਰ ਕੋਈ ਗੱਲਬਾਤ ਨਹੀਂ ਹੋਈ ਤੇ ਉਸ ਨੇ ਗੁਰਦੁਆਰੇ ਨੂੰ ਇਕ ਮਹੀਨੇ ਲਈ ਬੰਦ ਕਰਨ ਦੀ ਸਜ਼ਾ ਸੁਣਾ ਦਿੱਤੀ। ਗੁਰਦੁਆਰੇ ਦੇ ਪ੍ਰਬੰਧਕਾਂ ਨੇ ਕਿਹਾ ਕਿ ਜਿਹੜਾ ਵੀ ਵਿਅਕਤੀ ਗੁਰੂ ਘਰ ਵਿਚ ਆਉਂਦਾ ਹੈ, ਉਸ ਦੀ ਸ਼ਨਾਖਤ ਕੀਤੇ ਬਿਨਾਂ ਉਸ ਨੂੰ ਲੰਗਰ ਮੁਹੱਈਆ ਕਰਵਾਇਆ ਜਾਂਦਾ ਹੈ।

### ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਸ਼ਰਨ ਦੇਣ ਦਾ ਦੋਸ਼



### ਸ਼੍ਰੋਮਣੀ ਕਮੇਟੀ ਵੱਲੋਂ ਰੋਸ


ਸ਼੍ਰੋਮਣੀ ਕਮੇਟੀ ਨੇ ਬੈਲਜੀਅਮ ਸਰਕਾਰ ਵੱਲੋਂ ਬਰੱਸਲਜ਼ ਦੇ ਗੁਰਦੁਆਰੇ ਨੂੰ ਬੰਦ ਕਰਨ ਦੇ ਫ਼ੈਸਲੇ 'ਤੇ ਸਖ਼ਤ ਰੋਸ ਪ੍ਰਗਟ ਕਰਦਿਆਂ ਬੈਲਜੀਅਮ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਆਸਥਾ ਦੇ ਅਸਥਾਨ ਨੂੰ ਬੰਦ ਕਰਨ ਦੀ ਬਜਾਏ ਆਪਣੀ ਸਰਹੱਦ 'ਤੇ ਚੌਕਸੀ ਵਧਾਏ। ਕਮੇਟੀ ਨੇ ਬੈਲਜੀਅਮ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਬੰਦ ਕੀਤੇ ਗੁਰਦੁਆਰੇ ਨੂੰ ਤੁਰੰਤ ਖੋਲ੍ਹਿਆ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦੇ ਦਰਵਾਜ਼ੇ ਹਰੇਕ ਸ਼ਰਧਾਵਾਨ ਲਈ ਸਦਾ ਖੁੱਲ੍ਹੇ ਰਹਿੰਦੇ ਹਨ ਤੇ ਕੋਈ ਵੀ ਗੁਰੂ ਘਰ ਵਿਚ ਦਰਸ਼ਨ ਕਰਨ ਲਈ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਆਉਣ ਵਾਲੇ ਕਿਸੇ ਵੀ ਵਿਅਕਤੀ ਦੇ ਕਾਗਜ਼ ਪੱਤਰ ਚੈੱਕ ਕਰਨੇ ਗੁਰੂ ਘਰਾਂ ਦੇ ਪ੍ਰਬੰਧਕਾਂ ਦਾ ਕੰਮ ਨਹੀਂ ਹੈ।

# ਲੀਹੋਂ ਲਹਿਣ ਲੱਗੀ ਸ੍ਰੀ ਹਰਿਮੰਦਰ ਸਾਹਿਬ ਲਈ ਮੁਫਤ ਬੱਸ ਸੇਵਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਰੇਲਵੇ ਸਟੇਸ਼ਨ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਸ਼ੁਰੂ ਕੀਤੀ ਮੁਫ਼ਤ ਬੱਸ ਸੇਵਾ ਹੁਣ ਸੰਗਤ ਲਈ ਪਰੇਸ਼ਾਨੀ ਦਾ ਸਬੱਬ ਬਣਦੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਇਹ ਸੇਵਾ 1997 ਵਿਚ ਸ਼ੁਰੂ ਕੀਤੀ ਸੀ ਤੇ ਉਸ ਸਮੇਂ ਕਮੇਟੀ ਵੱਲੋਂ ਦੋ ਮਿੰਨੀ ਬੱਸਾਂ ਚਲਾਈਆਂ ਸਨ ਪਰ ਸੰਗਤ ਦੀ ਆਮਦ ਦੇ ਹਿਸਾਬ ਨਾਲ ਇਨ੍ਹਾਂ ਦੀ ਗਿਣਤੀ ਨਹੀਂ ਵਧਾਈ ਗਈ ਜਿਸ ਕਾਰਨ 35 ਸੀਟਾਂ ਵਾਲੀ ਸਵਰਾਜ ਮਾਜਦਾ ਬੱਸ ਵਿਚ 70 ਤੋਂ ਵਧੇਰੇ ਸਵਾਰੀਆਂ ਨੂੰ ਆਪਣੇ ਸਾਮਾਨ ਸਮੇਤ ਸਫਰ ਕਰਨਾ ਪੈਂਦਾ ਹੈ ਤੇ ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੁਰੱਖਿਆ ਦੇ ਮੱਦੇਨਜ਼ਰ ਹਨੇਰੇ-ਸਵੇਰੇ ਸੰਗਤਾਂ ਆਮ ਆਟੋ ਜਾਂ ਟੈਕਸੀਆਂ ਦੀ ਥਾਂ ਸ਼੍ਰੋਮਣੀ ਕਮੇਟੀ ਦੀ ਬੱਸ 'ਤੇ ਹੀ ਸਫਰ ਕਰਨ ਨੂੰ ਤਰਜੀਹ ਦਿੰਦੀਆਂ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਨ ਲਈ ਦੇਸ਼ ਵਿਦੇਸ਼ ਤੋਂ ਇਕ ਲੱਖ ਤੋਂ ਵੱਧ ਸ਼ਰਧਾਲੂ ਰੋਜ਼ਾਨਾ ਪੁੱਜਦੇ ਹਨ। ਵੱਖ-ਵੱਖ ਸ਼ਹਿਰਾਂ ਤੋਂ ਰੋਜ਼ਾਨਾ ਅੰਮ੍ਰਿਤਸਰ ਆਉਂਦੀਆਂ 83 ਐਕਸਪ੍ਰੈਸ ਤੇ ਪੈਸੰਜਰ ਗੱਡੀਆਂ ਰਾਹੀਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਮੁਫ਼ਤ ਬੱਸ ਸੇਵਾ ਬਾਰੇ ਰੇਲਵੇ ਸਟੇਸ਼ਨ 'ਤੇ ਇੰਚਾਰਜ ਕੁਲਦੀਪ ਸਿੰਘ ਫੌਜੀ ਨੇ ਕਿਹਾ ਕਿ ਇਹ ਬੱਸ ਅੰਮ੍ਰਿਤ ਵੇਲੇ ਚਾਰ ਵਜੇ ਤੋਂ ਰਾਤ ਨੌਂ ਵਜੇ ਤੱਕ ਸੰਗਤਾਂ ਲਈ ਉਪਲਬਧ ਹੈ। ਇਸ ਵੇਲੇ ਦੋ ਤੋਂ ਤਿੰਨ ਬੱਸਾਂ ਚੱਲ ਰਹੀਆਂ ਹਨ ਤੇ ਕੁੱਲ 40 ਗੇੜੇ ਬੱਸਾਂ ਵੱਲੋਂ ਰੋਜ਼ ਲਗਾਏ ਜਾਂਦੇ ਹਨ। ਇਕ ਬੱਸ ਜਦੋਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਲੈ ਜਾਂਦੀ ਹੈ ਤਾਂ ਦੂਜੀ ਬੱਸ ਉਧਰੋਂ ਸੰਗਤਾਂ ਨੂੰ ਲੈ ਕੇ ਸਟੇਸ਼ਨ ਵੱਲ ਚੱਲ ਪੈਂਦੀ ਹੈ। ਕਈ ਵਾਰ ਰਸਤੇ ਵਿਚ ਭੀੜ ਹੋਣ ਜਾਂ ਜਾਮ ਲੱਗਣ ਕਰਕੇ ਬੱਸਾਂ ਲੇਟ ਹੋ ਜਾਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਮੁਫਤ ਬੱਸ ਸੇਵਾ ਦੇ ਨਾਲ-ਨਾਲ ਆਈਆਂ ਸੰਗਤਾਂ ਲਈ ਠੰਡੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ, ਉਨ੍ਹਾਂ ਨੂੰ ਗੱਡੀਆਂ ਦਾ ਟਾਈਮ ਟੇਬਲ ਵੀ ਦੱਸਿਆ ਜਾਂਦਾ ਹੈ ਤੇ ਬਜ਼ੁਰਗਾਂ ਨੂੰ ਰੇਲ ਗੱਡੀਆਂ ਵਿਚ ਚੜ੍ਹਾਉਣ ਲਈ ਸਹਾਇਤਾ ਵੀ ਕੀਤੀ ਜਾਂਦੀ ਹੈ। ਰੇਲਾਂ ਰਾਹੀਂ ਰੋਜ਼ਾਨਾ ਤਕਰੀਬਨ ਪੰਜ ਹਜ਼ਾਰ ਪੁੱਜਦੇ ਸ਼ਰਧਾਲੂਆਂ ਵਿਚੋਂ ਤਿੰਨ ਹਜ਼ਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਬੱਸਾਂ ਰਾਹੀਂ ਲਿਜਾਇਆ ਜਾਂਦਾ ਹੈ। ਉਨ੍ਹਾਂ ਮੰਨਿਆ ਕਿ ਸ਼ਨਿਚਰਵਾਰ, ਛੁੱਟੀ ਵਾਲੇ ਦਿਨੀਂ ਜਾਂ ਮੱਸਿਆ ਨੂੰ ਇਕੱਲੇ ਨਵੀਂ ਦਿੱਲੀ ਤੋਂ ਹੀ ਦੋ ਹਜ਼ਾਰ ਤੋਂ ਵਧੇਰੇ ਸੰਗਤ ਸ਼ਾਨੇ ਪੰਜਾਬ ਰਾਹੀਂ ਦਰਸ਼ਨਾਂ ਲਈ ਪੁੱਜਦੀ ਹੈ, ਜਿਸ ਕਾਰਨ ਕਈ ਵਾਰ ਸੰਗਤਾਂ ਨੂੰ ਇੰਤਜ਼ਾਰ ਕਰਨਾ ਪੈਂਦਾ ਹੈ। ਦੂਜੇ ਪਾਸੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਕਈ ਵਾਰ ਸੰਗਤਾਂ ਨੂੰ ਧੱਕੇ ਮੁੱਕੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਈਆਂ ਦੀਆਂ ਜੇਬਾਂ ਕੱਟੀਆਂ ਜਾਂਦੀਆਂ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਮੁਫਤ ਬੱਸ ਸੇਵਾ ਸਲਾਘਾਯੋਗ ਹੈ, ਪਰ ਬੱਸਾਂ ਦੀ ਗਿਣਤੀ ਵਧਾਈ ਜਾਵੇ।



### ਸੰਗਤ ਦੀ ਆਮਦ ਮੁਤਾਬਕ ਨਾ ਵਧੀ ਬੱਸਾਂ ਦੀ ਗਿਣਤੀ

ਸਾਲ 1997 ਵਿਚ ਰੇਲਵੇ ਸਟੇਸ਼ਨ ਤੋਂ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਲਿਜਾਣ ਤੇ ਵਾਪਸ ਛੱਡਣ ਲਈ ਦੋ ਛੋਟੀਆਂ ਬੱਸਾਂ ਨਾਲ ਇਹ ਸੇਵਾ ਸ਼ੁਰੂ ਕੀਤੀ ਗਈ ਸੀ ਪਰ ਅੱਜ ਦੇਸ਼ ਵਿਦੇਸ਼ ਤੋਂ ਰੋਜ਼ਾਨਾ ਵੱਡੀ ਗਿਣਤੀ ਵਿਚ ਲੱਖਾਂ ਸ਼ਰਧਾਲੂਆਂ ਦੀ ਆਮਦ ਨੂੰ ਮੁੱਖ ਰੱਖਦਿਆਂ ਇਨ੍ਹਾਂ ਬੱਸਾਂ ਦੀ ਗਿਣਤੀ ਨੂੰ ਵਧਾਇਆ ਨਹੀਂ ਗਿਆ, ਜਿਸ ਕਾਰਨ ਲੰਬਾ ਸਫਰ ਕਰਕੇ ਆਏ ਸ਼ਰਧਾਲੂਆਂ ਨੂੰ ਗਰਮੀਆਂ ਸਰਦੀਆਂ ਵਿਚ ਲੰਬੀਆਂ ਲਾਈਨਾਂ ਵਿਚ ਖੜ੍ਹੇ ਕੇ ਜਾਂ ਜ਼ਮੀਨ 'ਤੇ ਬੈਠ ਕੇ ਬੱਸ ਦੀ ਉਡੀਕ ਕਰਨੀ ਪੈਂਦੀ ਹੈ। ਕਈ ਸ਼ਰਧਾਲੂ ਤਾਂ ਵਧੇਰੇ ਭੀੜ ਨੂੰ ਦੇਖਕੇ ਆਪਣੇ ਤੌਰ 'ਤੇ ਟੈਕਸੀ ਆਟੋ ਰਿਕਸ਼ਾ ਕਿਰਾਏ 'ਤੇ ਲੈਣ ਨੂੰ ਤਰਜੀਹ ਦਿੰਦੇ ਹਨ। ਰੇਲਵੇ ਸਟੇਸ਼ਨ ਦੇ ਵਿਹੜੇ ਵਿਚ ਸ਼੍ਰੋਮਣੀ ਕਮੇਟੀ ਦੇ ਮੁਫਤ ਬੱਸ ਸੇਵਾ ਕੇਂਦਰ ਦੇ ਬਾਹਰ ਸੈਂਕੜੇ ਸ਼ਰਧਾਲੂ ਲੰਬੀਆਂ ਕਤਾਰਾਂ ਵਿਚ ਬੱਸ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਕਾਗਜ਼ਾਂ ਵਿਚ ਰੇਲਵੇ ਸਟੇਸ਼ਨ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਆਉਣ-ਜਾਣ ਲਈ ਭਾਵੇਂ ਜ਼ਿਆਦਾ ਬੱਸਾਂ ਚੱਲਦੀਆਂ ਹੋਣ ਪਰ ਹਕੀਕਤ ਇਹ ਹੈ ਕਿ ਇਸ ਵੇਲੇ ਸਿਰਫ ਦੋ ਕੁ ਛੋਟੀਆਂ ਬੱਸਾਂ ਹੀ ਸੰਗਤਾਂ ਨੂੰ ਲਿਆਉਣ ਛੱਡਣ ਲਈ ਲੱਗੀਆਂ ਹੋਈਆਂ ਹਨ।

### ਮਾਮਲਾ ਵਿਦੇਸ਼ ਵਿਚ ਪਏ ਕਾਲੇ ਧਨ ਦਾ

# ਗੰਗਾ ਗਈਆਂ ਹੱਡੀਆਂ ਵੀ ਕਦੇ ਮੁੜੀਆਂ?


ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455


ਗੱਲ ਇਹ ਕੋਈ ਪੈਂਤੀ ਸਾਲ ਪੁਰਾਣੀ ਹੈ। ਉਦੋਂ ਪੰਜਾਬ ਵਿਚ ਮੁਰਗੀਆਂ ਪਾਲਣ ਦੇ ਧੰਦੇ ਨੂੰ ਵਿਕਸਿਤ ਕਰਨ ਲਈ ਸਰਕਾਰ ਮੁਰਗੀਆਂ ਦੀ ਖੁਰਾਕ ਦੀ ਸਪਲਾਈ ਦਾ ਕੰਮ ਵੀ ਆਪਣੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਤੋਂ ਕਰਵਾਇਆ ਕਰਦੀ ਸੀ। ਇੱਕ ਵਾਰੀ ਇਸ ਕੰਮ ਵਿਚ ਧਾਂਦਲੀ ਹੁੰਦੀ ਪੋਲਟਰੀ ਫਾਰਮਰਾਂ ਨੇ ਫੜ ਲਈ। ਸਾਰੇ ਪੰਜਾਬ ਦੇ ਪੋਲਟਰੀ ਫਾਰਮਰਾਂ ਨੇ ਇਸ ਧੰਦੇ ਦਾ ਕੇਂਦਰ ਬਣੇ ਹੋਏ ਤਰਨ ਤਾਰਨ ਸ਼ਹਿਰ ਅੰਦਰ ਰੋਸ ਮਾਰਚ ਕਰ ਕੇ ਇਸ ਦੇ ਅੰਤ ਵਿਚ ਕੀਤੀ ਰੈਲੀ ਵਿਚ ਬੋਲਣ ਲਈ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਸੱਦਾ ਦੇ ਦਿੱਤਾ। ਮੈਂ ਪੰਜਾਬੀ ਅਖਾਣ ਲੋਕਾਂ ਸਾਹਮਣੇ ਪੇਸ਼ ਕੀਤਾ ਕਿ ਇਥੇ ਕਈ ਵਾਰ 'ਕੁੱਤੀ ਚੋਰਾਂ ਨਾਲ ਰਲ ਜਾਂਦੀ ਹੈ।' ਇੱਕ ਗੋਰਾ-ਚਿੱਟਾ ਲੰਮਾ ਜਿਹਾ ਬੰਦਾ ਆਇਆ ਅਤੇ ਮੇਰੇ ਤੋਂ ਮਾਈਕ ਖੋਹ ਕੇ ਕਹਿਣ ਲੱਗਾ, 'ਪੰਨੂ ਦੀ ਸਾਰੀ ਗੱਲ ਠੀਕ, ਪਰ ਇਸ ਨੂੰ ਕੁੱਤਿਆਂ ਦੀ ਬੇਇੱਜ਼ਤੀ ਕਰਨ ਦਾ ਹੱਕ ਨਹੀਂ। ਮੈਂ ਕੁੱਤੇ ਪਾਲਣ ਵਾਲਾ ਬੰਦਾ ਹਾਂ। ਕੁੱਤੇ ਨੂੰ ਚੋਰ ਕੁਝ ਖਾਣ ਲਈ ਦੇਵੇ ਤਾਂ ਉਸ ਅੱਗੇ ਉਹ ਪੂਛ ਜ਼ਰੂਰ ਹਿਲਾਉਂਦਾ ਹੈ, ਪਰ ਜੇ ਉਸ ਦਾ ਮਾਲਕ ਜਾਗ ਕੇ ਲਲਕਾਰਾ ਮਾਰ ਦੇਵੇ ਤਾਂ ਕੁੱਤਾ ਚੋਰ ਦੇ ਪਿੱਛੇ ਪੂਛ ਹਿਲਾਉਣੀ ਛੱਡ ਕੇ ਮਾਲਕ ਦੇ ਨਾਲ ਹੋ ਜਾਂਦਾ ਹੈ। ਸਾਡੇ ਜਾਗਣ ਪਿੱਛੋਂ ਵੀ ਜਿਹੜੇ ਅਫਸਰ ਅਜੇ ਤੱਕ ਚੋਰਾਂ ਨਾਲ ਅੱਖ ਮਿਲਾਈ ਜਾਂਦੇ ਹਨ, ਉਹ ਮੇਰੀ ਕੁੱਤੀ ਤੋਂ ਵੀ ਮਾੜੇ ਹਨ, ਇਨ੍ਹਾਂ ਨੂੰ ਉਸ ਕੁੱਤੀ ਵਰਗੇ ਕਹਿ ਕੇ ਪੰਨੂ ਮੇਰੀ ਕੁੱਤੀ ਦੀ ਬੇਇੱਜ਼ਤੀ ਕਰੀ ਜਾ ਰਿਹਾ ਹੈ।' ਬਹੁਤ ਹਾਸਾ ਪਿਆ ਸੀ ਉਸ ਦੀ ਇਸ ਗੱਲ ਉਤੇ। ਅਗਲੇ ਦਿਨ ਤੱਕ ਪੁਲਿਸ ਨੇ ਕੇਸ ਦਰਜ ਕੀਤਾ ਤੇ ਵਿਭਾਗ ਦੇ ਕਈ ਅਫਸਰ ਅਤੇ ਕੁਝ ਬਲੈਕ-ਮਾਰਕੀਟੀਏ ਕਾਬੂ ਕਰ ਕੇ ਜੇਲ੍ਹ ਵਿਚ ਭੇਜ ਦਿੱਤੇ ਸਨ। ਵਿਦੇਸ਼ ਵਿਚ ਪਏ ਭਾਰਤੀਆਂ ਦੇ ਕਾਲੇ ਧਨ ਦੇ ਰੌਲੇ ਨੇ ਸਾਨੂੰ ਉਹ ਗੱਲ ਯਾਦ ਕਰਵਾ ਦਿੱਤੀ ਹੈ।

ਜਿਹੜਾ ਪੈਸਾ ਵਿਦੇਸ਼ਾਂ ਵਿਚ ਪਿਆ ਹੋਇਆ ਹੈ, ਉਹ ਕਿੰਨਾ ਹੈ ਤੇ ਕਿੰਨਾ ਨਹੀਂ, ਇਹ ਗੱਲ ਬਹਿਸ ਦਾ ਵਿਸ਼ਾ ਹੋ ਸਕਦੀ ਹੈ, ਪਰ ਇਹ ਪੈਸਾ ਕਾਲੀ ਕਮਾਈ ਦਾ ਹੋਣ ਬਾਰੇ ਕੋਈ ਸ਼ੱਕ ਕਿਸੇ ਨੂੰ ਨਹੀਂ। ਕਾਲੀ ਕਮਾਈ ਨਾਲ ਜੁੜਦਾ ਹੋਣ ਕਰ ਕੇ ਇਹ ਵੀ ਸਾਫ ਹੈ ਕਿ ਪੈਸਾ ਖਾਤੇਦਾਰਾਂ ਦਾ ਨਹੀਂ, ਦੇਸ਼ ਦੇ ਲੋਕਾਂ ਦਾ ਹੈ। ਦੋਸ਼ ਇਹ ਲੱਗਦਾ ਹੈ ਕਿ ਇਹ ਪੈਸਾ ਵਾਪਸ ਲਿਆਉਣ ਦੇ ਨਾਂ ਉਤੇ ਰਾਜਨੀਤੀ ਹੋ ਰਹੀ ਹੈ। ਲਿਆਉਣ ਬਹਾਨੇ ਰਾਜਨੀਤੀ ਤੋਂ ਇਲਾਵਾ ਚੋਣਾਂ ਮੌਕੇ ਇਹ ਪੈਸਾ ਰਾਜਨੀਤੀ ਲਈ ਵਰਤਿਆ ਵੀ ਜਾਂਦਾ ਹੈ। ਇਸ ਤਰ੍ਹਾਂ ਇਹ ਪੈਸਾ ਅਤੇ ਭਾਰਤ ਦੀ ਰਾਜਨੀਤੀ-ਦੋਵਾਂ ਦੀ ਭੈਣ-ਭਰਾ ਵਾਲੀ ਸਾਂਝ ਹੈ। ਰਾਜਸੀ ਲੋਕ ਇਹੋ ਜਿਹੇ ਚੋਰ-ਮਘੋਰੇ ਕਦੇ ਵੀ ਬੰਦ ਨਹੀਂ ਕਰਨਾ ਚਾਹੁਣਗੇ।

ਭਾਰਤ ਦੇ ਪ੍ਰਭਾਵਸ਼ਾਲੀ ਲੋਕਾਂ ਦਾ ਕਾਲਾ ਧਨ ਵਿਦੇਸ਼ ਪਿਆ ਹੋਣ ਦਾ ਰੌਲਾ ਪਹਿਲੀ ਵਾਰੀ 'ਮਿਸਟਰ ਕਲੀਨ' ਵਜੋਂ ਪ੍ਰਸਿੱਧੀ ਖੱਟਣ ਵਾਲੇ ਰਾਜੀਵ ਗਾਂਧੀ ਦੇ ਵਕਤ ਸ਼ੁਰੂ ਹੋਇਆ ਸੀ। ਉਸ ਉਤੇ ਦੋਸ਼ ਲੱਗਾ ਸੀ ਕਿ ਵਿਦੇਸ਼ੀ ਬੈਂਕਾਂ ਵਿਚ ਕਾਫੀ ਮੋਟਾ ਮਾਲ ਜਮ੍ਹਾਂ ਕਰਾਇਆ ਹੋਇਆ ਹੈ। ਸ਼ਿਕਾਇਤ ਹੋਈ ਤੇ ਗੱਲ ਖਤਮ ਹੋ ਗਈ। ਇੱਕ ਵਾਰੀ ਭਾਜਪਾ ਦੇ ਮੌਜੂਦਾ ਆਗੂ ਸੁਬਰਾਮਨੀਅਮ ਸਵਾਮੀ, ਜਿਹੜਾ ਉਸ ਵੇਲੇ ਵੱਖਰੀ ਜਨਤਾ ਪਾਰਟੀ ਬਣਾਈ ਬੈਠਾ ਸੀ, ਨੇ ਰਾਜੀਵ ਗਾਂਧੀ ਦੇ ਖਿਲਾਫ ਰੂਸ ਦੀ ਖੁਫੀਆ ਏਜੰਸੀ ਤੋਂ ਪੈਸੇ ਲੈਣ ਦਾ ਮੁੱਦਾ ਚੁੱਕ ਦਿੱਤਾ ਅਤੇ ਦਿੱਲੀ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਛੇ ਮਹੀਨਿਆਂ ਦੇ ਅੰਦਰ ਇਸ ਦੀ ਜਾਂਚ ਕਰ ਕੇ ਰਿਪੋਰਟ ਦੇਣ ਦਾ ਹੁਕਮ ਕਰ ਦਿੱਤਾ। ਦੋ ਸਾਲਾਂ ਪਿੱਛੋਂ ਸੀ.ਬੀ.ਆਈ. ਨੇ ਰਿਪੋਰਟ ਦਿੱਤੀ ਕਿ ਇਹੋ ਜਿਹੇ ਕਿਸੇ ਮੁੱਦੇ ਬਾਰੇ ਸਵਾਲ ਪੁੱਛੇ ਜਾਣ ਉਤੇ ਰੂਸ ਦੀ ਸਰਕਾਰ ਜਵਾਬ ਹੀ ਨਹੀਂ ਦਿੰਦੀ। ਮਾਮਲਾ ਇਹ ਵੀ ਖਤਮ ਹੋ ਗਿਆ ਤੇ ਫਿਰ ਸਿਰਫ ਚੁੰਝ-ਚਰਚਾ ਰਹਿ ਗਈ ਸੀ।

***ਸੁਬਰਾਮਨੀਅਮ ਸਵਾਮੀ ਕੋਈ ਰਾਮਦੇਵ ਵਰਗਾ ਯੋਗ ਦੇ ਨਾਂ ਉਤੇ ਦਵਾਈਆਂ ਦਾ ਕਾਰੋਬਾਰ ਕਰਨ ਵਾਲਾ ਨਹੀਂ, ਸਗੋਂ ਹਰ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਨੂੰ ਵੱਟੋ-ਵੱਟ ਪਾਉਣ ਦੇ ਚਸਕੇ ਪਾਲਣ ਦਾ ਸ਼ੌਕੀਨ ਹੈ। ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਉਹ ਕੇਸ ਇਸੇ ਸਵਾਮੀ ਨੇ ਚੁੱਕਿਆ ਸੀ, ਜਿਸ ਵਿਚ ਜੈਲਲਿਤਾ ਨੂੰ ਪਿਛਲੇ ਮਹੀਨੇ ਇੱਕ ਅਦਾਲਤ ਨੇ 4 ਸਾਲ ਕੈਦ ਅਤੇ ਇੱਕ ਸੌ ਕਰੋੜ ਰੁਪਏ ਜੁਰਮਾਨਾ ਕੀਤਾ ਹੈ।***



*ਸੁਬਰਾਮਨੀਅਮ ਸਵਾਮੀ*

ਕੁਝ ਸਾਲ ਪਹਿਲਾਂ ਬਾਬਾ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਦੇ ਸਵਾਲ ਉਤੇ ਜਨ ਲੋਕਪਾਲ ਦੀ ਮੰਗ ਦਾ ਮੋਰਚਾ ਲਾ ਦਿੱਤਾ। ਸੋਨੀਆ ਗਾਂਧੀ ਦੀ ਅਗਵਾਈ ਹੇਠ ਡਾ. ਮਨਮੋਹਨ ਸਿੰਘ ਦੀ ਸਰਕਾਰ ਇਸ ਮੋਰਚੇ ਕਾਰਨ ਕਾਫੀ ਦਬਾਅ ਹੇਠ ਸੀ। ਉਨ੍ਹਾਂ ਨੇ ਕੁਝ ਗੱਲਾਂ ਮੰਨੀਆਂ ਤੇ ਕੁਝ ਲਮਕਾ ਦਿੱਤੀਆਂ। ਫਿਰ ਇੱਕ ਦਮ ਯੋਗੀ ਬਾਬਾ ਰਾਮਦੇਵ ਨੇ ਇੱਕ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਤੇ ਇਸ ਮੋਰਚੇ ਲਈ ਵਿਦੇਸ਼ ਵਿਚ ਪਿਆ ਕਾਲਾ ਧਨ ਭਾਰਤ ਵਿਚ ਵਾਪਸ ਲਿਆਉਣ ਦਾ ਮੁੱਦਾ ਪੇਸ਼ ਕਰ ਦਿੱਤਾ। ਜਦੋਂ ਦਿੱਲੀ ਦੇ ਹਵਾਈ ਅੱਡੇ ਉਤੇ ਉਤਰਿਆ, ਕੇਂਦਰ ਦੇ ਚਾਰ ਮੰਤਰੀ ਅੱਗੋਂ ਰਾਮਦੇਵ ਨੂੰ ਮਿਲਣ ਗਏ। ਮੰਤਰੀਆਂ ਨਾਲ ਅੱਖ ਮਿਲਾਉਣ ਪਿੱਛੋਂ ਰਾਮਦੇਵ ਰਾਮ-ਲੀਲਾ ਮੈਦਾਨ ਵਿਚ ਆ ਬੈਠਾ। ਅਗਲੇ ਦਿਨ ਕੇਂਦਰ ਸਰਕਾਰ ਨੇ ਉਸ ਦੀਆਂ ਕੁਝ ਮੰਗਾਂ ਮੰਨ ਕੇ ਧਰਨਾ ਚੁੱਕਣ ਨੂੰ ਕਿਹਾ, ਪਰ ਉਸ ਵੇਲੇ ਤੱਕ ਉਸ ਨੂੰ ਭਾਜਪਾ ਨੇ ਸਾਧੂਆਂ ਤੇ ਸਾਧਵੀਆਂ ਦਾ ਇਹੋ ਜਿਹਾ ਘੇਰਾ ਪੁਆ ਦਿੱਤਾ ਕਿ ਉਹ ਧਰਨਾ ਨਾ ਚੁੱਕ ਸਕਿਆ। ਮੰਤਰੀਆਂ ਨੇ ਉਸ ਦਾ ਲਿਖਿਆ ਨੋਟ ਪ੍ਰੈਸ ਅੱਗੇ ਪੇਸ਼ ਕਰ ਦਿੱਤਾ ਕਿ ਰਾਮਦੇਵ ਸਾਡੇ ਨਾਲ ਤੈਅ ਕਰ ਕੇ ਬੈਠਾ ਸੀ ਕਿ ਅੱਜ ਧਰਨਾ ਲਾਵੇਗਾ ਤੇ ਕੱਲ੍ਹ ਉਠ ਜਾਵੇਗਾ। ਬਾਬਾ ਸ਼ਰਮਿੰਦਾ ਹੋ ਗਿਆ, ਪਰ ਨਾਲ ਖੜੀ ਭਾਜਪਾ ਨੇ ਧਰਨਾ ਨਾ ਚੁੱਕਣ ਦਿੱਤਾ। ਅੱਧੀ ਰਾਤ ਵੇਲੇ ਪੁਲਿਸ ਦੀਆਂ ਡਾਂਗਾਂ ਖਾਣ ਪਿੱਛੋਂ ਜਿਵੇਂ ਉਹ ਔਰਤਾਂ ਦੇ ਕੱਪੜੇ ਪਾ ਕੇ ਘੁੰਡ ਦੇ ਓਹਲੇ ਹੇਠ ਨਿਕਲਣ ਲੱਗਾ ਕਾਬੂ ਆ ਗਿਆ, ਉਹ ਕਥਾ ਪਾਸੇ ਰਹਿ ਗਈ ਅਤੇ ਇੱਕ ਮਰਨ-ਵਰਤ ਦਾ ਸਾਂਗ ਕਰ ਕੇ ਯੋਗੀ ਫਿਰ ਵਿਦੇਸ਼ ਵਾਲੇ ਬੈਂਕਾਂ ਵਿਚੋਂ ਕਾਲਾ ਧਨ ਵਾਪਸ ਲਿਆਉਣ ਦੀ ਮੁਹਿੰਮ ਚਲਾਉਣ ਤੁਰ ਪਿਆ। ਇਹ ਮੁਹਿੰਮ ਪਾਰਲੀਮੈਂਟ ਚੋਣ ਤੱਕ ਚੱਲੀ, ਚੋਣ ਵਿਚ ਕਾਂਗਰਸ ਪਾਰਟੀ ਤੋਂ ਰਾਜ ਖੋਹ ਲੈਣ ਪਿੱਛੋਂ ਬਦਲੇ ਹਾਲਾਤ ਵਿਚ ਯੋਗੀ ਵੀ ਬਦਲ ਗਿਆ।

ਬਦਲੇ ਹੋਏ ਹਾਲਾਤ ਕਿੰਨੇ ਬਦਲ ਚੁੱਕੇ ਹਨ, ਇਹ ਗੱਲ ਸੁਪਰੀਮ ਕੋਰਟ ਵਿਚ ਚੱਲਦੇ ਕੇਸ ਦੀ ਕਾਰਵਾਈ ਤੋਂ ਸਮਝ ਆ ਸਕਦੀ ਹੈ। ਇਹ ਕੇਸ ਭਾਜਪਾ ਦੇ ਪਾਰਲੀਮੈਂਟ ਮੈਂਬਰ ਰਾਮ ਜੇਠਮਲਾਨੀ ਨੇ ਕੀਤਾ ਸੀ। ਪਿਛਲੇ ਰਾਜ ਵੇਲੇ ਪਾਰਲੀਮੈਂਟ ਦੇ ਉਤਲੇ ਸਦਨ, ਰਾਜ ਸਭਾ, ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਰਾਮ ਜੇਠਮਲਾਨੀ ਦੀ ਇਸ ਮੰਗ ਦੀ ਹਮਾਇਤ ਕੀਤੀ ਸੀ ਕਿ ਜਿਨ੍ਹਾਂ ਕਾਲੇ ਧਨ ਵਾਲੇ ਲੋਕਾਂ ਦੇ ਨਾਂ ਵਿਦੇਸ਼ੀ ਬੈਂਕਾਂ ਤੋਂ ਭਾਰਤ ਸਰਕਾਰ ਨੂੰ ਪਤਾ ਲੱਗ ਚੁੱਕੇ ਹਨ, ਉਹ ਅਦਾਲਤ ਵਿਚ ਦੱਸਣੇ ਚਾਹੀਦੇ ਹਨ। ਸਰਕਾਰ ਬਦਲੀ ਤਾਂ ਉਦੋਂ ਦਾ ਆਪੋਜ਼ੀਸ਼ਨ ਲੀਡਰ ਅਰੁਣ ਜੇਤਲੀ ਮੌਜੂਦਾ ਸਰਕਾਰ ਦਾ ਖਜ਼ਾਨਾ ਮੰਤਰੀ ਬਣ ਗਿਆ। ਕੇਸ ਹਾਲੇ ਵੀ ਚੱਲ ਰਿਹਾ ਹੈ। ਸੁਪਰੀਮ ਕੋਰਟ ਦਾ ਸਵਾਲ ਹੁਣ ਜੇਤਲੀ ਮੂਹਰੇ ਖੜਾ ਹੈ ਕਿ ਉਹ ਨਾਂ ਦੱਸ ਦਿਓ, ਤੇ ਅਰੁਣ ਜੇਤਲੀ ਕਹਿ ਰਿਹਾ ਹੈ ਕਿ ਚੋਰਾਂ ਦਾ ਨਾਂ ਦੱਸਿਆ ਨਹੀਂ ਜਾ ਸਕਦਾ। ਕਾਂਗਰਸ ਵਾਲਿਆਂ ਨੇ ਲਲਕਾਰਿਆ ਕਿ ਪਹਿਲਾਂ ਤੂੰ ਕਹਿੰਦਾ ਸੀ ਕਿ ਦੱਸ ਦਿਆਂਗੇ, ਹੁਣ ਦੱਸਿਆ ਕਿਉਂ ਨਹੀਂ ਜਾ ਸਕਦਾ? ਅਰੁਣ ਜੇਤਲੀ ਕਹਿਣ ਲੱਗਾ ਕਿ ਜੇ ਦੱਸ ਦਿੱਤਾ ਤਾਂ ਕਾਂਗਰਸ ਲੀਡਰ ਸ਼ਰਮਿੰਦੇ ਹੋ ਜਾਣਗੇ। ਜੇ ਉਹ ਸ਼ਰਮਿੰਦੇ ਹੋ ਜਾਣਗੇ ਤਾਂ ਅਰੁਣ ਜੇਤਲੀ ਨੂੰ ਚਿੰਤਾ ਕਿਉਂ ਹੈ? ਚਿੰਤਾ ਅਸਲ ਵਿਚ ਕਾਂਗਰਸ ਵਾਲੇ ਲੀਡਰਾਂ ਦੀ ਨਹੀਂ। ਇੱਕ ਇਮਾਨਦਾਰ ਸਾਬਕਾ ਜੱਜ ਸੰਤੋਸ਼ ਹੇਗੜੇ ਨੇ ਕਰਨਾਟਕਾ ਵਿਚ ਲੋਕਾਯੁਕਤ ਹੁੰਦਿਆਂ ਚੋਰਾਂ ਦੀ ਫਾਈਲ ਵਿਚ ਉਨ੍ਹਾਂ ਦਾ ਨਾਂ ਵੀ ਲਿਖ ਦਿੱਤਾ ਸੀ, ਜਿਹੜੇ ਹੁਣ ਨਰਿੰਦਰ ਮੋਦੀ ਦੇ ਬਹੁਤ ਨੇੜੇ ਹਨ। ਜੇ ਫਾਈਲ ਕਿਸੇ ਦਿਨ ਖੁੱਲ੍ਹ ਗਈ ਤਾਂ ਕਾਂਗਰਸ ਦੇ ਨਾਲ ਭਾਜਪਾ ਨੂੰ ਵੀ ਸ਼ਰਮਿੰਦੇ ਹੋਣਾ ਪੈ ਸਕਦਾ ਹੈ। ਅਰੁਣ ਜੇਤਲੀ ਆਪਣੇ ਰਾਜਸੀ ਸ਼ਰੀਕਾਂ ਦਾ ਪੈਰ ਮਿੱਧਣ ਵੇਲੇ ਆਪਣੇ ਬੰਦਿਆਂ ਨੂੰ ਫਸਾਉਣ ਦਾ ਕੰਮ ਕਦੇ ਨਹੀਂ ਕਰ ਸਕਦਾ।

ਹਾਲਾਤ ਦਾ ਦੂਸਰਾ ਪੱਖ ਇਹ ਹੈ ਕਿ ਜਿਸ ਰਾਮ ਜੇਠਮਲਾਨੀ ਨੇ ਪਹਿਲਾਂ ਕੇਸ ਕੀਤਾ ਤੇ ਅਰੁਣ ਜੇਤਲੀ ਉਸ ਦਾ ਪੱਖ ਪੂਰ ਕੇ ਕਾਂਗਰਸ ਨੂੰ ਭੰਡਦਾ ਸੀ, ਉਹ ਜੇਠਮਲਾਨੀ ਹੁਣ ਅਰੁਣ ਜੇਤਲੀ ਨੂੰ ਅੱਗੇ ਲਾ ਤੁਰਿਆ ਹੈ। ਸੁਪਰੀਮ ਕੋਰਟ ਵਿਚ ਜਦੋਂ ਕੇਂਦਰ ਦੀ ਨਵੀਂ ਸਰਕਾਰ ਵੱਲੋਂ ਕਾਲਾ ਧਨ ਵਾਲੇ ਕੇਸ ਵਿਚ ਹਲਫੀਆ ਬਿਆਨ ਦਿੱਤਾ ਗਿਆ ਤਾਂ ਉਸ ਨੂੰ ਪੜ੍ਹਦੇ ਸਾਰ ਜੇਠਮਲਾਨੀ ਨੇ ਕਹਿ ਦਿੱਤਾ ਕਿ ਇਹ ਹਲਫੀਆ ਬਿਆਨ ਕਿਸੇ ਸਰਕਾਰ ਦਾ ਨਹੀਂ, ਕਿਸੇ ਦੋਸ਼ੀ ਵੱਲੋਂ ਦਿੱਤਾ ਗਿਆ ਨਜ਼ਰ ਆਉਂਦਾ ਹੈ। ਜਿਸ ਪਾਰਟੀ ਨੇ ਅਰੁਣ ਜੇਤਲੀ ਨੂੰ ਸਾਰੇ ਦੇਸ਼ ਦੇ ਖਜ਼ਾਨੇ ਦੀ ਚਾਬੀ ਫੜਾਈ ਹੈ, ਉਸੇ ਪਾਰਟੀ ਦਾ ਪਾਰਲੀਮੈਂਟ ਮੈਂਬਰ ਰਾਮ ਜੇਠਮਲਾਨੀ ਇਸ ਖਜ਼ਾਨਾ ਮੰਤਰੀ ਦੇ ਬਿਆਨ ਨੂੰ ਕਿਸੇ ਅਪਰਾਧੀ ਦਾ ਬਿਆਨ ਕਹਿੰਦਾ ਹੈ ਤਾਂ ਕਾਂਗਰਸ ਕਿਸੇ ਗੱਲੋਂ ਸ਼ਰਮਿੰਦੀ ਹੋਵੇ ਜਾਂ ਨਾ, ਭਾਜਪਾ ਲਈ ਸ਼ਰਮਿੰਦਗੀ ਦਾ ਮੁੱਦਾ ਸਾਹਮਣੇ ਆ ਚੁੱਕਾ ਹੈ। ਇਸ ਵਿਚੋਂ ਨਿਕਲਣ ਦਾ ਕੋਈ ਰਾਹ ਭਾਜਪਾ ਲੀਡਰਸ਼ਿਪ ਨੂੰ ਹਾਲੇ ਨਹੀਂ ਲੱਭ ਰਿਹਾ।

ਸਿਰਫ ਇਹੋ ਗੱਲ ਨਹੀਂ, ਇੱਕ ਹੋਰ ਬੰਦਾ ਸੁਬਰਾਮਨੀਅਮ ਸਵਾਮੀ ਵੀ ਹੁਣ ਅਰੁਣ ਜੇਤਲੀ ਦੇ ਮਗਰ ਪਿਆ ਜਾਪਦਾ ਹੈ। ਇਹ ਸਵਾਮੀ ਕੋਈ ਰਾਮਦੇਵ ਵਰਗਾ ਯੋਗ ਦੇ ਨਾਂ ਉਤੇ ਦਵਾਈਆਂ ਦਾ ਕਾਰੋਬਾਰ ਕਰਨ ਵਾਲਾ ਨਹੀਂ, ਸਗੋਂ ਹਰ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਨੂੰ ਵੱਟੋ-ਵੱਟ ਪਾਉਣ ਦੇ ਚਸਕੇ ਪਾਲਣ ਦਾ ਸ਼ੌਕੀਨ ਹੈ। ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦੇ ਖਿਲਾਫ ਭ੍ਰਿਸ਼ਟਾਚਾਰ ਦਾ ਉਹ ਕੇਸ ਇਸੇ ਸਵਾਮੀ ਨੇ ਚੁੱਕਿਆ ਸੀ, ਜਿਸ ਵਿਚ ਜੈਲਲਿਤਾ ਨੂੰ ਪਿਛਲੇ ਮਹੀਨੇ ਇੱਕ ਅਦਾਲਤ ਨੇ ਚਾਰ ਸਾਲ ਕੈਦ ਅਤੇ ਇੱਕ ਸੌ ਕਰੋੜ ਰੁਪਏ ਜੁਰਮਾਨਾ ਕੀਤਾ ਹੈ। ਰਾਜੀਵ ਗਾਂਧੀ ਦੇ ਪਿੱਛੇ ਵੀ ਇਹੋ ਪਿਆ ਫਿਰਦਾ ਸੀ ਤੇ ਸੋਨੀਆ ਗਾਂਧੀ ਬਾਰੇ ਵੀ ਇਸੇ ਸਵਾਮੀ ਨੇ ਦੋਸ਼ ਲਾਇਆ ਸੀ ਕਿ ਉਸ ਨੇ ਵਿਦੇਸ਼ ਵਿਚ ਚਾਲੀ ਹਜ਼ਾਰ ਕਰੋੜ ਰੁਪਏ ਲੁਕਾਏ ਹੋਏ ਹਨ। ਉਦੋਂ ਪਾਰਲੀਮੈਂਟ ਵਿਚ ਇਸ ਸਵਾਮੀ ਦੀ ਹਰ ਗੱਲ ਦਾ ਹਵਾਲਾ ਦੇਣ ਵਾਲੇ ਭਾਜਪਾ ਆਗੂ ਹੁਣ ਇਸ ਦੇ ਪ੍ਰਛਾਵੇਂ ਤੋਂ ਵੀ ਤ੍ਰਹਿਕਦੇ ਫਿਰਦੇ ਹਨ।

ਜਦੋਂ ਇਹ ਚਰਚਾ ਭਾਰਤ ਵਿਚ ਪੂਰੀ ਭਖੀ ਪਈ ਹੈ, ਉਦੋਂ ਇੱਕ ਖਬਰ ਸਵਿਟਜ਼ਰਲੈਂਡ ਤੋਂ ਆਈ ਹੈ। ਉਥੋਂ ਦੇ ਬੈਂਕਾਂ ਨੇ ਆਪਣੇ ਭਾਰਤੀ ਖਾਤੇਦਾਰਾਂ ਨੂੰ ਕਹਿ ਦਿੱਤਾ ਹੈ ਕਿ ਦਸੰਬਰ ਤੱਕ ਆਪਣੇ ਖਾਤੇ ਸਾਫ ਕਰ ਦੇਣ। ਪਹਿਲਾਂ ਜਦੋਂ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਅਨੂ ਟੰਡਨ ਦੇ ਖਾਤਿਆਂ ਦਾ ਸਾਰਾ ਵੇਰਵਾ ਦੇਸ਼ ਦੇ ਸਾਹਮਣੇ ਰੱਖਿਆ ਸੀ, ਉਸ ਵਿਚ ਅਰਬਾਂ-ਖਰਬਾਂ ਦੀ ਦੌਲਤ ਪਈ ਸੀ ਤੇ ਅਨੂ ਟੰਡਨ ਦੇ ਨਾਲ ਸਰਕਾਰ ਨੇ ਵੀ ਇਸ ਬਾਰੇ ਖੰਡਨ ਕਰ ਛੱਡਿਆ ਸੀ, ਪਰ ਬਾਅਦ ਵਿਚ ਇਹ ਪਤਾ ਲੱਗਾ ਸੀ ਕਿ ਰੌਲਾ ਪੈਂਦੇ ਸਾਰ ਅਨੂੰ ਟੰਡਨ ਨੇ ਆਪਣੇ ਸਾਰੇ ਪੈਸੇ ਬੈਂਕਾਂ ਵਿਚੋਂ ਆਸੇ-ਪਾਸੇ ਕਰ ਦਿੱਤੇ ਹਨ ਤੇ ਖਾਲੀ ਖਾਤੇ ਵਿਚ ਚਾਰ ਕੁ ਦਮੜੇ ਖੜਕਦੇ ਹਨ। ਹੁਣ ਵਿਦੇਸ਼ ਵਿਚ ਜਿਨ੍ਹਾਂ ਲੋਕਾਂ ਦਾ ਮਾਲ ਪਿਆ ਹੈ, ਜਦੋਂ ਬੈਂਕਾਂ ਨੇ ਉਨ੍ਹਾਂ ਨੂੰ ਇਹ ਖਾਤੇ ਖਾਲੀ ਕਰਨ ਲਈ ਸੁਨੇਹਾ ਭੇਜ ਦਿੱਤਾ ਤਾਂ ਕੁਝ ਲੋਕਾਂ ਨੂੰ ਭਰਮ ਹੈ ਕਿ ਬੈਂਕਾਂ ਵਾਲੇ ਘਬਰਾ ਗਏ ਹਨ ਕਿ ਪੈਸੇ ਵਾਲੇ ਲੋਕਾਂ ਬਾਰੇ ਅਤੇ ਪੈਸੇ ਦੇ ਅੰਕੜਿਆਂ ਬਾਰੇ ਦੱਸਣਾ ਪੈ ਜਾਣਾ ਹੈ, ਇਸ ਲਈ ਖਾਤੇ ਬੰਦ ਹੋਣ ਲੱਗੇ ਹਨ। ਇਹੋ ਜਿਹੀ ਕੋਈ ਗੱਲ ਨਹੀਂ ਹੋਣੀ। ਕਿਸੇ ਖਾਤੇਦਾਰ ਨੇ ਉਥੇ ਜਾਣਾ ਵੀ ਨਹੀਂ ਤੇ ਉਥੋਂ ਕੋਈ ਨੋਟਾਂ ਦੇ ਬਕਸੇ ਟਰੱਕਾਂ ਵਿਚ ਲੱਦ ਕੇ ਕੱਢਣੇ ਵੀ ਨਹੀਂ। ਜਿਵੇਂ ਵੱਡੇ ਲੋਕ ਪੁਰਾਣੇ ਕਰਜ਼ੇ ਨੂੰ ਬਿਨਾਂ ਮੋੜਨ ਤੋਂ ਬੈਂਕ ਮੈਨੇਜਰ ਨਾਲ ਮਿਲ ਕੇ ਕਾਗਜ਼ਾਂ ਵਿਚ ਇੱਕ ਪਾਸੇ ਮੋੜ ਦਿੱਤਾ ਲਿਖਦੇ ਅਤੇ ਦੂਸਰੇ ਪਾਸੇ ਨਵੇਂ ਖਾਤੇ ਵਿਚ ਨਵਾਂ ਕਰਜ਼ਾ ਸ਼ੁਰੂ ਕਰਵਾ ਲੈਂਦੇ ਹਨ, ਇਹੋ ਕੁਝ ਹੁਣ ਹੋਣਾ ਹੈ। ਉਹ ਬੈਂਕ ਦੇ ਏਜੰਟ ਨੂੰ ਫੋਨ ਕਰਨਗੇ ਤੇ ਏਜੰਟ ਘਰ ਆ ਕੇ ਨਵੇਂ ਖਾਤੇ ਦੇ ਸਾਰੇ ਕਾਗਜ਼ ਆਪਣੇ ਆਪ ਭਰ ਲਵੇਗਾ, ਜਿਸ ਵਿਚ ਪਹਿਲਾ ਖਾਤਾ ਖਾਲੀ ਹੋ ਗਿਆ ਅਤੇ ਨਵੇਂ ਕੋਡ ਨਾਲ ਨਵਾਂ ਖਾਤਾ ਖੁੱਲ੍ਹਣ ਦੀ ਕਾਰਵਾਈ ਪਾ ਦਿੱਤੀ ਜਾਵੇਗੀ।

ਕੋਈ ਇਹ ਨਾ ਸਮਝੇ ਕਿ ਇਸ ਬਾਰੇ ਭਾਰਤ ਦੀਆਂ ਸੂਹੀਆ ਏਜੰਸੀਆਂ ਨੂੰ ਪਤਾ ਨਹੀਂ ਲੱਗਣ ਲੱਗਾ, ਸਾਰਾ ਪਤਾ ਹੋਣ ਦੇ ਬਾਵਜੂਦ ਕਿਸੇ ਨੇ ਦਖਲ ਨਹੀਂ ਦੇਣਾ। ਭਲਾ ਕਿਉਂ ਦਖਲ ਨਹੀਂ ਦੇਣਾ? ਇਹ ਖੁਲਾਸਾ ਕਰਨ ਤੋਂ ਸਾਨੂੰ ਹਰਜ ਤਾਂ ਕੋਈ ਨਹੀਂ, ਪਰ ਇਸ ਗੱਲੋਂ ਡਰ ਲੱਗਦਾ ਹੈ ਕਿ ਇੱਕ ਵਾਰੀ ਫਿਰ ਤਰਨ ਤਾਰਨ ਵਾਲੇ ਉਸ ਸਰਦਾਰ ਦੀ ਕੁੱਤੀ ਦੀ ਬੇਇੱਜ਼ਤੀ ਨਾ ਹੋ ਜਾਂਦੀ ਹੋਵੇ। ਉਦੋਂ ਦਾ ਅਖਾਣ ਪੇਸ਼ ਕਰਨ ਦਾ ਉਹੋ ਗੁਨਾਹ ਦੋਬਾਰਾ ਕਰਨ ਦੀ ਥਾਂ ਅਸੀਂ ਪੰਜਾਬੀ ਦੇ ਇੱਕ ਹੋਰ ਮੁਹਾਵਰੇ ਨਾਲ ਕੰਮ ਸਾਰਨ ਦਾ ਯਤਨ ਕਰਾਂਗੇ ਕਿ 'ਗੰਗਾ ਗਈਆਂ ਹੱਡੀਆਂ ਕਦੀ ਮੁੜੀਆਂ ਨਹੀਂ', ਤੇ ਕਦੀ ਮੁੜਨੀਆਂ ਵੀ ਨਹੀਂ। ਹਾਲ ਦੀ ਘੜੀ ਤਾਂ ਇਹੋ ਲੱਗਦਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਨਵੰਬਰ 2014*

## 84: ਤਿੰਨ ਦਹਾਕਿਆਂ ਤੋਂ ਬਾਅਦ...

ਨਵੰਬਰ 1984 ਵਿਚ ਸਿੱਖਾਂ ਦੇ ਕਤਲੇਆਮ ਤੋਂ ਤੀਹ ਸਾਲ ਬਾਅਦ ਹੁਣ ਇਹ ਚਰਚਾ ਚੱਲੀ ਹੈ ਕਿ ਇਸ ਬਾਰੇ ਹਿੰਦੁਸਤਾਨ ਦੀ ਪਾਰਲੀਮੈਂਟ ਵਿਚ ਮਤਾ ਪੇਸ਼ ਕੀਤਾ ਜਾਵੇ। ਇਹ ਮਤਾ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾਂਦਾ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ, ਪਰ ਇਕ ਗੱਲ ਤਾਂ ਐਨ ਸਪਸ਼ਟ ਹੈ ਕਿ ਸਿੱਖਾਂ ਦੇ ਕਤਲੇਆਮ ਦੇ ਮੁੱਦੇ ਉਤੇ ਹਿੰਦੁਸਤਾਨ ਦੀ ਸਿਆਸਤ ਅਤੇ ਨਿਆਂਪਾਲਿਕਾ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਹਨ। ਤਿੰਨ ਦਹਾਕਿਆਂ ਤੋਂ ਬਾਅਦ ਵੀ ਸਿਰਫ ਇਕ ਆਗੂ ਸੱਜਣ ਕੁਮਾਰ ਹੀ ਅਦਾਲਤੀ ਸ਼ਿਕੰਜੇ ਵਿਚ ਆਇਆ ਹੈ; ਇਸ ਕੇਸ ਵਿਚ ਲੋੜੀਂਦੇ ਬਾਕੀ ਸਾਰੇ ਆਗੂਆਂ ਤੱਕ ਅਦਾਲਤ ਦੀ ਕੋਈ ਪਹੁੰਚ ਨਹੀਂ ਹੋ ਸਕੀ ਹੈ। ਇਸ ਮਾਮਲੇ ਦੀ ਜਾਂਚ ਲਈ ਕਿੰਨੇ ਕਮਿਸ਼ਨ ਅਤੇ ਕਿੰਨੀਆਂ ਕਮੇਟੀਆਂ ਬਣੀਆਂ; ਕਿੰਨੀਆਂ ਸਰਕਾਰਾਂ ਆਈਆਂ ਤੇ ਗਈਆਂ; ਪਰ ਕਿਸੇ ਤੋਂ ਵੀ ਗੱਲ ਕਿਸੇ ਤਣ-ਪੱਤਣ ਨਹੀਂ ਲਾਈ ਜਾ ਸਕੀ। ਅਸਲ ਵਿਚ ਇਹ ਗੱਲ ਇਉਂ ਤਣ-ਪੱਤਣ ਲਾਉਣ ਦਾ ਸ਼ਾਇਦ ਕਿਸੇ ਦਾ ਕੋਈ ਏਜੰਡਾ ਵੀ ਨਹੀਂ ਸੀ। ਇਹ ਤੱਥ ਵੀ ਧਿਆਨ ਧਰਨ ਵਾਲਾ ਹੈ ਕਿ ਜਿਨ੍ਹਾਂ ਧਿਰਾਂ ਨੇ ਇਸ ਮਸਲੇ ਨੂੰ ਪੂਰੇ ਜ਼ੋਰ ਨਾਲ ਅਗਾਂਹ ਲੈ ਕੇ ਜਾਣਾ ਸੀ, ਉਨ੍ਹਾਂ ਲਈ ਇਹ ਮਾਮਲਾ ਸਿਰਫ ਤੇ ਸਿਰਫ ਸਿਆਸਤ ਦਾ ਅਖਾੜਾ ਹੀ ਰਿਹਾ ਹੈ। ਇਨ੍ਹਾਂ ਧਿਰਾਂ ਵੱਲੋਂ ਇਹ ਮਸਲਾ ਉਸ ਵੇਲੇ ਹੀ ਉਭਾਰਿਆ ਗਿਆ ਜਦੋਂ ਇਨ੍ਹਾਂ ਦੀ ਕੋਈ ਸਿਆਸੀ ਜ਼ਰੂਰਤ ਸੀ। ਮਾਨਵੀ ਪੱਧਰ ਉਤੇ ਇਹ ਮਸਲਾ ਕਦੀ ਉਭਾਰਿਆ ਨਹੀਂ ਗਿਆ।

ਨਵੰਬਰ 1984 ਦੇ ਇਸ ਕਤਲੇਆਮ ਬਾਰੇ ਸਭ ਤੋਂ ਪਹਿਲੀ ਛਾਣ-ਬੀਣ ਮਨੁੱਖੀ ਅਧਿਕਾਰਾਂ ਲਈ ਜੂਝ ਰਹੀਆਂ ਜਥੇਬੰਦੀਆਂ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (ਪੀ.ਯੂ.ਸੀ.ਐਲ.) ਨੇ ਕੀਤੀ ਸੀ ਅਤੇ ਹਫਤੇ ਦੇ ਅੰਦਰ-ਅੰਦਰ ਹੀ ਇਸ ਬਾਰੇ ਆਪਣੀ ਰਿਪੋਰਟ 'ਹੂ ਆਰ ਦਿ ਗਿਲਟੀ' ਪ੍ਰਕਾਸ਼ਿਤ ਕਰ ਦਿੱਤੀ ਸੀ। ਇਸ ਦਾ ਪੰਜਾਬੀ ਰੂਪ ਬਾਅਦ ਵਿਚ 'ਦੋਸ਼ੀ ਕੌਣ' ਜਮਹੂਰੀ ਅਧਿਕਾਰ ਸਭਾ ਪੰਜਾਬ (ਏ.ਐਫ.ਡੀ.ਆਰ.) ਨੇ ਛਾਪਿਆ। ਇਸ ਰਿਪੋਰਟ ਵਿਚ ਬਾਕਾਇਦਾ ਦੋਸ਼ੀਆਂ ਉਤੇ ਉਂਗਲ ਧਰੀ ਗਈ ਸੀ ਅਤੇ ਇਸ ਦੇ ਸਿੱਟਿਆਂ ਨੂੰ ਅੱਜ ਤੱਕ ਕੋਈ ਚੈਲਿੰਜ ਨਹੀਂ ਕਰ ਸਕਿਆ ਹੈ; ਸਗੋਂ ਇਸ ਰਿਪੋਰਟ ਦੇ ਆਧਾਰ ਉਤੇ ਕਈ ਹੋਰ ਰਿਪੋਰਟਾਂ ਸਾਹਮਣੇ ਆਈਆਂ ਹਨ। ਇਸ ਰਿਪੋਰਟ ਨੂੰ ਆਧਾਰ ਬਣਾ ਕੇ ਕਿਸੇ ਸਰਕਾਰ ਜਾਂ ਅਦਾਲਤ ਨੇ ਕੋਈ ਕਾਰਵਾਈ ਤਾਂ ਕੀ ਕਰਨੀ ਸੀ, ਇਸ ਰਿਪੋਰਟ ਨੂੰ ਗੌਲਿਆ ਤੱਕ ਨਹੀਂ ਗਿਆ। ਪੰਜਾਬ ਵਿਚ ਤਾਂ ਇਸ ਰਿਪੋਰਟ ਉਤੇ ਪਾਬੰਦੀ ਵੀ ਲੱਗੀ ਹੋਈ ਹੈ। ਇਨ੍ਹਾਂ ਦੋਹਾਂ ਜਥੇਬੰਦੀਆਂ ਨੇ ਜਿਥੇ ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਉਸ ਬਾਰੇ ਆਪਣੀਆਂ ਰਿਪੋਰਟਾਂ ਛਾਪੀਆਂ ਹਨ। ਇਨ੍ਹਾਂ ਉਤੇ ਅਕਸਰ ਖੱਬੇ ਪੱਖੀ ਹੋਣ ਦੇ ਦੋਸ਼ ਵੀ ਲਗਦੇ ਰਹੇ ਹਨ, ਪਰ ਇਨ੍ਹਾਂ ਜਥੇਬੰਦੀਆਂ ਦੇ ਕਾਰਕੁਨ ਅਜਿਹੇ ਘੱਲੂਘਾਰਿਆਂ ਬਾਰੇ ਲਗਾਤਾਰ ਮੈਟਰ ਮੁਹੱਈਆ ਕਰਵਾਉਂਦੇ ਰਹੇ ਹਨ। ਮਸਲਾ ਇਸ ਮੈਟਰ ਨੂੰ ਆਧਾਰ ਬਣਾ ਸਰਕਾਰ ਦੇ ਬੋਲੇ ਕੰਨਾਂ ਨੂੰ ਸੁਣਾਉਣ ਦਾ ਸੀ ਅਤੇ ਬੱਸ ਇਹੀ ਕੰਮ ਕਿਸੇ ਜਥੇਬੰਦੀ ਜਾਂ ਸੰਸਥਾ ਨੇ ਨਹੀਂ ਕੀਤਾ।

ਹੁਣ ਜੇ ਸ਼੍ਰੋਮਣੀ ਅਕਾਲੀ ਦਲ ਨੇ ਪਾਰਲੀਮੈਂਟ ਵਿਚ ਮਤਾ ਪੇਸ਼ ਕਰਨ ਬਾਰੇ ਗੱਲ ਤੋਰੀ ਹੈ ਤਾਂ ਸਿਰਫ ਇਸ ਕਰ ਕੇ, ਕਿ ਅੱਜ ਕੱਲ੍ਹ ਦਲ ਦੇ ਆਗੂਆਂ ਦੀ ਭਾਈਵਾਲ ਪਾਰਟੀ ਭਾਜਪਾ ਨਾਲ ਵਿਗੜੀ ਹੋਈ ਹੈ। ਭਾਜਪਾ ਦੀ ਪੰਜਾਬ ਇਕਾਈ ਨੇ ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਬਿਆਨ ਦਾਗ ਕੇ ਦਲ ਨੂੰ ਹੋਰ ਵੀ ਕਸੂਤਾ ਫਸਾ ਦਿੱਤਾ ਹੈ। ਇਸ ਪਿਛੋਕੜ ਵਿਚ ਹੀ 'ਮਤੇ' ਦਾ ਮਾਮਲਾ ਸਾਹਮਣੇ ਆਇਆ ਹੈ। ਉਂਜ ਇਸ ਸਮੁੱਚੇ ਮਾਮਲੇ ਵਿਚ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਅੱਜ ਕੱਲ੍ਹ ਹਿੰਦੁਸਤਾਨ ਵਿਚ ਭਾਜਪਾ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਦੀ ਚੜ੍ਹਤ ਹੈ। ਦੋਵੇਂ ਜਥੇਬੰਦੀਆਂ ਆਪਣੇ ਖਾਸ ਏਜੰਡੇ ਦੇ ਰਾਹ ਪਈਆਂ ਹੋਈਆਂ ਹਨ। ਇਨ੍ਹਾਂ ਜਥੇਬੰਦੀਆਂ ਨੇ ਹਿੰਦੁਸਤਾਨ ਵਿਚ ਹੁਣ ਵਾਲਾ ਸਮੁੱਚਾ ਢਾਂਚਾ ਜਿਸ ਵਿਚ ਨਵੰਬਰ 84 ਵਰਗੇ ਕਾਰੇ ਵਾਰ-ਵਾਰ ਵਾਪਰ ਰਹੇ ਹਨ, ਪੂਰੇ ਦਾ ਪੂਰਾ ਅਪਨਾਇਆ ਹੋਇਆ ਹੈ। ਇਨ੍ਹਾਂ ਜਥੇਬੰਦੀਆਂ ਨੇ ਇਸ ਕਰੂਰ ਢਾਂਚੇ ਬਾਰੇ ਕਦੀ ਕੋਈ ਉਜਰ ਨਹੀਂ ਕੀਤਾ, ਜਦਕਿ ਪਰਵਾਸੀ ਲੋਕ ਹਿੰਦੁਸਤਾਨ ਦੇ ਇਸ ਢਾਂਚੇ ਅਤੇ ਦੂਜੇ ਮੁਲਕਾਂ ਦੇ ਢਾਂਚਿਆਂ ਦੇ ਫਰਕ ਨੂੰ ਬਾਕਾਇਦਾ ਮਹਿਸੂਸ ਕਰਦੇ ਹਨ। ਬਹੁਤ ਸਾਰੇ ਪਰਵਾਸੀਆਂ ਨੂੰ ਹਿੰਦੁਸਤਾਨ ਦੇ ਇਸ ਢਾਂਚੇ ਦਾ ਅਹਿਸਾਸ ਉਥੇ ਪੁੱਜ ਕੇ ਅਕਸਰ ਹੀ ਹੋ ਜਾਂਦਾ ਹੈ। ਹਿੰਦੁਸਤਾਨ ਦਾ ਢਾਂਚਾ ਉਹ ਢਾਂਚਾ ਹੈ ਜਿਥੇ 'ਤਕੜੇ ਦਾ ਸੱਤੀਂ ਵੀਹੀਂ ਸੌ' ਹੈ। ਨਵੰਬਰ 1984 ਵਾਲੇ ਕਤਲੇਆਮ ਦਾ ਮਾਮਲਾ ਵੀ ਇਸ ਤੋਂ ਕੋਈ ਵੱਖਰਾ ਨਹੀਂ ਹੈ। ਦਿੱਲੀ ਤੇ ਹੋਰ ਥਾਂਈਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਗੁਜਰਾਤ ਵਿਚ ਮੁਸਲਮਾਨਾਂ ਦਾ, ਅਬੂਝਮਾੜ ਵਿਚ ਕਬਾਇਲੀਆਂ ਦਾ ਜਿਨ੍ਹਾਂ ਨੂੰ ਮਾਓਵਾਦੀ ਗਰਦਾਨਿਆ ਗਿਆ ਹੈ। ਇਹ ਸੂਚੀ ਨਾ ਮੁੱਕਣ ਵਾਲੀ ਹੈ। ਇਸ ਲਈ ਨਗਾਰੇ ਉਤੇ ਚੋਟ ਇਸ ਢਾਂਚੇ ਨੂੰ ਧਿਆਨ ਵਿਚ ਰੱਖ ਕੇ ਲਾਉਣੀ ਪਵੇਗੀ। ਸੰਭਵ ਹੈ ਕਿ ਇਸ ਕਾਫਲੇ ਵਿਚ ਬਹੁਤੀ ਲੋਕਾਈ ਫਿਲਹਾਲ ਸ਼ਿਰਕਤ ਨਾ ਕਰ ਸਕੇ, ਕਿਉਂਕਿ ਲਾਮਬੰਦੀ ਤੋਂ ਬਗੈਰ ਕਾਫਲਾ ਬਣਾਉਣਾ ਮੁਸ਼ਕਿਲ ਹੈ, ਪਰ ਸਮੁੱਚੇ ਹਾਲਾਤ ਨੂੰ ਹੰਗਾਲ ਕੇ ਇਕ ਸਮਝ ਤਾਂ ਬਣਾਈ ਹੀ ਜਾ ਸਕਦੀ ਹੈ। ਇਸ ਕਾਫਲੇ ਵਿਚ ਹਰ ਉਹ ਜਣਾ ਸ਼ਾਮਲ ਹੋਣਾ ਚਾਹੀਦਾ ਹੈ ਜਿਹੜਾ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਅੱਗੇ ਲਿਜਾ ਰਿਹਾ ਹੈ। ਇਕੱਲਿਆਂ-ਇਕੱਲਿਆਂ ਜੂਝਦਿਆਂ ਬਥੇਰੇ ਸਾਲ ਤੇ ਦਹਾਕੇ ਲੰਘ ਗਏ ਹਨ। ਹੁਣ ਜਿਸ ਤਰ੍ਹਾਂ ਦੀ ਸਿਆਸਤ ਆਰ.ਐਸ.ਐਸ. ਕਰ ਰਹੀ ਹੈ, ਉਸ ਦਾ ਟਾਕਰਾ ਰਲ ਕੇ ਹੀ ਕੀਤਾ ਜਾ ਸਕੇਗਾ। ਕਤਲੇਆਮਾਂ ਦੇ ਇਸ ਦਰਦ ਨੂੰ ਹੁਣ ਉਹ ਜ਼ੁਬਾਨ ਮਿਲਣੀ ਚਾਹੀਦੀ ਹੈ, ਜਿਸ ਤਰ੍ਹਾਂ ਇਕ ਸਦੀ ਪਹਿਲਾਂ ਪਰਾਈ ਧਰਤੀ 'ਤੇ ਗਦਰੀਆਂ ਨੇ ਸਾਹਮਣੇ ਲਿਆਂਦੀ ਸੀ। ਗਦਰੀਆਂ ਨੇ ਹਰ ਫਰਕ ਪਿਛਾਂਹ ਰੱਖ ਕੇ ਉਸ ਸਾਮਰਾਜ ਅੱਗੇ ਮੱਥਾ ਡਾਹਿਆ ਜਿਸ ਦੇ ਰਾਜ 'ਚ ਕਦੀ ਸੂਰਜ ਨਹੀਂ ਸੀ ਛਿਪਦਾ। ਅੱਜ ਵਾਲਾ ਸਾਮਰਾਜ ਵੀ ਭਾਵੇਂ ਜਿੰਨਾ ਮਰਜ਼ੀ ਫੈਲਿਆ ਹੋਵੇ, ਪਰ ਅੰਗਰੇਜ਼ਾਂ ਦੇ ਸਾਮਰਾਜ ਵਾਂਗ ਇਹ ਵੀ ਅਜਿੱਤ ਨਹੀਂ ਹੈ। ਇਸ ਲਈ ਅਗਲਾ ਕਦਮ, ਨਵੰਬਰ 1984 ਤੋਂ ਅਗਲਾ ਕਦਮ ਹੋਵੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪਤੀ-ਪਤਨੀ ਦਾ ਕਲੇਸ਼!*

ਇਕ ਪੂਰਬ ਨੂੰ ਦੂਸਰਾ ਵੱਲ ਪੱਛੋਂ, ਜੁਦਾ ਜੁਦਾ ਸੀ ਦੋਹਾਂ ਦਾ ਪੱਥ ਮੀਆਂ।
ਭਾਵੇਂ ਇੱਟ ਤੇ ਘੜੇ ਦਾ ਮੇਲ ਹੈ ਸੀ, ਫਿਰ ਵੀ ਰੱਖਿਆ ਦੋਹਾਂ ਨੇ 'ਕੱਠ ਮੀਆਂ।
ਪਾਲੇਟਿਕਸ ਨੇ 'ਟੱਬਰ' ਵਿਚ ਪਾੜ ਪਾ'ਤਾ, ਰੱਖੇ ਕੌਣ ਹੁਣ ਜੀਆਂ ਨੂੰ ਨੱਥ ਮੀਆਂ।
ਬੁਰੇ ਦਿਨਾਂ ਦਾ ਸਾਹਮਣਾ ਕਰੇ ਬਾਪੂ, ਜਿਹਦਾ ਪੁੱਤ ਵੀ ਹੋਣੋ ਉਲੱਥ ਮੀਆਂ।
ਹੁਣ ਨਹੀਂ ਨਿਭਣੀਆਂ ਯਾਰੀਆਂ ਦੇਖਿਓ ਜੀ ਕਰਦੀ ਚੁਰ-ਚੁਰਾ ਪਿੰਡਾਂ ਦੀ ਸਥ ਮੀਆਂ।
ਪਤਨੀ 'ਪਾਵਰ-ਫੁਲ' ਹੋਈ ਨੂੰ ਦੇਖ ਕੇ ਤੇ, ਪਤੀ ਮਾਰਦਾ ਮੱਥੇ 'ਤੇ ਹੱਥ ਮੀਆਂ!

# ਧਰਮ, ਹਿੰਦੂਤਵ ਤੇ ਸਿਆਸਤ

*1850 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਨੂਰ ਮੁਹੰਮਦ ਨਾਂ ਦੇ ਇਕ ਬੰਦੇ ਨੇ ਅਦਾਲਤ ਵਿਚ ਕੇਸ ਦਰਜ ਕਰਾਇਆ ਕਿ ਸ਼ਹੀਦ ਗੰਜ ਗੁਰਦੁਆਰੇ ਦੀ ਜ਼ਮੀਨ ਉਸ ਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਉਹ ਮਸਜਿਦ ਦੀ ਥਾਂ ਹੈ। ਅਦਾਲਤ ਨੇ ਉਸ ਦੀ ਅਰਜ਼ੀ ਠੁਕਰਾਅ ਦਿੱਤੀ। ਇਸੇ ਤਰ੍ਹਾਂ 1857 ਅਤੇ 1883 ਵਿਚ ਵੀ ਅਦਾਲਤਾਂ ਵਿਚ ਮੁਕੱਦਮੇ ਦਰਜ ਕਰਵਾਏ ਗਏ, ਪਰ ਅਦਾਲਤਾਂ ਨੇ ਇਹ ਦਲੀਲ ਦੇ ਕੇ ਕਿ 'ਇਹ ਸਥਾਨ ਹੁਣ ਗੁਰਦੁਆਰਾ ਹੈ', ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ।*

13ਵੀਂ ਸਦੀ ਦੇ ਮਹਾਰਾਸ਼ਟਰ ਦੇ ਸੰਤ ਨਾਮਦੇਵ ਨੇ ਆਪਣੇ ਸਮੇਂ ਦੇ ਦੋ ਮੁੱਖ ਧਾਰਮਿਕ ਫਿਰਕਿਆਂ- ਹਿੰਦੂਆਂ ਅਤੇ ਮੁਸਲਮਾਨਾਂ ਦੇ ਸਬੰਧ ਵਿਚ ਆਪਣੇ ਵਿਚਾਰ ਦਿੰਦਿਆਂ ਕਿਹਾ ਸੀ ਕਿ ਹਿੰਦੂ ਅੰਨ੍ਹਾ ਹੋ ਗਿਆ ਹੈ ਅਤੇ ਮੁਸਲਮਾਨ ਕਾਣਾ ਹੋ ਗਿਆ ਹੈ। ਜੋ ਗਿਆਨੀ ਹੈ, ਉਹ ਦੋਵਾਂ ਤੋਂ ਸਿਆਣਾ ਹੈ:

ਹਿੰਦੂ ਅੰਨ੍ਹਾ ਤੁਰਕੂ ਕਾਣਾ,
ਦੁਹਾਂ ਤੇ ਗਿਆਨੀ ਸਿਆਣਾ।

ਸੰਤ ਨਾਮਦੇਵ ਨੂੰ ਲੱਗਿਆ ਸੀ ਕਿ ਹਿੰਦੂ ਪੂਰੀ ਤਰ੍ਹਾਂ ਰੂੜ੍ਹੀਵਾਦੀ ਹੋ ਕੇ ਅੰਨ੍ਹੇ ਹੋ ਗਏ ਹਨ। ਮੁਸਲਮਾਨ ਵੀ ਉਸੇ ਰਸਤੇ 'ਤੇ ਚੱਲ ਰਿਹਾ ਹੈ। ਉਹ ਅਜੇ ਪੂਰੀ ਤਰ੍ਹਾਂ ਰੂੜ੍ਹੀਵਾਦੀ ਨਹੀਂ ਹੋਇਆ, ਇਸ ਲਈ ਉਹ ਕਾਣਿਆਂ ਦੇ ਬਰਾਬਰ ਹੈ। ਇਨ੍ਹਾਂ ਦੋਵਾਂ ਦੇ ਮੁਕਾਬਲੇ ਗਿਆਨੀ ਸਿਆਣਾ ਹੈ, ਕਿਉਂਕਿ ਉਹ ਚੰਗੇ-ਬੁਰੇ ਦੀ ਪੂਰੀ ਪਛਾਣ ਕਰ ਲੈਂਦਾ ਹੈ। ਬਿਨਾਂ ਸਮਝੇ-ਬੁੱਝੇ, ਅੱਖਾਂ ਬੰਦ ਕਰ ਕੇ ਰੂੜ੍ਹੀਵਾਦੀ ਹੋ ਕੇ ਚਲਦੇ ਜਾਣਾ ਅਗਿਆਨ ਹੈ।

**ਡਾ. ਮਹੀਪ ਸਿੰਘ**
ਫੋਨ: 91-93139-32888

ਸਵਾਮੀ ਵਿਵੇਕਾਨੰਦ ਨੇ ਧਰਮ ਨੂੰ ਸਮਝਣ, ਉਸ ਦੁਆਰਾ ਦੱਸੇ ਰਸਤੇ 'ਤੇ ਚੱਲਣ, ਸੰਸਾਰ ਦੀਆਂ ਪਰਿਵਰਤਨਸ਼ੀਲ ਹਾਲਤਾਂ ਦੀ ਪੜਤਾਲ ਕਰਨ, ਉਨ੍ਹਾਂ ਦੇ ਅਨੁਸਾਰ ਆਪਣੇ-ਆਪ ਨੂੰ ਢਾਲਣ ਅਤੇ ਮਤ-ਭਿੰਨਤਾ ਨੂੰ ਸਵੀਕਾਰ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸ਼ਿਕਾਗੋ ਵਿਚ ਹੋਏ ਸਰਬ-ਧਰਮ ਸੰਮੇਲਨ ਦੇ ਆਖਰੀ ਦਿਨ 27 ਦਸੰਬਰ 1893 ਵਿਚ ਭਾਸ਼ਨ ਦਿੰਦਿਆਂ ਕਿਹਾ ਸੀ, "ਵਿਸ਼ਵ ਦੇ ਸਾਰੇ ਧਰਮਾਂ ਦੇ ਸੰਮੇਲਨ ਦੀ ਲੋੜ ਅੱਜ ਪੂਰਨ ਰੂਪ ਵਿਚ ਸਿੱਧ ਹੋ ਗਈ ਹੈ।"

ਵੱਖ-ਵੱਖ ਧਰਮਾਂ ਵਿਚਕਾਰ ਮਤਭੇਦਾਂ ਨੂੰ ਉਨ੍ਹਾਂ ਨੇ ਸਵੀਕਾਰ ਕਰਦੇ ਹੋਏ ਇਕ ਗੱਲ ਬੜੇ ਸਪਸ਼ਟ ਰੂਪ ਵਿਚ ਕਹੀ ਸੀ ਕਿ ਜੇ ਕੋਈ ਇਹ ਆਸ ਕਰੇ ਕਿ ਇਕ ਹੀ ਮਤ ਦੂਜੇ ਮਤਾਂ ਦਾ ਖਾਤਮਾ ਕਰ ਕੇ ਜੇਤੂ ਬਣੇ, ਜਿਸ ਨਾਲ ਏਕਤਾ ਹੋ ਜਾਵੇ, ਤਾਂ ਮੈਂ ਉਨ੍ਹਾਂ ਨੂੰ ਇਹੀ ਉਤਰ ਦਿੰਦਾ ਹਾਂ ਕਿ ਭਾਈ, ਤੁਹਾਡੀ ਇਹ ਆਸ ਅਸੰਭਵ ਹੈ। ਉਸ ਭਾਸ਼ਣ ਵਿਚ ਉਨ੍ਹਾਂ ਨੇ ਭਵਿੱਖ ਲਈ ਇਹ ਆਸ ਪ੍ਰਗਟ ਕੀਤੀ ਸੀ- ਹਰ ਧਰਮ ਦੇ ਝੰਡੇ 'ਤੇ ਤੁਰੰਤ ਹੀ ਇਹੀ ਲਿਖਿਆ ਜਾਵੇਗਾ 'ਆਪਸੀ ਸਹਿਯੋਗੀ ਬਣੋ, ਵਿਰੋਧ ਨਾ ਕਰੋ; ਰੱਖਿਅਕ ਬਣੋ, ਵਿਨਾਸ਼ਕਾਰੀ ਨਾ ਬਣੋ; ਏਕਤਾ ਅਤੇ ਸ਼ਾਂਤੀ ਰਹੇ, ਵਿਰੋਧ ਅਤੇ ਲੜਾਈ-ਝਗੜੇ ਦੂਰ ਹੋਣ।'

ਸਵਾਮੀ ਵਿਵੇਕਾਨੰਦ ਨੂੰ ਇਹ ਕਿਹਾਂ ਇਕ ਸੌ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ। ਉਸ ਤੋਂ ਬਾਅਦ ਸੰਸਾਰ ਦੇ ਅਨੇਕਾਂ ਹਿੱਸਿਆਂ ਵਿਚ ਇਸੇ ਤਰ੍ਹਾਂ ਦੇ ਵਿਸ਼ਵ ਧਰਮ ਸੰਮੇਲਨ ਹੋਏ ਜਿਨ੍ਹਾਂ ਦੇ ਵਿਚਕਾਰ ਸਹਿਣਸ਼ੀਲਤਾ, ਸਦਭਾਵ ਅਤੇ ਸਹਿਹੋਂਦ ਦੀਆਂ ਗੱਲਾਂ ਕੀਤੀਆਂ ਗਈਆਂ, ਪਰ ਪੂਰੀ ਦੀ ਪੂਰੀ 20ਵੀਂ ਸਦੀ ਅਸਹਿਣਸ਼ੀਲਤਾ, ਦੁਰਭਾਵ ਅਤੇ ਵਿਨਾਸ਼ ਨਾਲ ਭਰੀ ਰਹੀ। ਇਸ ਸ਼ਤਾਬਦੀ ਦੇ ਮੱਧ ਵਿਚ ਭਾਰਤ ਦੀ ਵੰਡ ਇਸੇ ਅਸਹਿਣਸ਼ੀਲਤਾ ਦਾ ਨਤੀਜਾ ਸੀ ਜਿਸ ਵਿਚ ਲੱਖਾਂ ਲੋਕ ਮਾਰੇ ਗਏ ਅਤੇ ਕਿਤੇ ਵੱਧ ਉਜੜ ਗਏ। ਵਰਤਮਾਨ ਸ਼ਤਾਬਦੀ ਵਿਚ ਸਭਿਆਤਾਵਾਂ ਦੇ ਭੇੜ ਦੀ ਜਿੰਨੀ ਚਰਚਾ ਹੋ ਰਹੀ ਹੈ, ਉਤਨੀ ਪਹਿਲਾਂ ਕਦੇ ਨਹੀਂ ਹੋਈ

ਲਗਭਗ 7 ਦਹਾਕੇ ਪਹਿਲਾਂ ਹੋਈ ਭਾਰਤ ਵੰਡ ਦੇ ਸਮੇਂ ਅਜਿਹਾ ਦਿਖਾਈ ਦੇ ਰਿਹਾ ਸੀ ਕਿ ਧਾਰਮਿਕ ਆਧਾਰ 'ਤੇ ਦੇਸ਼ ਦਾ ਧਰੁਵੀਕਰਨ ਹੋ ਗਿਆ ਹੈ। 1940 ਵਿਚ ਲਾਹੌਰ ਵਿਚ ਮੁਸਲਿਮ ਲੀਗ ਦੇ ਹੋਏ ਇਜਲਾਸ ਵਿਚ ਇਕ ਮੂਲਵਾਦੀ ਮੁਸਲਿਮ ਦੇਸ਼ ਦੀ ਸਥਾਪਨਾ ਦਾ ਪ੍ਰਸਤਾਵ ਪਾਸ ਹੋਇਆ। 1925 ਤੋਂ ਹੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ) ਨੇ 'ਹਿੰਦੂ ਰਾਸ਼ਟਰ' ਦੀ ਸਥਾਪਨਾ ਨੂੰ ਆਪਣਾ ਉਦੇਸ਼ ਐਲਾਨਿਆ ਹੋਇਆ ਹੈ। 1946 ਵਿਚ ਕੈਬਨਿਟ ਮਿਸ਼ਨ ਦੇ ਸਨਮੁੱਖ ਸਿੱਖ ਨੇਤਾਵਾਂ ਨੇ ਵੀ ਇਸ ਤਰ੍ਹਾਂ ਦਾ ਪ੍ਰਸਤਾਵ ਰੱਖਿਆ ਸੀ ਕਿ ਜਾਂ ਤਾਂ ਭਾਰਤ ਦੀ ਵੰਡ ਨਾ ਹੋਵੇ, ਜਾਂ ਸੁਤੰਤਰ ਸਿੱਖ ਰਾਜ ਵੀ ਬਣਾਇਆ ਜਾਵੇ। ਉਸ ਸਮੇਂ ਪੰਜਾਬ ਵਿਚ ਕੁਝ ਸਿੱਖ ਨੇਤਾਵਾਂ ਨੇ 'ਆਜ਼ਾਦ ਪੰਜਾਬ' ਬਣਾਉਣ ਦੀ ਯੋਜਨਾ ਵੀ ਸਾਹਮਣੇ ਰੱਖੀ ਸੀ।

ਲਗਦਾ ਹੈ ਕਿ ਸਵਾਮੀ ਵਿਵੇਕਾਨੰਦ ਦੇ ਸੁਪਨੇ ਨੂੰ ਉਸੇ ਧਰਮ ਦੇ ਕੁਝ ਲੋਕਾਂ ਦੁਆਰਾ ਚੋਟ ਲਗਾਈ ਜਾ ਰਹੀ ਹੈ ਜਿਸ ਦੀ ਵੱਡੀ ਗੌਰਵਪੂਰਨ ਪ੍ਰਤੀਨਿਧਤਾ ਉਨ੍ਹਾਂ ਨੇ ਸ਼ਿਕਾਗੋ ਦੇ ਸਰਬ ਧਰਮ ਸੰਮੇਲਨ ਵਿਚ ਕੀਤੀ ਸੀ। ਹਿੰਦੂਤਵ ਦੀ ਉਨ੍ਹਾਂ ਦੀ ਕਲਪਨਾ ਅਤੇ ਅੱਜ ਦੇ ਕੁਝ ਬੜਬੋਲੇ ਹਿੰਦੂਤਵ ਦੀ ਧਾਰਨਾ ਕੀ ਇਕੋ ਜਿਹੀ ਹੈ?

ਇਸ ਪ੍ਰਸੰਗ ਵਿਚ ਮੈਨੂੰ ਇਕ ਗੱਲ ਯਾਦ ਆਉਂਦੀ ਹੈ ਕਿ ਕੁਝ ਸਾਲ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਦੇ ਨਿਵਾਸ 'ਤੇ ਤੱਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਸ੍ਰੀ ਕੇ.ਆਰ. ਮਲਕਾਨੀ (ਹੁਣ ਮਰਹੂਮ) ਦੀ ਪੁਸਤਕ 'ਇੰਡੀਆ ਫਸਟ' ਰਿਲੀਜ਼ ਕੀਤੀ ਸੀ। ਉਸ ਸਮੇਂ ਉਨ੍ਹਾਂ ਨੇ ਹਿੰਦੂਤਵ ਬਾਰੇ ਟਿੱਪਣੀ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸਵਾਮੀ ਵਿਵੇਕਾਨੰਦ ਜਦੋਂ ਹਿੰਦੂਤਵ ਦੀ ਗੱਲ ਕਰਦੇ ਹਨ, ਤਾਂ ਉਨ੍ਹਾਂ ਨੂੰ ਕੋਈ ਫਿਰਕਾਪ੍ਰਸਤ ਨਹੀਂ ਕਹਿੰਦਾ, ਪਰ ਅੱਜ ਕਲ੍ਹ ਕੁਝ ਲੋਕ ਆਪਣੇ ਬਿਆਨਾਂ ਅਤੇ ਭਾਸ਼ਣਾਂ ਵਿਚ ਹਿੰਦੂਤਵ ਦੀ ਜੋ ਵਿਆਖਿਆ ਕਰ ਰਹੇ ਹਨ, ਉਸ ਤੋਂ ਤਾਂ ਮੈਂ ਦੂਰ ਹੀ ਰਹਿਣਾ ਚਾਹੁੰਦਾ ਹਾਂ। ਉਨ੍ਹਾਂ ਦਾ ਸੰਕੇਤ ਕਿਨ੍ਹਾਂ ਵਿਅਕਤੀਆਂ ਵੱਲ ਸੀ,



ਸਵਾਮੀ ਵਿਵੇਕਾਨੰਦ

ਇਹ ਸਾਰੇ ਜਾਣਦੇ ਹਨ। ਇਨ੍ਹਾਂ ਲੋਕਾਂ ਨੇ ਹਿੰਦੂਤਵ ਨੂੰ 'ਕਲਟ' ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸਵਾਮੀ ਵਿਵੇਕਾਨੰਦ ਨੇ ਜਿਸ ਉਦਾਤ ਹਿੰਦੂਤਵ ਦੀ ਗੱਲ ਆਪਣੀ ਸ਼ਿਕਾਗੋ ਯਾਤਰਾ ਵਿਚ ਕੀਤੀ ਸੀ, ਉਸ ਨੂੰ ਇਨ੍ਹਾਂ ਨੇ ਗ੍ਰਹਿਣ ਨਹੀਂ ਕੀਤਾ।

ਬਾਬਰੀ ਮਸਜਿਦ ਜਿਸ ਨੂੰ ਕੁਝ ਲੋਕ ਵਿਵਾਦ ਵਾਲਾ ਢਾਂਚਾ ਕਹਿਣਾ ਵਧੇਰੇ ਪਸੰਦ ਕਰਦੇ ਹਨ, ਦੇ ਸਵਾਲ 'ਤੇ ਭਾਰਤੀ ਜਨਤਾ ਪਾਰਟੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਮੇਰਾ ਸਦਾ ਮਤਭੇਦ ਰਿਹਾ ਹੈ। ਜਿਸ ਢੰਗ ਨਾਲ ਇਸ ਢਾਂਚੇ ਨੂੰ ਡੇਗਿਆ ਗਿਆ, ਉਸ ਵਿਚ ਮਾਣ ਕਰਨ ਵਾਲੀ ਕੋਈ ਗੱਲ ਨਹੀਂ। ਦੇਸ਼ ਦੇ ਸਮੂਹ ਪ੍ਰਬੁੱਧ ਲੋਕ ਇਹ ਮੰਨਦੇ ਰਹੇ ਹਨ ਕਿ ਧਾਰਮਿਕ ਪ੍ਰਸੰਗ ਦੇ ਅਜਿਹੇ ਸੰਵੇਦਨਸ਼ੀਲ ਪ੍ਰਸ਼ਨਾਂ ਉਤੇ ਜਾਂ ਤਾਂ ਸਾਰੀਆਂ ਧਿਰਾਂ ਨੂੰ ਆਮ ਸਹਿਮਤੀ ਪੈਦਾ ਕਰਨੀ ਚਾਹੀਦੀ ਹੈ, ਨਹੀਂ ਤਾਂ ਇਨ੍ਹਾਂ ਨੂੰ ਅਦਾਲਤ ਦੇ ਫੈਸਲੇ 'ਤੇ ਛੱਡ ਦੇਣਾ ਚਾਹੀਦਾ ਹੈ।

ਮੈਨੂੰ ਅਜਿਹੀ ਹੀ ਇਕ ਘਟਨਾ ਯਾਦ ਆਉਂਦੀ ਹੈ। 18ਵੀਂ ਸਦੀ ਵਿਚ ਮੁਗ਼ਲ ਸ਼ਾਸਕਾਂ ਦੁਆਰਾ ਸਿੱਖਾਂ 'ਤੇ ਬਹੁਤ ਅੱਤਿਆਚਾਰ ਹੋਏ। ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਇਹ ਹੁਕਮ ਦਿੱਤਾ ਸੀ ਕਿ ਜੋ ਕੋਈ ਕਿਸੇ ਸਿੱਖ ਦਾ ਸਿਰ ਕੱਟ ਕੇ ਲਿਆਏਗਾ, ਉਸ ਨੂੰ ਸਰਕਾਰ ਵੱਲੋਂ ਇਨਾਮ ਦਿੱਤਾ ਜਾਵੇਗਾ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚੋਂ ਵੀ ਬਾਗੀ ਸਿੱਖਾਂ ਨੂੰ ਬੰਦੀ ਬਣਾ ਕੇ ਲਾਹੌਰ ਵਿਚ ਲਿਆਇਆ ਜਾਂਦਾ ਸੀ। ਮੀਰ ਮੰਨੂ ਨੇ ਲਾਹੌਰ ਦੇ ਨਖਾਸ ਨਾਮੀ ਸਥਾਨ 'ਤੇ ਇਕ ਮਸਜਿਦ ਵਿਚ ਕੁਝ ਮੁਫਤੀ ਬਿਠਾ ਦਿੱਤੇ ਸਨ ਜੋ ਫੜ ਕੇ ਲਿਆਂਦੇ ਸਿੱਖਾਂ ਦੇ ਸਾਹਮਣੇ ਇਹ ਪ੍ਰਸਤਾਵ ਰੱਖਦੇ ਸਨ ਕਿ ਜਾਂ ਤਾਂ ਉਹ ਧਰਮ ਤਬਦੀਲੀ ਸਵੀਕਾਰ ਕਰਨ ਜਾਂ ਮੌਤ ਨੂੰ ਗਲੇ ਲਗਾ ਲੈਣ। ਆਮ ਤੌਰ 'ਤੇ ਸਾਰੇ ਸਿੱਖ ਮੌਤ ਸਵੀਕਾਰ ਕਰਦੇ ਸਨ। ਇਸ ਥਾਂ 'ਤੇ ਕਈ ਹਜ਼ਾਰ ਸਿੱਖ ਸ਼ਹੀਦ ਹੋਏ। 18ਵੀਂ ਸਦੀ ਦੇ ਅੰਤ ਵਿਚ ਜਦੋਂ ਪੰਜਾਬ ਵਿਚ ਸਿੱਖ ਰਾਜ ਸਥਾਪਤ ਹੋਇਆ ਤਾਂ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਉਥੇ ਗੁਰਦੁਆਰਾ ਬਣਾਇਆ ਗਿਆ ਜਿਸ ਨੂੰ ਗੁਰਦੁਆਰਾ ਸ਼ਹੀਦ ਗੰਜ ਕਿਹਾ ਜਾਂਦਾ ਹੈ।

1850 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਰਾਜ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਤਾਂ ਨੂਰ ਮੁਹੰਮਦ ਨਾਂ ਦੇ ਇਕ ਬੰਦੇ ਨੇ ਅਦਾਲਤ ਵਿਚ ਕੇਸ ਦਰਜ ਕਰਾਇਆ ਕਿ ਸ਼ਹੀਦ ਗੰਜ ਗੁਰਦੁਆਰੇ ਦੀ ਜ਼ਮੀਨ ਉਸ ਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਉਹ ਮਸਜਿਦ ਦੀ ਥਾਂ ਹੈ। ਅਦਾਲਤ ਨੇ ਉਸ ਦੀ ਅਰਜ਼ੀ ਠੁਕਰਾਅ ਦਿੱਤੀ। ਇਸੇ ਤਰ੍ਹਾਂ 1857 ਅਤੇ 1883 ਵਿਚ ਵੀ ਅਦਾਲਤਾਂ ਵਿਚ ਮੁਕੱਦਮੇ ਦਰਜ ਕਰਵਾਏ ਗਏ, ਪਰ ਅਦਾਲਤਾਂ ਨੇ ਇਹ ਦਲੀਲ ਦੇ ਕੇ ਕਿ 'ਇਹ ਸਥਾਨ ਹੁਣ ਗੁਰਦੁਆਰਾ ਹੈ', ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ।

ਇਹ ਅਦਾਲਤੀ ਲੜਾਈ ਕਈ ਸਾਲਾਂ ਤੱਕ ਚਲਦੀ ਰਹੀ। ਲਾਹੌਰ ਦੇ ਮੁਸਲਮਾਨ ਇਸ ਨੂੰ ਪੰਜਾਬ ਦੀ ਉਚ ਅਦਾਲਤ ਵਿਚ ਵੀ ਲੈ ਕੇ ਗਏ। ਉਥੇ ਵੀ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ। ਇਕ-ਦੋ ਵਾਰ ਮਸਜਿਦ ਸਮਰਥਕ ਭੀੜ ਨੇ ਗੁਰਦੁਆਰੇ ਵਿਚ ਜ਼ਬਰਦਸਤੀ ਦਾਖਲ ਹੋ ਕੇ ਕਬਜ਼ਾ ਕਰਨਾ ਚਾਹਿਆ, ਪਰ ਅੰਗਰੇਜ਼ ਸਰਕਾਰ ਨੇ ਅਜਿਹਾ ਨਹੀਂ ਹੋਣ ਦਿੱਤਾ। ਮੁਕੱਦਮਾ ਪ੍ਰੀਵੀ ਕੌਂਸਲ (ਸਰਬਉਚ ਅਦਾਲਤ) ਤੱਕ ਪਹੁੰਚਿਆ, ਪਰ ਉਥੋਂ ਵੀ 2 ਮਈ 1940 ਨੂੰ ਖਾਰਜ ਕਰ ਦਿੱਤਾ ਗਿਆ। ਇਹ ਅਦਾਲਤੀ ਲੜਾਈ ਪੂਰੇ 90 ਸਾਲ ਚੱਲੀ। ਇਸ ਸਵਾਲ 'ਤੇ ਪੰਜਾਬ ਵਿਚ ਬਹੁਤ ਵੱਡਾ ਖੂਨ-ਖਰਾਬਾ ਹੋ ਸਕਦਾ ਸੀ, ਪਰ ਤਤਕਾਲੀਨ ਸਰਕਾਰ ਦੀ ਚੌਕਸੀ ਕਾਰਨ ਬਚਾਅ ਰਿਹਾ।

ਆਖਰ ਹਿੰਦੂਤਵਵਾਦੀ ਦਲਾਂ ਨੂੰ ਦੇਸ਼ ਦੀ ਕਾਨੂੰਨੀ ਪ੍ਰਕਿਰਿਆ ਵਿਚ ਆਸਥਾ ਕਿਉਂ ਨਹੀਂ ਹੈ? ਬਾਬਰੀ ਮਸਜਿਦ ਦੇ ਢਾਂਚੇ ਨੂੰ ਡੇਗਿਆਂ ਕਈ ਸਾਲ ਹੋ ਚੁੱਕੇ ਹਨ। ਇਸ ਸਬੰਧ ਵਿਚ ਦੋਵਾਂ ਪੱਖਾਂ ਦੇ ਵਿਚਕਾਰ ਆਮ ਸਹਿਮਤੀ ਪੈਦਾ ਨਹੀਂ ਹੋਈ, ਪੂਰਾ ਕੇਸ ਅੱਜ ਵੀ ਅਦਾਲਤਾਂ ਵਿਚ ਫੈਸਲੇ ਦੀ ਉਡੀਕ ਕਰ ਰਿਹਾ ਹੈ। ਮਸਜਿਦ ਸਮਰਥਕ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਇਸ ਸਬੰਧ ਵਿਚ ਅਦਾਲਤੀ ਫੈਸਲਾ ਸਵੀਕਾਰ ਹੋਵੇਗਾ, ਪਰ ਹਿੰਦੂਤਵਵਾਦੀ ਸੰਸਥਾਵਾਂ ਜਾਂ ਤਾਂ ਬਾਹੂਬਲ ਦੀ ਗੱਲ ਕਰਦੀਆਂ ਹਨ ਜਾਂ ਇਸ ਨੂੰ ਚੋਣ ਮੁੱਦਾ ਬਣਾਉਂਦੀਆਂ ਹਨ। ਇਹ ਸਵਾਮੀ ਵਿਵੇਕਾਨੰਦ ਵੱਲੋਂ ਪ੍ਰਭਾਸ਼ਤ ਕੀਤਾ ਹਿੰਦੂਤਵ ਨਹੀਂ ਹੈ।

ਮੈਨੂੰ ਅੱਜ ਹਿੰਦੂ ਰਾਸ਼ਟਰ ਦੀ ਗੱਲ ਉਚਿਤ ਨਹੀਂ ਲਗਦੀ ਜਿਸ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਉਤਨਾ ਹੀ ਤਤਪਰ ਦਿਖਾਈ ਦਿੰਦਾ ਹੈ, ਜਿੰਨਾ 80 ਸਾਲ ਪਹਿਲਾਂ ਸੀ। ਭਾਰਤ ਦਾ ਸੰਵਿਧਾਨ ਸਭ ਧਰਮਾਂ, ਮੱਤਾਂ, ਫਿਰਕਿਆਂ ਨੂੰ ਬਰਾਬਰ ਸਮਝਦਾ ਹੋਇਆ ਧਰਮ-ਨਿਰਪੱਖ ਭਾਰਤ-ਰਾਸ਼ਟਰ ਦੀ ਗੱਲ ਕਰਦਾ ਹੈ। ਭਾਰਤ-ਰਾਸ਼ਟਰ ਅਤੇ ਹਿੰਦੂ-ਰਾਸ਼ਟਰ ਸਮਾਨ ਸ਼ਬਦ ਨਹੀਂ ਹਨ, ਪਰ ਨਵੀਂ ਸਰਕਾਰ ਆਉਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਫਿਰ ਤੋਂ ਹਿੰਦੂਤਵ ਦੇ ਏਜੰਡੇ ਵੱਲ ਮੁੜ ਰਹੀ ਹੈ।

ਸਵਾਲ ਇਸ ਤਰ੍ਹਾਂ ਦੀ ਗਿਣਤੀ ਦਾ ਨਹੀਂ, ਸਵਾਲ ਸੰਪੂਰਨ ਗਿਆਨਸ਼ੀਲਤਾ ਦਾ ਹੈ। ਅਸੀਂ ਭਾਰਤ ਨੂੰ ਕਿਸ ਤਰ੍ਹਾਂ ਦਾ ਬਣਾਉਣਾ ਚਾਹੁੰਦੇ ਹਾਂ? ਸੰਪੂਰਨ ਉਤਰ-ਪੂਰਬੀ ਭਾਰਤ ਵੱਖ-ਵੱਖ ਤਰ੍ਹਾਂ ਦੇ ਵੱਖਵਾਦ ਨਾਲ ਜੂਝ ਰਿਹਾ ਹੈ। ਕੁਝ ਸਮਾਂ ਪਹਿਲਾਂ ਹੀ ਪੰਜਾਬ ਗਹਿਰੇ ਸੰਕਟ ਵਿਚੋਂ ਨਿਕਲਿਆ ਹੈ। ਅੱਜ ਵੀ ਉਥੇ ਅਜਿਹੇ ਤੱਤ ਹਨ ਜੋ ਕਹਿੰਦੇ ਹਨ ਕਿ ਜੇ ਭਾਰਤ ਹਿੰਦੂ ਰਾਸ਼ਟਰ ਹੈ ਤਾਂ ਪੰਜਾਬ ਸਿੱਖ ਰਾਸ਼ਟਰ ਕਿਉਂ ਨਹੀਂ? ਅਸੀਂ ਮੁਸਲਮਾਨ ਬਹੁ-ਗਿਣਤੀ ਵਾਲੇ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਵੀ ਮੰਨਦੇ ਹਾਂ ਅਤੇ ਹਿੰਦੂ ਰਾਸ਼ਟਰ ਵੀ ਚਾਹੁੰਦੇ ਹਾਂ। ਅਜਿਹੀਆਂ ਵਿਰੋਧਤਾਵਾਂ ਵਿਚ ਹਿੰਦੂਤਵ ਨੂੰ ਘੇਰਨਾ ਕਿਥੋਂ ਦੀ ਸਿਆਣਪ ਹੈ?

# ਪੰਜਾਬੀ ਭਾਸ਼ਾ ਤੇ ਪੰਜਾਬੀ ਲੋਕ

***ਆਪਣੀ ਭਾਸ਼ਾ ਨੂੰ ਜਾਣਨਾ ਕਿਸੇ ਹੋਰ ਭਾਸ਼ਾ ਦਾ ਵਿਰੋਧ ਕਰਨਾ ਨਹੀਂ ਹੈ, ਸਗੋਂ ਆਪਣੀ ਪਛਾਣ ਨਿਸ਼ਾਨੀ ਨੂੰ ਜਿਉਂਦਾ ਰੱਖਣਾ ਹੈ। ਉਂਜ ਵੀ ਇਕ ਤੋਂ ਵੱਧ ਭਾਸ਼ਾਵਾਂ ਜਾਣਨਾ ਲਾਹੇਵੰਦ ਹੈ। ਹਰ ਚੀਜ਼ ਵਿਚੋਂ ਆਰਥਿਕ ਲਾਭ ਲੱਭਣਾ ਨਿਰਾ ਸੁਆਰਥ ਹੈ। ਪੰਜਾਬੀ ਲੋਕ ਆਪਣੀ ਪੱਗ ਨੂੰ ਹੱਥ ਨਹੀਂ ਪਾਉਣ ਦਿੰਦੇ। ਸੀਸ ਤਲੀ 'ਤੇ ਟਿਕਾ ਕੇ ਪੱਗ ਦੀ ਹਿਫ਼ਾਜ਼ਤ ਕਰਦੇ ਨੇ। ਪੰਜਾਬੀ ਭਾਸ਼ਾ ਵੀ ਪੰਜਾਬੀ ਸਭਿਆਚਾਰ ਦੀ ਪੱਗ ਹੈ। ਇਸ ਦੀ ਹਿਫ਼ਾਜ਼ਤ ਕਰਨਾ, ਇੱਜ਼ਤ ਕਰਨਾ ਹਰ ਪੰਜਾਬੀ ਦਾ ਫ਼ਰਜ਼ ਹੈ। ਜੇ ਅੱਜ ਇਹ ਭਾਸ਼ਾ ਨੌਕਰੀ ਵਿਚ ਸਹਾਈ ਨਹੀਂ ਹੁੰਦੀ, ਤਾਂ ਕੱਲ੍ਹ ਹੋ ਵੀ ਸਕਦੀ ਹੈ। ਜੇ ਅਸੀਂ ਆਪਣੀ ਬੋਲੀ ਜਾਣਦੇ ਹਾਂ, ਆਪਣੀ ਬੋਲੀ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਾਂ, ਤਾਂ ਇਹ ਵੀ ਆਪਣੇ ਆਪ ਵਿਚ ਵੱਡੀ ਕਮਾਈ ਹੀ ਹੈ, ਸਭਿਆਚਾਰਕ ਕਮਾਈ। ਜੇ ਅਸੀਂ ਆਪਣੀ ਬੋਲੀ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ, ਤਾਂ ਸਮਝੋ ਵਡਮੁੱਲੀ ਕਮਾਈ ਅਸੀਂ ਆਪਣੇ ਹੱਥੀਂ ਰੋੜ੍ਹ ਲਈ ਹੈ, ਆਪਣੀ ਪਛਾਣ ਅਸੀਂ ਆਪ ਗੁਆ ਲਈ ਹੈ।***

**ਹਰਜਿੰਦਰ ਕੰਗ**
**ਫੋਨ: 559-917-4890**

ਭਾਸ਼ਾ ਕਿਸੇ ਕੌਮ ਜਾਂ ਸਭਿਆਚਾਰ ਦਾ ਅਨਿੱਖੜਵਾਂ ਤੇ ਮਹੱਤਵਪੂਰਨ ਅੰਗ ਹੁੰਦੀ ਹੈ। ਮਨੁੱਖ ਜਾਤੀ ਦਾ ਸਭ ਤੋਂ ਵੱਡਾ ਹਾਸਲ ਭਾਸ਼ਾ ਹੀ ਹੈ। ਰਿਸ਼ੀਆਂ-ਮੁਨੀਆਂ ਨੇ ਇਸ ਨੂੰ ਵਾਕ ਦੇਵੀ ਤੇ ਸਰਸਵਤੀ ਦੇਵੀ ਕਹਿ ਕੇ ਵਡਿਆਇਆ ਹੈ, ਅਰਾਧਿਆ ਹੈ। ਸਭਿਆਚਾਰ ਦੇ ਜਟਿਲ ਪ੍ਰਬੰਧ ਦੇ ਵੱਖ-ਵੱਖ ਅੰਗਾਂ ਨੂੰ ਜੋੜਨ ਵਾਲੀ ਭਾਸ਼ਾ ਹੀ ਹੈ। ਸਮਾਜ ਜਾਂ ਕੌਮ ਦੀ ਪ੍ਰੀਭਾਸ਼ਾ, ਭਾਸ਼ਾ ਬਿਨਾਂ ਅਧੂਰੀ ਹੈ। ਭਾਸ਼ਾ ਕੌਮੀ ਹੋਂਦ ਦੀ ਪ੍ਰਤੀਕ ਵੀ ਹੈ। ਵੱਖ-ਵੱਖ ਸਮੇਂ ਦੇ ਬਾਦਸ਼ਾਹਾਂ ਨੇ ਜਿਥੇ ਵੀ ਆਪਣਾ ਰਾਜ ਸਥਾਪਤ ਕੀਤਾ, ਉਥੇ ਆਪਣੀ ਭਾਸ਼ਾ ਲਾਗੂ ਕੀਤੀ, ਤੇ ਨਾਲ ਹੀ ਉਥੋਂ ਦੀ ਮਾਤ ਭਾਸ਼ਾ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਮਨ ਕਰਨ ਦਾ ਯਤਨ ਕੀਤਾ। ਇਕ ਸਮੇਂ ਆਇਰਲੈਂਡ ਦੀ ਗੈਲਿਕ ਭਾਸ਼ਾ ਵਿਚ ਜੇ ਕਿਸੇ ਕੋਲ ਇਕ-ਅਧ ਕਵਿਤਾ ਵੀ ਹੁੰਦੀ ਸੀ, ਤਾਂ ਉਸ ਨੂੰ ਸਮੇਂ ਦੇ ਸ਼ਾਸਕ ਸਜ਼ਾ ਦਿੰਦੇ ਸਨ, ਪਰ ਆਇਰਲੈਂਡ ਦੇ ਪੁਨਰ-ਜਾਗ੍ਰਤੀ ਅੰਦੋਲਨ ਵਿਚ ਗੈਲਿਕ ਭਾਸ਼ਾ ਨੂੰ ਮੁੜ ਸੁਰਜੀਤ ਕਰਨ ਦੇ ਅੰਦੋਲਨਮਈ ਯਤਨ ਹੋਏ। ਦੂਜੇ ਬੰਨੇ, ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿਚ ਪ੍ਰਬੰਧਕੀ ਸ਼ਾਸਨ ਸਕੂਲ ਵਿਚ ਪੰਜਾਬੀ ਬੋਲਣ ਤੇ ਪਾਬੰਦੀ ਲਾਉਂਦਾ। ਇੰਗਲੈਂਡ ਤੋਂ ਜਦੋਂ ਸਿੱਖਿਆ ਦੀਆਂ ਨਵੀਆਂ ਤਕਨੀਕਾਂ ਬਾਰੇ ਦੱਸਣ ਲਈ ਵਫਦ ਲੁਧਿਆਣੇ ਦੇ ਇਕ ਸਕੂਲ ਵਿਚ ਜਾ ਕੇ ਪੁੱਛਦਾ ਹੈ ਕਿ ਤੁਹਾਡੀ ਮਾਤਾ ਭਾਸ਼ਾ ਕੀ ਹੈ, ਤਾਂ ਅਧਿਆਪਕ ਕਹਿੰਦਾ ਹੈ ਕਿ ਪੰਜਾਬੀ। ਵਫਦ ਮੈਂਬਰ ਦਾ ਸਵਾਲ ਹੈ, ਫਿਰ ਤੁਸੀਂ ਅੰਗਰੇਜ਼ੀ ਵਿਚ ਕਿਉਂ ਪੜ੍ਹਾਉਂਦੇ ਹੋ, ਪੰਜਾਬੀ ਵਿਚ ਕਿਉਂ ਨਹੀਂ? ਅਧਿਆਪਕ ਕੋਲ ਕੋਈ ਜਵਾਬ ਨਹੀਂ ਸੀ।

ਪੰਜਾਬੀਆਂ ਲਈ ਭਾਸ਼ਾ ਹਮੇਸ਼ਾ, ਮਸਲੇ ਦੇ ਰੂਪ ਵਿਚ ਰਹੀ ਹੈ। ਕਿਸੇ ਵੇਲੇ ਦਿੱਲੀ-ਅੰਬਾਲਾ ਤੋਂ ਅਟਕ-ਨੌਸ਼ਹਿਰਾ ਤੱਕ ਅਤੇ ਬਹਾਬਲਪੁਰ ਤੋਂ ਹਜ਼ਾਰੇ ਤੱਕ ਸਾਰਾ ਪੰਜਾਬ ਹੀ ਸੀ। 1947 ਦੀ ਵੰਡ ਸਮੇਂ ਪੰਜਾਬ ਵੀ ਵੰਡਿਆ ਗਿਆ ਤੇ ਪੰਜਾਬੀ ਬੋਲੀ ਵੀ। ਫਿਰ ਪੰਜਾਬ ਦੀ ਇਕ ਹੋਰ ਵੰਡ ਜਦੋਂ ਬੋਲੀ ਦੇ ਆਧਾਰ 'ਤੇ ਹੋਈ, ਤਾਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੀ ਇਸੇ ਵਿਚੋਂ ਨਿਕਲ ਗਏ। ਭਾਸ਼ਾ ਦੇ ਆਧਾਰ 'ਤੇ ਬਚੇ ਪੰਜਾਬ ਵਿਚ ਭਾਸ਼ਾ ਦੀ ਹੀ ਪੁੱਛ-ਪ੍ਰਤੀਤ ਨਹੀਂ। ਇਸ ਦੇ ਸਿਆਸੀ ਕਾਰਨਾਂ ਨੂੰ ਵੱਖ ਰਹਿਣ ਦੇਈਏ, ਤਾਂ ਪੰਜਾਬੀ ਮਾਨਸਿਕਤਾ ਵੀ ਕਸੂਰਵਾਰ ਹੈ; ਜਾਂ ਕਹਿ ਲਓ ਕਿ ਚੇਤੰਨ ਤੇ ਫਿਕਰਮੰਦ ਨਹੀਂ ਹੈ। ਕੋਈ ਗੋਰਾ 'ਸਤਿ ਸ੍ਰੀ ਅਕਾਲ' ਕਹਿ ਦੇਵੇ, ਤਾਂ ਪੰਜਾਬੀਆਂ ਨੂੰ ਅਥਾਹ ਖੁਸ਼ੀ ਹੁੰਦੀ ਹੈ, ਪਰ ਜੇ ਆਪਣਾ ਬੱਚਾ ਪੰਜਾਬੀ ਨਾ ਬੋਲ ਸਕੇ ਤਾਂ ਦੁੱਖ ਨਹੀਂ ਹੁੰਦਾ। ਪੰਜਾਬੀ ਜਿਥੇ ਵੀ ਜਾਂਦੇ ਹਨ, ਉਥੇ ਦੀ ਭਾਸ਼ਾ ਤਾਂ ਸਿੱਖ ਲੈਂਦੇ ਨੇ, ਪਰ ਆਪਣੀ ਭਾਸ਼ਾ ਦੀ ਪ੍ਰਵਾਹ ਨਹੀਂ ਸਕਦੇ। ਕੋਈ ਕਾਰਿੰਦਾ ਇਨ੍ਹਾਂ ਕੋਲ ਹੋਰ ਬੋਲੀ ਵਾਲਾ ਆ ਜਾਵੇ ਤਾਂ ਉਹਦੀ ਬੋਲੀ ਸਿੱਖ ਲੈਣਗੇ, ਪਰ ਉਹਨੂੰ ਆਪਣੀ ਨਹੀਂ ਸਿਖਾ ਸਕਣਗੇ।

ਪੰਜਾਬੀ ਪਦਾਰਥਵਾਦੀ ਸੋਚ ਨਾਲ ਬਹੁਤ ਗੂੜ੍ਹੀ ਤਰ੍ਹਾਂ ਬੱਝੇ ਹੋਏ ਨੇ। ਜਿਥੇ ਵੀ ਜਾ ਕੇ ਵਸੇ, ਉਥੇ ਮਿਹਨਤ ਕਰ ਕੇ ਚੰਗੀ ਰੋਟੀ, ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾ ਲੈਂਦੇ ਨੇ; ਤੇ ਬੱਸ ਇਥੇ ਹੀ ਬਰੇਕਾਂ ਮਾਰ ਲੈਂਦੇ ਨੇ ਅਤੇ ਇਨ੍ਹਾਂ ਚੀਜ਼ਾਂ ਦੇ ਵਿਸਥਾਰ ਤੇ ਵਿਖਾਵੇ ਵਿਚ ਹੀ ਫਸੇ ਰਹਿੰਦੇ ਨੇ। ਜਿਥੇ ਸੰਜੀਦਾ ਤੇ ਬੌਧਿਕ ਕਾਰਜ ਕਰਨ ਵਾਲਾ ਮੌਕਾ ਹੋਵੇ, ਉਥੋਂ ਗੈਰ-ਹਾਜ਼ਿਰ ਹੀ ਰਹਿਣਗੇ। ਜਿਥੇ ਵੀ ਜਾ ਕੇ ਵਸਦੇ ਨੇ, ਉਥੇ ਜਾ ਕੇ ਆਪਣੀ ਭੌਤਿਕ ਪਛਾਣ ਦੇ ਵੱਖ-ਵੱਖ ਸਰੂਪਾਂ ਨੂੰ ਰੂਪਮਾਨ ਕਰਨ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਦੇ ਨਜ਼ਰ ਆਉਂਦੇ ਨੇ। ਵੱਡੇ-ਵੱਡੇ ਤੇ ਕਈ-ਕਈ ਨਗਰ ਕੀਰਤਨ, ਸਭਿਆਚਾਰਕ ਮੇਲੇ, ਸ਼ਹੀਦੀ ਜੋੜ ਮੇਲੇ, ਕਬੱਡੀ ਮੇਲੇ, ਤੀਆਂ ਆਦਿ ਵਿਚ ਗਿੱਧੇ, ਭੰਗੜੇ, ਗੱਤਕਾ, ਖੇਡਾਂ ਆਦਿ ਸਰੀਰਕ ਕਿਰਿਆਵਾਂ ਦਾ ਸਰੂਪ ਹੀ ਜ਼ਿਆਦਾ ਨਜ਼ਰ ਆਉਂਦਾ ਹੈ, ਤੇ ਇਹ ਲਗਭਗ ਸਾਰਾ ਸਾਲ ਚੱਲਦਾ ਰਹਿੰਦਾ ਹੈ। ਪੰਜਾਬੀ ਘਰਾਂ ਵਿਚ 'ਸ਼ਰਾਬ ਸਭਿਆਚਾਰ' (ਡਰਿੰਕ ਕਲਚਰ) ਤੂੜੀ ਵਾਲੇ ਕੁੱਪ ਵਿਚੋਂ ਨਿਕਲ ਕੇ ਖੂਬਸੂਰਤ ਬਾਰ ਦੇ ਰੂਪ ਵਿਚ ਪ੍ਰਗਟ ਹੋ ਗਿਆ ਹੈ। ਪੰਜਾਬੀ 'ਕਿਤਾਬ ਸਭਿਆਚਾਰ' (ਬੁੱਕ ਕਲਚਰ) ਨਾਲ ਕਿਤੇ ਵੀ ਜੁੜੇ ਹੋਏ ਦਿਖਾਈ ਨਹੀਂ ਦਿੰਦੇ। ਨਾ ਗੁਰਦੁਆਰਿਆਂ ਵਿਚ, ਨਾ ਮੇਲਿਆਂ ਵਿਚ ਤੇ ਨਾ ਹੀ ਘਰਾਂ ਵਿਚ ਹੀ ਕੋਈ ਲਾਇਬ੍ਰੇਰੀ ਨਜ਼ਰੀਂ ਪੈਂਦੀ ਹੈ। ਕਦੇ-ਕਦੇ ਤਾਂ ਇੰਜ ਜਾਪਦਾ ਹੈ ਜਿਵੇਂ ਪੰਜਾਬੀ ਸਭਿਆਚਾਰ ਬੋਤਲ, ਢੋਲਕ ਤੇ ਗੋਲਕ ਦੇ ਇਰਦ-ਗਿਰਦ ਸੁੰਗੜ ਕੇ ਰਹਿ ਗਿਆ ਹੋਵੇ।

ਭਾਸ਼ਾ ਦੀ ਲੋੜ ਉਸ ਦੇ ਆਰਥਿਕ ਲਾਹੇ ਤੱਕ ਹੀ ਸੀਮਤ ਰਹੀ ਹੈ। ਭਾਸ਼ਾ ਦੀ ਮਹੱਤਤਾ ਇਸ ਤੋਂ ਕਿਸੇ ਗਹਿਰੀ ਤੇ ਗੂੜ੍ਹੀ ਹੈ। ਅਜਿਹਾ ਨਾ ਹੁੰਦਾ ਤਾਂ ਗੁਰੂ ਨਾਨਕ ਨੇ ਇਹ ਹੋਕਾ ਨਹੀਂ ਸੀ ਦੇਣਾ- ਘਰ ਘਰ ਮੀਆਂ ਸਭਨਾ ਜੀਆ ਬੋਲੀ ਅਵੁਰ ਤੁਮਾਰੀ॥ ਗੁਰੂ ਅੰਗਦ ਨੇ ਗੁਰਮੁਖੀ ਲਿਪੀ ਦੇ ਵਿਕਾਸ ਲਈ ਉਚੇਚੇ ਯਤਨ ਨਹੀਂ ਸੀ ਕਰਨੇ। ਗੁਰੂ ਅਰਜਨ ਨੇ ਭਾਸ਼ਾ ਤੇ ਲਿਪੀ ਦੀ ਮਹਾਨਤਾ ਨੂੰ ਸਮਝਦਿਆਂ ਹੀ ਤਾਂ ਗੁਰਮੁਖੀ ਅੱਖਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਸ਼ਹੀਦ ਭਗਤ ਸਿੰਘ ਜਿਸ ਦੇ ਮੇਲੇ ਦੇਸ਼-ਵਿਦੇਸ਼ ਵਿਚ ਲਗਦੇ ਨੇ; ਉਸ ਦੇ ਨਾਂ ਦੇ ਨਾਅਰੇ ਗੂੰਜਾਏ ਜਾਂਦੇ ਨੇ; ਉਸ ਵਰਗੀ ਪੱਗ ਬੰਨ੍ਹ ਕੇ ਦੇਸ਼ ਭਗਤੀ ਦਾ ਸਬੂਤ ਦਿੱਤਾ ਜਾਂਦਾ ਹੈ; ਉਸ ਦੀ ਫੋਟੋ ਘਰਾਂ ਵਿਚ, ਕਮੀਜ਼ਾਂ, ਕਾਰਾਂ, ਟਰੱਕਾਂ, ਟਰੈਕਟਰਾਂ, ਮੋਟਰਸਾਈਕਲਾਂ, ਡੌਲਿਆਂ ਉਤੇ ਖੁਣਵਾ/ਲਿਖਵਾ ਕੇ ਸੱਚੇ ਪੰਜਾਬੀ ਹੋਣ ਦਾ ਦਿਖਾਵਾ ਕੀਤਾ ਜਾਂਦਾ ਹੈ; ਉਹੀ ਭਗਤ ਸਿੰਘ ਪੰਜਾਬੀ ਭਾਸ਼ਾ ਤੇ ਲਿਪੀ ਬਾਰੇ ਬਹੁਤ ਫਿਰਕਮੰਦ ਸੀ, ਪਰ ਇਸ ਦੀ ਚਰਚਾ ਕੋਈ ਨਹੀਂ ਕਰਦਾ। ਸ਼ਹੀਦ ਭਗਤ ਸਿੰਘ 1923-24 ਵਿਚ ਜਦੋਂ ਨੈਸ਼ਨਲ ਕਾਲਜ ਦਾ ਵਿਦਿਆਰਥੀ ਸੀ, ਤਾਂ ਉਸ ਨੇ ਪੰਜਾਬੀ ਭਾਸ਼ਾ ਦੇ ਸਬੰਧ ਵਿਚ ਇਕ ਪਰਚਾ ਲਿਖਿਆ ਸੀ ਜੋ 28 ਫਰਵਰੀ 1933 ਨੂੰ ਪੰਜਾਬੀ ਹਿੰਦੀ ਸਾਹਿਤ ਸੰਮੇਲਨ ਦੇ ਪ੍ਰਧਾਨ ਸਕੱਤਰ ਭੀਮਸੈਨ ਵਿਦਿਆਲੰਕਾਰ ਨੇ 'ਹਿੰਦੀ ਸੰਦੇਸ਼' ਨਾਮੀ ਅਖ਼ਬਾਰ ਵਿਚ ਛਾਪਿਆ ਸੀ। ਇਸ ਪਰਚੇ ਵਿਚ ਭਗਤ ਸਿੰਘ ਨੇ ਲਿਖਿਆ ਸੀ, "ਕਿਸੇ ਸਮਾਜ ਤੇ ਦੇਸ਼ ਨੂੰ ਪਛਾਣਨ ਲਈ ਉਸ ਸਮਾਜ ਜਾਂ ਦੇਸ਼ ਦੇ ਸਾਹਿਤ ਨਾਲ ਜਾਣ-ਪਛਾਣ ਹੋਣ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ, ਕਿਉਂਕਿ ਸਮਾਜ ਦੇ ਪ੍ਰਾਣਾਂ ਦੀ ਚੇਤਨਾ ਉਸ ਸਮਾਜ ਦੇ ਸਾਹਿਤ ਵਿਚ ਹੀ ਜ਼ਾਹਿਰ ਹੁੰਦੀ ਹੈ। ਸਾਹਿਤ ਲਈ ਸਭ ਤੋਂ ਪਹਿਲਾਂ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ।" ਵਿਡੰਬਨਾ ਇਹ ਹੈ ਕਿ ਸਭਿਆਚਾਰਕ ਦੀ ਸੂਚੀ ਵਿਚ ਜਿਹੜੀ ਚੀਜ਼ ਸਭ ਤੋਂ ਪਹਿਲਾਂ ਆਉਂਦੀ ਹੈ, ਪੰਜਾਬੀ ਲੋਕ ਸਭ ਤੋਂ ਪਹਿਲਾਂ ਉਸੇ ਦੇ ਵਿਰੋਧ ਵਿਚ ਖੜ੍ਹ ਜਾਂਦੇ ਨੇ, ਜਾਂ ਉਸ ਦੀ ਮਹੱਤਤਾ ਹੀ ਨਹੀਂ ਸਮਝਦੇ।

ਹਿੰਦੀ ਦੀ ਪ੍ਰਸਿੱਧ ਲੇਖਕਾ ਮਹਾਂਦੇਵੀ ਭਾਸ਼ਾ ਬਾਰੇ ਆਖਦੀ ਹੈ, "ਭਾਸ਼ਾ ਸਿੱਖਣਾ ਤੇ ਭਾਸ਼ਾ ਜੀਣਾ, ਦੋ ਵੱਖ-ਵੱਖ ਚੀਜ਼ਾਂ ਹਨ। ਧੁਨੀ ਦਾ ਗਿਆਨ ਆਤਮ ਅਨੁਭਵ ਨਾਲ ਤੇ ਅਰਥ ਦਾ ਬੁੱਧੀ ਨਾਲ ਪ੍ਰਾਪਤ ਹੁੰਦਾ ਹੈ। ਜੇ ਧੁਨੀ ਦੀ ਪਛਾਣ ਤੋਂ ਪਹਿਲਾਂ ਅਰਥ ਜਾਣ ਲਿਆ ਜਾਵੇ, ਤਾਂ ਬੋਲਣਾ ਨਹੀਂ ਸਿੱਖਿਆ ਜਾ ਸਕਦਾ।" ਇਸੇ ਲਈ ਪਾਣਿਨੀ ਦਾ ਵੀ ਕਥਨ ਹੈ, "ਆਤਮਾ ਬੁੱਧੀ ਦੁਆਰਾ ਸਭ ਅਰਥਾਂ ਦਾ ਆਕਲਨ ਕਰ ਕੇ ਮਨ ਵਿਚ ਬੋਲਣ ਦੀ ਇੱਛਾ ਪੈਦਾ ਕਰਦੀ ਹੈ।" ਮਾਂ ਦੀ ਲੋਰੀ ਦੀ ਧੁਨੀ ਬੱਚੇ ਦੀ ਆਤਮਾ ਵਿਚ ਪ੍ਰਵਾਹਿਤ ਹੁੰਦੀ ਹੈ। ਅਰਥ ਸਮਝਣ ਦੀ ਬੁੱਧੀ ਤਾਂ ਬੱਚੇ ਅੰਦਰ ਅਜੇ ਪੈਦਾ ਹੀ ਨਹੀਂ ਹੋਈ ਹੁੰਦੀ। ਇਹੀ ਧੁਨੀ ਬੱਚੇ ਅੰਦਰ ਬੋਲਣ ਦੀ ਇੱਛਾ ਪੈਦਾ ਕਰਦੀ ਹੈ। ਬੱਚਾ ਤੋਤਲੇ ਬੋਲਾਂ ਤੋਂ ਬੋਲੀ ਦੇ ਸ਼ਬਦਾਂ ਤੋਂ ਜਾਣੂ ਹੁੰਦਾ ਹੈ, ਤੇ ਹੌਲੀ-ਹੌਲੀ ਉਸ ਦੇ ਅਰਥਾਂ ਨੂੰ ਸਮਝਣ ਲਗਦਾ ਹੈ। ਇਕ ਵਾਰ ਕਿਸੇ ਦਫ਼ਤਰ ਵਿਚ ਬੈਠਾ ਸੀ, ਤਾਂ ਇਕ ਬਜ਼ੁਰਗ ਨਿੱਕੇ ਜਿਹੇ ਬੱਚੇ ਨੂੰ ਵਾਰ-ਵਾਰ ਕਹਿ ਰਿਹਾ ਸੀ ਕਿ ਤੂੰ ਕਹਿ, 'ਭਾਅ ਨਾ ਜਾ, ਭਾਅ ਆ ਜਾ'। ਬੱਚਾ ਵਾਰ-ਵਾਰ ਉਹ ਸ਼ਬਦ ਦੁਹਰਾ ਰਿਹਾ ਸੀ, ਮਗਰੇ-ਮਗਰ ਕਹਿ ਰਿਹਾ ਸੀ। ਉਮਰ ਦੇ ਇਸ ਪੜਾਅ 'ਤੇ ਉਹ ਬੱਚਾ ਇਨ੍ਹਾਂ ਸ਼ਬਦਾਂ ਦੇ ਧੁਨੀਆਤਮਕ ਅਰਥ ਸਮਝ ਰਿਹਾ ਸੀ। ਜਦ ਵੱਡਾ ਹੋਵੇਗਾ ਤਾਂ ਇਨ੍ਹਾਂ ਦੇ ਬੌਧਿਕ ਤੇ ਭਾਵ-ਅਰਥ ਸਮਝਣ ਦੇ ਸਮਰੱਥ ਹੋਵੇਗਾ; ਕਿਉਂਕਿ ਭਾਸ਼ਾ ਧੁਨੀਆਂ ਦੇ ਸਮੂਹਾਂ ਤੋਂ ਹੀ ਸ਼ਬਦਾਂ ਦੀ ਸਿਰਜਣਾ ਹੁੰਦੀ ਹੈ। ਗੁਰਬਾਣੀ ਸ਼ਬਦਾਂ ਦੀਆਂ ਧੁਨੀਆਂ ਦੀ ਪਹਿਲਾਂ ਤਰੰਗਤ ਹੁੰਦੀਆਂ ਨੇ, ਅਰਥ ਤਾਂ ਬਾਅਦ ਵਿਚ ਸਮਝੇ ਜਾ ਸਕਦੇ ਨੇ। ਜੇ ਭਾਸ਼ਾ ਹੀ ਨਾ ਆਉਂਦੀ ਹੋਵੇ, ਤਾਂ ਸ਼ਬਦ ਦਾ ਧੁਨੀਆਤਮ ਅਰਥ ਖੋ ਜਾਂਦਾ ਹੈ। ਜੇ ਭਾਸ਼ਾ ਦਾ ਗਿਆਨ ਨਹੀਂ ਹੈ, ਤਾਂ ਸਿਰਫ਼ ਸ਼ਬਦਾਰਥ ਦੇ ਪੱਧਰ 'ਤੇ ਸ਼ਬਦ ਸਮਝ ਆਵੇਗਾ। ਫ਼ਲਸਰੂਪ, ਸ਼ਬਦ ਦਾ ਸੰਪੂਰਨ ਅਸਰ ਨਹੀਂ ਹੋਵੇਗਾ।



***ਬਹੁਤ ਗੱਲਾਂ ਵਿਚ, ਬਹੁਤ ਰਸਮਾਂ ਵਿਚ ਪੰਜਾਬੀ ਬੇਹੱਦ ਕੱਟੜ ਹਨ, ਪਰ ਆਪਣੀ ਬੋਲੀ ਪ੍ਰਤੀ ਬਿਲਕੁਲ ਕੱਟੜ ਨਹੀਂ। ਜਿਸ ਦਿਨ ਪੰਜਾਬੀ ਲੋਕ ਆਪਣੀ ਭਾਸ਼ਾ ਪ੍ਰਤੀ ਕੱਟੜ ਹੋ ਗਏ, ਉਸ ਦਿਨ ਵਿਦੇਸ਼ਾਂ ਵਿਚ, ਗੁਰਦੁਆਰਿਆਂ ਵਿਚ ਪੰਜਾਬੀ ਪੜ੍ਹਾਉਣ ਦੇ ਪੁਖਤਾ ਪ੍ਰਬੰਧ ਸ਼ੁਰੂ ਹੋ ਜਾਣਗੇ, ਗੁਰਦੁਆਰਿਆਂ ਵਿਚ ਲਾਇਬ੍ਰੇਰੀਆਂ ਬਣ ਜਾਣਗੀਆਂ।***

ਪੰਜਾਬੀ ਲੋਕਾਂ ਵਿਚ ਕਿਸੇ ਕਾਰਨ ਆਪਣੀ ਬੋਲੀ ਪ੍ਰਤੀ ਹੀਣ ਭਾਵਨਾ ਆਮ ਨਜ਼ਰ ਆਉਂਦੀ ਹੈ। ਲੋਕਾਂ ਸਾਹਮਣੇ ਆਪਣੀ ਬੋਲੀ ਵਿਚ ਗੱਲ ਕਰਦਿਆਂ ਉਹ ਆਪਣੇ ਆਪ ਨੂੰ ਹੀਣਾ ਜਿਹਾ ਮਹਿਸੂਸ ਕਰਦਾ ਹੈ। ਹਿੰਦੀ ਬੋਲਣ ਵਾਲੇ ਬੰਦੇ ਨਾਲ ਜੋ ਪੰਜਾਬੀ ਸਮਝਦਾ ਹੋਵੇ, ਉਸ ਨਾਲ ਪੰਜਾਬੀ ਬੰਦਾ ਬੜਾ ਔਖਾ ਹੋ ਕੇ ਹਿੰਦੀ ਬੋਲੇਗਾ; ਜਦਕਿ ਹਿੰਦੀ ਬੋਲਣ ਵਾਲਾ ਪੰਜਾਬੀ ਸਮਝ ਸਕਦਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਦੇ ਜਪਾਨੀ, ਚੀਨੀ, ਕੋਰੀਅਨ, ਆਇਰਸ਼ ਅਤੇ ਹੋਰ ਵਿਦਿਆਰਥੀਆਂ ਨੂੰ ਕਲਾਸ ਤੋਂ ਬਾਅਦ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਗੱਲ ਕਰਦਿਆਂ ਅਕਸਰ ਦੇਖਿਆ ਹੈ। ਪੰਜਾਬੀ ਵਿਦਿਆਰਥੀ ਆਪਸ ਵਿਚ 'ਸਤਿ ਸ੍ਰੀ ਅਕਾਲ' ਬੁਲਾਉਣ ਤੋਂ ਵੀ ਝਿਜਕਦੇ ਹਨ; ਜਦਕਿ ਪੰਜਾਬੀ ਭਾਸ਼ਾ ਇੰਡੋ-ਜਰਮਨ ਗਰੁਪ ਦੀ ਭਾਸ਼ਾ ਹੈ। ਇਸ ਵਿਚ ਬੜਾ ਮੁੱਲਵਾਨ ਸਾਹਿਤ ਰਚਿਆ ਗਿਆ ਹੈ। ਇਹ ਸਦੀਆਂ ਪੁਰਾਣੀ ਭਾਸ਼ਾ ਹੈ ਤੇ ਇਸ ਵਿਚ ਲਗਾਤਾਰ, ਸਮੇਂ-ਸਮੇਂ ਨਵੇਂ ਸ਼ਬਦ ਜੁੜਦੇ ਰਹੇ ਹਨ। ਇਹੀ ਜਿਉਂਦੀ-ਜਾਗਦੀ ਤੇ ਵਿਕਾਸ਼ਸ਼ੀਲ ਭਾਸ਼ਾ ਦਾ ਗੁਣ ਹੁੰਦਾ ਹੈ। ਇਥੋਂ ਤੱਕ ਕਿ ਸਿੰਧੀ, ਮੁਲਤਾਨੀ, ਡੋਗਰੀ, ਪੁਣਛੀ, ਹਿਮਾਚਲੀ, ਹਰਿਆਣਵੀ ਆਦਿ ਪੰਜਾਬੀ ਭਾਸ਼ਾ ਦੀਆਂ ਉਪ-ਬੋਲੀਆਂ ਹੀ ਸਮਝੀਆਂ ਜਾਂਦੀਆਂ ਨੇ। ਪੰਜਾਬੀ ਬੋਲਣ ਵਿਚ ਹੀਣ ਭਾਵਨਾ ਸਮਝਣਾ ਸਿਰੇ ਦੀ ਨਾਸਮਝੀ ਦਾ ਨਤੀਜਾ ਹੈ। ਜਿਵੇਂ ਆਪਣੇ ਸਭਿਆਚਾਰ ਦਾ ਮਾਣ ਕਰਨ ਦਾ ਢੰਡੋਰਾ ਕਈ ਤਰ੍ਹਾਂ ਨਾਲ ਪਿੱਟਿਆ ਜਾਂਦਾ ਹੈ, ਇਵੇਂ ਹੀ ਆਪਣੀ ਬੋਲੀ 'ਤੇ ਮਾਣ ਕਰਨ ਦਾ ਜਜ਼ਬਾ ਉਜਾਗਰ ਹੋਣਾ ਚਾਹੀਦਾ ਹੈ।

ਪੰਜਾਬੀ ਲੋਕ, ਸ਼ਬਦ ਗੁਰੂ ਅੱਗੇ ਮੱਥਾ ਟੇਕਦੇ ਹਨ, ਪਰ ਮੱਥੇ ਵਿਚ ਸ਼ਬਦ ਦਾ ਦੀਵਾ ਜਗਾਉਣ ਦਾ ਯਤਨ ਨਹੀਂ ਕਰਦੇ। ਸ਼ਬਦ ਦੀ ਪੂਜਾ ਕਰਦੇ ਹਨ, ਸ਼ਬਦ ਦਾ ਅਧਿਐਨ ਨਹੀਂ ਕਰਦੇ। ਦਿੱਲੀ ਦੇ ਇਕ ਗੁਰਦੁਆਰੇ ਨਾਲ ਸਬੰਧਤ ਇਕ ਗਿਆਨੀ ਕਹਿ ਰਿਹਾ ਸੀ ਕਿ ਉਨ੍ਹਾਂ ਟੀ.ਵੀ. ਲਾ ਦਿੱਤੇ ਨੇ ਜਿਨ੍ਹਾਂ 'ਤੇ ਅੰਗਰੇਜ਼ੀ ਵਿਚ ਤੇ ਪੰਜਾਬੀ ਵਿਚ ਸ਼ਬਦ ਤੇ ਉਸ ਦੇ ਅਰਥ ਚੱਲਦੇ ਰਹਿੰਦੇ ਨੇ। ਨਾਲ ਹੀ ਉਨ੍ਹਾਂ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਗੋਰੇ ਤਾਂ ਅੱਧਾ-ਅੱਧਾ ਘੰਟਾ ਟੀ.ਵੀ. ਸਾਹਮਣੇ ਖੜ੍ਹੇ ਸ਼ਬਦ ਪੜ੍ਹਦੇ ਰਹਿੰਦੇ ਨੇ, ਪਰ ਪੰਜਾਬੀ ਕਦੇ ਕੋਈ ਪੜ੍ਹਦਾ ਨਹੀਂ ਦੇਖਿਆ।

ਅਸੀਂ ਅਕਸਰ ਦੇਖਦੇ ਹਾਂ ਕਿ ਅਖੰਡ ਪਾਠ ਰਖਵਾ ਕੇ ਸੁਣਨ ਵਾਲੇ ਬੜੇ ਵਿਰਲੇ ਟੱਕਰਦੇ ਹਨ; ਫਿਰ ਵੀ ਲੜੀਵਾਰ ਅਖੰਡ ਪਾਠ ਚਲਦੇ ਹਨ। ਬਹੁਤ ਗੱਲਾਂ ਵਿਚ, ਬਹੁਤ ਰਸਮਾਂ ਵਿਚ ਪੰਜਾਬੀ ਬੇਹੱਦ ਕੱਟੜ ਹਨ, ਪਰ ਆਪਣੀ ਬੋਲੀ ਪ੍ਰਤੀ ਬਿਲਕੁਲ ਕੱਟੜ ਨਹੀਂ। ਜਿਸ ਦਿਨ ਪੰਜਾਬੀ ਲੋਕ ਆਪਣੀ ਭਾਸ਼ਾ ਪ੍ਰਤੀ ਕੱਟੜ ਹੋ ਗਏ, ਉਸ ਦਿਨ ਵਿਦੇਸ਼ਾਂ ਵਿਚ, ਗੁਰਦੁਆਰਿਆਂ ਵਿਚ ਪੰਜਾਬੀ ਪੜ੍ਹਾਉਣ ਦੇ ਪੁਖਤਾ ਪ੍ਰਬੰਧ ਸ਼ੁਰੂ ਹੋ ਜਾਣਗੇ, ਗੁਰਦੁਆਰਿਆਂ ਵਿਚ ਲਾਇਬ੍ਰੇਰੀਆਂ ਬਣ ਜਾਣਗੀਆਂ, ਮੇਲਿਆਂ ਵਿਚ ਪੁਸਤਕ ਪ੍ਰਦਰਸ਼ਨੀਆਂ ਨੂੰ ਵਿਸ਼ੇਸ਼ ਥਾਂ ਦਿੱਤੀ ਜਾਵੇਗੀ, ਘਰਾਂ ਵਿਚ ਬੱਚਿਆਂ ਨਾਲ ਪੰਜਾਬੀ ਬੋਲੀ ਜਾਵੇਗੀ। ਜਿਸ ਦਿਨ ਇਹ ਸਭ ਹੋ ਜਾਵੇਗਾ, ਉਸ ਦਿਨ ਅਸੀਂ ਪੂਰੇ ਪੰਜਾਬੀ ਕਹਾਉਣ ਦੇ ਹੱਕਦਾਰ ਹੋਵਾਂਗੇ। ਫਿਰ ਪੰਜਾਬੀ ਭਾਸ਼ਾ ਕੋਈ ਮਸਲਾ ਨਹੀਂ ਰਹੇਗੀ, ਸਗੋਂ ਸਾਡੇ ਲਈ ਮਾਣ ਬਣ ਜਾਵੇਗੀ।

ਆਪਣੀ ਭਾਸ਼ਾ ਨੂੰ ਜਾਣਨਾ ਕਿਸੇ ਹੋਰ ਭਾਸ਼ਾ ਦਾ ਵਿਰੋਧ ਕਰਨਾ ਨਹੀਂ ਹੈ, ਸਗੋਂ ਆਪਣੀ ਪਛਾਣ ਨਿਸ਼ਾਨੀ ਨੂੰ ਜਿਉਂਦਾ ਰੱਖਣਾ ਹੈ। ਉਂਜ ਵੀ ਇਕ ਤੋਂ ਵੱਧ ਭਾਸ਼ਾਵਾਂ ਜਾਣਨਾ ਲਾਹੇਬੰਦ ਹੈ। ਹਰ ਚੀਜ਼ ਵਿਚੋਂ ਆਰਥਿਕ ਲਾਭ ਲੱਭਣਾ ਨਿਰਾ ਸੁਆਰਥ ਹੈ। ਪੰਜਾਬੀ ਲੋਕ ਆਪਣੀ ਪੱਗ ਨੂੰ ਹੱਥ ਨਹੀਂ ਪਾਉਣ ਦਿੰਦੇ। ਸੀਸ ਤਲੀ 'ਤੇ ਟਿਕਾ ਕੇ ਪੱਗ ਦੀ ਹਿਫ਼ਾਜ਼ਤ ਕਰਦੇ ਨੇ। ਪੰਜਾਬੀ ਭਾਸ਼ਾ ਵੀ ਪੰਜਾਬੀ ਸਭਿਆਚਾਰ ਦੀ ਪੱਗ ਹੈ। ਇਸ ਦੀ ਹਿਫ਼ਾਜ਼ਤ ਕਰਨਾ, ਇੱਜ਼ਤ ਕਰਨਾ ਹਰ ਪੰਜਾਬੀ ਦਾ ਫਰਜ਼ ਹੈ। ਜੇ ਅੱਜ ਇਹ ਭਾਸ਼ਾ ਨੌਕਰੀ ਵਿਚ ਸਹਾਈ ਨਹੀਂ ਹੁੰਦੀ, ਤਾਂ ਕੱਲ੍ਹ ਹੋ ਵੀ ਸਕਦੀ ਹੈ। ਜੇ ਅਸੀਂ ਆਪਣੀ ਬੋਲੀ ਜਾਣਦੇ ਹਾਂ, ਆਪਣੀ ਬੋਲੀ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਾਂ, ਤਾਂ ਇਹ ਵੀ ਆਪਣੇ ਆਪ ਵਿਚ ਵੱਡੀ ਕਮਾਈ ਹੀ ਹੈ, ਸਭਿਆਚਾਰਕ ਕਮਾਈ। ਜੇ ਅਸੀਂ ਆਪਣੀ ਬੋਲੀ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ, ਤਾਂ ਸਮਝੋ ਵਡਮੁੱਲੀ ਕਮਾਈ ਅਸੀਂ ਆਪਣੇ ਹੱਥੀਂ ਰੋੜ੍ਹ ਲਈ ਹੈ, ਆਪਣੀ ਪਛਾਣ ਅਸੀਂ ਆਪ ਗੁਆ ਲਈ ਹੈ।

ਇਕ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਹੈ ਕਿ ਭਾਸ਼ਾ-ਰਹਿਤ ਸਮਾਜ ਕੋਈ ਨਹੀਂ ਹੁੰਦਾ। ਇਹ ਵੱਖਰੀ ਗੱਲ ਹੈ ਕਿ ਉਸ ਸਮਾਜ ਦੇ ਲੋਕ ਆਪਣੀ ਭਾਸ਼ਾ ਦੀ ਕਿੰਨੀ ਕੁ ਕਦਰ ਕਰਦੇ ਹਨ। ਕੁਝ ਕੌਮਾਂ ਬਹੁਤ ਜਾਗ੍ਰਿਤ ਹੁੰਦੀਆਂ ਹਨ ਤੇ ਉਨ੍ਹਾਂ ਦੀ ਜਾਗ੍ਰਤੀ ਵਿਚ ਉਨ੍ਹਾਂ ਦੀ ਭਾਸ਼ਾ ਤੇ ਸਾਹਿਤ ਦੀ ਭੂਮਿਕਾ ਮੁੱਖ ਹੁੰਦੀ ਹੈ। ਲਾਸ ਏਂਜਲਸ ਵਿਚ ਯੂਨੀਵਰਸਿਟੀ ਦੇ ਨਜ਼ਦੀਕ ਇਕ ਸੜਕ 'ਤੇ ਇਰਾਨੀ ਲੋਕਾਂ ਦੀਆਂ ਕਈ ਦੁਕਾਨਾਂ ਨਿਰੋਲ ਕਿਤਾਬਾਂ ਦੀਆਂ ਹੀ ਹਨ। ਮੈਂ ਦੇਖਿਆ ਕਿ ਉਥੇ ਕਈ ਧਰਮਾਂ ਦੀਆਂ ਕਿਤਾਬਾਂ ਸਨ, ਪਰ ਸਿੱਖ ਧਰਮ ਦੀ ਕੋਈ ਕਿਤਾਬ ਨਹੀਂ ਸੀ। ਉਨ੍ਹਾਂ ਦੇ ਜਗਤ ਪ੍ਰਸਿੱਧ ਚਿੰਤਕਾਂ ਸੇਖ਼ ਸਾਅਦੀ, ਹਾਫ਼ਿਜ਼, ਫਰਦੌਸੀ, ਗਾਲਿਬ, ਖਯਾਮ, ਸਮੇਤ ਅਨੇਕਾਂ ਲੇਖਕਾਂ ਦੀਆਂ ਕਿਤਾਬਾਂ ਸਨ। ਸੋਚ ਕੇ ਦੁੱਖ ਹੋਇਆ ਕਿ ਪੰਜਾਬੀ ਵੀ ਵੱਡੀ ਗਿਣਤੀ ਵਿਚ ਅਮਰੀਕਾ ਵਿਚ ਰਹਿੰਦੇ ਹਨ, ਖੁਸ਼ਹਾਲ ਵੀ ਹਨ, ਪਰ ਕਿਤਾਬਾਂ ਦੀ ਕਿਤੇ ਕੋਈ ਦੁਕਾਨ ਨਹੀਂ। ਜੇ ਹੁੰਦੀ ਤਾਂ ਉਥੇ ਵੀ ਗੁਰੂ ਨਾਨਕ, ਕਬੀਰ, ਫ਼ਰੀਦ, ਵਾਰਿਸ਼ ਸ਼ਾਹ, ਬੁੱਲ੍ਹੇ ਸ਼ਾਹ, ਕਾਦਰ ਯਾਰ ਤੇ ਹੋਰ ਅਨੇਕਾਂ ਸ਼ਾਹਕਾਰ ਪੁਸਤਕਾਂ ਹੋਣੀਆਂ ਸਨ। ਰਸੂਲ ਹਮਜ਼ਾਤੋਵ ਆਪਣੀ ਪੁਸਤਕ 'ਮੇਰਾ ਦਾਗਿਸਤਾਨ' ਵਿਚ ਲਿਖਦਾ ਹੈ ਕਿ ਜੇ ਕਿਸੇ ਨੂੰ ਬਦ-ਦੁਆ ਦੇਣੀ ਹੋਵੇ ਤਾਂ ਕਹੀਦਾ ਹੈ ਕਿ 'ਜਾਹ... ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ, ਤੇ ਜੇ ਦੁਆ ਦੇਣੀ ਹੋਵੇ ਤਾਂ ਕਹੀਦਾ ਹੈ ਕਿ ਤੇਰੀ ਲੋਕ ਗੀਤ ਜਿੰਨੀ ਉਮਰ ਹੋਵੇ'। ਜਿਸ ਭਾਸ਼ਾ ਦੇ ਲੋਕ ਗੀਤ ਅਮਰ ਹਨ, ਕੀ ਉਹ ਭਾਸ਼ਾ ਮਰਨ ਦੇਣੀ ਚਾਹੀਦੀ ਹੈ? ਮੁੱਢਲੀ ਇੰਗਲਿਸ਼ ਦੇ ਕਾਢੂ ਸੀ.ਕੇ. ਔਗਡਨ ਦਾ ਕਹਿਣਾ ਹੈ ਕਿ ਜਿੰਨੀ ਸੌਖ ਨਾਲ ਕੋਈ ਭਾਸ਼ਾ ਸਮਝਾਈ ਜਾ ਸਕਦੀ ਹੋਵੇ, ਉਨੀ ਛੇਤੀ ਹੀ ਉਹ ਵਿਕਾਸ ਕਰਦੀ ਹੈ। ਅੱਜ ਕੱਲ੍ਹ ਸੰਚਾਰ ਦੇ ਇੰਨੇ ਸਾਧਨ ਹਨ ਕਿ ਭਾਸ਼ਾ ਸਿਖਾਉਣੀ ਤੇ ਪਹੁੰਚਾਉਣੀ ਸੌਖੀ ਹੋ ਗਈ ਹੈ। ਜੇ ਇਹ ਕੰਮ ਲਹਿਰ ਦੇ ਰੂਪ ਵਿਚ ਕਰੀਏ ਤਾਂ ਪੰਜਾਬੀਆਂ ਵਾਂਗ ਪੰਜਾਬੀ ਬੋਲੀ ਵੀ ਖੁਸ਼ਹਾਲ ਹੋਵੇਗੀ।

ਸੋਚਣ ਵਾਲੀ ਗੱਲ ਹੈ ਕਿ ਜਦੋਂ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਕੋਈ ਵਿਆਪਕ ਲਹਿਰ ਉਠਦੀ ਹੈ, ਤਾਂ ਵਿਰੋਧੀ ਸ਼ਕਤੀਆਂ ਇਕਦਮ ਵਿਰੋਧ ਵਿਚ ਆ ਖੜ੍ਹਦੀਆਂ ਨੇ। ਇਸ ਵਿਚ ਸੰਕੇਤ ਇਹ ਹੈ ਕਿ ਭਾਸ਼ਾ ਬੜਾ ਸੰਵੇਦਨਸ਼ੀਲ ਤੇ ਮਹੱਤਵਪੂਰਨ ਵਿਸ਼ਾ ਹੈ। ਇਸ ਨੂੰ ਸੰਜੀਦਗੀ ਨਾਲ ਸਮਝਣ ਦੀ ਲੋੜ ਹੈ। ਆਪਣੀ ਭਾਸ਼ਾ ਤੇ ਲਿਪੀ ਦੀ ਮਹੱਤਤਾ ਨੂੰ ਮਹਿਸੂਸ ਕਰਦੇ ਹੋਏ ਹੀ ਭਾਈ ਦੇਸਾ ਸਿੰਘ ਨੇ ਰਹਿਤਨਾਮੇ ਵਿਚ ਇਹ ਅੰਕਿਤ ਕੀਤਾ ਹੈ,

ਗੁਰਮੁਖੀ ਅੱਖਰ ਜੋ ਹੈ ਭਾਈ
ਸਿੰਘ ਸਿੰਘ ਤੇ ਸੀਖੇ ਜਾਈ
ਔਰ ਜੋ ਵਿਦਯਾ ਜਹਿੰ ਤਹਿੰ ਹੋਈ
ਅਵਰਨ ਤੋਂ ਭੀ ਲੇਵੈ ਸੋਈ।

ਬੋਲੀ ਦੀ ਬੱਤੀ ਜਗਦੀ ਰਹਿਣੀ ਚਾਹੀਦੀ ਹੈ। ਦੋ ਬੋਲ ਅਖੀਰੀ ਬੋਲੀ ਲਈ,

ਬੋਲੀ ਆਪਣੀ ਤੇ 'ਕੰਗ'
ਮਾਣ ਹੋਣਾ ਚਾਹੀਦਾ
ਬੋਲੇ ਜਦੋਂ ਬੰਦਾ ਤਾਂ ਪਛਾਣ ਹੋਣਾ ਚਾਹੀਦਾ।


---

ਤੂੰ ਵੀ ਨਾ ਜੇ ਬੋਲੇਂ ਬੋਲੀ
ਬੋਲੇ ਕੀਹਦੇ ਨਾਲ
ਬੋਲੀ ਨੂੰ ਸੰਭਾਲ ਸੋਹਣਿਆ
ਬੋਲੀ ਨੂੰ ਸੰਭਾਲ।

***ਪੰਜਾਬੀ ਲੋਕ, ਸ਼ਬਦ ਗੁਰੂ ਅੱਗੇ ਮੱਥਾ ਟੇਕਦੇ ਹਨ, ਪਰ ਮੱਥੇ ਵਿਚ ਸ਼ਬਦ ਦਾ ਦੀਵਾ ਜਗਾਉਣ ਦਾ ਯਤਨ ਨਹੀਂ ਕਰਦੇ। ਸ਼ਬਦ ਦੀ ਪੂਜਾ ਕਰਦੇ ਹਨ, ਸ਼ਬਦ ਦਾ ਅਧਿਐਨ ਨਹੀਂ ਕਰਦੇ। ਦਿੱਲੀ ਦੇ ਇਕ ਗੁਰਦੁਆਰੇ ਨਾਲ ਸਬੰਧਤ ਇਕ ਗਿਆਨੀ ਕਹਿ ਰਿਹਾ ਸੀ ਕਿ ਉਨ੍ਹਾਂ ਟੀ.ਵੀ. ਲਾ ਦਿੱਤੇ ਨੇ ਜਿਨ੍ਹਾਂ 'ਤੇ ਅੰਗਰੇਜ਼ੀ ਵਿਚ ਤੇ ਪੰਜਾਬੀ ਵਿਚ ਸ਼ਬਦ ਤੇ ਉਸ ਦੇ ਅਰਥ ਚੱਲਦੇ ਰਹਿੰਦੇ ਨੇ। ਨਾਲ ਹੀ ਉਨ੍ਹਾਂ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਗੋਰੇ ਤਾਂ ਅੱਧਾ-ਅੱਧਾ ਘੰਟਾ ਟੀ.ਵੀ. ਸਾਹਮਣੇ ਖੜ੍ਹੇ ਸ਼ਬਦ ਪੜ੍ਹਦੇ ਰਹਿੰਦੇ ਨੇ, ਪਰ ਪੰਜਾਬੀ ਕਦੇ ਕੋਈ ਪੜ੍ਹਦਾ ਨਹੀਂ ਦੇਖਿਆ।***

# ਜੋਬਨੁ ਧਨੁ ਪ੍ਰਭਤਾ ਕੈ ਮਦ ਮੈ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਆਪਣੇ ਗੁਆਂਢੀ ਕਸਬੇ ਵਿਚ ਰਹਿੰਦੇ ਇਕ ਬਿਜਨੈਸਮੈਨ ਲੈਂਡਲਾਰਡ ਮਿੱਤਰ ਦੀ ਕੋਠੀ ਦੇ ਬਾਹਰ, ਹਰੇ-ਕਚੂਰ ਘਾਹ ਵਾਲੇ ਖੁੱਲ੍ਹੇ ਵਿਹੜੇ ਵਿਚ ਅਸੀਂ ਦੋਵੇਂ ਅਖਬਾਰ ਦੇ ਸਫੇ ਫੜੀ ਬੈਠੇ ਸਾਂ। ਹਫ਼ਤੇ ਦਸ ਦਿਨ ਬਾਅਦ ਰੁਟੀਨ ਵਿਚ ਅਜਿਹੀ ਬੈਠਕ ਹੋ ਜਾਂਦੀ ਸੀ। ਦੋਸਤ ਦੇ ਘਰੇ ਆਉਣ-ਜਾਣ ਸਦਕਾ, ਉਸ ਦਾ ਪਰਿਵਾਰ ਵੀ ਮੇਰਾ ਜਾਣੂ ਸੀ। ਹਮੇਸ਼ਾ ਵਾਂਗ ਨੌਕਰ ਟਰੇਅ ਵਿਚ ਦੋ ਕੱਪ ਚਾਹ ਤੇ ਬਿਸਕੁਟ ਮੇਜ਼ 'ਤੇ ਰੱਖ ਗਿਆ। ਅਸੀਂ ਅਖ਼ਬਾਰਾਂ ਛੱਡ ਕੇ ਚਾਹ ਦੀਆਂ ਚੁਸਕੀਆਂ ਭਰਦੇ, ਤਾਜ਼ੀਆਂ ਪੜ੍ਹੀਆਂ ਖ਼ਬਰਾਂ 'ਤੇ ਤਬਸਰਾ ਕਰਨ ਲੱਗ ਪਏ। ਸਾਥੋਂ ਥੋੜ੍ਹੇ ਜਿਹੇ ਹਟਵੇਂ, ਵੱਡੇ ਗੇਟ ਲਾਗੇ ਤਿੰਨ ਕਾਰਾਂ ਖੜ੍ਹੀਆਂ ਸਨ। ਡਰਾਈਵਰ ਕੱਪੜੇ ਮਾਰ-ਮਾਰ ਉਨ੍ਹਾਂ ਦੀ ਸਫਾਈ ਕਰ ਰਹੇ ਸਨ। ਇਕ ਕਾਰ ਦੋਸਤ ਦੀ, ਦੋ ਉਸ ਦੇ ਬੇਟਿਆਂ ਦੀਆਂ। ਸਵੇਰ ਦੇ ਨੌਂ-ਦਸ ਕੁ ਵਜੇ ਦਾ ਸਮਾਂ ਹੋਣ ਕਾਰਨ ਬਿਜਨੈਸ ਸਥਾਨਾਂ 'ਤੇ ਜਾਣ ਦੀ ਤਿਆਰੀ ਹੋ ਰਹੀ ਸੀ।

ਕੋਠੀ ਵਿਚੋਂ ਇਕ ਮੁੰਡਾ ਬਾਹਰ ਨਿਕਲਿਆ। ਪਹਿਲਾਂ ਤਾਂ ਉਹ ਸਿੱਧਾ ਆਪਣੀ ਕਾਰ ਵੱਲ ਵਧਿਆ, ਪਰ ਸਾਨੂੰ ਦੇਖ ਕੇ ਉਸ ਨੇ ਸਾਡੇ ਵੱਲ ਰੁਖ ਕਰ ਲਿਆ। ਲਾਗੇ ਪਹੁੰਚਣ ਤੋਂ ਪਹਿਲਾਂ ਹੀ ਉਹਦੇ ਕੱਪੜਿਆਂ 'ਤੇ ਛਿੜਕੀ ਸੈਂਟ ਦੀ ਮਨਮੋਹਕ ਖੁਸ਼ਬੋਈ ਸਾਡੇ ਤੱਕ ਪਹੁੰਚ ਗਈ। ਆਉਂਦਿਆਂ ਹੀ ਉਸ ਨੇ ਸਭ ਤੋਂ ਪਹਿਲਾਂ ਝੁਕ ਕੇ ਆਪਣੇ ਬਾਪ ਦੇ ਗੋਡੀਂ ਹੱਥ ਲਾਇਆ। ਫਿਰ ਉਸੇ ਤਰ੍ਹਾਂ ਅਦਬ ਸਹਿਤ ਮੇਰੇ ਵੱਲ ਝੁਕਦਿਆਂ 'ਅੰਕਲ ਜੀ ਸਾ'ਸਰੀ ਅਕਾਲ' ਆਖਿਆ। ਬਾਪ ਕੋਲੋਂ ਕੰਮ-ਕਾਰ ਸਬੰਧੀ ਕੁਝ ਹਦਾਇਤਾਂ ਲੈ ਕੇ ਉਹ ਆਪਣੀ ਗੱਡੀ 'ਚ ਬਹਿ ਕੇ ਉਥੋਂ ਰਵਾਨਾ ਹੋ ਗਿਆ।

ਪੰਦਰਾਂ-ਵੀਹਾਂ ਕੁ ਮਿੰਟਾਂ ਬਾਅਦ ਕੋਠੀ ਦੇ ਉਸੇ ਬੂਹੇ 'ਚੋਂ ਦੋਸਤ ਦਾ ਦੂਜਾ ਲੜਕਾ ਬਾਹਰ ਆਇਆ। ਆਲਾ-ਦੁਆਲਾ ਦੇਖੇ ਬਗੈਰ, ਉਂਗਲਾਂ ਨਾਲ ਟਾਈ ਸੰਵਾਰਦਾ ਉਹ ਸਿੱਧਾ ਆਪਣੀ ਕਾਰ ਵੱਲ ਜਾ ਰਿਹਾ ਸੀ। ਪਰੇਡ ਕਰਦੇ ਫੌਜੀਆਂ ਵਾਂਗ ਧੌਣ ਅਕੜਾਈ ਉਹ ਆਪਣੀ ਧੁਨ ਵਿਚ ਤੁਰਿਆ ਜਾਂਦਾ ਸੀ। ਪਲ ਦੀ ਪਲ ਚੁੱਪ ਕਰ ਕੇ ਮੇਰੇ ਦੋਸਤ ਨੇ ਆਪਣੀ ਨਜ਼ਰ ਸਿੱਧਾ-ਸਪਾਟ ਤੁਰੇ ਜਾਂਦੇ ਆਪਣੇ ਮੁੰਡੇ 'ਤੇ ਗੱਡ ਲਈ। ਖਾਮੋਸ਼ ਹੋਏ ਮਿੱਤਰ ਦੇ ਚਿਹਰੇ-ਮੋਹਰੇ ਤੋਂ ਭਾਂਪਦਿਆਂ ਮੈਂ ਮਹਿਸੂਸ ਕੀਤਾ, ਜਿਵੇਂ ਉਹ ਪਹਿਲੇ ਲੜਕੇ ਦੇ ਵਿਹਾਰ ਤੋਂ ਉਲਟ, ਦੂਜੇ ਲੜਕੇ ਦੇ ਵਤੀਰੇ ਤੋਂ ਸ਼ਰਮਿੰਦਾ ਹੋ ਰਿਹਾ ਹੋਵੇ, ਕਿਉਂਕਿ ਦੂਜੇ ਲੜਕੇ ਨੇ ਕੰਮ 'ਤੇ ਜਾਣ ਵੇਲੇ ਆਪਣੇ ਬਾਪ ਨੂੰ ਵੀ 'ਹਾਏ-ਹੈਲੋ' ਨਹੀਂ ਸੀ ਕੀਤਾ, ਮੈਂ ਤਾਂ ਤੀਜੇ ਪਾੜੇ ਉਸ ਦਾ ਲਗਦਾ ਹੀ ਕੀ ਸਾਂ!

ਉਹੀ ਗੱਲ ਹੋਈ। ਕਾਲੇ ਸ਼ੀਸ਼ਿਆਂ ਵਾਲੀ ਕਾਰ ਦੇ 'ਠੱਪ-ਠੱਪ' ਕਰ ਕੇ ਦਰਵਾਜ਼ੇ ਬੰਦ ਹੁੰਦਿਆਂ ਹੀ, ਮੇਰੇ ਦੋਸਤ ਨੇ ਐਨਕਾਂ ਲਾਹ ਕੇ ਅੱਖਾਂ ਸਾਫ ਕੀਤੀਆਂ ਅਤੇ ਆਪਣੀ ਕੁਰਸੀ ਮੇਰੇ ਹੋਰ ਨੇੜੇ ਕਰ ਲਈ, "ਦੇਖ ਲਿਆ ਤੁਸੀਂ?" ਗੇਟ ਵਿਚੋਂ ਬਾਹਰ ਵੱਲ ਨਿਕਲਦੀ ਚਮ-ਚਮ ਕਰਦੀ ਲਿਸ਼ਕਦੀ ਕਾਰ ਵੱਲ ਹੱਥ ਕਰ ਕੇ ਦੋਸਤ ਕਹਿਣ ਲੱਗਾ, "ਮੇਰੇ ਇਸ ਮੁੰਡੇ ਦੀ ਧੌਣ ਵਿਚ ਪਿਉ ਦੀ ਦੌਲਤ ਦਾ ਕਿੱਲਾ ਫਸਿਆ ਹੋਇਐ। ਉਹੀ ਹੰਕਾਰ ਦਾ ਕਿੱਲਾ, ਨਾ ਇਸ ਨੂੰ ਝੁਕਣ ਦਿੰਦਾ, ਨਾ ਲਿਫਣ ਦਿੰਦਾ; ਉਸੇ ਕਮਬਖ਼ਤ ਨੇ ਇਸ ਨੂੰ ਅਦਬ-ਅਦਾਬ ਭੁਲਾਇਆ ਹੋਇਆ।" ਪਛਤਾਵੇ ਅਤੇ ਸ਼ਰਮਿੰਦਗੀ ਦੇ ਮਿਲੇ-ਜੁਲੇ ਅਹਿਸਾਸ ਵਾਲੀ ਮੁਸਕਰਾਹਟ ਬੁੱਲ੍ਹਾਂ 'ਤੇ ਲਿਆਉਂਦਿਆਂ ਮੇਰਾ ਦੋਸਤ ਹੋਰ ਕੌੜਾ ਸੱਚ ਬੋਲ ਗਿਆ, "...ਜੇ ਮੈਂ ਇਹਨੂੰ ਤੁਰੇ ਜਾਂਦੇ ਨੂੰ ਹੁਣ ਆਵਾਜ਼ ਵੀ ਮਾਰ ਲੈਂਦਾ, ਮੈਨੂੰ ਨਹੀਂ ਲਗਦਾ...ਜੇ ਉਹ ਹੁੰਗਾਰਾ ਵੀ ਭਰਦਾ।"

ਢੁਕਦੀ ਤਾਂ ਮੌਕੇ 'ਤੇ ਪੂਰੀ ਹੀ ਸੀ, ਪਰ ਮੈਂ ਸਮੇਂ ਦੀ ਨਜ਼ਾਕਤ ਦੇਖ ਕੇ, ਗੁਰਬਾਣੀ ਦੀ ਇਹ ਪੰਕਤੀ ਬੁੱਲ੍ਹਾਂ ਤੋਂ ਬਾਹਰ ਨਹੀਂ ਨਿਕਲਣ ਦਿੱਤੀ,

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

ਜਦੋਂ ਕੁ ਇਕ ਗਾਣਾ 'ਆਕੜ ਆ ਹੀ ਜਾਂਦੀ ਐ' ਬੜਾ ਪ੍ਰਚਲਿਤ ਹੋਇਆ ਸੀ, ਉਨ੍ਹਾਂ ਦਿਨਾਂ ਵਿਚ ਕਿਸੇ ਸਟੇਜ 'ਤੇ ਕੋਈ ਬੁਲਾਰਾ ਕਹਿ ਰਿਹਾ ਸੀ ਕਿ ਪੱਗ ਨੂੰ ਦੋ ਕੁ ਮੁੱਠਾਂ ਦੇ ਆਟੇ ਨਾਲ ਮਾਵਾ ਲਾਈਦਾ ਹੈ, ਉਹ ਹਫ਼ਤਾ ਭਰ ਆਕੜੀ ਰਹਿੰਦੀ ਹੈ। ਜਿਹੜਾ ਬੰਦਾ ਆਟੇ ਦੀਆਂ ਕਈ-ਕਈ ਮੁੱਠਾਂ ਰੋਟੀ ਦੇ ਰੂਪ ਵਿਚ ਰੋਜ਼ ਖਾਂਦਾ ਹੈ, ਉਹਦਾ ਤਾਈਉਂ ਨਹੀਂ ਪਿੱਛਾ ਛੱਡਦੀ ਆਕੜ? ਹਰ ਬੰਦੇ ਵਿਚ ਪਾਈ ਜਾਂਦੀ ਆਕੜ ਪਿੱਛੇ ਆਟੇ ਦਾ ਹੱਥ ਹੋਣ ਵਾਲੀ ਇਹ ਗੱਲ ਤਾਂ ਐਵੇਂ ਘੜੀ ਪਲ ਦਾ ਮਨਪ੍ਰਚਾਵਾ ਕਰਨ ਵਾਸਤੇ ਹੀ ਸੀ। ਜਦਕਿ ਬੰਦੇ ਵਿਚ ਕਈ ਆਕੜਾਂ ਐਸੀਆਂ ਪਾਈਆਂ ਜਾਂਦੀਆਂ ਨੇ ਜੋ ਮਾਂਡੀ ਚਾੜ੍ਹੀ ਪੱਗ ਦੀ ਅਕੜਾਂਦ ਨਾਲ ਮੇਲ ਨਹੀਂ ਖਾਂਦੀਆਂ। ਕਿਸੇ ਨੂੰ ਧਨ-ਸੰਪਦਾ ਦੀ ਆਕੜ, ਕਿਸੇ ਨੂੰ ਜੋਬਨ-ਜਵਾਨੀ ਦਾ ਹੰਕਾਰ, ਕਿਸੇ ਨੂੰ ਪ੍ਰਭਤਾ ਦਾ ਗਰੂਰ ਅਤੇ ਕੋਈ 'ਬਿਨੁ ਗੁਣ ਗਰਬੁ ਕਰੰਤ' ਦੇ ਵਾਕ ਮੁਤਾਬਕ ਆਕੜ ਖੋਰਾ 'ਅਸਲ ਖਰ' ਬਣਿਆ ਫਿਰਦਾ ਹੈ।

ਜੋਬਨ-ਜਵਾਨੀ ਦੇ ਨਸ਼ੇ ਨਾਲ ਆਕੜੇ ਹੋਏ ਇਕ ਨੌਜਵਾਨ ਦੀ ਕਹਾਣੀ ਪੇਂਡੂ ਬਜ਼ੁਰਗਾਂ ਤੋਂ ਸੁਣੀ ਹੋਈ ਹੈ ਜੋ ਕਿਸੇ ਹੱਦ ਤੱਕ ਔਰਤ ਜਾਤ ਦੀ ਹੇਠੀ ਅਤੇ ਮਰਦ ਜਾਤ ਦੀ ਫੋਕੀ ਹੈਂਕੜ ਨੂੰ ਪੱਠੇ ਪਾਉਣ ਲਈ ਘੜੀ ਹੋਈ ਜਾਪਦੀ ਹੈ। ਕਹਿੰਦੇ...ਕੋਈ ਨਵਾਂ-ਨਵਾਂ ਵਿਆਹਿਆ ਗੱਭਰੂ ਪਹਿਲੀ ਵਾਰ ਆਪਣੇ ਸਹੁਰਿਆਂ ਦੇ ਪਿੰਡ ਜਾਣ ਲਈ ਤਿਆਰ ਹੋਇਆ। ਪਿੰਡ ਦੀ ਗਲੀ ਵਿਚੋਂ ਲੰਘ ਰਿਹਾ ਸੀ, ਚੀਂ-ਚੀਂ ਕਰਦੀ ਜੁੱਤੀ ਅਤੇ ਖੜਕਦਾ ਚਾਦਰਾ ਦੇਖ ਕੇ ਮਸਤੀ 'ਚ ਆਏ ਦੀ



ਇਕ ਕੂਹਣੀ ਕਿਤੇ ਤੁਰੇ ਜਾਂਦੇ ਬਜ਼ੁਰਗ ਦੇ ਵੱਜ ਗਈ। ਡੰਗੋਰੀ ਵਾਲਾ ਬਜ਼ੁਰਗ ਵਿਚਾਰਾ ਲੜਖੜਾਉਂਦਾ ਹੋਇਆ ਗਲੀ ਨਾਲ ਦੇ ਕੋਠੇ ਦੀ ਕੰਧ ਵਿਚ ਜਾ ਵੱਜਾ। ਜ਼ਰਾ ਸੰਭਲ ਕੇ, ਉਸ ਨੇ ਉਡਣ ਵਾਂਗ ਤੁਰੇ ਜਾਂਦੇ ਗੱਭਰੂ ਨੂੰ ਖਿਝ ਕੇ ਕਿਹਾ, "ਕਾਕਾ ਤੈਥੋਂ ਆਲਾ-ਦੁਆਲਾ ਦੇਖ ਕੇ ਨਹੀਂ ਤੁਰਿਆ ਜਾਂਦਾ?"

"ਓ ਬੁੜ੍ਹਿਆ...ਤੈਨੂੰ ਨਹੀਂ ਦੀਂਹਦਾ...।" ਮੁੰਡੇ ਨੇ ਮੁੱਛਾਂ ਨੂੰ ਮਰੋੜਾ ਦਿੰਦਿਆਂ ਬੜੇ ਗਰੂਰ ਨਾਲ ਆਖਿਆ, "...ਇਹ ਜਵਾਨੀ ਦੀਆਂ ਲਗਰਾਂ ਫੁੱਟੀਆਂ ਹੋਈਆਂ ਨੇ, ਤੁਸੀਂ ਬੁੱਢੇ ਹੱਡ ਲੈ ਕੇ ਐਵੇਂ ਗਲੀਆਂ ਵਿਚ ਡਿਗਦੇ-ਢਹਿੰਦੇ ਫਿਰਦੇ ਓ!...ਅਰਾਮ ਨਾਲ ਘਰੇ ਨਹੀਂ ਬਹਿ ਹੁੰਦਾ ਤੁਹਾਥੋਂ?" ਮੂੰਹ-ਜ਼ੋਰ ਜਵਾਨੀ ਦੀ ਹੰਕਾਰ ਭਰੀ 'ਨਸੀਹਤ' ਸੁਣ ਕੇ ਬਾਪੂ ਸੋਚਦਾ ਹੀ ਰਹਿ ਗਿਆ:

ਹਰ ਅਦਾ ਮਸਤਾਨਾ
ਸਰ ਸੇ ਪਾਂਵ ਤੱਕ ਛਾਈ ਹੂਈ।
ਉਫ਼ ਤਿਰੀ ਕਾਫ਼ਿਰ ਜਵਾਨੀ
ਜੋਸ਼ ਪਰ ਆਈ ਹੂਈ।

ਸਮਾਂ ਬੀਤਿਆ, ਉਹ ਨਵਾਂ ਵਿਆਹਿਆ ਗੱਭਰੂ ਕਬੀਲਦਾਰ ਬਣ ਗਿਆ। ਟੱਬਰ ਪਾਲਣ ਲਈ ਹੱਡ ਭੰਨਵੀਂ ਮਿਹਨਤ-ਮੁਸ਼ੱਕਤ ਕਰਦਿਆਂ ਆ ਗਿਆ 'ਆਨੇ ਵਾਲੀ ਥਾਂ' ਉਤੇ! ਸੁੱਕੀਆਂ ਬਾਚੀਆਂ, ਕਰੰਗ ਜਿਹਾ ਸਰੀਰ, ਅੱਧੋਰਾਣੇ ਜਿਹੇ ਕੱਪੜੇ ਪਹਿਨੀ, ਟੁੱਟੇ ਜਿਹੇ ਸਾਈਕਲ 'ਤੇ ਅੱਗੜ-ਪਿੱਛੜ ਨਿਆਣੇ ਲੱਦੀ ਉਹ ਤੁਰਿਆ ਜਾ ਰਿਹਾ ਸੀ। ਦਰਵਾਜ਼ੇ 'ਤੇ ਜੁੜੀ ਬੈਠੀ ਢਾਣੀ ਵਿਚੋਂ ਉਹੀ ਬਜ਼ੁਰਗ ਉਸ ਨੂੰ ਪਛਾਣਦਿਆਂ ਪੁੱਛਣ ਲੱਗਾ, "ਦੱਸ ਕੇ ਜਾਵੀਂ ਬਈ ਜਵਾਨਾ, ਤੇਰੀਆਂ ਉਹ ਫੁੱਟੀਆਂ ਹੋਈਆਂ ਜੁਆਨੀ ਵਾਲੀਆਂ 'ਲਗਰਾਂ' ਕਿੱਥੇ ਗਈਆਂ?"

ਖੜ-ਸੁੱਕ ਹੋਏ ਪਏ 'ਜਵਾਨ' ਨੂੰ ਹੋਰ ਤਾਂ ਕੋਈ ਜਵਾਬ ਨਾ ਅਹੁੜਿਆ, ਨਿਆਣਾ ਕੁੱਛੜ ਚੁੱਕੀ ਪਿੱਛੇ-ਪਿੱਛੇ ਤੁਰੀ ਆ ਰਹੀ ਆਪਣੀ ਘਰ ਵਾਲੀ ਵੱਲ ਸੈਨਤ ਕਰਦਿਆਂ ਉਹ ਬੋਲਿਆ, "ਔਹ ਬੱਕਰੀ ਚਰ ਗਈ ਸਾਰੀਆਂ ਲਗਰਾਂ।"

ਧੌਣ ਵਿਚ ਕਿੱਲਾ ਭਾਵੇਂ ਹੁਸਨ ਜਵਾਨੀ ਦਾ ਹੋਵੇ, ਧਨ-ਸੰਪਦਾ ਦਾ ਹੋਵੇ ਜਾਂ ਆਪਣੀ ਸ਼ੋਹਰਤ ਵਡਿਆਈ ਦਾ- ਸਾਰੇ ਹੀ ਮਾੜੇ ਹਨ। ਇਹ ਸਾਰੇ ਬੰਦੇ ਦੀ ਮੱਤ-ਬੁੱਧ ਮਾਰ ਕੇ ਉਹਨੂੰ ਹੰਕਾਰੀ ਬਣਾ ਦਿੰਦੇ ਨੇ, ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮਨੁੱਖਤਾ ਦਾ ਸਭ ਤੋਂ ਵੱਧ ਨੁਕਸਾਨ ਰਾਜਸੀ ਪ੍ਰਭਤਾ ਨੇ ਕੀਤਾ ਹੈ। ਕੋਈ ਐਸਾ ਹੁਕਮਰਾਨ ਨਹੀਂ ਹੋਣਾ ਜਿਸ ਨੇ ਆਪਣੀ ਰਾਜਸੀ ਪ੍ਰਭਤਾ ਦੀ ਸਦਾ ਸਲਾਮਤੀ ਲਈ ਪਰਜਾ 'ਤੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮੋ-ਤਸ਼ੱਦਦ ਨਾ ਕਰੇ-ਕਰਾਏ ਹੋਣ। ਦੁਨੀਆਂ ਦੇ ਹਰ ਖਿੱਤੇ ਨਾਲ ਸਬੰਧਤ ਇਤਿਹਾਸ ਦੇ ਸੌ ਵਿਚੋਂ ਨੱਬੇ-ਪਚਾਨਵੇਂ ਸਫਿਆਂ ਨੂੰ ਰਾਜਸੀ ਪ੍ਰਭਤਾ ਨੇ ਖ਼ੂਨ ਨਾਲ ਲੱਥ-ਪੱਥ ਕੀਤਾ ਹੋਇਆ ਹੋਵੇਗਾ। ਰਾਜਸੀ ਪ੍ਰਭਤਾ ਦੇ ਹੰਕਾਰੀ ਕਿੱਲੇ ਨਾਲ ਆਕੜੀਆਂ ਧੌਣਾਂ ਵਾਲਿਆਂ ਨੇ ਕਦੇ ਵੀ, ਕਿਸੇ ਵੀ ਕਾਲ ਵਿਚ ਮਨੁੱਖੀ ਖ਼ੂਨ ਵਹਾਉਣ ਜਾਂ ਵਸਦੇ-ਰਸਦੇ ਘਰ ਉਜਾੜਨ ਤੋਂ ਭੈਅ ਨਹੀਂ ਖਾਧਾ। ਬੇਕਿਰਕ ਹੋ ਕੇ ਖ਼ੂਨ ਦੀ ਹੋਲੀ ਖੇਡ ਲੈਂਦੇ ਨੇ ਇਹ ਲੋਕ,

ਤਮਾਮ ਸ਼ਹਰ ਬ-ਯੱਕ ਵਕਤ
ਜਲ ਗਏ ਕੈਸੇ?
ਮੁਹਾਫਿਜ਼ੋਂ (ਰਾਖਿਆਂ ਦੇ) ਦਿਲੋਂ ਮੇਂ
ਫਿਤੂਰ ਥਾ, ਕਯਾ ਥਾ!

ਸੋਚ ਕੇ ਦੇਖੋ! ਬਾਬਰ ਦਾ ਇਹ ਗੱਦੀ-ਗਰੂਰ ਹੀ ਸੀ ਕਿ ਉਸ ਨੇ 'ਸਭੇ ਸਾਝੀਵਾਲ ਸਦਾਇਨਿ' ਦਾ ਹੋਕਾ ਦੇਣ ਵਾਲੇ ਬਾਬੇ ਨਾਨਕ ਨੂੰ ਕੈਦਖਾਨੇ ਵਿਚ ਰੱਖਿਆ। ਸ਼ਾਹੀ ਪ੍ਰਭਤਾ ਕਾਰਨ ਹੀ ਜਹਾਂਗੀਰ ਅਤੇ ਔਰੰਗਜ਼ੇਬ ਜਿਹੇ ਹੰਕਾਰੇ ਹਾਕਮਾਂ ਨੇ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬ ਨਾਲ ਆਢਾ ਲਾਇਆ।

ਤਾਬੋ-ਤਖ਼ਤ ਦੀ ਇਸ ਅਤਿ ਖਤਰਨਾਕ ਹੰਕਾਰੀ ਬਿਰਤੀ ਤੋਂ ਇਲਾਵਾ ਧੌਣ ਨੂੰ ਆਕੜਖੋਰੀ ਬਣਾਉਣ ਵਾਲੀਆਂ ਹੋਰ ਵੀ ਕਈ ਅਲਾਮਤਾਂ ਹਨ ਜਿਨ੍ਹਾਂ ਦੇ ਨਸ਼ੇ ਵਿਚ ਚੂਰ ਹੋਇਆ ਇਨਸਾਨ, ਖੁਦ ਤੋਂ ਇਲਾਵਾ ਬਾਕੀ ਸਾਰਿਆਂ ਨੂੰ ਕੀੜੇ-ਮਕੌੜੇ ਹੀ ਸਮਝਦਾ ਹੈ। ਕਿਸੇ ਨੂੰ ਉਸ ਦੇ ਸੁਹੱਪਣ ਨੇ ਹੀ ਕਹਿਰਾਂ ਦਾ ਨਸ਼ਾ ਚੜ੍ਹਾਇਆ ਹੋਇਆ ਹੈ। ਕੋਈ ਆਪਣੇ ਮਹੱਲਾਂ ਜਿਹੇ ਘਰ-ਬਾਰ ਜਾਂ ਲੰਮੇ-ਚੌੜੇ ਪਰਿਵਾਰ ਕਾਰਨ ਹੀ ਅੰਬਰੀਂ ਉਡਾਰੀਆਂ ਮਾਰਦਾ ਹੋਇਆ, ਧਰਤੀ ਪੈਰ ਹੀ ਨਹੀਂ ਲਾਉਂਦਾ। ਅਜਿਹੇ ਸੱਜਣ ਵੀ ਬਹੁਤ ਨੇ ਜਿਨ੍ਹਾਂ ਨੂੰ ਆਪਣੀ 'ਕਲਾ' ਹੀ ਸਰਬੋਤਮ ਲੱਗਦੀ ਹੈ। ਬਾਕੀ ਦੇ ਤਮਾਮ ਕਲਾਕਾਰ ਉਨ੍ਹਾਂ ਨੂੰ ਆਪਣੇ ਸ਼ਾਗਿਰਦਾਂ ਦੀ ਨਿਆਈਂ ਹੀ ਲਗਦੇ ਨੇ। ਕੋਈ 'ਚਾਰ ਅੱਖਰ ਜੋੜਨ' ਦਾ ਵਲ ਆ ਜਾਣ ਨਾਲ ਹੀ 'ਵੇਦ ਵਿਆਸ' ਬਣ ਬਹਿੰਦੇ ਨੇ।

ਉਪਰ ਵਰਣਨ ਕੀਤੇ ਨਸ਼ਿਆਂ ਵਿਚ ਮਗਰੂਰ ਰਹਿਣ ਵਾਲਿਆਂ ਨੂੰ ਔਰੰਗਜ਼ੇਬ ਦਾ ਰਾਜਸੀ ਪ੍ਰਭਤਾ ਵਾਲਾ ਗਰੂਰ ਤੋੜਨ ਵਾਲੇ ਗੁਰੂ ਤੇਗ ਬਹਾਦਰ ਨੇ ਪਾਗਲ ਕਿਹਾ ਹੈ,

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ
ਅਹਿਨਿਸਿ ਰਹੈ ਦਿਵਾਨਾ॥

# ਗਰਮ ਰੁੱਤ ਦੀਆਂ ਸੰਗੀਤ ਨਾਟਕ ਅਦਾਕਾਰੀਆਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਚੰਡੀਗੜ੍ਹ- ਹਰਿਆਣਾ ਤੇ ਪੰਜਾਬ ਦੀ ਰਾਜਧਾਨੀ ਹੀ ਨਹੀਂ ਦੋਹਾਂ ਰਾਜਾਂ ਦਾ ਸਭਿਆਚਾਰਕ ਕੇਂਦਰ ਵੀ ਹੈ। ਇਸ ਨੂੰ ਸਾਹਬ ਸਿੰਘ ਦਾ ਅਦਾਕਾਰ ਰੰਗ-ਮੰਚ, ਅਨੀਤਾ ਸ਼ਬਦੀਸ਼ ਦਾ ਸੁਚੇਤਕ ਮੰਚ, ਸੰਗੀਤਾ ਗੁਪਤਾ ਦਾ ਰੂਪਕ ਕਲਾ ਮੰਚ, ਅਰੀਤ ਕੌਰ ਤੇ ਇਕੱਤਰ ਸਿੰਘ ਦਾ ਚੰਡੀਗੜ੍ਹ ਸਕੂਲ ਆਫ ਡਰਾਮਾ ਸਭਿਆਚਾਰਕ ਸਿਖਰਾਂ ਵਲ ਲਿਜਾ ਰਿਹਾ ਹੈ। ਜਦੋਂ ਇਹ ਟੋਲੀਆਂ ਪੰਜਾਬੀ ਨਾਟਕ ਪੇਸ਼ ਕਰਦੀਆਂ ਹਨ ਤਾਂ ਹਰਿਆਣਾ ਰਾਜ ਦਾ ਸਭਿਆਚਾਰਕ ਵਿਭਾਗ ਅਤੇ ਦੁਰਗਾ ਦਾਸ ਫਾਊਂਡੇਸ਼ਨ ਮੁੰਬਈ ਕਲਕੱਤਾ ਅਤੇ ਕਾਨਪੁਰ ਤੋਂ ਵਧੀਆ ਹਿੰਦੀ ਨਾਟਕ ਲਿਆ ਕੇ ਚੰਡੀਗੜ੍ਹ ਨੂੰ ਹਿੰਦੀ ਭਾਸ਼ਾ ਰੰਗ ਦੇਣ 'ਚ ਕੋਈ ਕਸਰ ਨਹੀਂ ਛਡਦਾ। ਉਨ੍ਹਾਂ ਨੂੰ ਉਘੇ ਰੰਗ ਕਰਮੀ ਸੁਦੇਸ਼ ਸ਼ਰਮਾ ਦਾ ਭਰਵਾਂ ਸਹਿਯੋਗ ਮਿਲਦਾ ਹੈ।

ਜਿੱਥੇ ਇੱਕ ਪਾਸੇ ਦੁਰਗਾ ਦਾਸ ਫਾਊਂਡੇਸ਼ਨ ਵਰਗੀ ਅਮੀਰ ਸੰਸਥਾ ਅਤੇ ਹਰਿਆਣਾ ਰਾਜ ਦਾ ਪੂਰਾ ਸਭਿਆਚਾਰ ਵਿਭਾਗ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਿੰਦੀ ਭਾਸ਼ੀ ਰੰਗ ਦੇਣ ਵਿੱਚ ਪੱਬਾਂ ਭਾਰ ਹੈ, ਉਥੇ ਗੁਰਸ਼ਰਨ ਸਿੰਘ ਦੇ ਅਕਾਲ ਚਲਾਣੇ ਤੋਂ ਪਿਛੋਂ ਉਸ ਦੇ ਸ਼ਾਗਿਰਦਾਂ ਦੀਆਂ ਇੱਕੜ-ਦੁੱਕੜ ਨਾਟਕ ਟੋਲੀਆਂ ਇਥੇ ਪੰਜਾਬੀ ਦਾ ਝੰਡਾ ਲਹਿਰਾਂ ਰਹੀਆਂ ਹਨ। ਜੇ ਚੰਡੀਗੜ੍ਹ ਦਾ ਸਿੱਧੂ ਦਮਦਮੀ ਫਰੀਦਕੋਟ ਵਿਖੇ ਪੰਜ ਰੋਜ਼ਾ ਬਾਬਾ ਫਰੀਦ ਮੇਲੇ ਵਿਚ ਨਵਾਂ ਰੰਗ ਭਰਨ ਲਈ ਉਥੇ ਪਹੁੰਚਿਆ ਹੋਇਆ ਸੀ ਤਾਂ ਉਨ੍ਹਾਂ ਹੀ ਦਿਨਾਂ ਵਿਚ ਡਾ. ਸਾਹਬ ਸਿੰਘ ਆਪਣਾ ਨਾਟਕ 'ਜ਼ਖਮੀ ਖੰਭਾਂ ਦੀ ਪਰਵਾਜ਼' ਲੈ ਕੇ ਨਕੋਦਰ ਪਹੁੰਚਿਆ ਹੋਇਆ ਸੀ। ਚੰਡੀਗੜ੍ਹ ਦੀਆਂ ਨਾਟਕੀ ਅਦਾਕਾਰੀਆਂ ਵਿਚ 'ਦਿੱਤ ਸਿੰਘ ਮਜ਼੍ਹਬੀ ਦੀ ਦਾਸਤਾਨ ਵਿਚ ਦਿੱਤ ਸਿੰਘ ਦਾ ਰੋਲ ਅਦਾ ਕਰ ਰਿਹਾ ਇਕੱਤਰ ਸਿੰਘ ਆਪਣੇ ਪਿੰਡ ਦੇ ਸਰਪੰਚ ਤੇ ਉਸ ਦੇ ਸਾਥੀਆਂ ਦੇ ਇਸ ਤਰ੍ਹਾਂ ਗੋਡੇ ਲਵਾਉਂਦਾ ਹੈ ਕਿ ਭਾਈ ਮੰਨਾ ਸਿੰਘ ਵਜੋਂ ਜਾਣਿਆ ਜਾਂਦਾ ਗੁਰਸ਼ਰਨ ਸਿੰਘ ਇਨ੍ਹ-ਬਿਨ੍ਹ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ। ਇਸ ਵਰ੍ਹੇ ਦੀਆਂ ਗਰਮ ਰੁੱਤ ਦੀਆਂ ਅਦਾਕਾਰੀਆਂ ਵਿਚ ਦਾਣਾ ਮੰਡੀ ਬਰਨਾਲਾ ਵਿਚ ਅਮੋਲਕ ਸਿੰਘ ਵਲੋਂ ਮਨਾਈ ਗਈ ਗੁਰਸ਼ਰਨ ਸਿੰਘ ਦੇ ਅਕਾਲ ਚਲਾਣੇ ਵਾਲੀ ਰਾਤ ਦਾ ਜਸ਼ਨ ਉਸ ਦੀ ਆਤਮਾ ਨੂੰ ਭਰਪੂਰ ਸ਼ਰਧਾਂਜਲੀ ਹੋ ਨਿਬੜਿਆ।



*ਮਰਹੂਮ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ*

ਪਿਛਲੇ ਸਾਲਾਂ ਵਿਚ ਗੁਰਸ਼ਰਨ ਸਿੰਘ ਦੇ ਸ਼ਾਗਿਰਦਾਂ ਦੀਆਂ ਪੇਸ਼ਕਾਰੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਉਸ ਦੀ ਆਤਮਾ ਉਸ ਦੇ ਅਕਾਲ ਚਲਾਣੇ ਤੋਂ ਪਿੱਛੋਂ ਵੀ ਪਿੰਡਾਂ ਵਿਚ ਘੁੰਮ ਰਹੀ ਹੈ। ਭਾਵੇਂ ਦਾਣਾ ਮੰਡੀ ਬਰਨਾਲਾ ਵਾਲੇ ਜਸ਼ਨ ਵਿਚ ਅਮੋਲਕ ਸਿੰਘ ਦਾ ਇਲਾਕੇ ਦੇ ਪਿੰਡਾਂ ਤੇ ਘਰਾਂ ਵਿਚ ਜਾ ਕੇ ਹੋਣ ਵਾਲੇ ਜਸ਼ਨਾਂ ਦਾ ਸੰਦੇਸ਼ ਦੇਣਾ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਪਰ ਜਿਸ ਗਿਣਤੀ ਵਿਚ ਦਰਸ਼ਕ ਤੇ ਸਰੋਤੇ ਖਰਾਬ ਮੌਸਮ ਦੇ ਬਾਵਜੂਦ ਦਾਣਾ ਮੰਡੀ ਵਿਚ ਰਾਤ ਭਰ ਬੈਠੇ ਰਹੇ 'ਭਾਈ ਮੰਨਾ ਸਿੰਘ' ਪ੍ਰਤੀ ਸ਼ਰਧਾ ਤੋਂ ਬਿਨਾ ਸੰਭਵ ਨਹੀਂ ਸੀ। ਮੰਡੀ ਵਾਲੇ ਸਮਾਗਮ ਵਿਚ ਸੁਚੇਤਕ ਮੰਚ ਦੀ ਪੇਸ਼ਕਾਰੀ 'ਇੱਕੋ ਮਿੱਟੀ ਦੇ ਬੁੱਤ' ਦਾ ਪ੍ਰਭਾਵ ਵੀ ਚੰਡੀਗੜ੍ਹ ਪੇਸ਼ ਹੋਈ 'ਦਿੱਤੂ ਮਜ਼੍ਹਬੀ ਦੀ ਦਾਸਤਾਨ' ਵਰਗਾ ਹੀ ਸੀ।

ਜੇ ਇਨ੍ਹਾਂ ਅਦਾਕਾਰੀਆਂ ਵਿਚ ਗੁਰਸ਼ਰਨ ਸਿੰਘ ਦੇ ਅੰਮ੍ਰਿਤਸਰ ਵਾਲੇ ਸ਼ਾਗਿਰਦ ਕੇਵਲ ਧਾਲੀਵਾਲ ਤੇ ਉਸ ਦੀ ਸਮੁੱਚੀ ਟੀਮ ਦਾ ਯੋਗਦਾਨ ਵਿਚ ਵੀ ਗਿਣ ਲਈਏ ਤਾਂ ਹਰਿਆਣਾ ਰਾਜ ਦੇ ਸਭਿਆਚਾਰਕ ਵਿਭਾਗ ਤੇ ਦੁਰਗਾ ਦਾਸ ਫਾਊਂਡੇਸ਼ਨ ਦੇ ਸਾਂਝੇ ਯਤਨ ਵੀ ਮਾਤ ਪੈ ਜਾਂਦੇ ਹਨ। ਗੁਰਸ਼ਰਨ ਸਿੰਘ ਦੇ ਯਤਨਾਂ ਨੇ ਪੰਜਾਬ ਦੇ ਪਿੰਡਾਂ ਵਿਚ ਮਾਂਦੀ ਪੈ ਰਹੀ ਕਵੀਸ਼ਰੀ, ਰਾਮ ਲੀਲ੍ਹਾ ਤੇ ਕ੍ਰਿਸ਼ਨ ਲੀਲ੍ਹਾ ਨੂੰ ਨਵੀਂ ਰੂਹ ਪ੍ਰਦਾਨ ਕੀਤੀ ਹੈ।

**ਦੌਲਤ, ਸ਼ੁਹਰਤ ਤੇ ਮਲਾਲਾ ਯੂਸਫਜ਼ਾਈ:** ਐਡਵਰਡ ਸਨੋਡਨ, ਪੋਪ ਤੇ ਪੂਤਨ ਦੇ ਉਪਰੋਂ ਦੀ ਛਾਲ ਮਾਰ ਕੇ ਮਲਾਲਾ ਯੂਸਫਜ਼ਾਈ ਦਾ ਛੋਟੀ ਉਮਰੇ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨਾ ਬਹੁਤ ਵੱਡੀ ਖਬਰ ਹੈ ਪਰ ਇਸ ਨੇ ਮੈਨੂੰ ਥੋੜ੍ਹਾ ਉਦਾਸ ਵੀ ਕੀਤਾ ਹੈ। ਮੈਂ ਦੋ ਸਾਲ ਤੋਂ ਉਸ ਦਾ ਚਿਹਰਾ ਮੀਡੀਆ ਰਾਹੀਂ ਦੇਖਦਾ ਆ ਰਿਹਾ ਹਾਂ। ਇਨ੍ਹਾਂ ਦੋ ਸਾਲਾਂ ਦੇ ਘਟਨਾਕ੍ਰਮ ਨੇ ਉਸ ਨੂੰ ਆਪਣੀ ਉਮਰ ਨਾਲੋਂ ਦਸ ਪੰਦਰਾਂ ਵਰ੍ਹੇ ਵੱਡੀ ਕਰ ਦਿੱਤਾ ਹੈ। ਏਨੀ ਵੱਡੀ ਕਿ ਦੋ ਵਰ੍ਹੇ ਪਹਿਲਾਂ ਉਸ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾਉਣ ਵਾਲੇ ਤਾਲਿਬਾਨ ਨੂੰ ਵੀ, ਜੇ ਉਨ੍ਹਾਂ ਦੇ ਦਿਲ ਵਿਚ ਭੋਰਾ ਭਰ ਵੀ ਆਤਮਾ ਹੈ, ਸ਼ਰਮ ਆ ਰਹੀ ਹੋਵੇਗੀ। ਉਸ ਦੇ ਅਜੋਕੇ ਚਿਹਰੇ ਨੇ ਮੈਨੂੰ ਸੁਦਰਸ਼ਨ ਫਾਕਿਰ ਦੀਆਂ ਹੇਠ ਲਿਖੀਆਂ ਤੁਕਾਂ ਯਾਦ ਕਰਵਾ ਦਿੱਤੀਆਂ ਹਨ,

ਯੇਹ ਦੌਲਤ ਭੀ ਲੇ ਲੋ
ਯੇਹ ਸ਼ੁਹਰਤ ਭੀ ਲੇ ਲੋ,
ਭਲੇ ਛੀਨ ਲੋ ਮੁਝ ਸੇ
ਮੇਰੀ ਜਵਾਨੀ।
ਮਗਰ ਮੁਝ ਕੋ ਲੌਟਾ ਦੋ
ਬਚਪਨ ਕਾ ਸਾਵਨ,
ਵੁਹ ਕਾਗਜ਼ ਕੀ ਕਿਸ਼ਤੀ
ਵੁਹ ਬਾਰਸ਼ ਕਾ ਪਾਨੀ।

ਮਾੜੀ ਗੱਲ ਇਹ ਕਿ ਬਚਪਨ ਨੂੰ ਹੂੰਝਾ ਫੇਰਨ ਵਾਲੀ ਇਹ ਸ਼ੁਹਰਤ ਸਾਹ ਲੈਂਦੀ ਵਿਖਾਈ ਨਹੀਂ ਦਿੰਦੀ। ਨੋਬਲ ਸਨਮਾਨ ਤੋਂ ਪਿੱਛੋਂ ਕੈਨੇਡਾ ਦੀ ਆਨਰੇਰੀ ਨਾਗਰਿਕਤਾ ਵੀ ਮਿਲ ਗਈ ਹੈ ਤੇ ਉਸ ਦਾ ਨਾਂ ਲੰਡਨ ਦੇ ਅਤਿਅੰਤ ਪ੍ਰਭਾਵਸ਼ਾਲੀ ਲੋਕਾਂ ਵਿਚ ਬਰਤਾਨੀਆ ਦੇ ਚਾਂਸਲਰ ਜਾਰਜ ਓਸਬਰਨ ਤੇ ਪ੍ਰਧਾਨ ਮੰਤਰੀ ਡੇਵਿਡ ਕੈਮਰਿਨ ਦੇ ਬਰਾਬਰ ਬੋਲਣ ਲੱਗ ਪਿਆ ਹੈ। ਮੈਂ ਆਪਣੇ ਦਿਲ ਨੂੰ ਤਸੱਲੀ ਦੇਣ ਲਈ ਇਸ ਖ਼ਬਰ ਦੇ ਭਾਰਤ-ਪਾਕਿ ਪੱਖ ਨੂੰ ਚੇਤੇ ਕਰਕੇ ਖੁਸ਼ ਹੋ ਲੈਂਦਾ ਹਾਂ। ਭਾਵੇਂ ਨੋਬਲ ਸਨਮਾਨ ਵਿਚ ਉਸ ਦਾ ਗੁਣਾ 60 ਸਾਲਾ ਕੈਲਾਸ਼ ਸਤਿਆਰਥੀ ਨਾਲ ਪਿਆ ਹੈ ਇਸ ਵਿਚੋਂ ਆ ਰਹੀ ਭਾਰਤ-ਪਾਕਿਸਤਾਨ ਸਾਂਝ ਦੀ ਸੁਗੰਧੀ ਮਾਨਣ ਵਾਲੀ ਹੈ। ਮਲਾਲਾ ਯੂਸਫਜ਼ਾਈ ਨੂੰ ਸੁਦਰਸ਼ਨ ਫਾਕਿਰ ਦੀਆਂ ਉਪਰੋਕਤ ਤੁਕਾਂ ਤੋਂ ਹੀ ਢਾਰਸ ਮਿਲ ਸਕਦੀ ਹੈ।

**ਅੰਤਿਕਾ:** (ਮਨਜਿੰਦਰ ਧਨੋਆ)

ਪੱਥਰ ਦੇ ਭਗਵਾਨ ਤਾਂ ਕੁਝ ਵੀ ਕਹਿੰਦੇ ਨਾ,
ਉਨ੍ਹਾਂ ਨੂੰ ਪੂਜਣ ਵਾਲੇ ਤੋਂ ਡਰ ਲਗਦਾ ਹੈ।
ਕੌਣ ਕਿਸੇ ਦੀ ਤੱਤੀ ਸੁਣ ਕੇ ਬਹਿੰਦਾ ਏ,
ਸਭ ਨੂੰ ਆਪਣੇ ਪਾਲੇ ਤੋਂ ਡਰ ਲਗਦਾ ਏ।

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਦੇ ਗਦਰੀ ਮੇਲੇ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਬਿਊਰੋ):** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵੱਲੋਂ ਲੰਘੀ 19 ਅਕਤੂਬਰ ਨੂੰ ਇਥੇ ਰੋਇਡਿੰਗ ਪਾਰਕ ਵਿਚ ਮਨਾਏ ਗਏ ਸਾਲਾਨਾ ਗਦਰੀ ਬਾਬਿਆਂ ਦੇ ਮੇਲੇ ਨੂੰ ਲੋਕਾਂ ਦਾ ਭਰਭੂਰ ਹੁੰਗਾਰਾ ਮਿਲਿਆ। ਭਾਰੀ ਗਿਣਤੀ



ਵਿਚ ਲੋਕਾਂ ਨੇ ਗਦਰੀ ਬਾਬਿਆਂ ਨੂੰ ਸਜਦਾ ਕਰਨ ਲਈ ਇਸ ਮੇਲੇ ਵਿਚ ਸ਼ਿਰਕਤ ਕੀਤੀ।

ਮੇਲੇ ਦਾ ਆਗਾਜ਼ ਟ੍ਰਿਬਿਊਨ ਗਰੁਪ ਦੇ ਐਗਜ਼ੈਕਟਿਵ ਐਡੀਟਰ ਅਤੇ ਉਘੇ ਪੱਤਰਕਾਰ ਸ. ਕੰਵਰ ਸੰਧੂ ਨੇ ਸ਼ਮਾਂ ਰੌਸ਼ਨ ਕਰ ਕੇ ਕੀਤਾ। ਇਸ ਮੌਕੇ ਪਲਵੀ ਕੁਲਾਰ ਅਤੇ ਬਰਾੜ ਵੱਲੋਂ ਤਿਆਰ ਕਰਵਾਇਆ ਸ਼ਬਦ ਦਾ ਗਾਇਨ ਕੀਤਾ ਗਿਆ। ਮਹਿਮੀ ਗਰੁਪ ਵੱਲੋਂ 'ਰੂਹ ਪੰਜਾਬ ਦੀ' ਕੋਰੀਓਗ੍ਰਾਫੀ ਨੇ ਦਰਸ਼ਕਾਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਮਹੌਲ ਪੈਦਾ ਕਰ ਦਿੱਤਾ। ਆਂਚਲ ਹੇਅਰ ਵੱਲੋਂ ਕਵਿਤਾ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤੀ ਗਈ। ਸਿਮਰਨ ਹੇਅਰ ਵੱਲੋਂ ਤਿਆਰ ਕੀਤੇ ਛੋਟੀਆਂ ਬੱਚੀਆਂ ਦੇ ਗਿੱਧੇ ਨੇ ਬਹੁਤ ਧਮਾਲਾਂ ਪਾਈਆਂ। ਅਸ਼ੋਕ ਟਾਂਗਰੀ ਵੱਲੋਂ ਨਿਰਦੇਸ਼ਕ ਕੀਤਾ ਨਾਟਕ 'ਸ਼ਹੀਦੇ-ਆਜ਼ਮ ਭਗਤ ਸਿੰਘ' ਖੇਡਿਆ ਗਿਆ। ਲੋਕਾਂ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਇਸ ਨਾਟਕ ਨੂੰ ਮਾਣਿਆ। ਭਗਤ ਸਿੰਘ ਦੇ ਆਖਰੀ ਦਿਨਾਂ ਸਬੰਧੀ ਇਸ ਪੇਸ਼ਕਾਰੀ ਨੇ ਲੋਕਾਂ ਨੂੰ ਹਲੂਣ ਕੇ ਰੱਖ ਦਿੱਤਾ।



ਮੇਲੇ ਦੇ ਮੁੱਖ ਮਹਿਮਾਨ ਕੰਵਰ ਸੰਧੂ ਨੇ ਜਿੱਥੇ ਆਪਣੇ ਭਾਸ਼ਨ ਵਿਚ ਗਦਰੀ ਬਾਬਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉਥੇ ਅਜੋਕੇ ਸਮੇਂ ਦੇ ਸੰਦਰਭ ਵਿਚ 'ਭਾਰਤ ਨੂੰ ਇਕ ਗਦਰ ਦੀ ਲੋੜ' ਦਾ ਸੁਨੇਹਾ ਦਿੱਤਾ ਅਤੇ ਕਿਹਾ ਕਿ ਇਹ ਆਸ ਪਰਵਾਸੀ ਭਾਰਤੀਆਂ ਕੋਲੋਂ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਗਦਰ ਲਹਿਰ ਨੂੰ ਸਮਰਪਿਤ ਇਕ ਯਾਦਗਾਰ ਬਣਾਉਣ ਦੀ ਅਪੀਲ ਵੀ ਕੀਤੀ।

ਮੇਲੇ ਦੌਰਾਨ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ- ਡਾ. ਹਰਚਰਨ ਸਿੰਘ ਚੰਨ, ਡਾ. ਨਿੰਦੀ ਸੰਧੂ ਅਤੇ ਜੈਕਾਰਾ ਮੂਵਮੈਂਟ ਦੇ ਕਾਰਕੁਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਆ ਗਿਆ। ਇਸ ਤੋਂ ਇਲਾਵਾ ਸੰਸਥਾ ਵਲੋਂ 4.0 ਤੋਂ ਵੱਧ ਗਰੇਡ ਲੈਣ ਵਾਲੇ ਹੁਸ਼ਿਆਰ ਬੱਚਿਆਂ ਦੀ ਸਰਟੀਫਿਕੇਟ ਅਤੇ ਨਕਦ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ।

ਗਾਇਕ ਸਤਵਿੰਦਰ ਬਿੱਟੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਨੇ ਦੇਸ਼ ਭਗਤੀ ਦੇ ਗੀਤਾਂ ਨਾਲ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ। ਸੰਸਥਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਸਾਧੂ ਸਿੰਘ ਸੰਘਾ ਅਤੇ ਗੁਰਦੀਪ ਸਿੰਘ ਨਿੱਝਰ ਨੇ ਸੰਸਥਾ ਦੇ ਟੀਚੇ ਅਤੇ ਕੰਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸੰਸਥਾ ਦਾ ਯਾਦਗਾਰੀ ਰੰਗੀਨ ਸੋਵੀਨਰ ਵੀ ਰਿਲੀਜ਼ ਕੀਤਾ ਗਿਆ। ਮੇਲੇ ਦੇ ਪ੍ਰਬੰਧਕ ਇਸ ਗੱਲੋਂ ਖੁਸ਼ ਸਨ ਕਿ ਜਿੱਥੇ ਲੋਕਾਂ ਨੇ ਭਾਰੀ ਗਿਣਤੀ ਵਿਚ ਮੇਲੇ ਵਿਚ ਸ਼ਿਰਕਤ ਕੀਤੀ, ਉਥੇ ਵੱਖ ਵੱਖ ਸੰਸਥਾਵਾਂ ਨੇ ਵੀ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਵੱਧ ਚੜ੍ਹ ਕੇ ਯੋਗਦਾਨ ਪਾਇਆ। ਮੰਚ ਸੰਚਾਲਨ ਸੰਤੋਖ ਸਿੰਘ ਮਿਨਹਾਸ ਅਤੇ ਹੈਰੀ ਮਾਨ ਨੇ ਬਾਖੂਬੀ ਕੀਤਾ।

ਮੇਲੇ ਨੂੰ ਕਾਮਯਾਬ ਕਰਨ ਵਿਚ ਸੰਸਥਾ ਦੇ ਮੈਂਬਰਾਂ- ਗੁਰਨੇਕ ਸਿੰਘ ਰਾਏ, ਬਿਕਰਮਜੀਤ ਕਾਹਲੋਂ, ਰਾਜ ਬਰਾੜ ਵੈਰੋਕੇ, ਰਣਜੀਤ ਗਿੱਲ, ਮਨਜੀਤ ਕੁਲਾਰ, ਨਿਰਮਲ ਗਿੱਲ, ਪਾਲ ਧਾਲੀਵਾਲ, ਹਾਕਮ ਸਿੰਘ, ਪੁਸ਼ਪਿੰਦਰ ਕੁਮਾਰ, ਮਨਧੀਰ ਸਿੰਘ, ਸੁਲੱਖਣ ਸਿੰਘ ਗਿੱਲ, ਸਤਵੰਤ ਵਿਰਕ, ਸੰਤੋਖ ਸਿੰਘ ਢਿੱਲੋਂ ਨੇ ਕਾਫੀ ਮਿਹਨਤ ਕੀਤੀ। ਮੇਲੇ ਵਿਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ, ਅਜੀਤ ਸਿੰਘ ਗਿੱਲ, ਕਰਨਲ ਹਰਦੇਵ ਸਿੰਘ ਗਿੱਲ, ਪ੍ਰੋ. ਮਲਕੀਤ ਸਿੰਘ, ਰਾਜ ਬਰਾੜ ਖੋਟੇ, ਦਵਿੰਦਰ ਸਿੰਘ ਸੰਘਾ, ਅਜਮੇਰ ਸਿੰਘ ਨਾਹਲ, ਸੁਖਜੀਤ ਸਿੰਘ ਭੁੱਲਰ, ਰਾਣਾ ਚਾਹਲ, ਕਰਮ ਸਿੰਘ ਸੰਘਾ, ਗੁੱਡੀ ਸਿੱਧੂ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਕਰਮ ਸਿੰਘ ਮਾਨ, ਦਿਲਜੀਤ ਰਿਆੜ, ਸੁੱਖੀ ਧਾਲੀਵਾਲ, ਅਰਜਣ ਸਿੰਘ ਜੋਸ਼ਨ, ਪ੍ਰੀਤਮ ਸਿੰਘ ਗਿੱਲ, ਗੁਰਚਰਨ ਸਿੰਘ ਛੀਨਾ, ਗੁਰਭੈ ਬਰਾੜ ਅਤੇ ਗੁਰਦੀਪ ਸਿੰਘ ਬਰਾੜ ਹਾਜ਼ਰ ਸਨ।



# ਇੱਕੀ ਕੇਸਾਂ ਵਾਲਾ ਭਾਜਪਾ ਆਗੂ ਬਣਿਆ ਪੰਜਾਬ ਦਾ ਇੰਚਾਰਜ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਉਤਰ ਪ੍ਰਦੇਸ਼ ਦੇ ਚਰਚਿਤ ਆਗੂ ਰਾਮਸ਼ੰਕਰ ਕਥੇਰੀਆ ਨੂੰ ਪੰਜਾਬ ਦਾ ਇੰਚਾਰਜ ਬਣਾਉਣ ਨਾਲ ਪਾਰਟੀ ਨੇ ਭਵਿੱਖ ਦੀ ਰਣਨੀਤੀ ਇਕ ਤਰ੍ਹਾਂ ਨਾਲ ਤੈਅ ਕਰ ਦਿੱਤੀ ਹੈ। ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਸ੍ਰੀ ਕਥੇਰੀਆ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਟੀਮ ਦੇ ਮੈਂਬਰ ਹਨ। ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਵਿਚ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ।

ਸ੍ਰੀ ਕਥੇਰੀਆ ਹਾਲ ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਆਗਰਾ ਤੋਂ ਚੁਣੇ ਗਏ ਸਨ। ਚੋਣ ਕਮਿਸ਼ਨ ਨੂੰ ਦਿੱਤੇ ਹਲਫ਼ਨਾਮੇ ਵਿਚ ਜੋ ਜਾਣਕਾਰੀ ਦਿੱਤੀ ਗਈ ਹੈ, ਉਸ ਵਿਚ ਅਪਰਾਧਿਕ ਮਾਮਲਿਆਂ ਦਾ ਲੰਬਾ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵੇਰਵਿਆਂ ਮੁਤਾਬਕ ਸ੍ਰੀ ਕਥੇਰੀਆ 'ਤੇ 21 ਮਾਮਲੇ ਵੱਖ-ਵੱਖ ਧਾਰਾਵਾਂ ਤਹਿਤ ਲੋਕ ਸਭਾ ਚੋਣਾਂ ਵੇਲੇ ਤੱਕ ਦਰਜ ਸਨ। ਪਾਰਟੀ ਵੱਲੋਂ ਪੰਜਾਬ ਦੇ ਮੁਖੀ ਵਜੋਂ ਕਮਾਨ ਪਹਿਲੀ ਵਾਰੀ ਇਕ ਨੌਜਵਾਨ ਆਗੂ ਨੂੰ ਸੌਂਪੀ ਗਈ ਹੈ।

ਪਾਰਟੀ ਹਲਕਿਆਂ ਮੁਤਾਬਕ ਸ੍ਰੀ ਕਥੇਰੀਆ ਨੂੰ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚਲੀ ਦਲਿਤ ਵੋਟ 'ਤੇ ਧਿਆਨ ਕੇਂਦਰਤ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪੰਜਾਬ ਵਿਚ ਦਲਿਤ ਵਸੋਂ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। ਸ੍ਰੀ ਕਥੇਰੀਆ ਜਨ ਸੰਘ ਦੇ ਪੁਰਾਣੇ ਪ੍ਰਚਾਰਕ ਮੰਨੇ ਜਾਂਦੇ ਹਨ।

ਭਾਜਪਾ ਦੇ ਕੌਮੀ ਪ੍ਰਧਾਨ ਵੱਲੋਂ ਜਿਸ ਤਰ੍ਹਾਂ ਹੋਰਨਾਂ ਸੂਬਿਆਂ ਵਿਚ ਆਰ.ਐਸ.ਐਸ. ਨਾਲ ਸਬੰਧਤ ਆਗੂਆਂ ਨੂੰ ਅੱਗੇ ਲਾਇਆ ਗਿਆ ਹੈ, ਉਹੀ ਰਣਨੀਤੀ ਪੰਜਾਬ ਵਿਚ ਅਪਨਾਈ ਗਈ ਹੈ।






# ਹਰਿਮੰਦਰ ਸਾਹਿਬ ਦੇ ਇਮਾਰਤੀ ਢਾਂਚੇ ‘ਤੇ ਪ੍ਰਦੂਸ਼ਣ ਦੀ ਮਾਰ ਵਧੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਖਤ ਹੁਕਮਾਂ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਦੇ ਇਮਾਰਤੀ ਢਾਂਚੇ ‘ਤੇ ਵਧਦੇ ਪ੍ਰਦੂਸ਼ਣ ਦੇ ਅਸਰ ਬਾਰੇ ਸੂਬਾ ਸਰਕਾਰ, ਧਾਰਮਿਕ ਅਦਾਰਿਆਂ ਤੇ ਲੋਕਾਂ ਉਤੇ ਕੋਈ ਖਾਸ ਅਸਰ ਵੇਖਣ ਨੂੰ ਨਹੀਂ ਮਿਲ ਰਿਹਾ। ਹਾਲਾਂਕਿ ਪ੍ਰਦੂਸ਼ਣ ਰੋਕਥਾਮ ਬੋਰਡ ਪੰਜਾਬ ਵੱਲੋਂ ਵੀ ਸਪਸ਼ਟ ਪੁਸ਼ਟੀ ਕੀਤੀ ਜਾ ਚੁੱਕੀ ਹੈ ਕਿ ਸੂਬੇ ਵਿਚ ਦੀਵਾਲੀ ਦੀ ਰਾਤ ਦਾ ਪ੍ਰਦੂਸ਼ਣ ਪੱਧਰ ਪੂਰੇ ਸਾਲ ਨਾਲੋਂ ਨਾ ਸਿਰਫ਼ ਦੁਣਾਂ ਹੁੰਦਾ ਹੈ ਬਲਕਿ ਇਹ ਕਈ ਵਾਰ ਸਨਅਤੀ ਤੇ ਖੇਤਾਂ ਵਿਚ ਨਾੜ ਸਾੜਨ ਦੀ ਤੀਬਰਤਾ ਨੂੰ ਵੀ ਮਾਤ ਪਾ ਜਾਂਦਾ ਹੈ। ਇਸ ਵਾਰ ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਥੋੜ੍ਹੇ ਸਮੇਂ ਲਈ ਹੀ ਆਤਿਸ਼ਬਾਜ਼ੀ ਦੀ ਇਜਾਜ਼ਤ ਦਿੱਤੀ ਗਈ ਪਰ ਦਰਬਾਰ ਸਾਹਿਬ ਦੇ ਚੁਫੇਰੇ ਸਥਾਨਕ ਲੋਕਾਂ ਤੇ ਦੁਕਾਨਦਾਰਾਂ ਵੱਲੋਂ ਇਸ ਪਾਸੇ ਰੱਜ ਕੇ ਅਣਗਹਿਲੀ ਵਿਖਾਈ ਗਈ।

ਪਿਛਲੀਆਂ ਰਿਪੋਰਟਾਂ ਮੁਤਾਬਕ ਅੰਮ੍ਰਿਤਸਰ ਵਿਚ ਹੀ ਰੈਸਪੀਰੇਬਲ ਸਸਪੈਂਡਿਡ ਪਾਰਟੀਕੁਲੇਟ ਮੈਟਰ ਦਾ ਪੱਧਰ ਦੁੱਗਣਾ (ਆਮ ਤੌਰ ‘ਤੇ 200 ਮਾਈਕਰੋ ਗਰਾਮਸ ਪਰ ਦੀਵਾਲੀ ਦੀ ਰਾਤ ਸਾਢੇ 300 ਤੋਂ 400 ਦੇ ਵਿਚਕਾਰ) ਪਾਇਆ ਗਿਆ ਹੈ, ਜਦਕਿ ਰਿਹਾਇਸ਼ੀ

### ਦੀਵਾਲੀ ਵਾਲੀ ਰਾਤ ਦੁੱਗਣਾ ਹੁੰਦਾ ਹੈ ਪ੍ਰਦੂਸ਼ਣ



ਇਲਾਕਿਆਂ ਵਿਚ ਇਸ ਦੀ ਸਹਿਣਯੋਗ ਹੱਦ 100 ਮਾਈਕਰੋ ਗਰਾਮਸ ਪਰ ਕਿਊਬਿਕ ਮੀਟਰ ਤੇ ਸਨਅਤੀ ਖੇਤਰਾਂ ਵਿਚ 150 ਹੈ। ਇਸ ਤੋਂ ਇਲਾਵਾ ਇਸ ਬਾਰੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੌਜੀ ਦਿੱਲੀ ਦੇ ਮਾਹਿਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ 10 ਕਿਲੋਮੀਟਰ ਦੇ ਘੇਰੇ ਵਾਲੇ ਖੇਤਰ ਨੂੰ ਆਪਣੀ ਜਾਂਚ ਦਾ ਹਿੱਸਾ ਬਣਾਇਆ ਗਿਆ। ਇਸ ਖੇਤਰ ਵਿਚਲਾ ਡੀਜ਼ਲ ਜਨਰੇਟਰਾਂ, ਵਾਹਨਾਂ, ਸਨਅਤੀ ਇਕਾਈਆਂ ਤੇ ਖੇਤੀ ਰਹਿੰਦ ਖੂਹਦ ਤੋਂ ਪੈਦਾ ਪ੍ਰਦੂਸ਼ਣ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਇਮਾਰਤੀ ਢਾਂਚੇ ਦੇ ਸੰਗਮਰਮਰ ਤੇ ਸੋਨ ਪੱਤਰੇ ਚੜ੍ਹੇ ਗੁੰਬਦਾਂ ‘ਤੇ ਕਾਲਖ਼ ਦੀ ਪਰਤ ਜਮਾਉਣ ਲਈ ਕਾਫ਼ੀ ਸਾਬਤ ਹੋ ਰਿਹਾ ਹੈ। ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ.ਆਈ.ਟੀ.) ਦਿੱਲੀ ਦੇ ਮਾਹਿਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਇਮਾਰਤੀ ਢਾਂਚੇ ‘ਤੇ ਪ੍ਰਦੂਸ਼ਣ ਦਾ ਪ੍ਰਭਾਵ ਪੈ ਰਿਹਾ ਹੋਣ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਜਿਸ ਮੁਤਾਬਕ ਸਪਸ਼ਟ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਸ਼ਹਿਰ ਦੇ ਅੰਦਰੂਨੀ ਖ਼ਾਸਕਰ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਦੇ ਆਲੇ-ਦੁਆਲੇ ਸਥਿਤ ਹੋਟਲਾਂ, ਰੈਸਟੋਰੈਂਟਾਂ ਤੇ ਹੋਰਨਾਂ ਇਮਾਰਤਾਂ ਵਿਚ ਵਰਤੇ ਜਾ ਰਹੇ ਜੈਨਰੇਟਰਾਂ ਤੇ ਤੰਦੂਰਾਂ ਦੇ ਨਾਲ-ਨਾਲ ਇਸ ਇਲਾਕੇ ਵਿਚ ਚੱਲਦੇ ਬੇਸ਼ੁਮਾਰ ਵਾਹਨਾਂ, ਨੇੜਲੇ ਖੇਤਾਂ ਵਿਚ ਸਾੜੀ ਜਾਂਦੀ ਫਸਲੀ ਰਹਿੰਦ-ਖੂੰਹਦ ਤੇ ਸਨਅਤੀ ਪ੍ਰਦੂਸ਼ਣ ਮੁੱਖ ਕਾਰਨ ਬਣ ਰਹੇ ਹਨ।

ਬੋਰਡ ਦੇ ਚੇਅਰਮੈਨ ਰਵਿੰਦਰ ਸਿੰਘ ਮੁਤਾਬਕ ਪੂਰੇ ਪੰਜਾਬ ਵਿਚ 28 ਥਾਵਾਂ ਉੱਤੇ ਨੈਸ਼ਨਲ ਏਅਰ ਮਨੀਟਰਿੰਗ ਪ੍ਰੋਗਰਾਮ ਦੇ ਤਹਿਤ ਐਂਬੀਐਂਟ ਏਅਰ ਕੁਆਲਿਟੀ ਨਜ਼ਰਸਾਨੀ ਕੀਤੀ ਜਾ ਰਹੀ ਹੈ ਜਿਸ ਦੇ ਅੰਕੜਿਆਂ ਮੁਤਾਬਕ ਪਿਛਲੇ ਤਿੰਨ ਕੁ ਸਾਲਾਂ ਵਿਚ ਹੀ ਦੀਵਾਲੀ ਦੀ ਰਾਤ ਦਾ ਪ੍ਰਦੂਸ਼ਣ ਪੂਰੇ ਸਾਲ ਦੇ ਮੁਕਾਬਲੇ ਸਾਰੀਆਂ ਹੱਦਾਂ ਬੰਨ੍ਹੇ ਟੱਪ ਜਾਂਦਾ ਹੈ। ਉਨ੍ਹਾਂ ਇਸ ਵਾਰ ਵੀ ਅੰਮ੍ਰਿਤਸਰ ਦੇ ਨਾਲ-ਨਾਲ ਜਲੰਧਰ, ਪਟਿਆਲਾ, ਮੰਡੀਗੋਬਿੰਦਗੜ੍ਹ ਤੋਂ ਦੀਵਾਲੀ ਦੀ ਰਾਤ ਰੈਸਪੀਰੇਬਲ ਸਸਪੈਂਡਿਡ ਪਾਰਟੀਕੁਲੇਟ ਮੈਟਰ (ਸਾਹ ਜ਼ਰੀਏ ਸਰੀਰ ਅੰਦਰ ਦਾਖਲ ਹੋਣ ਵਾਲੇ ਪ੍ਰਦੂਸ਼ਣ ਤੱਤ), ਨਾਈਟਰੋਜਨ ਆਕਸਾਈਡ ਤੇ ਸਲਫਾਈਡ ਡੀਆਕਸਾਈਡ ਦਾ ਪੱਧਰ ਮਾਪਿਆ ਜਾ ਰਿਹਾ ਹੈ। ਚੇਅਰਮੈਨ ਨੇ ਦੀਵਾਲੀ ਵਾਲੀ ਰਾਤ ਦੇ ਆਤਿਸ਼ਬਾਜ਼ੀ ਦੇ ਪ੍ਰਦੂਸ਼ਣ ਨੂੰ ਆਮ ਸਨਅਤੀ ਪ੍ਰਦੂਸ਼ਣ ਤੋਂ ਵੀ ਕਿਤੇ ਘਾਤਕ ਕਰਾਰ ਦਿੰਦਿਆਂ ਕਿਹਾ ਕਿ ਪਟਾਖਿਆਂ ਵਿਚ ਬਾਰੂਦ ਦੀ ਵਰਤੋਂ ਹੋਣ ਕਾਰਨ ਇਸ ‘ਤੇ ਖ਼ਤਰਨਾਕ ਪ੍ਰਭਾਵਾਂ ਤੇ ਨਤੀਜਿਆਂ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਆਈ.ਆਈ.ਟੀ. ਦੀ ਰਿਪੋਰਟ ਵਿਚਲੇ ਖੁਲਾਸਿਆਂ ਤੇ ਗੋਲਡਨ ਟੈਂਪਲ ਦੇ ਇਮਾਰਤੀ ਢਾਂਚੇ ਨੂੰ ਪ੍ਰਦੂਸ਼ਣ ਦੇ ਪ੍ਰਭਾਵਾਂ ਤੋਂ ਬਚਾਉਣ ਹਿੱਤ ਦਿੱਤੇ ਸੁਝਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਹਾਈਕੋਰਟ ਵੱਲੋਂ ਵੀ ਸੂਬਾ ਸਰਕਾਰ ਨੂੰ ਲਗਾਤਾਰ ਹਦਾਇਤਾਂ ਦਿੱਤੀਆਂ ਤਾਂ ਜਾ ਰਹੀਆਂ ਹਨ ਪਰ ਸਰਕਾਰ ਦਾ ਵਤੀਰਾ ਆਮ ਤੌਰ ‘ਤੇ ਸੁਣਵਾਈ ਮੌਕੇ ਢਿੱਲਾ ਮੱਠਾ ਹੀ ਸਾਬਤ ਹੋ ਰਿਹਾ ਹੈ। ਇਸ ਬਾਰੇ ਸਰਕਾਰ ਖਾਸ ਕਰ ਅੰਮ੍ਰਿਤਸਰ ਨਗਰ ਨਿਗਮ ਵੱਲੋਂ ਅਗਲੀ ਸਟੇਟਸ ਰਿਪੋਰਟ ਆਉਂਦੀ 16 ਜਨਵਰੀ ਤੱਕ ਸੌਂਪੀ ਜਾਣੀ ਹੈ।

## ਡੇਰੇ ਲਾ ਰਹੇ ਨੇ ਸਿੱਖੀ ਨੂੰ ਢਾਹ: ਮੱਕੜ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਹੈ ਕਿ ਪੰਜਾਬ ਵਿਚ ਡੇਰਾਵਾਦ ਤੇ ਸਿੱਖ ਵਿਰੋਧੀ ਏਜੰਸੀਆਂ ਹਰ ਸਮੇਂ ਸਿੱਖੀ ਨੂੰ ਢਾਹ ਲਾਉਣ ਦੀ ਤਾਕ ਵਿਚ ਹਨ, ਪਰ ਸ਼੍ਰੋਮਣੀ ਕਮੇਟੀ ਸਮੇਤ ਸੁਹਿਰਦ ਜਥੇਬੰਦੀਆਂ ਦੇ ਯਤਨਾਂ ਸਦਕਾ ਸਿੱਖ ਧਰਮ ਨੂੰ ਇਤਿਹਾਸ ਦੇ ਪੰਨਿਆਂ ਤੋਂ ਕਿਸੇ ਵੀ ਕੀਮਤ ਵਿਚ ਮਨਫ਼ੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਾਰੇ ਸੂਬਿਆਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਇਸ ਸੇਵਾ ਨੂੰ ਭਾਵਨਾ ਨਾਲ ਲੈਣ ਤੇ ਵੀ.ਆਈ.ਪੀ. ਸੱਭਿਆਚਾਰ ਛੱਡ ਕੇ ਤੁਰੰਤ ਸਿੱਖੀ ਪ੍ਰਚਾਰ ਲਹਿਰ ਵਿਚ ਜੁਟ ਜਾਣ। ਉਨ੍ਹਾਂ ਹਰ ਵਿਅਕਤੀ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲ਼ੇ ਬਣਨ ਤੇ ਸਿੱਖੀ ਰਾਹ ਦੇ ਪਾਂਧੀ ਬਣਨ ਦੀ ਅਪੀਲ ਕੀਤੀ। ਉਨ੍ਹਾਂ ਹਲਕਾ ਸਮਰਾਲਾ ਦੀ ਬਚਪਨ ਸੰਭਾਲ ਸਿੱਖੀ ਪ੍ਰਚਾਰ ਲਹਿਰ ਨੂੰ ਇਕ ਲੱਖ ਪੱਚੀ ਹਜ਼ਾਰ ਰੁਪਏ ਦੀ ਸਹਾਇਤਾ ਸ਼੍ਰੋਮਣੀ ਕਮੇਟੀ ਵੱਲੋਂ ਦੇਣ ਦਾ ਐਲਾਨ ਕੀਤਾ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਤਵੀਰ ਸਿੰਘ, ਮੀਤ ਸਕੱਤਰ ਸ਼੍ਰੋਮਣੀ ਕਮੇਟੀ ਭੁਪਿੰਦਰਪਾਲ ਸਿੰਘ ਤੇ ਹਰਦੀਪ ਸਿੰਘ ਘੁੰਗਰਾਲੀ, ਗੁਰਮੀਤ ਸਿੰਘ ਮੈਨੇਜਰ, ਗੁਰਦੀਪ ਸਿੰਘ ਕੰਗ ਮੈਨੇਜਰ, ਜਗੀਰ ਸਿੰਘ ਮੈਨੇਜਰ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਜਥੇ. ਅਵਤਾਰ ਸਿੰਘ ਨੇ ਪੰਜਾਬ ਭਰ ਵਿਚ ਧਰਮ ਪ੍ਰਚਾਰ ਲਹਿਰ ਬਾਰੇ ਧਿਆਨ ਦੇਣ ਦੀ ਹਦਾਇਤ ਕੀਤੀ।

# ਵਿਦੇਸ਼ ‘ਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਪ੍ਰਵਾਨਗੀ ਮੰਗੀ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਵਿਦੇਸ਼ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਪ੍ਰਕਾਸ਼ਨਾ ਕਰਨ ਵਾਸਤੇ ਪ੍ਰਵਾਨਗੀ ਦਿੱਤੀ ਜਾਵੇ। ਇਹ ਪ੍ਰਵਾਨਗੀ ਮਿਲਣ ਮਗਰੋਂ ਦਿੱਲੀ ਕਮੇਟੀ ਵੱਲੋਂ ਇਸ ਬਾਰੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।



ਹਾਲ ਹੀ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਇਸ ਬਾਰੇ ਕੈਨੇਡਾ ਤੇ ਲੰਡਨ ਦਾ ਦੌਰਾ ਕੀਤਾ ਗਿਆ ਹੈ, ਜਿਥੇ ਉਨ੍ਹਾਂ ਸਿੱਖ ਸੰਗਤ ਵੱਲੋਂ ਇਸ ਮੰਤਵ ਲਈ ਭੇਟ ਕੀਤੀ ਜਾ ਰਹੀ ਜ਼ਮੀਨ ਦਾ ਜਾਇਜ਼ਾ ਲਿਆ। ਦਿੱਲੀ ਕਮੇਟੀ ਵੱਲੋਂ ਕੈਨੇਡਾ ਤੇ ਲੰਡਨ ਵਿਚ ਪ੍ਰਿੰਟਿੰਗ ਮਸ਼ੀਨ ਲਾਉਣ ਲਈ ਪਹਿਲਕਦਮੀ ਕੀਤੀ ਜਾ ਰਹੀ ਹੈ। ਸ. ਜੀ.ਕੇ. ਨੇ ਦੱਸਿਆ ਕਿ ਉਹ ਹਾਲ ਹੀ ਵਿਚ ਕੈਨੇਡਾ ਦਾ ਦੌਰਾ ਕਰਕੇ ਪਰਤੇ ਹਨ ਤੇ ਉਨ੍ਹਾਂ ਕੈਨੇਡਾ ਸਥਿਤ ਵੈਨਕੂਵਰ ਵਿਖੇ ਜ਼ਮੀਨ ਦਾ ਜਾਇਜ਼ਾ ਲਿਆ। ਇਸ ਬਾਰੇ ਪੰਜ ਸਿੰਘ ਸਾਹਿਬਾਨ ਨੂੰ ਪੱਤਰ ਭੇਜ ਕੇ ਸਮੁੱਚੀ ਸਥਿਤੀ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ ਤੇ ਉਨ੍ਹਾਂ ਵੱਲੋਂ ਪ੍ਰਵਾਨਗੀ ਮਿਲਣ ਮਗਰੋਂ ਇਸ ਯੋਜਨਾ ਬਾਰੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵਿਚ ਪ੍ਰਿੰਟਿੰਗ ਮਸ਼ੀਨ ਲਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਲਈ ਦਿੱਲੀ ਕਮੇਟੀ ਕੈਨੇਡਾ ਤੇ ਲੰਡਨ ਵਿਚ ਵੀ ਯਤਨ ਕਰੇਗੀ। ਸਿੱਖ ਭਾਈਚਾਰਾ ਵਿਸ਼ਵ ਦੇ ਕਈ ਮੁਲਕਾਂ ਵਿਚ ਵਸਿਆ ਹੋਇਆ ਹੈ ਤੇ ਸਿੱਖ ਸ਼ਰਧਾਲੂਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਮੰਗ ਕੀਤੀ ਜਾਂਦੀ ਹੈ ਪਰ ਸੜਕ ਰਸਤੇ ਸਰੂਪ ਭੇਜਣ ਦੇ ਢੁਕਵੇਂ ਪ੍ਰਬੰਧ ਨਾ ਹੋਣ ਕਾਰਨ ਮਰਿਆਦਾ ਨੂੰ ਕਾਇਮ ਰੱਖਣਾ ਔਖਾ ਹੋ ਰਿਹਾ ਹੈ।

ਮਰਿਆਦਾ ਨੂੰ ਕਾਇਮ ਰੱਖਣ ਲਈ ਹੀ ਵੱਖ-ਵੱਖ ਦੇਸ਼ਾਂ ਵਿਚ ਇਹ ਪ੍ਰਬੰਧ ਕਰਨ ਦੀ ਯੋਜਨਾ ਬਣਾਈ ਗਈ ਹੈ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜੀਤ ਸਿੰਘ ਸਿਰਸਾ ਨੇ ਆਖਿਆ ਕਿ ਸਿੱਖ ਜਥੇਬੰਦੀਆਂ ਦਾ ਮੁੱਖ ਮੰਤਵ ਪਾਵਨ ਸਰੂਪਾਂ ਨੂੰ ਪੂਰੀ ਮਰਿਆਦਾ ਸਹਿਤ ਸਿੱਖ ਸ਼ਰਧਾਲੂਆਂ ਤੱਕ ਪਹੁੰਚਾਉਣਾ ਹੈ। ਇਸੇ ਲਈ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਪ੍ਰਿੰਟਿੰਗ ਮਸ਼ੀਨਾਂ ਲਾਉਣ ਦੀ ਲੋੜ ਹੈ।

ਦੱਸਣਯੋਗ ਹੈ ਕਿ ਅਕਾਲ ਤਖ਼ਤ ਵੱਲੋਂ ਮਈ 1998 ਵਿਚ ਹੁਕਮਨਾਮਾ ਜਾਰੀ ਕਰਕੇ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਦੇ ਸਮੁੱਚੇ ਅਧਿਕਾਰ ਸ਼੍ਰੋਮਣੀ ਕਮੇਟੀ ਨੂੰ ਸੌਂਪੇ ਗਏ ਸਨ ਤੇ ਨਿੱਜੀ ਪ੍ਰਕਾਸ਼ਕਾਂ ਨੂੰ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਤੋਂ ਵਰਜ ਦਿੱਤਾ ਗਿਆ ਸੀ।

ਇਸ ਹੁਕਮਨਾਮੇ ਤਹਿਤ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਸਮੇਤ ਅਕਾਲ ਤਖ਼ਤ ਤੋਂ ਪ੍ਰਵਾਨਗੀ ਪ੍ਰਾਪਤ ਪ੍ਰਕਾਸ਼ਕ ਹੀ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਕਰ ਸਕਦੇ ਹਨ।

# ਨਿਹੰਗਾਂ ਦੇ ਦੋ ਗੁੱਟਾਂ ਵਿਚ ਝੜਪ ਦੌਰਾਨ ਇਕ ਮੌਤ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਮਨਾ ਰਹੇ ਨਿਹੰਗ ਸਿੰਘਾਂ ਦੇ ਦੋ ਦਲਾਂ ਦਰਮਿਆਨ ਹੋਏ ਝਗੜੇ ਤੋਂ ਬਾਅਦ ਗੋਲੀਬਾਰੀ ਵਿਚ ਇਕ ਦੀ ਮੌਤ ਹੋ ਗਈ ਜਦੋਂ ਕਿ 12 ਸਾਲ ਦੇ ਬੱਚੇ ਸਮੇਤ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਮ੍ਰਿਤਕ ਨਿਹੰਗ ਦੀ ਪਛਾਣ ਧੀਰ ਸਿੰਘ ਵਾਸੀ ਬਰਨਾਲਾ ਵਜੋਂ ਹੋਈ ਹੈ। ਪੁਲਿਸ ਨੇ ਬਾਬਾ ਸ਼ੇਰ ਸਿੰਘ ਸਮੇਤ ਦੋ ਦਰਜਨ ਨਿਹੰਗਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਸ਼੍ਰੋਮਣੀ ਪੰਥ ਦਸਮੇਸ਼ ਤਰਨਾ ਦਲ ਲੁਧਿਆਣਾ ਵੱਲੋਂ ਹਰ ਸਾਲ ਦੀਵਾਲੀ ਤੋਂ ਅਗਲੇ ਦਿਨ ਰੇਲਵੇ ਗਰਾਊਂਡ ਵਿਚ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ। ਇਸ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਹਨ। ਦਲ ਵਿਚ ਪਿਛਲੇ ਕੁਝ ਸਮੇਂ ਤੋਂ ਗੱਦੀ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਇਸ ਦਲ ਵਿਚੋਂ ਹੀ ਬਾਬਾ ਸ਼ੇਰ ਸਿੰਘ ਨੇ ਆਪਣਾ ਵੱਖਰਾ ਦਲ ਬਣਾ ਲਿਆ। ਬੰਦੀ ਛੋੜ ਦਿਵਸ ਮਨਾਉਣ ਲਈ ਦੋਵੇਂ ਹੀ ਦਲਾਂ ਦੇ ਨਿਹੰਗ ਸਿੰਘ ਗਰਾਊਂਡ ਵਿਚ ਆ ਗਏ।

ਨਿਹੰਗ ਸਿੰਘਾਂ ਵੱਲੋਂ ਘੋੜ ਸਵਾਰੀ ਦੇ ਨਾਲ-ਨਾਲ ਕਈ ਤਰ੍ਹਾਂ ਦੇ ਜੌਹਰ ਦਿਖਾਏ ਜਾਂਦੇ ਹਨ। ਇਸ ਦੌਰਾਨ ਹੀ ਦੋਵਾਂ ਦਲਾਂ ਦਰਮਿਆਨ ਵਿਵਾਦ ਸ਼ੁਰੂ ਹੋਇਆ। ਸ਼ੁਰੂ ਵਿਚ ਇਕ-ਦੂਜੇ ‘ਤੇ ਤਲਵਾਰਾਂ ਨਾਲ ਹਮਲਾ ਕੀਤਾ ਗਿਆ ਪਰ ਬਾਅਦ ਵਿਚ ਇਕ ਦੂਜੇ ‘ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਨਿਹੰਗ ਬੀਰ ਸਿੰਘ ਦੇ ਲੱਕ ਤੇ ਨਾਲ ਬੈਠੇ ਲੜਕੇ ਦੀ ਲੱਤ ਵਿਚ ਗੋਲੀ ਲੱਗੀ ਹੈ।

# ਗੁਰਦੁਆਰਾ ਭੋਰਾ ਸਾਹਿਬ ਦੀ ਪੁਰਾਤਨ ਦਿਖ ਬਰਕਰਾਰ ਰੱਖਣ ਲਈ ਸੇਵਾ ਸ਼ੁਰੂ


**ਆਨੰਦਪੁਰ ਸਾਹਿਬ:** ਖ਼ਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੀ ਸਥਾਪਨਾ ਦੇ 350 ਵਰ੍ਹੇ ਪੂਰੇ ਹੋਣ ‘ਤੇ ਕਰਵਾਏ ਜਾਣ ਵਾਲੇ ਸਮਾਗਮਾਂ ਤਹਿਤ ਵੱਖ-ਵੱਖ ਇਤਿਹਾਸਕ ਸਥਾਨਾਂ ਦੀ ਕਾਰਸੇਵਾ ਦਾ ਕੰਮ ਜਾਰੀ ਹੈ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਭੋਰਾ ਸਾਹਿਬ ਨਾਲ ਲੱਗਦੀ 25 ਮਰਲੇ ਜ਼ਮੀਨ ਨੂੰ ਡੇਢ ਕਰੋੜ ਰੁਪਏ ਵਿਚ ਖਰੀਦ ਲਿਆ ਹੈ। ਗੁਰੂ ਤੇਗ ਬਹਾਦਰ ਜੀ ਵੱਲੋਂ ਵਸਾਈ ਇਸ ਨਗਰੀ ਦੀ ਜਿਥੇ ਨੀਂਹ ਰੱਖੀ ਗਈ ਸੀ, ਉਸ ਸਥਾਨ ਦੀ ਕਾਰਸੇਵਾ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਇਹ ਇਤਿਹਾਸਕ ਸਥਾਨ ਗੁਰਦੁਆਰਾ ਭੋਰਾ ਸਾਹਿਬ ਹੈ।

350 ਸਾਲਾ ਸ਼ਤਾਬਦੀ ਨੂੰ ਸਮਰਪਤ ਕਾਰਸੇਵਾ ਤਹਿਤ ਗੁਰਦੁਆਰਾ ਭੋਰਾ ਸਾਹਿਬ ਦਾ ਮੁੱਖ ਗੇਟ ਪੁਰਾਤਨ ਦਿੱਖ ਅਨੁਸਾਰ ਬਣਾਇਆ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਦੇ ਮਹਿਲ ਨੂੰ ਵੀ ਪੁਰਾਤਨ ਦਿੱਖ ਅਨੁਸਾਰ ਵੱਡਾ ਕੀਤਾ ਜਾ ਰਿਹਾ ਹੈ। ਸਮੁੱਚੀ ਕਾਰਸੇਵਾ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਤੇ ਬਾਬਾ ਖੁਸ਼ਹਾਲ ਸਿੰਘ ਵਾਲਿਆਂ ਵੱਲੋਂ ਨਿਭਾਈ ਜਾ ਰਹੀ ਹੈ ਤੇ ਸਮੁੱਚਾ ਡਿਜ਼ਾਇਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਵਲ ਸਿੰਘ ਤੇ ਸੁਰਜੀਤ ਸਿੰਘ ਵੱਲੋਂ ਸਿੱਖ ਆਰਕੀਟੈਕਚਰ ਅਨੁਸਾਰ ਤਿਆਰ ਕੀਤਾ ਗਿਆ ਹੈ।

ਗੁਰਦੁਆਰਾ ਭੋਰਾ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਲਈ ਆਏ ਕਸ਼ਮੀਰੀ ਪੰਡਿਤਾਂ ਦੀ ਵਿਸ਼ੇਸ਼ ਯਾਦਗਾਰ ਨੂੰ ਵੀ ਪੁਰਾਤਨ ਡਿਜ਼ਾਇਨ ਅਨੁਸਾਰ ਵਿਕਸਿਤ ਕੀਤਾ ਜਾਵੇਗਾ। ਇਸ ਅਸਥਾਨ ‘ਤੇ ਲੰਬਾ ਸਮਾਂ ਬਿਤਾਉਣ ਵਾਲੀਆਂ ਮਾਤਾ ਨਾਨਕੀ, ਮਾਤਾ ਗੁਜਰੀ ਤੇ ਮਾਤਾ ਸੁੰਦਰੀ ਦੀਆਂ ਯਾਦਾਂ ਨੂੰ ਤਾਜ਼ਾ ਕਰਦੀ ਰਸੋਈ ਵੀ ਬਣਾਈ ਜਾ ਰਹੀ ਹੈ। ਤਿੰਨਾਂ ਸਾਹਿਬਜ਼ਾਦਿਆਂ ਦੇ ਜਨਮ ਸਥਾਨ ਨੂੰ ਦਰਸਾਉਂਦੀ ਯਾਦਗਾਰ ਬਣਾਈ ਜਾਵੇਗੀ। ਪੁਰਾਤਨ ਮਸੰਦਾ ਵਾਲੇ ਖੂਹ ਦੀ ਖ਼ਸਤਾ ਹਾਲਤ ਨੂੰ ਸੁਧਾਰ ਕੇ ਪੁਰਾਤਨ ਦਿੱਖ ਵਿਚ ਲਿਆਂਦਾ ਜਾਵੇਗਾ।

ਗੁਰਦੁਆਰੇ ਦੇ ਬਾਹਰ ਪੁਰਾਤਨ ਦਿੱਖ ਵਾਲੀ ਚਾਰਦੀਵਾਰੀ ਵੀ ਬਣਾਈ ਜਾ ਰਹੀ ਹੈ। ਉਸਾਰੀ ਦੇ ਕੰਮ ਦੌਰਾਨ ਸਾਗਵਾਨ ਦੀ ਲੱਕੜੀ, ਨਾਨਕਸ਼ਾਹੀ ਇੱਟ ਤੇ ਛੋਟੀਆਂ ਟਾਈਲਾਂ ਦੀ ਵਰਤੋਂ ਕੀਤੀ ਜਾਵੇਗੀ। ਗੁਰਦੁਆਰੇ ਦੇ ਗੁੰਬਦਾਂ ‘ਤੇ ਸੋਨੇ ਦੇ ਖੰਡੇ ਲਾਉਣ ਦਾ ਕੰਮ ਵੀ ਕਰਵਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਭੋਰਾ ਸਾਹਿਬ ਦੇ ਨਾਲ ਲੱਗਦੀ ਖ਼ਸਤਾ ਹਾਲ ਪੁਰਾਣੀ ਹਵੇਲੀ ਦੀ 25 ਮਰਲੇ ਥਾਂ ਤਕਰੀਬਨ ਡੇਢ ਕਰੋੜ ਵਿਚ ਖਰੀਦੀ ਹੈ। ਇਸ ਬਾਰੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਗੁਰਦੁਆਰੇ ਦਾ ਆਲਾ ਦੁਆਲਾ ਖੁੱਲ੍ਹਾ ਕਰਕੇ ਵਧੀਆ ਬਾਗ਼ ਵੀ ਤਿਆਰ ਕਰਨ ਲਈ ਜ਼ਮੀਨ ਖਰੀਦੀ ਜਾ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਲ ਲੱਗਦੀਆਂ ਹੋਰ ਇਮਾਰਤਾਂ ਨੂੰ ਵੀ ਖਰੀਦਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਸ਼੍ਰੋਮਣੀ ਕਮੇਟੀ ਨੇ ਨਾਲ ਲੱਗਦੀ ਜ਼ਮੀਨ ਖਰੀਦੀ



ਗੁਰਦੁਆਰਾ ਭੋਰਾ ਸਾਹਿਬ ਦੇ ਇਤਿਹਾਸ ਬਾਰੇ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਨੇ ਦੱਸਿਆ ਕਿ ਇਸ ਸਥਾਨ ‘ਤੇ ਗੁਰੂ ਤੇਗ ਬਹਾਦਰ ਜੀ ਕੋਲ ਕਸ਼ਮੀਰੀ ਪੰਡਿਤ ਫ਼ਰਿਆਦ ਲੈ ਕੇ ਆਏ ਸਨ ਤੇ ਗੁਰੂ ਜੀ ਨੇ ਮਨੁੱਖਤਾ ਦੇ ਭਲੇ ਲਈ ਕਿਸੇ ਦੂਸਰੇ ਧਰਮ ਵਾਸਤੇ ਕੁਰਬਾਨੀ ਦੇਣ ਦਾ ਫ਼ੈਸਲਾ ਲਿਆ ਸੀ। ਇਸੇ ਅਸਥਾਨ ‘ਤੇ ਆਨੰਦਪੁਰ ਸਾਹਿਬ ਦੀ ਨੀਂਹ 16 ਜੂਨ 1665 ਨੂੰ ਰੱਖੀ ਗਈ ਸੀ। ਮੁੱਢਲੇ ਤੌਰ ‘ਤੇ ਇਸ ਨਗਰ ਦਾ ਨਾਂ ਚੱਕ ਮਾਤਾ ਨਾਨਕੀ ਸੀ, ਜੋ ਬਾਅਦ ਵਿਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ। ਇਸ ਅਸਥਾਨ ‘ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਬਖ਼ਸ਼ੀ ਗਈ ਸੀ ਤੇ ਇਥੇ ਹੀ ਗੁਰੂ ਜੀ ਦੇ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਹੋਇਆ ਸੀ। ਇਸੇ ਸਥਾਨ ਤੋਂ ਗੁਰੂ ਗੋਬਿੰਦ ਸਿੰਘ ਆਪਣੀ ਬਰਾਤ ਲੈ ਕੇ ਕਸਬਾ ਗੁਰੂ ਕਾ ਲਾਹੌਰ ਵਿਖੇ ਗਏ ਸਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਭਇਆ ਆਨੰਦ ਜਗਤ ਵਿਚ ਕਲਿ ਤਾਰਨ ਗੁਰੂ ਨਾਨਕ ਆਇਆ॥

ਗੁਰਦੁਆਰਾ

# ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

**113-10 101 Avenue, South Richmond Hill, NY 11419**

ਅਤੇ ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ, ਸਮੂਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

## ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 545 ਵੇਂ ਆਗਮਨ ਪੁਰਬ ਦੇ ਸੰਬਧ ਵਿਚ

ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।




# 14 ਵਾਂ ਮਹਾਨ ਨਗਰ ਕੀਰਤਨ

## ਪਹਿਲੀ ਨੰਵਬਰ ਦਿਨ ਸ਼ਨੀਵਾਰ ਨੂੰ ਰਿਚਮੰਡ ਹਿਲ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਕੱਢਿਆ ਜਾ ਰਿਹਾ ਹੈ।

ਮਨੁੱਖਤਾ ਦੇ ਰਹਿਬਰ ਸਿੱਖ ਪੰਥ ਦੇ ਬਾਨੀ ਕਲਿਜੁਗ ਦੇ ਤਾਰਣਹਾਰ ਜਗਤ ਗੁਰੂ ਬਾਬਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 545 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਹਰ ਸਾਲ ਦੀ ਤਰਾਂ ਇਸ ਸਾਲ ਵੀ 14ਵਾਂ ਮਹਾਨ ਨਗਰ ਕੀਰਤਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿਖ ਸੈਂਟਰ ਨਿਊਯਾਰਕ ਤੋਂ ਦਿਨ ਸ਼ਨੀਵਾਰ ਪਹਿਲੀ ਨਵੰਬਰ 2014 ਨੂੰ ਕਢਿਆ ਜਾ ਰਹਿਆ ਹੈ।

30 ਅੱਕਤੂਬਰ ਦਿਨ ਵੀਰਵਾਰ ਸਵੇਰੇ 10:30 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਪਹਿਲੀ ਨਵੰਬਰ ਦਿਨ ਸ਼ਨੀਵਾਰ ਸਵੇਰੇ 10:00 ਵਜੇ ਭੋਗ ਉਪਰੰਤ 12:00 ਵਜੇ ਤਕ ਦੀਵਾਨ ਸਜਣਗੇ ਅਤੇ ਸਵੇਰੇ 12:30 ਵਜੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਆਰੰਭ ਹੋਕੇ 111 ਸਟਰੀਟ ਤੋਂ ਹੁੰਦਿਆਂ ਲਿਬਰਟੀ ਐਵਨਿਊ ਤੋਂ 123 ਸਟਰੀਟ, ਅਟਲੈਂਟਿਕ ਐਵਨਿਊ 118 ਸਟਰੀਟ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਦੇ ਅਗੋ ਹੁੰਦਿਆਂ ਹੋਇਆਂ 101 ਐਵਨਿਊ ਤੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਮਾਪਤ ਹੋਵੇਗਾ।



### ਬੰਦੀ ਛੋੜ ਦਿਵਸ {ਦਿਵਾਲੀ}

23 ਅੱਕਤੂਬਰ ਦਿਨ ਵੀਰਵਾਰ ਨੂੰ ਬੰਦੀ ਛੋੜ ਦਿਵਸ ਦੇ ਸਬੰਧ ਵਿਚ ਸ਼ਾਮ 5:00 ਵਜੇ ਤੋਂ ਰਾਤ 10:00 ਵਜੇ ਤਕ ਦੀਵਾਨ ਸਜਣਗੇ।

### ਗੁਰਪੁਰਬ ਦੇ ਸਬੰਧ ਵਿਚ ਵਿਸ਼ੇਸ਼ ਸਮਾਗਮ:

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿਚ 6 ਨਵੰਬਰ ਦਿਨ ਵੀਰਵਾਰ ਸ਼ਾਮ 6:00 ਵਜੇ ਤੋਂ ਰਾਤ 12:00 ਵਜੇ ਤਕ ਦੀਵਾਨ ਸਜਣਗੇ ਉਪਰੰਤ ਫੁਲਾਂ ਦੀ ਬਰਖਾ ਹੋਵੇਗੀ।

9 ਨਵੰਬਰ ਦਿਨ ਐਤਵਾਰ ਦੇ ਵਿਸ਼ੇਸ਼ ਦੀਵਾਨ ਹੋਣਗੇ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 7 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ 9 ਨਵੰਬਰ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ 3:00 ਵਜੇ ਤਕ ਦੀਵਾਨ ਸਜਣਗੇ।

ਪਹੁੰਚ ਰਹੇ ਰਾਗੀ ਪ੍ਰਚਾਰਕ : ਭਾਈ ਗੁਰਚਰਨ ਸਿੰਘ ਜੀ ਆਨੰਦਪੁਰ ਸਾਹਿਬ ਵਾਲੇ, ਭਾਈ ਕਮਲਜੀਤ ਸਿੰਘ ਜੀ ਖੰਡੂਰ ਵਾਲੇ, ਭਾਈ ਬਲਜਿੰਦਰ ਸਿੰਘ ਪਿਹੋਵਾ ਵਾਲੇ, ਭਾਈ ਜਗਪ੍ਰੀਤ ਸਿੰਘ ਲੁਧਿਆਣਾ ਵਾਲੇ

ਕਥਾਵਾਚਕ : ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਗਿਆਨੀ ਜਸਬੀਰ ਸਿੰਘ ਲੁਧਿਆਣਾ ਵਾਲੇ, ਗਿਆਨੀ ਜਸਪਾਲ ਸਿੰਘ ਜੀ ਮੁੱਖ ਗ੍ਰੰਥੀ



### ਪ੍ਰਾਰਥਕ: ਐਗਜ਼ੈਕਟਿਵ ਕਮੇਟੀ, ਬੋਰਡ ਆਫ ਟੱਰਸਟ, ਸੇਵਾਦਾਰ ਅਤੇ ਗੁਰੂ ਘਰ ਦਾ ਸਟਾਫ

| | | | |
|---|---|---|---|
| Himmat Singh Sarpanch (President) | 917-553-5036 | Sukhjinder Singh (Chairman) | 917-807-5854 |
| Ranjit Singh Mehmadpur (Vice President) | 917-969-3100 | Gurnam Singh (Vice Chairman) | 718-249-5506 |
| Kuldip Singh Khalsa (Gen. Sect.) | 917-687-5560 | Kulwant Singh (Bot Skather) | 347-645-0550 |
| Daler Singh Haryana (Asst. Sect.) | 917-849-9033 | Nirmal Kaur (Member) | 718-848-7979 |
| Jugvinder Singh (Cashier) | 347-645-0550 | Malkiat Kaur (Member) | 516-672-7386 |
| Preetpal Singh (Cashier) | 718-659-8700 | Prabhjit Singh (Member) | 917-238-9790 |
| Lakhwinder Singh (Building Incharge) | 718-414-7700 | Sampuran Singh (Member) | 646-318-7658 |
| Sardool Singh (Building Incharge) | 516-603-2805 | Lakhwinder Singh (Member) | 646-897-0041 |
| Gurbachan Kaur (Education Incharge) | 718-641-5415 | Sarabjit Singh (Member) | 917-907-1148 |
| Jaswinder Kaur (Education Incharge) | 516-710-2027 | Gurwant Singh (Member) | 917-595-9777 |
| Paramjit Kaur (PRO) | 347-685-0641 | Sukhdev Singh (Member) | 347-651-7867 |
| Malkit Singh Multani | 347-651-7867 | Narinder Kaur (Member) | 718-441-0468 |
| Lakhwinder Kaur (Member) | 917-913-3352 | Balwinder Kaur (Member) | 718-969-0441 |
| Jagtar Singh (Member) | 718-562-1090 | Jagat Singh (Member) | 646-318-6759 |
| Baljinder Kaur (Member) | 516-805-3870 | Sukhwinder Singh (Member) | 917-379-8995 |
| Kulwant Kaur (Member) | 718-332-4501 | Mohinder Singh (Member) | 917-940-9004 |
| | | Talwinder Kaur (Member) | 718-674-6836 |

[illegible]

ਸੰਗਤਾਂ ਦੀ ਸੇਵਾ ਲਈ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

### ਪ੍ਰਧਾਨ

ਮਾਸਟਰ ਮੁਹਿੰਦਰ ਸਿੰਘ, ਸ. ਰਘਬੀਰ ਸਿੰਘ ਸੁਭਾਨਪੁਰ

ਸ. ਮਨਜੀਤ ਸਿੰਘ ਢਡੂਹਾ, ਸ. ਪ੍ਰੀਤਮ ਸਿੰਘ ਗਿਲਜੀਆਂ

ਸ. ਕੁਲਦੀਪ ਸਿੰਘ ਖਾਲਸਾ, ਸ. ਹਿੰਮਤ ਸਿੰਘ ਸਰਪੰਚ, ਸ. ਗੁਰਮੇਜ ਸਿੰਘ

Gurmit Singh Bhulath
Harjit Singh
Daljit Singh
Jaswinder Singh Tony
Sandeep Singh Gippy
Jaspal Singh Satta
Prince
Gurnam Singh
Surinder Singh
Sukhdev Singh
Navdeep Singh

Baljinder Singh Soni
Malkeet Singh
Malkeet Singh Neeta
Paramjit Singh
Garib Singh
Harminder Singh
Balwinder Singh
Gulzar Singh
Manjinder Singh
Micky
Sethi

The Sikh Cultural Society of NY Inc.
Gurdwara Sant Majha Singh Karmjot Sikh Center
Gurdwara Ramgarhia Sikh Society of America NY
Gurdwara Sikh Center of NY (Parsons Blvd.)
Gurughar Sikh Center of NY (Queens Village)
Gurdwara Sant Sagar, NY
Temple Sri Guru Ravidas Sabha, NY
Gurdwara Sachkand Guru Nanak Darbar

ਗਿਆਨੀ ਜਸਪਾਲ ਸਿੰਘ ਮੁੱਖ ਗ੍ਰੰਥੀ • ਗਿਆਨੀ ਸੇਵਕ ਸਿੰਘ ਗ੍ਰੰਥੀ • ਗਿਆਨੀ ਕੁਲਵੰਤ ਸਿੰਘ ਗ੍ਰੰਥੀ

ਭਾਈ ਜਗਤ ਸਿੰਘ ਸੇਵਾਦਾਰ • ਭਾਈ ਗੁਰਮੀਤ ਸਿੰਘ ਲੰਗਰ ਸੇਵਾਦਾਰ

ਸੰਗਤ ਨੂੰ ਪੁਰਜ਼ੋਰ ਬੇਨਤੀ ਹੈ ਕਿ ਪਰਿਵਾਰ ਸਹਿਤ ਆਪ ਵੀ ਹਾਜ਼ਰੀਆਂ ਭਰੋ ਅਤੇ ਹੋਰਨਾਂ ਨੂੰ ਵੀ ਪ੍ਰੇਰਣਾ ਕਰ ਕੇ ਲੈ ਕੇ ਆਉ ਅਤੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ॥

**ਗੁਰਦੁਆਰਾ ਸਾਹਿਬ ਦੇ ਫੋਨ 718-805-6941 / 718-805-7400**

**Print & Design By : INFINITY 347 475 7751**

# ਕਲਾ ਦਾ ਤੋਹਫਾ




ਪਰਸ਼ੋਤਮ ਸਿੰਘ ਕੰਡਾਲਾ

ਹੀਬਾ ਸ਼ਾਹ ਹਿੰਦੀ ਫਿਲਮਾਂ ਦੇ ਕਹਿੰਦੇ-ਕਹਾਉਂਦੇ ਅਤੇ ਆਪਣੇ ਦਮ ਉਤੇ ਫਿਲਮਾਂ ਵਿਚ ਟਿਕਣ ਵਾਲੇ ਅਦਾਕਾਰ ਨਸੀਰੂਦੀਨ ਸ਼ਾਹ ਦੀ ਜੇਠੀ ਧੀ ਹੈ। ਉਂਜ, ਹੀਬਾ ਨੇ ਖੁਦ ਆਪਣੀ ਜਾਨਦਾਰ ਅਦਾਕਾਰੀ ਦੇ ਸਿਰ ਉਤੇ ਕਲਾ ਦੇ ਖੇਤਰ ਵਿਚ ਆਪਣੀ ਥਾਂ ਬਣਾਈ ਹੈ। ਫਿਲਮਾਂ ਵਿਚ ਆਉਣ ਅਤੇ ਗਲੈਮਰ ਦਾ ਉਸ ਨੂੰ ਕੋਈ ਬਹੁਤਾ ਸ਼ੌਂਕ ਨਹੀਂ ਹੈ। ਉਹ ਸਪਸ਼ਟ ਆਖਦੀ ਹੈ ਅਤੇ ਇਹ ਸੋਲਾਂ ਆਨੇ ਸੱਚ ਵੀ ਹੈ ਕਿ ਉਸ ਸਿਰਫ਼ ਮਸ਼ਹੂਰੀ ਜਾਂ ਪੈਸੇ ਖਾਤਰ ਥੀਏਟਰ ਨੂੰ ਅਲਵਿਦਾ ਨਹੀਂ ਆਖ ਸਕਦੀ। ਉਸ ਨੇ ਆਪਣੀ ਇਸ ਸੋਚ ਉਤੇ ਬਾਕਾਇਦਾ ਪਹਿਰਾ ਦਿੱਤਾ ਹੈ ਅਤੇ ਇਸ ਉਤੇ ਉਹ ਮਾਣ ਵੀ ਕਰਦੀ ਹੈ।

ਆਪਣੇ ਪਿਤਾ ਨਸੀਰੂਦੀਨ ਸ਼ਾਹ ਦੇ ਸਾਥ ਵਿਚ ਵਿਚਰਦਿਆਂ ਹੀਬਾ ਸ਼ਾਹ ਨੂੰ ਪਤਾ ਹੀ ਨਹੀਂ ਸੀ ਲੱਗਿਆ ਕਿ ਉਹ ਕਦੋਂ ਅਦਾਕਾਰਾ ਬਣ ਗਈ ਹੈ। ਉਹ ਉਦੋਂ 6ਵੀਂ ਜਮਾਤ ਵਿਚ ਪੜ੍ਹਦੀ ਸੀ ਜਦੋਂ ਉਹਨੇ ਸਕੂਲ ਵਿਚ ਤਿਆਰ ਕੀਤੇ ਜਾ ਰਹੇ ਨਾਟਕ 'ਹਾਈਜੈਕ' ਵਿਚ ਭੂਮਿਕਾ ਨਿਭਾਈ। ਬੱਚਿਆਂ ਵੱਲੋਂ ਤਿਆਰ ਇਸ ਨਾਟਕ ਵਿਚ ਉਹ ਇਕ ਜਰਨੈਲ ਦੀ ਪਤਨੀ ਬਣੀ ਸੀ। ਬੁੱਢੀ ਦੇ ਇਸ ਰੋਲ ਵਿਚ ਉਸ ਦੀ ਅਦਾਕਾਰੀ ਨੂੰ ਖੂਬ ਪ੍ਰਸ਼ੰਸਾ ਮਿਲੀ। ਉਸ ਦੇ ਪਸੰਦੀਦਾ ਨਾਟਕਾਂ ਵਿਚੋਂ 'ਮੰਟੋ ਇਸਮਤ ਹਾਜ਼ਰ ਹੈ" ਸਭ ਤੋਂ ਉਪਰ ਆਉਂਦਾ ਹੈ। ਇਸ ਨਾਟਕ ਦਾ ਆਧਾਰ ਉਰਦੂ ਲੇਖਕ ਸਾਅਦਤ ਹਸਨ ਮੰਟੋ ਦੀ ਕਹਾਣੀ 'ਬੂ' ਅਤੇ ਇਸਮਤ ਚੁਗਤਾਈ ਦੀ ਕਹਾਣੀ 'ਲਿਹਾਫ' ਹਨ। ਆਪਣੇ ਵੇਲਿਆਂ ਵਿਚ ਇਨ੍ਹਾਂ ਦੋਹਾਂ ਕਹਾਣੀਆ ਉਤੇ ਅਸ਼ਲੀਲ ਹੋਣ ਦੇ ਦੋਸ਼ ਲਾਏ ਗਏ ਸਨ ਅਤੇ ਦੋਹਾਂ ਲੇਖਕਾਂ ਨੂੰ ਅਦਾਲਤੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਨਾਟਕ ਵਿਚ ਆਪਣੀ ਅਦਾਕਾਰੀ ਨਾਲ ਉਹ ਉਹੀ ਵਕਤ ਫਿਰ ਦਰਸ਼ਕਾਂ ਦੇ ਸਾਹਮਣੇ ਸਾਕਾਰ ਕਰ ਦਿੰਦੀ ਹੈ।






*ਹੀਬਾ ਸ਼ਾਹ ਅਤੇ ਰੰਗਕਰਮੀ ਜਿਲ ਜਿਸ ਨਾਲ ਰਲ ਕੇ ਹੀਬਾ ਨੇ ਇਬਸਨ ਦੇ ਨਾਟਕਾਂ ਵਿਚ ਅਦਾਕਾਰੀ ਕੀਤੀ।*

ਹੀਬਾ ਨੇ ਆਪਣੀ ਅਦਾਕਾਰੀ ਨਾਲ ਆਪਣੇ ਨਾਂ ਨੂੰ ਐਨ ਸੱਚ ਕਰ ਦਿਖਾਇਆ ਹੈ। ਅਰਬੀ ਵਿਚ ਹੀਬਾ ਦਾ ਸ਼ਾਬਦਕ ਅਰਥ 'ਅੱਲਾ ਦਾ ਤੋਹਫਾ' ਹੁੰਦਾ ਹੈ ਅਤੇ ਥੀਏਟਰ ਲਈ ਉਹ ਅੱਲਾ ਦਾ 'ਕਲਾ ਦਾ ਤੋਹਫਾ' ਹੀ ਸਾਬਿਤ ਹੋਈ ਹੈ। ਉਹ ਦੱਸਦੀ ਹੈ ਕਿ ਉਸ ਦਾ ਥੀਏਟਰ ਨਾਲ ਪਿਆਰ ਉਸ ਦੇ ਅੱਬਾ ਨਸੀਰੂਦੀਨ ਸ਼ਾਹ ਦੀ ਅਦਾਕਾਰੀ ਅਤੇ ਜ਼ਿੰਦਗੀ ਨੂੰ ਨੇੜਿਓਂ ਦੇਖ ਕੇ ਪੈਦਾ ਹੋਇਆ। ਹਾਲ ਹੀ ਵਿਚ ਹੀਬਾ ਸ਼ਾਹ ਨੇ ਸੰਜੀਵ ਗੁਪਤਾ ਦੀ ਫਿਲਮ 'ਕਿਊ' ਵਿਚ ਕੰਮ ਕੀਤਾ ਹੈ ਅਤੇ ਇਸ ਫਿਲਮ ਦੀ ਬੇਹੱਦ ਪ੍ਰਸ਼ੰਸਾ ਹੋਈ ਹੈ। ਇਹ ਫਿਲਮ 2014 ਵਿਚ ਲੱਦਾਖ ਕੌਮਾਂਤਰੀ ਫਿਲਮ ਮੇਲੇ ਅਤੇ ਯੂਰਪ ਦੇ ਮਸ਼ਹੂਰ ਸਪਲਿੱਟ ਫਿਲਮ ਮੇਲੇ ਦੌਰਾਨ ਦਿਖਾਈ ਗਈ। ਫਿਲਮ ਬਾਰੇ ਉਹ ਦੱਸਦੀ ਹੈ- "ਇਸ ਫਿਲਮ ਸਬੰਧੀ ਸੰਜੀਵ ਗੁਪਤਾ ਨੇ ਉਸ ਨਾਲ ਚਰਚਾ ਇਸੇ ਸਾਲ ਜਨਵਰੀ ਵਿਚ ਕੀਤੀ ਸੀ। ਇਸ ਫਿਲਮ ਦਾ ਖਿਆਲ ਮੈਨੂੰ ਬਹੁਤ ਪਸੰਦ ਆਇਆ ਅਤੇ ਫਿਲਮ ਦੀ ਪਟਕਥਾ ਵੀ ਬੜੀ ਜ਼ੋਰਦਾਰ ਲੱਗੀ। ਬਸ, ਮੈਂ ਝੱਟ ਸੰਜੀਵ ਗੁਪਤਾ ਦੀ ਪੇਸ਼ਕਸ਼ ਸਵੀਕਾਰ ਕਰ ਲਈ।" ਇਹ ਫਿਲਮ ਬਹੁਤੇ ਲੋਕਾਂ ਤੱਕ ਨਾ ਪਹੁੰਚ ਸਕਣ ਬਾਰੇ ਉਹ ਦੱਸਦੀ ਹੈ ਕਿ ਸੰਜੀਵ ਗੁਪਤਾ ਨੇ ਇਸ ਫਿਲਮ ਦੀ ਮਾਰਕੀਟਿੰਗ ਵੱਲ ਵੱਲ ਬਹੁਤਾ ਧਿਆਨ ਹੀ ਨਹੀਂ ਦਿੱਤਾ ਅਤੇ ਫਿਲਮ ਨੂੰ ਫਿਲਮ ਮੇਲਿਆਂ ਤੱਕ ਹੀ ਸੀਮਤ ਕਰ ਲਿਆ। ਉਂਜ, ਉਹ ਚਾਹੁੰਦੀ ਹੈ ਕਿ ਅਜਿਹੀਆਂ ਫਿਲਮਾਂ ਲੋਕਾਂ ਤੱਕ ਜ਼ਰੂਰ ਪਹੁੰਚਣੀਆਂ ਚਾਹੀਦੀਆਂ ਹਨ, ਕਿਉਂਕਿ ਇਹ ਫਿਲਮ ਆਮ ਜ਼ਿੰਦਗੀ ਦੇ ਬਹੁਤ ਨੇੜੇ ਹੈ।

ਹੀਬਾ ਸ਼ਾਹ ਨੇ ਟੈਲੀਵਿਜ਼ਨ ਲਈ ਵੀ ਕੰਮ ਕੀਤਾ ਹੈ। ਮਸ਼ਹੂਰ ਨਾਟਕ 'ਬਾਲਿਕਾ ਵਧੂ' ਵਿਚ ਨੌਜਵਾਨ 'ਦਾਦੀਸਾ' ਦੀ ਭੂਮਿਕਾ ਉਸ ਨੇ ਹੀ ਨਿਭਾਈ ਸੀ ਅਤੇ ਉਸ ਦੇ ਇਸ ਰੋਲ ਨੂੰ ਦਰਸ਼ਕਾਂ ਨੂੰ ਬਹੁਤ ਪਸੰਦ ਕੀਤਾ ਸੀ। ਆਪਣੇ ਕਰੀਅਰ ਬਾਰੇ ਉਹ ਦੱਸਦੀ ਹੈ ਕਿ ਉਸ ਨੇ ਪਹਿਲਾਂ-ਪਹਿਲ ਕੁਝ ਟੀ.ਵੀ. ਨਾਟਕਾਂ ਵਿਚ ਕੰਮ ਸ਼ੁਰੂ ਕੀਤਾ ਜਿਨ੍ਹਾਂ ਦੀ ਪਟਕਥਾ ਗੁਲਜ਼ਾਰ ਨੇ ਲਿਖੀ ਸੀ। ਉਦੋਂ ਉਹ ਹਾਸੇ-ਹਾਸੇ ਵਿਚ ਅਜਿਹੇ ਰੋਲ ਕਰੀ ਜਾਂਦੀ ਸੀ ਕਿਉਂਕਿ ਉਹਨੂੰ ਪੈਸੇ ਮਿਲਦੇ ਸਨ। ਫਿਰ ਉਸ ਨੇ ਥੀਏਟਰ ਨੂੰ ਆਪਣਾ ਕਾਰਜ ਖੇਤਰ ਬਣਾ ਲਿਆ।



*ਹੀਬਾ ਆਪਣੀ ਮਾਂ (ਮਤਰੇਈ) ਰਤਨਾ ਪਾਠਕ ਸ਼ਾਹ, ਅੱਬਾ ਨਸੀਰੂਦੀਨ ਸ਼ਾਹ ਅਤੇ ਭਰਾਵਾਂ ਇਮਾਦ ਤੇ ਵਿਵਾਨ ਸ਼ਾਹ ਨਾਲ।*

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਨਵੰਬਰ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-141




*ਲਾ ਕੇ ਕਾਲੀਆਂ ਐਨਕਾਂ ਮੰਮੀ, ਲੱਗਾਂ ਹੋਰ ਪਿਆਰੀ।*
*ਕੱਢ ਕੇ ਤੇਰੀ ਲੈ ਲਈ ਚੁੰਨੀ, ਖੁੱਲ੍ਹੀ ਸੀ ਅਲਮਾਰੀ।*
*ਪਾਪਾ ਕਹਿੰਦੇ ਬਚਪਨ ਮੁੜ ਕੇ ਆਉਂਦਾ ਨਹੀਂ ਦੁਬਾਰਾ।*
*ਪਰ ਤੂੰ ਛੇਤੀ ਘਰ ਨੂੰ ਆਉਣ ਦਾ, ਲਾ ਜਾਨੀਂ ਏਂ ਲਾਰਾ।*

### ਕੈਪਸ਼ਨ ਮੁਕਾਬਲਾ-139



ਕਿਲਾ ਰਾਏਪੁਰ ਖੇਡਾਂ ਦਾ ਦੰਗਲ
ਦੇਖੋ ਕਿੰਜ ਨੱਚਦੀ ਏ ਘੋੜੀ।
ਘੋੜ-ਸਵਾਰੀ ਤੇ ਕੁੱਤਿਆਂ ਦੀਆਂ ਦੌੜਾਂ
ਧੂੜ ਉਡਾਉਂਦੀ ਬਲਦਾਂ ਦੀ ਜੋੜੀ।
ਚੌੜੇ ਸੀਨੇ ਤੇ ਜੋਰ ਪੱਟਾਂ ਦਾ
ਚਰਚਾ ਹੋਵੇ ਚਹੁੰ ਕੂੰਟਾਂ ਤੋੜੀ।
ਸ਼ਾਲਾ! ਜਵਾਨੀ ਰਹੇ ਜਲਵੇ ਦਿਖਾਂਦੀ
ਨਜ਼ਰ ਨਾ ਲੱਗੇ ਪੰਜਾਬ ਤਾਈਂ ਕੌੜੀ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਪੰਜਾਬੀ ਬੜੇ ਨੇ ਰੰਗ ਰੰਗੀਲੇ
ਖੇਡਣ ਮੱਲ੍ਹਣ ਭੰਗੜੇ ਪਾਵਣ।
ਜਾਨਵਰਾਂ ਨੂੰ ਵੀ ਕੀਲ ਨੇ ਲੈਂਦੇ
ਘੋੜੀਆਂ ਤਾਈਂ ਨੱਚਣ ਲਾਵਣ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਢੋਲ ਉਤੇ ਨੱਚਦੀ ਘੋੜੀ ਨੇ
ਵਿਚ ਮੇਲੇ ਦੇ ਮੇਲਾ ਲਾਇਆ।
ਦੂਰ ਦੂਰ ਤੱਕ ਹੋਈ ਚਰਚਾ
ਪੂਰਾ ਪਿੰਡ ਵੇਖਣ ਆਇਆ।
ਪੈਰੀਂ ਘੁੰਗਰੂ, ਸਿਰ 'ਤੇ ਫੁੱਲ
ਰੂਪ ਘੋੜੀ ਨੂੰ ਚੜ੍ਹ ਆਇਆ।
ਮੇਲੇ ਵਿਚ ਦਿਖਾਏ ਕਰਤੱਬ
ਸਭ ਦਾ ਧਿਆਨ ਵਟਾਇਆ।

*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

---

ਠੇਕੇ ਉਤੇ ਚਾੜ੍ਹ ਜ਼ਮੀਨਾਂ
ਜੱਟ ਹੋ ਗਏ ਵਿਹਲੇ।
ਪਾਲੇ ਸ਼ੌਕ ਵੱਖਰੇ ਹੁਣ
ਵਿਚ ਮੇਲੇ, ਨਾਲ ਘੋੜੀ ਖੇਲੇ।
ਖੁਸ਼ ਹੁੰਦਾ ਏ ਨਚਾ ਕੇ ਘੋੜੀ
ਜਿਵੇਂ ਚੜ੍ਹਦੀ ਕਾਟੋ ਕਿੱਕਰ।
ਇੰਜੇ ਨਚਾਉਂਦਾ ਸੀ ਘੋੜੀ
ਸਾਡੇ ਪਿੰਡ ਵਾਲਾ ਬਾਬਾ ਬਿੱਕਰ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਕੁਰਦ ਔਰਤਾਂ ਨੇ ਮੱਲਿਆ ਆਈ.ਐਸ. ਜਹਾਦੀਆਂ ਖਿਲਾਫ ਮੋਰਚਾ



**ਸੁਰਕ (ਤੁਰਕੀ):** ਆਈ.ਐਸ. ਜਹਾਦੀਆਂ ਖ਼ਿਲਾਫ਼ ਲੜਾਈ ਵਿਚ ਹਜ਼ਾਰਾਂ ਦੀ ਤਦਾਦ ਵਿਚ ਕੁਰਦ ਔਰਤਾਂ ਸ਼ਾਮਲ ਹਨ ਤੇ ਮੁਸਲਿਮ ਜਗਤ ਵਿਚ ਇਹ ਕਾਫੀ ਅਣਹੋਣੀ ਜਿਹੀ ਗੱਲ ਹੈ ਕਿਉਂਕਿ ਲੜਾਈ ਵਿਚ ਆਮ ਤੌਰ 'ਤੇ ਮਰਦ ਹੀ ਹਿੱਸਾ ਲੈਂਦੇ ਹਨ। ਅਪਰੈਲ ਮਹੀਨੇ ਕੁਰਦ ਬਾਗੀਆਂ ਨੇ ਸਿਰਫ ਔਰਤਾਂ 'ਤੇ ਆਧਾਰਤ ਲੜਾਕੂ ਯੂਨਿਟਾਂ ਕਾਇਮ ਕੀਤੀਆਂ ਸਨ ਜਿਨ੍ਹਾਂ ਦੀ ਨਫ਼ਰੀ ਵਧ ਕੇ ਹੁਣ 10 ਹਜ਼ਾਰ ਹੋ ਗਈ ਹੈ। ਸੀਰੀਆ ਦੇ ਕੁਰਦ ਖਿੱਤੇ ਦੇ ਇਕ ਰੱਖਿਆ ਅਹਿਲਕਾਰ ਨਾਸਰ ਅਲ ਮਨਸੂਰ ਨੇ ਦੱਸਿਆ ਕਿ ਇਹ ਔਰਤਾਂ ਆਈ.ਐਸ. ਗੁਰੀਲਿਆਂ ਖ਼ਿਲਾਫ਼ ਲੜਾਈ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਇਸ ਮਹੀਨੇ ਦੇ ਸ਼ੁਰੂ ਵਿਚ ਸੀਰੀਆ ਬਾਰੇ ਮਨੁੱਖੀ ਅਧਿਕਾਰ ਨਿਗਰਾਨ ਸੰਸਥਾ ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਆਈ.ਐਸ. ਅਤਿਵਾਦੀਆਂ ਨੇ ਤੁਰਕੀ ਦੀ ਸਰਹੱਦ ਲਾਗੇ ਲੜਾਈ ਦੌਰਾਨ ਕਾਬੂ ਕੀਤੇ ਨੌਂ ਕੁਰਦ ਬਾਗੀਆਂ ਦੇ ਸਿਰ ਕਲਮ ਕਰ ਦਿੱਤੇ ਹਨ ਜਿਨ੍ਹਾਂ ਵਿਚ ਤਿੰਨ ਔਰਤਾਂ ਵੀ ਸ਼ਾਮਲ ਸਨ। ਤਕਰੀਬਨ ਇਕ ਸਾਲ ਪਹਿਲਾਂ ਅਫ਼ਸ਼ਿਨ ਕੋਬਾਨੀ ਪੜ੍ਹਾਉਂਦੀ ਹੁੰਦੀ ਸੀ ਤੇ ਹੁਣ ਇਹ ਕੁਰਦ ਸੀਰਿਆਈ ਔਰਤ ਨਾਲ ਸਕੂਲ ਛੱਡ ਕੇ ਕੋਬਾਨੀ ਦੇ ਮੋਰਚੇ 'ਤੇ ਡਟੀ ਹੋਈ ਹੈ। ਕੋਬਾਨੀ ਉਹੀ ਸ਼ਹਿਰ ਹੈ ਜਿਸ ਨੂੰ ਇਸਲਾਮਿਕ ਸਟੇਟ ਦੇ ਜਹਾਦੀਆਂ ਨੇ ਤਕਰੀਬਨ ਇਕ ਮਹੀਨੇ ਤੋਂ ਘੇਰਾ ਪਾਇਆ ਹੋਇਆ ਹੈ।

28 ਸਾਲਾ ਅਫ਼ਸ਼ਿਨ ਨੇ ਦੱਸਿਆ ਕਿ ਜਦੋਂ ਉਸ ਨੇ ਸੀਰੀਆ ਵਿਚ ਆਈ.ਐਸ. ਜਹਾਦੀਆਂ ਦੀ ਪੇਸ਼ਕਦਮੀ ਦੇਖੀ ਤਾਂ ਉਸ ਨੇ ਆਪਣੇ ਸ਼ਹਿਰ ਦੀ ਰਾਖੀ ਲਈ ਲੜਨ ਦਾ ਫੈਸਲਾ ਕੀਤਾ। ਉਸ ਨੇ ਦੱਸਿਆ ਕਿ ਇਸ (ਜਹਾਦੀਆਂ ਦੀ ਪੇਸ਼ਕਦਮੀ) ਕਾਰਨ ਮੇਰੇ ਕਈ ਜਾਣਕਾਰ ਮਾਰੇ ਜਾ ਚੁੱਕੇ ਹਨ ਤੇ ਮੈਂ ਫੈਸਲਾ ਕੀਤਾ ਕਿ ਹੁਣ ਮੋਰਚੇ 'ਤੇ ਡਟਣ ਦੀ ਲੋੜ ਹੈ। ਇਹ ਸਾਡੀ ਜਨਮ ਭੂਮੀ ਹੈ ਤੇ ਜੇਕਰ ਅਸੀਂ ਇਸ ਲਈ ਨਾ ਲੜੇ ਤਾਂ ਹੋਰ ਕੌਣ ਲੜੇਗਾ? ਸੀਰੀਆ ਦੇ ਇਸ ਸ਼ਹਿਰ ਦੇ ਦੂਜੇ ਪਾਸੇ ਤੁਰਕੀ ਦੀ ਸਰਹੱਦ ਲੱਗਦੀ ਹੈ ਤੇ ਇਸ ਨੂੰ ਪੂਰਬੀ, ਪੱਛਮੀ ਤੇ ਦੱਖਣੀ ਪਾਸਿਆਂ ਤੋਂ ਆਈ.ਐਸ. ਗੁਰੀਲਿਆਂ ਨੇ ਘੇਰਾ ਪਾਇਆ ਹੋਇਆ ਹੈ ਤੇ ਸੀਰੀਆ ਦੇ ਕੁਰਦ ਬਾਗੀਆਂ ਵੱਲੋਂ ਇਸ ਦੀ ਰਾਖੀ ਕੀਤੀ ਜਾ ਰਹੀ ਹੈ। ਤਕਰੀਬਨ ਇਕ ਸਾਲ ਦੀ ਲੜਾਈ ਪਿਛੋਂ ਤਰੱਕੀ ਕਰਦੀ ਹੋਈ ਅਫ਼ਸ਼ਿਨ ਕੋਬਾਨੀ ਮਿਸ਼ਰਤ ਯੂਨਿਟ ਦੀ ਕਮਾਂਡਰ ਬਣ ਗਈ ਹੈ।

ਉਸ ਨੇ ਕਿਹਾ ਕਿ ਅਸੀਂ ਬਿਲਕੁਲ ਮਰਦਾਂ ਵਾਂਗ ਹਾਂ, ਕੋਈ ਫ਼ਰਕ ਨਹੀਂ ਹੈ। ਅਸੀਂ ਫੌਜੀ ਲਾਮਬੰਦੀ ਸਮੇਤ ਕਿਸੇ ਵੀ ਤਰ੍ਹਾਂ ਦਾ ਕੰਮ ਕਰ ਸਕਦੀਆਂ ਹਾਂ। ਕੁਰਦ ਮਹਿਲਾ ਲੜਾਕੂ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਉਹ ਤੁਰਕੀ ਖ਼ਿਲਾਫ਼ ਗੁਰੀਲਾ ਯੁੱਧ ਵਿਚ ਕਈ ਸਾਲਾਂ ਤੋਂ ਮਰਦਾਂ ਦੇ ਨਾਲ ਹਿੱਸਾ ਲੈਂਦੀਆਂ ਆ ਰਹੀਆਂ ਹਨ। ਕੁਰਦ ਬਾਗੀ ਤੁਰਕੀ, ਸੀਰੀਆ, ਇਰਾਕ ਤੇ ਇਰਾਨ ਦੇ ਖੇਤਰਾਂ ਨੂੰ ਮਿਲਾ ਕੇ ਇਕ ਆਜ਼ਾਦ ਕੁਰਦਿਸਤਾਨ ਦੀ ਕਾਇਮੀ ਲਈ ਜਦੋਜਹਿਦ ਕਰਦੇ ਆ ਰਹੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਖੱਬੇ ਪੱਖੀ ਕੁਰਦ ਬਾਗੀ ਗਰੁੱਪ ਸਰਗਰਮ ਹਨ ਜੋ ਪੁਰਸ਼-ਮਹਿਲਾ ਬਰਾਬਰੀ 'ਤੇ ਬਹੁਤ ਜ਼ੋਰ ਦਿੰਦੇ ਹਨ।

# ਸੋਵੀਅਤ ਯੂਨੀਅਨ ਦਾ ਜਾਸੂਸ ਸੀ ਨੇਤਾ ਜੀ ਤੇ ਨਹਿਰੂ ਦਾ ਨਜ਼ਦੀਕੀ

**ਲੰਡਨ:** ਇਕ ਦਸਤਾਵੇਜ਼ ਵਿਚ ਖ਼ੁਲਾਸਾ ਹੋਇਆ ਹੈ ਕਿ ਆਜ਼ਾਦੀ ਘੁਲਾਟੀਏ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਡਿਪਟੀ ਰਹੇ ਤੇ ਪੰਡਤ ਜਵਾਹਰ ਲਾਲ ਨਹਿਰੂ ਦੇ ਦੋਸਤ ਵਜੋਂ ਜਾਣੇ ਜਾਂਦੇ ਏਸੀਐਨ ਨਾਂਬਿਆਰ ਸੋਵੀਅਤ ਯੂਨੀਅਨ ਦੇ ਜਾਸੂਸ ਸਨ। ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਨਾਂਬਿਆਰ 1924 ਵਿਚ ਪੱਤਰਕਾਰ ਵਜੋਂ ਬਰਲਿਨ ਪਹੁੰਚੇ ਤੇ ਉਨ੍ਹਾਂ ਭਾਰਤੀ ਕਮਿਊਨਿਸਟ ਧੜੇ ਨਾਲ ਕੰਮ ਕੀਤਾ। ਬਾਅਦ ਵਿਚ ਉਹ 1929 ਵਿਚ ਸੋਵੀਅਤ ਮਹਿਮਾਨ ਵਜੋਂ ਮਾਸਕੋ ਵੀ ਗਏ।

ਰਾਸ਼ਟਰੀ ਪੁਰਾਲੇਖ ਵਿਚ ਜਨਤਕ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਵਿਚ ਦੱਸਿਆ ਗਿਆ ਹੈ ਕਿ ਦੂਜੀ ਵਿਸ਼ਵ ਜੰਗ ਦੇ ਸ਼ੁਰੂ ਹੋਣ 'ਤੇ ਨਾਂਬੀਆਰ ਨੂੰ ਜਰਮਨੀ ਵਿਚੋਂ ਕੱਢ ਦਿੱਤਾ ਗਿਆ ਸੀ ਪਰ ਬਾਅਦ ਵਿਚ ਸੁਭਾਸ਼ ਚੰਦਰ ਬੋਸ ਦੇ ਡਿਪਟੀ ਵਜੋਂ ਉਸ ਨੂੰ ਬਰਲਿਨ ਵਿਚ ਪਰਤਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਸ੍ਰੀ ਬੋਸ ਜਦੋਂ ਜਪਾਨੀਆਂ ਨਾਲ ਰਲਣ ਲਈ ਪੂਰਬ ਵੱਲ ਵਧੇ ਤਾਂ ਨਾਂਬੀਆਰ ਯੂਰਪ ਵਿਚ ਫਰੀ ਇੰਡੀਆ ਮੂਵਮੈਂਟ ਦਾ ਜਰਮਨ ਆਧਾਰਤ ਆਗੂ ਬਣ ਗਿਆ ਸੀ।

ਪੁਰਾਲੇਖ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਹ ਭਾਰਤੀ ਫੌਜੀਆਂ ਦੇ ਦਲ ਨੂੰ ਲੈ ਕੇ ਵੀ ਫਿਕਰਮੰਦ ਸੀ, ਜਿਨ੍ਹਾਂ ਵਿਚ ਭਾਰਤੀ ਜੰਗੀ ਕੈਦੀ ਵੀ ਸ਼ਾਮਲ ਸਨ ਤੇ ਇਨ੍ਹਾਂ ਨੂੰ 1944 ਵਿਚ ਸੋਵੀਅਤ ਜਾਸੂਸ ਬਣਾ ਦਿੱਤਾ ਗਿਆ ਸੀ। ਸ੍ਰੀ ਨਾਂਬੀਆਰ ਨੂੰ ਜੂਨ 1945 ਵਿਚ ਆਸਟਰੀਆ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਨਾਜ਼ੀਆਂ ਦਾ ਸਹਿਯੋਗੀ ਹੋਣ ਕਰਕੇ ਉਸ ਤੋਂ ਪੁੱਛਗਿੱਛ ਵੀ ਕੀਤੀ ਗਈ। ਵਿਸ਼ਵ ਜੰਗ ਤੋਂ ਬਾਅਦ ਨਾਂਬੀਆਰ ਨੇ ਬਰਨ ਵਿਚ ਭਾਰਤੀ ਦੂਤਾਵਾਸ ਕਾਊਂਸਲਰ ਵਜੋਂ ਵੀ ਕੰਮ ਕੀਤਾ। ਉਹ ਸਕੈਂਡੀਨੇਵੀਆ ਤੇ ਪੱਛਮੀ ਜਰਮਨੀ ਦੇ ਭਾਰਤੀ ਸਫ਼ੀਰ ਵੀ ਰਹੇ। ਬਾਅਦ ਵਿਚ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਦੇ ਯੂਰਪ ਤੋਂ ਪੱਤਰਕਾਰ ਵੀ ਬਣੇ। ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਆਖਰੀ ਤਾਇਨਾਤੀ ਸਨਅਤੀ ਖ਼ੁਫੀਆ ਜਾਣਕਾਰੀ ਹਾਸਲ ਕਰਨ ਲਈ ਸੀ। ਸ੍ਰੀ ਨਾਂਬੀਆਰ ਦੇ ਸੋਵੀਅਤ ਜਾਸੂਸ ਹੋਣ ਦਾ ਪਤਾ 1959 ਵਿਚ ਲੱਗਿਆ ਤੇ ਇਕ ਬਾਗੀ ਨੇ ਦੱਸਿਆ ਕਿ ਉਹ ਸੋਵੀਅਤ ਖ਼ੁਫ਼ੀਆ ਏਜੰਸੀ ਜੀਆਰਯੂ ਦਾ 1920 ਤੋਂ ਏਜੰਟ ਸੀ। ਬ੍ਰਿਟਿਸ਼ ਦਸਤਾਵੇਜ਼ਾਂ ਵਿਚ ਨੇਤਾਜੀ ਦੀ ਅਗਵਾਈ ਹੇਠਲੀ ਜਥੇਬੰਦੀ ਆਜ਼ਾਦ ਹਿੰਦ ਫ਼ੌਜ ਦੀਆਂ ਜਰਮਨੀ ਤੇ ਯੂਰਪ ਵਿਚ ਸਰਗਰਮੀਆਂ ਬਾਰੇ ਵੇਰਵੇ ਵੀ ਦਰਜ ਹਨ। ਜਨਤਕ ਕੀਤੀਆਂ ਗਈਆਂ ਫਾਈਲਾਂ ਵਿਚ ਨਾਂਬੀਆਰ ਵੱਲੋਂ ਸ੍ਰੀ ਬੋਸ ਨੂੰ ਲਿਖੀਆਂ ਚਿੱਠੀਆਂ ਵੀ ਸ਼ਾਮਲ ਹਨ ਜੋ ਦੂਜੀ ਵਿਸ਼ਵ ਜੰਗ ਸਮੇਂ ਆਤਮ ਸਮਰਪਣ ਕਰਨ ਵਾਲੀ ਜਰਮਨ ਪਣਡੁੱਬੀ ਵਿਚੋਂ ਬਰਾਮਦ ਹੋਈਆਂ ਸਨ।

ਫਾਈਲਾਂ ਵਿਚ ਵੀ ਡਬਲਿਊ ਸਮਿਥ ਵੱਲੋਂ ਲਿਖਿਆ ਗਿਆ ਨੋਟ ਵੀ ਸ਼ਾਮਲ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਨਾਂਬੀਆਰ ਦੇ ਪੰਡਤ ਨਹਿਰੂ ਨਾਲ ਨੇੜਲੇ ਸਬੰਧ ਸਨ। ਦਸਤਾਵੇਜ਼ਾਂ ਮੁਤਾਬਕ ਭਾਰਤੀ ਡਿਪਲੋਮੈਟ ਬਣਾਉਣ ਲਈ ਨਾਂਬਿਆਰ ਪੁਰਾਣੇ ਮਿੱਤਰ ਪੰਡਤ ਨਹਿਰੂ ਦੇ ਸ਼ੁਕਰਗੁਜ਼ਾਰ ਸਨ ਤੇ ਉਸ ਨੇ ਕਿਹਾ ਸੀ ਕਿ ਪੰਡਤ ਨਹਿਰੂ ਨੇ ਉਨ੍ਹਾਂ ਨੂੰ ਕਰਜ਼ਦਾਰ ਬਣਾ ਦਿੱਤਾ ਹੈ।

# ਇਸਲਾਮਿਕ ਸਟੇਟ ਦੁਨੀਆਂ ਦੀ ਸਭ ਤੋਂ ਅਮੀਰ ਜਥੇਬੰਦੀ



**ਵਾਸ਼ਿੰਗਟਨ:** ਇਸਲਾਮਿਕ ਸਟੇਟ ਦੁਨੀਆ ਦੀ ਸਭ ਤੋਂ ਅਮੀਰ ਦਹਿਸ਼ਤੀ ਜਥੇਬੰਦੀ ਬਣ ਗਈ ਹੈ। ਜਹਾਦੀ ਗੁੱਟ ਇਸਲਾਮਿਕ ਸਟੇਟ ਨੇ ਜਿਸ ਤੇਜ਼ੀ ਨਾਲ ਇਰਾਕ ਤੇ ਸੀਰੀਆ ਵਿਚ ਆਪਣਾ ਖੌਫ ਪੈਦਾ ਕੀਤਾ ਹੈ, ਉਸੇ ਤੇਜ਼ੀ ਨਾਲ ਜਥੇਬੰਦੀ ਦੇ ਫੰਡਾਂ ਵਿਚ ਵੀ ਭਾਰੀ ਇਜ਼ਾਫਾ ਹੋਇਆ ਹੈ। ਅਮਰੀਕੀ ਅਧਿਕਾਰੀਆਂ ਮੁਤਾਬਕ ਇਹ ਧੜਾ ਤੇਲ ਦੀ ਵਿਕਰੀ, ਫਿਰੌਤੀ ਤੇ ਅਗਵਾ ਦੀਆਂ ਰਕਮਾਂ ਤੋਂ ਧਨ ਇਕੱਠਾ ਕਰ ਰਿਹਾ ਹੈ।

ਅਮਰੀਕਾ ਦੇ ਦਹਿਸ਼ਤੀ ਤੇ ਵਿੱਤੀ ਖੁਫੀਆ ਮਾਮਲਿਆਂ ਬਾਰੇ ਉਪ ਖਜ਼ਾਨਾ ਮੰਤਰੀ ਡੇਵਿਡ ਕੋਹੈੱਨ ਨੇ ਕਿਹਾ ਕਿ ਇਸਲਾਮਿਕ ਸਟੇਟ ਕਬਜ਼ਾਏ ਗਏ ਤੇਲ ਦੇ ਖੂਹਾਂ ਵਿਚੋਂ ਕੱਚੇ ਤੇਲ ਦੀ ਵਿਕਰੀ ਰਾਹੀਂ ਰੋਜ਼ਾਨਾ 10 ਲੱਖ ਡਾਲਰ ਕਮਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਬੜੀ ਤੇਜ਼ੀ ਨਾਲ ਧਨ ਜਮ੍ਹਾਂ ਕੀਤਾ ਹੈ ਤੇ ਇਹ ਹੁਣ ਅਮਰੀਕਾ ਅਤੇ ਉਨ੍ਹਾਂ ਦੇ ਸਾਥੀ ਮੁਲਕਾਂ ਨੂੰ ਚੁਣੌਤੀ ਦੇ ਰਹੀ ਹੈ। ਕੋਹੈੱਨ ਨੇ ਕਿਹਾ ਕਿ ਇਸਲਾਮਿਕ ਸਟੇਟ ਦੇ ਖਜ਼ਾਨੇ ਨੂੰ ਖਾਲੀ ਕਰਨ ਲਈ ਉਨ੍ਹਾਂ ਕੋਲ ਕੋਈ ਪ੍ਰਬੰਧ ਨਹੀਂ ਹੈ। ਇਹ ਲੰਮੀ ਲੜਾਈ ਹੈ ਤੇ ਅਸੀਂ ਅਜੇ ਸ਼ੁਰੂਆਤੀ ਦੌਰ ਵਿਚ ਦੋ-ਦੋ ਹੱਥ ਕਰ ਰਹੇ ਹਾਂ।' ਕਾਰਨੇਗੀ ਐਂਡਾਊਮੈਂਟ ਫਾਰ ਇੰਟਰਨੈਸ਼ਨਲ ਪੀਸ ਵਿਖੇ ਉਪ ਪ੍ਰਧਾਨ ਮਰਵਨ ਮੁਆਸ਼ੇਰ ਨੇ ਕਿਹਾ ਇਸਲਾਮਿਕ ਸਟੇਟ ਦੁਨੀਆਂ ਦੀ ਸਭ ਤੋਂ ਅਮੀਰ ਤੇ ਪੈਸੇ ਪੱਖੋਂ ਮਜ਼ਬੂਤ ਜਥੇਬੰਦੀ ਹੈ।

ਅਲ-ਕਾਇਦਾ ਵਾਂਗ ਇਸਲਾਮਿਕ ਸਟੇਟ ਨੂੰ ਅਮੀਰ ਦਾਨੀਆਂ ਕੋਲੋਂ ਫੰਡ ਨਹੀਂ ਮਿਲਦੇ। ਕੋਹੈੱਨ ਨੇ ਕਿਹਾ ਕਿ ਜਥੇਬੰਦੀ ਕਰੋੜਾਂ ਡਾਲਰ ਪ੍ਰਤੀ ਮਹੀਨਾ ਜਮ੍ਹਾਂ ਕਰ ਰਹੀ ਹੈ। ਤੇਲ ਖੂਹਾਂ ਤੋਂ ਦਹਿਸ਼ਤਗਰਦ ਰੋਜ਼ਾਨਾ 50 ਹਜ਼ਾਰ ਬੈਰਲ ਤੇਲ ਦੀ ਵਿਕਰੀ ਕਰ ਰਹੇ ਹਨ ਤੇ ਵਿਚੋਲਿਆਂ ਰਾਹੀਂ ਸਸਤੇ ਭਾਅ 'ਤੇ ਤੁਰਕੀ ਸਮੇਤ ਹੋਰ ਕਈ ਥਾਵਾਂ ਉਤੇ ਇਸ ਨੂੰ ਵੇਚਿਆ ਜਾ ਰਿਹਾ ਹੈ। ਇਸਲਾਮਿਕ ਸਟੇਟ ਵੱਲੋਂ ਵਿਅਕਤੀਆਂ ਨੂੰ ਅਗਵਾ ਕਰਕੇ ਇਸ ਸਾਲ ਦੋ ਕਰੋੜ ਡਾਲਰ ਇਕੱਠੇ ਕੀਤੇ ਗਏ ਹਨ। ਅਗਵਾ ਕੀਤੇ ਗਏ ਵਿਅਕਤੀਆਂ ਵਿਚ ਪੱਤਰਕਾਰ ਤੇ ਯੂਰਪ ਦੇ ਲੋਕ ਵੀ ਸ਼ਾਮਲ ਹਨ।

# ਨਹਿਰੂ ਬਾਰੇ ਵਿਵਾਦਪੂਰਨ ਲੇਖ ਨਾਲੋਂ ਵੱਖ ਹੋਇਆ ਸੰਘ

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨੇ ਆਪਣੀ ਇਕ ਮਲਿਆਲਮ ਪੱਤ੍ਰਿਕਾ ਵਿਚ ਛਪੇ ਵਿਵਾਦਗ੍ਰਸਤ ਲੇਖ ਤੋਂ ਨਾਤਾ ਤੋੜ ਲਿਆ ਜਿਸ ਵਿਚ ਕਿਹਾ ਗਿਆ ਸੀ ਕਿ ਨਾਥੂਰਾਮ ਗੋਡਸੇ ਨੂੰ ਮਹਾਤਮਾ ਗਾਂਧੀ ਦੀ ਬਜਾਏ ਜਵਾਹਰ ਲਾਲ ਨਹਿਰੂ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਸੀ ਕਿਉਂਕਿ ਦੇਸ਼ ਦੀ ਵੰਡ ਲਈ ਉਹੀ ਜ਼ਿੰਮੇਵਾਰ ਸੀ।

ਆਰ.ਐਸ.ਐਸ. ਦੇ ਕੌਮੀ ਪ੍ਰਚਾਰ ਪ੍ਰਮੁੱਖ ਮਨਮੋਹਨ ਵੈਦਿਆ ਨੇ ਕਿਹਾ ਕਿ ਆਰ.ਐਸ.ਐਸ., ਮਲਿਆਲਮ ਪੱਤ੍ਰਿਕਾ 'ਕੇਸਰੀ' ਵਿਚ ਪ੍ਰਕਾਸ਼ਿਤ ਲੇਖ ਦੀ ਨਿਖੇਧੀ ਕਰਦੀ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਨਿੱਜੀ ਹਨ, ਆਰ.ਐਸ.ਐਸ. ਦਾ ਇਨ੍ਹਾਂ ਨਾਲ ਕੋਈ ਲਾਗਾ-ਦੇਗਾ ਨਹੀਂ। ਲੇਖ ਵਿਚ ਇਹ ਵੀ ਕਿਹਾ ਗਿਆ ਹੈ ਕਿ ਨਹਿਰੂ ਨੂੰ ਆਪਣੇ ਸਿਆਸੀ ਮਕਸਦਾਂ ਲਈ ਹੀ ਗਾਂਧੀ ਟੋਪੀ ਦੀ ਲੋੜ ਸੀ, ਹੋਰ ਉਸ ਨੂੰ ਰਾਸ਼ਟਰਪਿਤਾ ਨਾਲ ਕੋਈ ਤੇਹ ਨਹੀਂ ਸੀ। ਸ੍ਰੀ ਵੈਦਿਆ ਨੇ ਕਿਹਾ ਕਿ ਆਰ.ਐਸ.ਐਸ. ਵਿਚਾਰ ਜਾਂ ਕਰਮ ਪੱਖੋਂ ਹਿੰਸਾ ਦੀ ਹਮੇਸ਼ਾ ਨਿੰਦਾ ਕਰਦੀ ਹੈ। ਕੇਰਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ.ਐਸ. ਸੁਧੀਰਨ ਨੇ ਲੈਂਦਿਆਂ ਕਿਹਾ ਸੀ ਕਿ ਦੇਸ਼ ਦੇ ਇਤਿਹਾਸ ਨੂੰ ਤੋੜਨ ਤੇ ਨਹਿਰੂ ਦੀ ਦੇਣ ਨੂੰ ਛੁਟਿਆਉਣ ਦੀ ਆਰ.ਐਸ.ਐਸ. ਦੀ ਇਹ ਇਕ ਹੋਰ ਕੋਸ਼ਿਸ਼ ਹੈ।

# ਐਨ.ਐਸ.ਜੀ. ਦਾ ਹਿੱਸਾ ਬਣੀ ਓਸਾਮਾ ਨੂੰ ਲੱਭਣ ਵਾਲੇ ਕੁੱਤਿਆਂ ਦੀ ਨਸਲ


**ਨਵੀਂ ਦਿੱਲੀ:** ਪਾਕਿਸਤਾਨ ਵਿਚ ਅਲ-ਕਾਇਦਾ ਦੇ ਬਾਨੀ ਓਸਾਮਾ ਬਿਨ ਲਾਦਿਨ ਦੀ ਛੁਪਣਗਾਹ ਦਾ ਪਤਾ ਲਾਉਣ ਲਈ ਯੂ.ਐਸ. ਨੇਵੀ ਸੀਏਲਜ਼ ਦੀ ਮਦਦ ਕਰਨ ਵਾਲੇ ਵਿਸ਼ੇਸ਼ ਨਸਲ ਕੁੱਤੇ ਹੁਣ ਦੇਸ਼ ਦੇ ਅਤਿਵਾਦ ਵਿਰੋਧੀ ਕੁਲੀਨ ਦਸਤੇ ਤੇ ਕਮਾਂਡੋ ਬਲ ਐਨ.ਐਸ.ਜੀ. ਦਾ ਹਿੱਸਾ ਬਣਨ ਜਾ ਰਹੇ ਹਨ।

ਵਿਸ਼ੇਸ਼ ਕਾਰਵਾਈਆਂ ਕਰਨ ਵਾਲੇ ਦਸਤੇ ਨੇ 'ਬੈਲਜੀਅਨ ਮੈਲੀਨੋਇਸ' ਵਜੋਂ ਜਾਣੇ ਜਾਂਦੇ ਇਨ੍ਹਾਂ ਦਰਜਨ ਭਰ ਕੁੱਤਿਆਂ ਨੂੰ ਸਿਖਲਾਈ ਦਿੱਤੀ ਹੈ ਤੇ ਉਹ ਐਨ.ਐਸ.ਜੀ. ਦੇ ਬਲੈਕ ਕੈਟ ਕਮਾਂਡੋਜ਼ ਦੇ ਨਾਲ ਰਹਿਣਗੇ। 'ਕੇ9' ਕੁੱਤਾ ਦਸਤੇ ਦੇ ਨਾਲ ਤਾਇਨਾਤ ਐਨ.ਐਸ.ਜੀ. ਦੇ ਇਕ ਅਫਸਰ ਨੇ ਦੱਸਿਆ ਕਿ ਇਨ੍ਹਾਂ ਕੁੱਤਿਆਂ ਨੂੰ ਹਾਲ ਹੀ ਵਿਚ ਐਨ.ਐਸ.ਜੀ. ਦੇ ਅਪਰੇਸ਼ਨਜ਼ ਵਿੰਗ ਵਿਚ ਸ਼ਾਮਲ ਕੀਤਾ ਗਿਆ। ਦੁਨੀਆਂ ਭਰ ਵਿਚ ਹੀ ਵਿਸ਼ੇਸ਼ ਦਸਤਿਆਂ ਨੂੰ ਇਸ ਨਸਲ ਦੇ ਕੁੱਤਿਆਂ ਦੀ ਅਹਿਮੀਅਤ ਦਾ ਪਤਾ ਹੈ ਤੇ ਇਸ ਕਰਕੇ ਦਰਜਨ ਭਰ ਕੁੱਤਿਆਂ ਨੂੰ ਲੜਾਕੂ ਦਸਤੇ ਵਿਚ ਸ਼ਾਮਲ ਕੀਤਾ ਗਿਆ ਹੈ।

ਇਸ ਕੁੱਤੇ ਦੀ ਬੂਥੀ ਵੱਡੀ ਤੇ ਸਿਰ ਭਾਰਾ ਹੁੰਦਾ ਹੈ ਤੇ ਇਹ ਸਟੀਕਤਾ ਨਾਲ ਸ਼ੱਕੀ ਮਨੁੱਖੀ ਸਰਗਰਮੀ, ਵਿਸਫੋਟਕਾਂ ਤੇ ਬਾਰੂਦੀ ਸੁਰੰਗਾਂ ਦਾ ਪਤਾ ਲਗਾ ਸਕਦਾ ਹੈ ਤੇ ਇਹ ਬਿਨਾਂ ਭੌਂਕੇ ਆਪਣਾ ਸਿਰ ਹਿਲਾ ਕੇ ਇਸ ਬਾਰੇ ਸੰਕੇਤ ਦਿੰਦਾ ਹੈ।

ਐਨ.ਐਸ.ਜੀ. ਅਧਿਕਾਰੀਆਂ ਨੇ ਕਿਹਾ ਕਿ ਕਮਾਂਡੋ ਹੁਣ ਤੱਕ ਜਰਮਨ ਸ਼ੈਫਰਡ ਤੇ ਲੈਬਰਾਡੋਰ ਨਸਲ ਦੇ ਕੁੱਤਿਆਂ ਨੂੰ ਰੱਖਦੇ ਸਨ ਪਰ ਹੁਣ ਇਸ ਨਵੀਂ ਨਸਲ ਦੇ ਆਉਣ ਨਾਲ ਵਿਸ਼ੇਸ਼ ਅਪਰੇਸ਼ਨਾਂ ਵਿਚ ਕਾਫੀ ਹੁਲਾਰਾ ਮਿਲਣ ਦੀ ਆਸ ਹੈ। ਐਨ.ਐਸ.ਜੀ. ਨੂੰ ਅਤਿਵਾਦ ਤੇ ਅਗਵਾ ਦੀਆਂ ਵਾਰਦਾਤਾਂ ਨਾਲ ਨਜਿੱਠਣ ਲਈ ਖਾਸ ਤੌਰ 'ਤੇ ਭੇਜਿਆ ਜਾਂਦਾ ਹੈ ਜੋ ਬਹੁਤ ਹੀ ਤੇਜ਼ੀ, ਫੁਰਤੀ ਤੇ ਸਟੀਕਤਾ ਨਾਲ ਕੰਮ ਕਰਦੇ ਹਨ। 2008 ਦੇ ਮੁੰਬਈ ਹਮਲੇ ਵੇਲੇ ਵੀ ਐਨ.ਐਸ.ਜੀ. ਦਾ ਇਸਤੇਮਾਲ ਕੀਤਾ ਗਿਆ ਸੀ।

# ਗ੍ਰਹਿ ਮੰਤਰਾਲੇ ਵੱਲੋਂ ਹੁਣ 'ਆਧਾਰ' ਬਾਰੇ ਯੂ-ਟਰਨ




**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੇ 'ਆਧਾਰ' ਯੋਜਨਾ ਬਾਰੇ ਯੂ-ਟਰਨ ਲੈਂਦਿਆਂ ਹੁਣ ਇਸ ਸਕੀਮ ਦੀ ਪੂਰੀ ਤਰਫ਼ਦਾਰੀ ਕਰਦਿਆਂ ਕਿਹਾ ਕਿ ਇਸ ਨਾਲ ਲਾਭਪਾਤਰੀਆਂ ਦੀ ਕਿਸੇ ਵੀ ਸਮੇਂ ਤੇ ਕਿਤੇ ਵੀ ਤਸਦੀਕ ਕਰਨ ਵਿਚ ਮਦਦ ਮਿਲੇਗੀ। ਆਧਾਰ ਸਕੀਮ ਬਾਰੇ ਪਿਛਲੀ ਯੂ.ਪੀ.ਏ. ਸਰਕਾਰ ਵੇਲੇ ਸੁਸ਼ੀਲ ਕੁਮਾਰ ਸ਼ਿੰਦੇ ਤੇ ਪੀ. ਚਿਦੰਬਰਮ ਦੇ ਗ੍ਰਹਿ ਮੰਤਰੀ ਹੁੰਦਿਆਂ ਗ੍ਰਹਿ ਮੰਤਰਾਲੇ ਵੱਲੋਂ ਇਸ ਦਾ ਡਟਵਾਂ ਵਿਰੋਧ ਕੀਤਾ ਜਾਂਦਾ ਸੀ। ਉਦੋਂ ਗ੍ਰਹਿ ਮੰਤਰਾਲੇ ਨੇ ਭਾਰਤੀ ਵਿਲੱਖਣ ਪਛਾਣ ਅਥਾਰਿਟੀ (ਯੂ.ਆਈ.ਡੀ.ਏ.ਆਈ.) ਦੇ ਡੇਟਾਬੇਸ ਦੀ ਪ੍ਰਮਾਣਿਕਤਾ ਬਾਰੇ ਸੰਦੇਹ ਜ਼ਾਹਰ ਕਰਦਿਆਂ ਕਿਹਾ ਗਿਆ ਸੀ ਕਿ ਪਛਾਣ ਤੈਅ ਕਰਨ ਲਈ ਵਿਲੱਖਣ ਹੋਣਾ ਜ਼ਰੂਰੀ ਨਹੀਂ ਹੈ।

ਸਾਰੀਆਂ ਸੂਬਾ ਸਰਕਾਰਾਂ ਨੂੰ ਭੇਜੇ ਇਕ ਪੱਤਰ ਵਿਚ ਗ੍ਰਹਿ ਮੰਤਰਾਲੇ ਨੇ ਲਿਖਿਆ ਕਿ ਇਕ ਆਧਾਰ ਨੰਬਰ ਇਕ ਹੀ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜਿਸ ਕਰਕੇ ਇਹ ਕਿਸੇ ਵਿਅਕਤੀ ਦੀ ਸਰਬਵਿਆਪੀ ਪਛਾਣ ਯਕੀਨੀ ਬਣਾਉਂਦਾ ਹੈ। ਆਧਾਰ ਕਾਰਡ ਨਾਲ ਨਿਤਾਣੇ ਤੇ ਲੋੜਵੰਦ ਲੋਕ ਬੈਂਕਿੰਗ ਤੇ ਹੋਰ ਸੇਵਾਵਾਂ ਹਾਸਲ ਕਰਨ ਦੇ ਵੀ ਯੋਗ ਬਣਦੇ ਹਨ। ਗ੍ਰਹਿ ਮੰਤਰਾਲੇ ਨੇ ਆਖਿਆ ਕਿ ਆਧਾਰ ਕਿਸੇ ਵਿਅਕਤੀ ਦੀ ਭੂਗੋਲਿਕ ਤੇ ਸਰੀਰਕ ਜਾਣਕਾਰੀ 'ਤੇ ਆਧਾਰਤ ਹੁੰਦਾ ਹੈ। ਇਸ ਲਈ ਕਿਸੇ ਤਰ੍ਹਾਂ ਦੀ ਫਰਾਡ ਤੇ ਜਾਅਲੀ ਗਤੀਵਿਧੀ ਦਾ ਖਤਰਾ ਖਤਮ ਹੋ ਜਾਂਦਾ ਹੈ। ਆਧਾਰ ਰਾਹੀਂ ਕਿਸੇ ਵਿਅਕਤੀ ਨੂੰ ਆਪਣੀ ਸਰਬਵਿਆਪੀ ਪਛਾਣ ਮਿਲਦੀ ਹੈ।

ਇਸ ਨਾਲ ਕਿਸੇ ਵੀ ਸਮੇਂ ਤੇ ਕਿਤੇ ਵੀ ਕਿਸੇ ਲਾਭਪਾਤਰੀ ਦੀ ਸ਼ਨਾਖਤ ਕੀਤੀ ਜਾ ਸਕੇਗੀ। ਮੰਤਰਾਲੇ ਨੇ ਲੋਕਾਂ ਵੱਲੋਂ ਆਧਾਰ ਨੰਬਰ ਲੈਣ ਲਈ ਕੀਤੇ ਜਾਂਦੇ ਸ਼ਨਾਖਤ ਦੇ ਦਸਤਾਵੇਜ਼ ਤੇ ਰਿਹਾਇਸ਼ ਦੇ ਸਬੂਤ ਬਾਰੇ ਵੀ ਸਰੋਕਾਰ ਜ਼ਾਹਰ ਕੀਤੇ ਸਨ। ਰਾਜ ਸਰਕਾਰਾਂ ਨੂੰ ਭੇਜੇ ਗਏ ਆਪਣੇ ਹਾਲੀਆ ਪੱਤਰ ਵਿਚ ਗ੍ਰਹਿ ਮੰਤਰਾਲੇ ਨੇ ਆਖਿਆ ਕਿ ਆਧਾਰ ਦੇ ਲਾਭ ਕਈ ਹਨ ਤੇ ਕੋਈ ਆਪਣੀ ਪਛਾਣ ਸਿੱਧ ਕਰਨ ਲਈ ਇਸ ਦੀ ਆਸਾਨੀ ਨਾਲ ਵਰਤੋਂ ਕਰ ਸਕਦਾ ਹੈ। ਬੈਂਕ ਖਾਤਾ ਖੋਲ੍ਹਣ ਲਈ ਕਿਸੇ ਵਿਅਕਤੀ ਦਾ ਆਧਾਰ ਨੰਬਰ ਵਰਤਿਆ ਜਾ ਸਕਦਾ ਹੈ ਕਿਉਂਕਿ ਇਸ ਨਾਲ ਆਰਬੀਆਈ ਦੇ 'ਆਪਣੇ ਖਪਤਕਾਰ ਨੂੰ ਜਾਣੋ' ਨੇਮਾਂ ਦੀ ਪੂਰਤੀ ਹੁੰਦੀ ਹੈ।

# ਜੰਮੂ ਕਸ਼ਮੀਰ ਤੇ ਝਾਰਖੰਡ 'ਚ ਚੋਣਾਂ 25 ਨਵੰਬਰ ਤੋਂ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਜੰਮੂ-ਕਸ਼ਮੀਰ ਤੇ ਝਾਰਖੰਡ ਵਿਚ ਪੰਜ ਗੇੜਾਂ ਵਿਚ ਵਿਧਾਨ ਸਭਾ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਦੋਵੇਂ ਸੂਬਿਆਂ ਵਿਚ 25 ਨਵੰਬਰ, ਦੋ ਦਸੰਬਰ, 9, 14 ਤੇ 20 ਦਸੰਬਰ ਨੂੰ ਵੋਟਾਂ ਪੈਣਗੀਆਂ ਤੇ ਵੋਟਾਂ ਦੀ ਗਿਣਤੀ 23 ਦਸੰਬਰ ਨੂੰ ਹੋਵੇਗੀ। ਚੋਣਾਂ ਦੇ ਐਲਾਨ ਨਾਲ ਹੀ ਚੋਣ ਜ਼ਾਬਤਾ ਤੁਰੰਤ ਪ੍ਰਭਾਵ ਤੋਂ ਲਾਗੂ ਹੋ ਗਿਆ ਹੈ।

ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਨੇ ਦਿੱਲੀ ਵਿਚ ਖਾਲੀ ਹੋਈਆਂ ਤਿੰਨ ਸੀਟਾਂ 'ਤੇ ਵੀ ਜ਼ਿਮਨੀ ਚੋਣਾਂ 25 ਨਵੰਬਰ ਨੂੰ ਕਰਾਉਣ ਦਾ ਐਲਾਨ ਕੀਤਾ ਹੈ। ਇਹ ਸੀਟਾਂ ਵਿਧਾਇਕਾਂ ਦੇ ਲੋਕ ਸਭਾ ਮੈਂਬਰ ਬਣਨ ਬਾਅਦ ਖਾਲੀ ਹੋਈਆਂ ਸਨ। ਜੰਮੂ ਤੇ ਕਸ਼ਮੀਰ ਵਿਧਾਨ ਸਭਾ ਦੀ ਮੌਜੂਦਾ ਛੇ ਸਾਲਾਂ ਦੀ ਮਿਆਦ 16 ਜਨਵਰੀ ਨੂੰ ਮੁੱਕਣ ਵਾਲੀ ਹੈ। 2008 ਦੀਆਂ ਚੋਣਾਂ ਵਿਚ 61 ਫੀਸਦੀ ਵੋਟਰਾਂ ਨੇ ਆਪਣੇ ਹੱਕ ਦੀ ਵਰਤੋਂ ਕੀਤੀ ਸੀ ਤੇ ਚੋਣਾਂ ਸੱਤ ਪੜਾਵਾਂ ਵਿਚ ਕਰਾਈਆਂ ਗਈਆਂ ਹਨ।

# ਹਿੰਦੂਤਵ ਦਾ ਧੰਦਾ

***ਹਿੰਦੂ ਦਾ ਕੋਈ ਧਾਰਮਿਕ ਮਾਇਨਾ ਕਦੇ ਵੀ ਨਹੀਂ ਰਿਹਾ। ਪ੍ਰਾਚੀਨ ਫਾਰਸੀ ਕਿੱਲ-ਅੱਖਰ ਸ਼ਿਲਾਲੇਖ ਲਿਖਣ ਦੀ ਇਕ ਸਭ ਤੋਂ ਪੁਰਾਤਨ ਵਿਧੀ ਸੀ ਜੋ ਦੇਖਣ ਨੂੰ ਕਿੱਲ ਵਰਗੇ ਜਾਪਦੇ ਹਨ। ਪੁਰਾਤਨ ਫਾਰਸੀ ਜਾਂ ਅਬਸਤਾਈ ਤੋਂ ਇਲਾਵਾ ਮੱਧਯੁਗੀ ਫਾਰਸੀ (300 ਈਸਵੀ ਪੂਰਵ ਤੋਂ 700 ਈਸਵੀ ਪੂਰਵ) ਵੀ ਇਸੇ ਲਿੱਪੀ ਵਿਚ ਲਿਖੀ ਜਾਂਦੀ ਸੀ ਅਤੇ ਜੇਂਦ ਆਵੇਸਤਾ (ਪੁਰਾਤਨ ਇਰਾਨ ਦੀ ਮਜ਼੍ਹਬੀ ਅਤੇ ਰੂਹਾਨੀ ਜ਼ਿੰਦਗੀ ਨੂੰ ਬਿਆਨ ਕਰਦੇ ਗ੍ਰੰਥ ਅਵਿਸਤਨ ਜ਼ਬਾਨ ਦੇ ਗ੍ਰੰਥਾਂ ਦੇ ਸ਼ਬਦਾਰਥ ਤੇ ਤਬਸਰਿਆਂ ਦੀ ਵਿਆਖਿਆ) ਵਿਚ ਹਿੰਦੂ ਲਫ਼ਜ਼ ਦਾ ਹਵਾਲਾ ਕਿਸੇ ਧਾਰਮਿਕ ਨਾਂ ਦੀ ਬਜਾਏ ਇਕ ਭੂਗੋਲਿਕ ਨਾਂ ਦੇ ਰੂਪ 'ਚ ਹੈ। ਜਦੋਂ ਫਾਰਸ ਦੇ ਰਾਜੇ ਡੇਰੀਅਸ ਪਹਿਲੇ ਨੇ 517 ਈਸਵੀ ਪੂਰਵ ਵਿਚ ਭਾਰਤੀ ਉਪ-ਮਹਾਂਦੀਪ ਦੀ ਸਰਹੱਦ ਤਾਈਂ ਆਪਣੀ ਸਲਤਨਤ ਦਾ ਫੈਲਾਅ ਕਰ ਲਿਆ, ਤਾਂ ਪੁਰਾਤਨ ਫਾਰਸੀ ਲੋਕਾਂ ਨੇ ਭਾਰਤੀ ਉਪ-ਮਹਾਂਦੀਪ ਦੇ ਲੋਕਾਂ ਦਾ ਜ਼ਿਕਰ 'ਹਿੰਦੂ' ਕਹਿ ਕੇ ਕੀਤਾ ਸੀ। ਪੁਰਾਤਨ ਯੂਨਾਨੀ ਅਤੇ ਆਰਮੀਨੀਆਈ ਲੋਕਾਂ ਨੇ ਵੀ ਇਹੀ ਉਚਾਰਨ ਅਖ਼ਤਿਆਰ ਕੀਤਾ ਅਤੇ ਇਸ ਤਰ੍ਹਾਂ ਇਹ ਨਾਂ ਪ੍ਰਚਲਤ ਹੋ ਗਿਆ।***

**ਆਨੰਦ ਤੇਲਤੁੰਮੜੇ**
**ਪੇਸ਼ਕਸ਼: ਬੂਟਾ ਸਿੰਘ**

ਨਰੇਂਦਰ ਮੋਦੀ ਵਲੋਂ ਆਜ਼ਾਦੀ ਦਿਵਸ ਦੇ ਦਿਨ 'ਤੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਲੋਕਾਂ ਨੂੰ ਜਾਤ-ਪਾਤ, ਫਿਰਕਾਪ੍ਰਸਤੀ ਅਤੇ ਖੇਤਰੀਵਾਦ ਨੂੰ ਦਸ ਸਾਲ ਤਾਈਂ ਪਾਸੇ ਰੱਖਣ ਲਈ ਬੜੀ ਪੁਰਜੋਸ਼ ਅਪੀਲ ਕੀਤੀ ਗਈ, ਪਰ ਇਸ ਦੇ ਬਾਵਜੂਦ ਉਸ ਦੇ ਕੁਨਬੇ ਦੀਆਂ ਫਿਰਕਾਪ੍ਰਸਤ ਹਰਕਤਾਂ 'ਚ ਕਮੀ ਨਹੀਂ ਆ ਰਹੀ। ਇਸ ਅਪੀਲ ਦੇ ਉਲਟ, ਪਿਛੇ ਜਿਹੇ ਨੌਂ ਸੂਬਿਆਂ ਵਿਚ ਜ਼ਿਮਨੀ ਚੋਣਾਂ ਦੀ ਪ੍ਰਚਾਰ ਮੁਹਿੰਮ ਦੌਰਾਨ ਇਹ ਹਰਕਤਾਂ ਐਨੀ ਘਿਨਾਉਣੀ ਹੱਦ ਤਕ ਨਿੱਘਰ ਗਈਆਂ ਕਿ ਅਵਾਮ ਨੂੰ ਲੱਗਣਾ ਸ਼ੁਰੂ ਹੋ ਗਿਆ ਕਿ ਭਾਜਪਾ ਨੇ ਆਪਣਾ ਦੋਗਲੇ ਕਿਰਦਾਰ ਅਤੇ ਬੇਈਮਾਨੀ ਦੀ ਪੁਰਾਣੀ ਖੇਡ ਮੁੜ ਸ਼ੁਰੂ ਕਰ ਦਿੱਤੀ ਹੈ। ਇਸ ਨੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਸੰਸਦ ਮੈਂਬਰ ਯੋਗੀ ਅਦਿੱਤਿਆਨਾਥ ਨੂੰ ਭਾਜਪਾ ਦੇ ਸੂਬਾ ਪ੍ਰਧਾਨ ਲਕਸ਼ਮੀਕਾਂਤ ਵਾਜਪਾਈ ਅਤੇ ਕੇਂਦਰੀ ਮੰਤਰੀ ਕਲਰਾਜ ਮਿਸ਼ਰਾ ਦੇ ਨਾਲ ਉਤਰ ਪ੍ਰਦੇਸ਼ ਵਿਚ 11 ਵਿਧਾਨਸਭਾ ਸੀਟਾਂ ਅਤੇ ਇਕ ਲੋਕ ਸਭਾ ਸੀਟ ਦੀ ਚੋਣ ਦੀ ਕਮਾਨ ਸੌਂਪ ਦਿੱਤੀ। ਗੋਰਖਪੁਰ ਤੋਂ ਪੰਜਵੀਂ ਵਾਰ ਐਮ.ਪੀ. ਬਣੇ ਇਸ ਭਗਵੇਂ ਭੇਸ ਵਾਲੇ ਨੌਜਵਾਨ ਨੇ ਬਹੁਤ ਥੋੜ੍ਹੇ ਚਿਰ 'ਚ ਹੀ ਐਨੀ ਬਦਨਾਮੀ ਖੱਟ ਲਈ ਹੈ ਕਿ ਉਹ ਭਾਜਪਾ ਦਾ ਹਿੰਦੂਤਵ ਦਾ ਨੁਮਾਇੰਦਾ ਚਿਹਰਾ ਬਣ ਕੇ ਛਾ ਗਿਆ। ਮੋਦੀ ਦੀ ਤਕਰੀਰ ਤੋਂ ਮਹਿਜ਼ ਦੋ ਦਿਨ ਪਹਿਲਾਂ ਉਸ ਨੇ ਸੰਸਦ ਦੇ ਅੰਦਰ ਫਿਰਕੂ ਜ਼ਹਿਰ ਉਗਲਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਿੰਦੂਆਂ ਨੂੰ ਘੱਟ-ਗਿਣਤੀਆਂ ਦੇ ਖ਼ਿਲਾਫ਼ ਇਕਜੁੱਟ ਹੋਣ ਦੀ ਜ਼ਰੂਰਤ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਇਹ ਸੁਣ ਕੇ ਰਜ਼ਾਮੰਦੀ ਨਾਲ ਸਿਰ ਹਿਲਾ ਰਿਹਾ ਸੀ। ਭਾਜਪਾ ਦੇ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ ਅਨੁਸਾਰ ਯੋਗੀ ਨੂੰ ਪੂਰੀ ਤਰ੍ਹਾਂ ਸੋਚ-ਵਿਚਾਰ ਕੇ ਹੀ ਯੂ.ਪੀ. ਵਿਚ ਭਾਜਪਾ ਦੀ ਮੁਹਿੰਮ ਦੇ ਚਿੰਨ੍ਹ ਵਜੋਂ ਚੁਣਿਆ ਗਿਆ ਸੀ। ਇਹ ਬਹੁਤ ਸਾਫ਼ ਸੀ ਕਿ ਭਾਜਪਾ ਲੋਕਾਂ ਵਿਚ ਫਿਰਕੂ ਵੰਡ ਖੜ੍ਹੀ ਕਰਨਾ ਚਾਹੁੰਦੀ ਸੀ, ਯਾਨੀ ਲੋਕ ਸਭਾ ਚੋਣਾਂ ਦੌਰਾਨ ਅਮਿਤ ਸ਼ਾਹ ਨੇ ਬੜੀ ਮੁਹਾਰਤ ਨਾਲ ਜੋ ਕੁਝ ਕੀਤਾ ਸੀ, ਇਹ ਇਕ ਤਰ੍ਹਾਂ ਨਾਲ ਉਸੇ ਨੂੰ ਦੁਹਰਾਉਣਾ ਚਾਹੁੰਦੀ ਸੀ।

ਅਸੀਂ ਪਹਿਲਾਂ ਵੀ ਚੇਤਾਵਨੀ ਦਿੰਦੇ ਰਹੇ ਹਾਂ ਕਿ ਜੇ ਹਿੰਦੂਤਵ ਬ੍ਰਿਗੇਡ ਦੀਆਂ ਘਟੀਆ ਬਦਮਾਸ਼ੀਆਂ ਨੂੰ ਵਕਤ ਸਿਰ ਕਾਬੂ ਨਾ ਕੀਤਾ ਗਿਆ ਤਾਂ ਉਹ ਭਾਜਪਾ ਲਈ ਵੀ ਆਤਮਘਾਤੀ ਸਾਬਤ ਹੋਣਗੀਆਂ। ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਇਸ ਨੂੰ ਸੱਚੀਓਂ ਹੀ ਸਾਬਤ ਕਰ ਦਿਖਾਇਆ। ਜਿਨ੍ਹਾਂ ਨੌਂ ਸੂਬਿਆਂ ਦੀਆਂ 32 ਸੀਟਾਂ ਉਪਰ ਜ਼ਿਮਨੀ ਚੋਣਾਂ ਹੋਈਆਂ, ਉਨ੍ਹਾਂ ਵਿਚੋਂ 26 ਸੀਟਾਂ ਭਾਜਪਾ ਦੇ ਕੋਲ ਸਨ ਜਿਸ ਨੂੰ ਮਹਿਜ਼ ਚਾਰ ਮਹੀਨੇ ਪਹਿਲਾਂ ਕੌਮੀ ਚੋਣਾਂ ਵਿਚ ਸ਼ਾਨਦਾਰ ਜਿੱਤ ਵੀ ਹਾਸਲ ਹੋਈ ਸੀ; ਪਰ ਜ਼ਿਮਨੀ ਚੋਣਾਂ ਵਿਚ ਉਹ ਮਹਿਜ਼ 12 ਸੀਟਾਂ ਹੀ ਬਚਾ ਸਕੀ। ਸਭ ਤੋਂ ਤਕੜਾ ਧੱਕਾ ਇਸ ਨੂੰ ਯੂ.ਪੀ. ਵਿਚ ਲੱਗਿਆ ਜਿਥੇ ਆਪਣੇ ਚੁਣੇ ਹੋਏ ਪ੍ਰਚਾਰਕ ਅਦਿੱਤਿਆਨਾਥ ਦੀ ਅਗਵਾਈ ਹੇਠ ਇਸ ਦੀਆਂ 11 ਵਿਚੋਂ 7 ਸੀਟਾਂ ਖੁੱਸ ਗਈਆਂ। ਇਸ ਤੋਂ ਅੱਗੇ ਰਾਜਸਥਾਨ ਅਤੇ ਗੁਜਰਾਤ ਦੀ ਵਾਰੀ ਸੀ, ਜਿਥੇ ਇਸ ਨੂੰ ਲੋਕ ਸਭਾ ਚੋਣਾਂ ਵਿਚ ਪੂਰੀ ਤਰ੍ਹਾਂ ਇਕਤਰਫ਼ਾ ਜਿੱਤ ਹਾਸਲ ਹੋਈ ਸੀ, ਉਥੇ ਇਸ ਨੂੰ ਜ਼ਿਮਨੀ ਚੋਣਾਂ ਵਿਚ ਦੋਵਾਂ ਸੂਬਿਆਂ ਵਿਚ 3-3 ਸੀਟਾਂ ਦਾ ਨੁਕਸਾਨ ਉਠਾਉਣਾ ਪਿਆ। ਇਸ ਹਾਰ ਨੇ ਸੰਘੀ ਖ਼ੇਮੇ ਦੇ ਨਿਰ-ਆਧਾਰ ਜਨੂੰਨ ਦੀ ਫੂਕ ਤਾਂ ਕੱਢੀ ਹੀ, ਇਸ ਨੇ ਇਹ ਇਸ਼ਾਰਾ ਵੀ ਕਰ ਦਿੱਤਾ ਕਿ ਭਾਜਪਾ ਦੀ ਭਾਰੀ ਜਿੱਤ ਦੇ ਬਾਵਜੂਦ ਇਸ ਦਾ ਮੁੱਖ ਜਨਤਕ ਅਧਾਰ ਪਹਿਲੀਆਂ ਚੋਣਾਂ ਵਾਂਗ ਹੁਣ ਵੀ ਤਕਰੀਬਨ 22 ਫ਼ੀਸਦੀ ਦੇ ਨੇੜੇ-ਤੇੜੇ ਅਟਕਿਆ ਹੋਇਆ ਹੈ। ਆਮ ਚੋਣਾਂ ਵਿਚ ਫ਼ੈਸਲਾਕੁਨ ਫ਼ਰਕ ਪਹਿਲੀ ਵਾਰ ਵੋਟ ਪਾ ਰਹੇ 4 ਕਰੋੜ ਵੋਟਰਾਂ ਦੀ ਵਜ੍ਹਾ ਨਾਲ ਪਿਆ ਸੀ, ਜੋ ਭਾਜਪਾ ਦੀ ਵਿਕਾਸ ਸਬੰਧੀ ਲਫ਼ਾਜ਼ੀ ਅਤੇ ਦਾਅ-ਪੇਚਕ ਚਲਾਕੀ ਨਾਲ ਲੁਕੋਏ ਹੋਏ ਹਿੰਦੂਤਵ ਦੀ ਬਦੌਲਤ ਉਸ ਵੱਲ ਖਿੱਚੇ ਗਏ ਸਨ।

ਜ਼ਿਮਨੀ ਚੋਣਾਂ ਨੇ ਸਾਫ਼ ਜ਼ਾਹਿਰ ਕਰ ਦਿੱਤਾ ਕਿ ਉਨ੍ਹਾਂ ਨੇ ਭਾਜਪਾ ਦੀ ਫਿਰਕਾਪ੍ਰਸਤ ਸਿਆਸਤ ਨੂੰ ਰੱਦ ਕੀਤਾ ਹੈ। ਜੇ ਭਾਜਪਾ ਇਸ ਨੂੰ ਨਜ਼ਰਅੰਦਾਜ਼ ਕਰੇਗੀ ਤਾਂ ਉਹ ਆਪਣੀ ਕਬਰ ਖ਼ੁਦ ਹੀ ਪੁੱਟ ਲਵੇਗੀ, ਪਰ ਜਿਸ ਮੁੱਦੇ ਉਪਰ ਇਸ ਨੂੰ ਲਾਜ਼ਮੀ ਹੀ ਸਵੈ-ਵਿਸ਼ਲੇਸ਼ਣ ਕਰਨਾ ਚਾਹੀਦਾ ਹੈ, ਉਹ ਇਹ ਸਵਾਲ ਹੈ ਕਿ ਇਸ ਦਾ ਫਿਰਕੂ ਮੁੱਦਾ ਭਵਿੱਖ ਲਈ ਕਿੰਨਾ ਕੁ ਵਿਹਾਰਕ ਹੈ।

### ਹਿੰਦੂਤਵੀ ਧੋਖਾਧੜੀ

ਹੋਰ ਬੇਸ਼ੁਮਾਰ ਮੁੱਦਿਆਂ ਉਪਰ ਭਾਜਪਾ ਦੇ ਲੱਫ਼ਾਜ਼ੀ ਭਰੇ ਦਿਖਾਵੇ ਦੇ ਬਾਵਜੂਦ, ਇਸ ਦੀ ਬੁਨਿਆਦੀ ਵਿਚਾਰਧਾਰਾ ਆਪਣੀ ਮਾਂ ਜਥੇਬੰਦੀ ਆਰ.ਐਸ.ਐਸ. ਜ਼ਰੀਏ ਵਿਰਾਸਤ 'ਚ ਲਿਆ ਹਿੰਦੂਤਵ ਹੀ ਹੈ। ਸੰਘ ਪਰਿਵਾਰ ਇਸ ਦੇ ਬਾਰੇ ਵਿਚ ਚਾਹੇ ਕਿੰਨੀਆਂ ਵੀ ਗੋਲਮੋਲ ਗੱਲਾਂ ਕਰੇ, ਹਿੰਦੂਤਵ ਉਚੀ ਜਾਤ ਵਾਲੇ ਕੁਲੀਨਾਂ ਵਲੋਂ ਆਪਣੇ ਨਸਲਵਾਦੀ ਗ਼ਲਬੇ ਨੂੰ ਦੁਬਾਰਾ ਹਾਸਲ ਕਰਨ ਦੀ ਯੋਜਨਾ ਹੀ ਹੈ। ਹਿੰਦੁਸਤਾਨ ਅੰਤਰ-ਵਿਰੋਧਾਂ ਦੀ ਧਰਤੀ ਹੈ, ਜਿਥੇ ਸਭ ਤੋਂ ਹੇਠਲੇ ਪੱਧਰ 'ਤੇ ਭਾਸ਼ਾ ਆਪਣੇ ਮਾਇਨੇ ਖੋ ਬਹਿੰਦੀ ਹੈ; ਜਿਥੇ ਆਜ਼ਾਦੀ ਦੇ ਮਾਇਨੇ ਮਹਿਜ਼ ਗ਼ੁਲਾਮੀ ਹੋ ਸਕਦੇ ਹਨ; ਜਿਥੇ ਸਾਮਰਾਜਵਾਦ ਦੇ ਮਾਇਨੇ ਸਾਮਰਾਜਵਾਦ ਵਿਰੋਧ ਹੋ ਸਕਦੇ ਹਨ; ਜਿਥੇ ਸਵਰਾਜ ਦਾ ਮਤਲਬ ਬੰਧੂਆਪਣ ਹੋ ਸਕਦਾ ਹੈ ਅਤੇ ਕੌਮੀ ਦਾ ਮਤਲਬ ਕੌਮ-ਵਿਰੋਧੀ ਹੋ ਸਕਦਾ ਹੈ। ਇਸ ਵਿਚ ਹੋਰ ਵੀ ਚੀਜ਼ਾਂ ਜੁੜ ਸਕਦੀਆਂ ਹਨ, ਜੋ ਇਸ 'ਤੇ ਮੁਨੱਸਰ ਕਰਦਾ ਹੈ ਕਿ ਤੁਸੀਂ ਕਿਸ ਜਾਤ ਸਮੂਹ ਨਾਲ ਜੁੜੇ ਹੋਏ ਹੋ। 1818 ਵਿਚ ਪੇਸ਼ਵਾ ਰਾਜ ਦੇ ਪਤਨ ਨਾਲ ਪੁਣੇ ਦੇ ਚਿਤਪਾਵਨਾਂ (ਪੱਛਮੀ ਭਾਰਤ ਦੇ ਤੱਟਵਰਤੀ ਖੇਤਰ ਕੋਂਕਨ ਦੇ ਬ੍ਰਾਹਮਣਾਂ) ਨੂੰ ਵੱਡੀ ਸੱਟ ਪਈ ਸੀ ਜਿਸ ਨੇ ਉਨ੍ਹਾਂ ਵਿੱਚੋਂ ਕਈਆਂ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਹਥਿਆਰ ਚੁੱਕਣ ਲਈ ਪ੍ਰੇਰਿਆ। ਰਵਾਇਤੀ ਤੌਰ 'ਤੇ ਇਸ ਨੂੰ ਸਾਮਰਾਜਵਾਦ ਵਿਰੋਧੀ ਅਤੇ ਇਨਕਲਾਬੀ ਕਦਮ ਮੰਨਿਆ ਜਾਂਦਾ ਸੀ, ਪਰ ਹਕੀਕਤ ਵਿਚ ਇਹ ਸਾਮਰਾਜਵਾਦੀ ਅਤੇ ਪਿਛਾਖੜੀ ਕਦਮ ਸੀ ਜੋ ਉਨ੍ਹਾਂ ਨੇ ਆਪਣਾ ਖੁੱਸਿਆ ਹੋਇਆ ਰਾਜ ਹਾਸਲ ਕਰਨ ਲਈ ਚੁੱਕਿਆ ਸੀ। ਜੇ ਉਹ ਸਾਮਰਾਜਵਾਦ ਵਿਰੋਧੀ ਹੁੰਦੇ ਤਾਂ ਯਕੀਨਨ ਹੀ ਉਨ੍ਹਾਂ ਨੇ ਆਪਣੇ ਦੋ-ਤਿਹਾਈ ਆਵਾਮ ਦੇ ਪੈਰ-ਪੈਰ 'ਤੇ ਦਾਬੇ ਦਾ ਸ਼ਿਕਾਰ ਹੋਣ ਵੱਲ ਗ਼ੌਰ ਕੀਤਾ ਹੁੰਦਾ। 'ਹਿੰਦੂਤਵ' ਦੀ ਮਾਂ ਵਿਨਾਇਕ ਦਮੋਦਰ ਸਾਵਰਕਰ ਇਨ੍ਹਾਂ 'ਇਨਕਲਾਬੀਆਂ ਯੋਧਿਆਂ' ਵਿਚੋਂ ਛੇਕੜਲਾ ਸੀ ਜਿਸ ਨੇ ਆਪਣੇ ਲੋਕਾਂ ਨੂੰ ਜਥੇਬੰਦ ਹੋਣ ਅਤੇ ਉਨ੍ਹਾਂ ਦੇ ਖ਼ਵਾਬਾਂ ਲਈ ਕੰਮ ਕਰਨ ਦਾ ਵਿਚਾਰਧਾਰਕ ਅਧਾਰ ਮੁਹੱਈਆ ਕਰਵਾਇਆ। ਇਸ ਦੇ ਵਿਚੋਂ ਮੁਸਲਮਾਨ ਅਤੇ ਈਸਾਈ ਬਣ ਜਾਣਗੇ ਜੋ ਉਨ੍ਹਾਂ ਲਈ 'ਪਰਾਏ' ਹਨ, ਜੋ ਮੁੱਖ ਤੌਰ 'ਤੇ ਹੇਠਲੀਆਂ ਜਾਤਾਂ 'ਚੋਂ ਆਉਂਦੇ ਹਨ। 1920 ਦੇ ਦਹਾਕੇ ਵਿਚ ਮਹਾਂਰਾਸ਼ਟਰ ਵਿਚ ਦਲਿਤਾਂ ਦੇ ਜੋ ਮੁੱਢਲੇ ਅੰਦੋਲਨ ਉਭਰੇ, ਉਨ੍ਹਾਂ ਨਾਲ ਪੈਦਾ ਹੋਏ ਸੰਭਾਵੀ ਖ਼ਤਰੇ ਨੇ ਵੀ ਉਨ੍ਹਾਂ ਜਥੇਬੰਦੀਆਂ ਨੂੰ ਇਕ ਫਾਸ਼ੀਵਾਦੀ ਸਰੂਪ ਵਿਚ ਜਥੇਬੰਦ ਹੋਣ ਵੱਲ ਧੱਕਿਆ, ਇਉਂ ਆਰ.ਐਸ.ਐਸ. ਦੀ ਪੈਦਾਇਸ਼ ਹੋਈ।

ਯੂਰਪ ਦਾ ਫਾਸ਼ੀਵਾਦ ਅਤੇ ਨਾਜ਼ੀਵਾਦ ਉਨ੍ਹਾਂ ਦੀ ਪ੍ਰੇਰਨਾ ਰਹੇ ਹਨ। ਗੋਲਵਾਲਕਰ ਦੇ ਵਿਚਾਰ-ਰਤਨਾਂ ਉਪਰ ਝਾਤ ਮਾਰਦੇ ਸਾਰ ਹੀ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਵਿਚਾਰ ਕਿੰਨੇ ਖ਼ਤਰਨਾਕ ਅਤੇ ਕਪਟੀ ਸਨ। ਇਹ ਮਹਿਸੂਸ ਕਰਦਿਆਂ ਕਿ ਉਹ ਵਿਆਪਕ ਅਵਾਮ ਦਾ 'ਬ੍ਰਾਹਮਣੀਕਰਨ' ਕੀਤੇ ਬਗੈਰ ਅੱਗੇ ਨਹੀਂ ਵਧ ਸਕਦੇ, ਇਸੇ ਕਰ ਕੇ ਉਨ੍ਹਾਂ ਨੇ ਐਸੀਆਂ ਜਥੇਬੰਦੀਆਂ ਦਾ ਢੰਧਾ ਤਿਆਰ ਕੀਤਾ ਜੋ ਜ਼ਿਆਦਾਤਰ ਸਮਾਜੀ ਸਮੂਹਾਂ ਦੀਆਂ ਜ਼ਰੂਰਤਾਂ ਨੂੰ ਲਗਾਤਾਰ ਪੂਰਾ ਕਰਦਾ ਰਹਿ ਸਕਦਾ ਸੀ। ਇਸ ਤਰ੍ਹਾਂ ਵਕਤ ਗੁਜ਼ਰਨ ਨਾਲ, ਉਹ ਆਦਿਵਾਸੀਆਂ, ਦਲਿਤਾਂ ਅਤੇ ਪਿਛੜੀਆਂ ਜਾਤਾਂ ਦੇ ਵੱਡੇ ਹਿੱਸਿਆਂ ਦਾ ਬ੍ਰਾਹਮਣੀਕਰਨ 'ਚ ਕਾਮਯਾਬ ਰਹੇ। ਜਦਕਿ ਇਕ ਪਾਸੇ ਹੋਰ ਨਿੱਕੀਆਂ ਦਲਿਤ ਜਾਤਾਂ ਸੁਖਾਲਿਆਂ ਹੀ ਇਸ ਫੰਧੇ 'ਚ ਫਸ ਗਈਆਂ, ਹੁਣ ਤਾਈਂ ਬ੍ਰਾਹਮਣਵਾਦ ਦੇ ਕੱਟੜ ਆਲੋਚਕ ਰਹੇ ਡਾ. ਅੰਬੇਡਕਰ ਦੇ ਪੈਰੋਕਾਰਾਂ ਨੂੰ ਸਮਾਜਕ ਸਮਰਸੱਤਾ ਮੰਚ (ਸਮਾਜੀ ਬਰਾਬਰੀ ਮੰਚ) ਜ਼ਰੀਏ ਇਸ ਜਾਲ ਵਿਚ ਫਸਾਇਆ ਗਿਆ। ਅੱਜ ਭਾਜਪਾ ਦੀ ਝੋਲੀ ਵਿਚ ਸਭ ਤੋਂ ਜ਼ਿਆਦਾ ਸੂਚੀਦਰਜ ਜਾਤਾਂ/ਕਬੀਲਿਆਂ ਦੇ ਐਮ.ਪੀ. ਅਤੇ ਵਿਧਾਇਕ ਹਨ। ਜਦਕਿ ਇਕ ਪਾਸੇ ਸੰਘ ਪਰਿਵਾਰ ਨੂੰ ਆਪਣੀਆਂ ਐਸੀਆਂ ਚਾਲਾਂ 'ਚ ਕਾਮਯਾਬੀ ਸਬੱਬ ਨਾਲ ਇਸ ਦੇ ਲਈ ਮੁਆਫ਼ਕ ਨਵਉਦਾਰਵਾਦੀ ਦੌਰ ਵਿਚ ਹਾਸਲ ਹੋਈ ਹੈ, ਉਥੇ ਇਸ ਦੇ ਆਪਣੇ ਅੰਦਰਲੇ ਅੰਤਰ-ਵਿਰੋਧ ਵੀ ਇਸ ਕਦਰ ਵਿਕਸਤ ਹੋਏ ਹਨ ਕਿ ਉਹ ਇਸ ਦੇ ਉਭਾਰ ਅਤੇ ਹੋਂਦ ਨੂੰ ਸੁੰਗੇੜ ਰਹੇ ਹਨ। ਇਸ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਇਹ ਅੰਤਰ-ਵਿਰੋਧ ਬੁਨਿਆਦੀ ਤੌਰ 'ਤੇ ਉਸ ਦੇ ਵਿਚਾਰਧਾਰਕ ਉਦੇਸ਼ ਦੇ ਘਚੋਲੇ ਚੋਂ ਪੈਦਾ ਹੁੰਦੇ ਹਨ। ਹਿੰਦੂ, ਹਿੰਦੂਵਾਦ, ਹਿੰਦੂਤਵ, ਹਿੰਦੁਸਤਾਨ: ਇਸ ਦੀ ਮਨ-ਭਾਉਂਦੀ ਸ਼ਬਦਾਵਲੀ ਸੁਣਨ ਨੂੰ ਤਾਂ ਹਕੀਕੀ ਲੱਗ ਸਕਦੀ ਹੈ, ਪਰ ਬੁਨਿਆਦੀ ਤੌਰ 'ਤੇ ਇਹ ਗ਼ੈਰ-ਹਕੀਕੀ ਅਤੇ ਧੁੰਦਲੀ ਹੈ। ਇਨ੍ਹਾਂ ਦੀ ਨਾ ਤਾਂ



ਇਤਿਹਾਸ ਵਿਚ ਕੋਈ ਹੋਂਦ ਸੀ ਨਾ ਕਿਤੇ ਹੋਰ ਹੈ।

### ਹਿੰਦੂ, ਹਿੰਦੂਤਵ, ਹਿੰਦੁਸਤਾਨ

ਸੰਘ ਦੇ ਮੁਖੀ ਮੋਹਨ ਭਾਗਵਤ ਦਾ ਤਰੀਕਾ ਦੋ ਵੱਖੋ-ਵੱਖਰੀਆਂ ਚੀਜ਼ਾਂ ਨੂੰ ਬੇਹੱਦ ਸਰਲ ਤਰੀਕੇ ਨਾਲ ਆਪਸ ਵਿਚ ਜੋੜ ਕੇ ਉਨ੍ਹਾਂ ਤੋਂ ਮਨਮਰਜ਼ੀ ਦਾ ਸਿੱਟਾ ਕੱਢਣ ਦਾ ਹੈ। ਇਸ ਤਹਿਤ ਉਹ ਕਹਿੰਦਾ ਹੈ ਕਿ ਭਾਰਤ ਹਿੰਦੁਸਤਾਨ ਸੀ, ਹਿੰਦੁਸਤਾਨ ਦੇ ਲੋਕ ਹਿੰਦੂ ਹਨ ਅਤੇ ਇਸ ਤਰ੍ਹਾਂ ਭਾਰਤ ਹਿੰਦੂ ਰਾਸ਼ਟਰ ਹੈ। ਸ਼ਾਇਦ ਹੀ ਉਸ ਦੇ ਪੱਲੇ ਇਹ ਗੱਲ ਪਈ ਹੋਵੇ ਕਿ ਉਸ ਨੇ ਨਾ ਸਿਰਫ਼ ਮੂਰਖਾਂ ਵਾਲੀ ਯੱਭਲੀ ਮਾਰ ਦਿੱਤੀ ਹੈ, ਸਗੋਂ ਜਿਸ ਟਾਹਣੀ 'ਤੇ ਉਹ ਖ਼ੁਦ ਬੈਠੇ ਹਨ, ਉਸੇ ਨੂੰ ਖ਼ੁਦ ਹੀ ਵੱਢ ਰਹੇ ਹਨ; ਕਿਉਂਕਿ ਇਸ ਦਾ ਸਿੱਧਾ ਮਾਇਨਾ ਇਹ ਹੈ ਕਿ ਜੇ ਭਾਰਤ ਪਹਿਲਾਂ ਤੋਂ ਹੀ ਹਿੰਦੂ ਰਾਸ਼ਟਰ ਸੀ, ਤਾਂ ਉਨ੍ਹਾਂ ਦੀ ਮੁਹਿੰਮ ਤਾਂ ਪੂਰੀ ਹੋ ਚੁੱਕੀ ਹੈ, ਅਤੇ ਇਸ ਕਰ ਕੇ ਉਨ੍ਹਾਂ ਨੂੰ ਹੁਣ ਆਪਣੀ ਦੁਕਾਨ ਬੰਦ ਕਰ ਦੇਣੀ ਚਾਹੀਦੀ ਹੈ। ਕੋਈ ਵੀ ਦੇਖ ਸਕਦਾ ਹੈ ਕਿ ਸੰਘ ਪਰਿਵਾਰ ਦੀ ਪੂਰੀ ਮੁਹਿੰਮ ਦੀਆਂ ਜੜ੍ਹਾਂ ਜਾਂ ਤਾਂ ਅਗਿਆਨਤਾ ਵਿਚ ਧੱਸੀਆਂ ਹੋਈਆਂ ਹਨ ਜਾਂ ਫਿਰ ਝੂਠ-ਫਰੇਬ ਵਿਚ। ਜਿਸ ਪਛਾਣ ਉਪਰ ਉਹ ਫੁੱਲੇ ਨਹੀਂ ਸਮਾਉਂਦੇ, ਉਹ ਦਰਅਸਲ ਆਪਣੇ ਬਿਹਤਰੀਨ ਰੂਪ 'ਚ ਵਿਦੇਸ਼ੀਆਂ ਵਲੋਂ ਦਿੱਤਾ ਗਿਆ ਨਾਂ ਹੈ ਅਤੇ ਬਦਤਰੀਨ ਰੂਪ 'ਚ ਇਕ ਅਪਮਾਨਜਨਕ ਸੰਬੋਧਨ ਹੈ। ਇਨ੍ਹਾਂ ਵਿਚੋਂ ਪਹਿਲੀ ਸਥਿਤੀ ਮੁਤਾਬਕ, ਹਿੰਦੂ ਲਫ਼ਜ਼ ਫਾਰਸੀ ਲੋਕਾਂ ਵਲੋ ਸ ਦਾ ਗ਼ਲਤ ਉਚਾਰਨ ਕਰਦੇ ਹੋਏ ਇਸ ਨੂੰ ਹ ਕਹਿਣ ਤੋਂ ਪੈਦਾ ਹੋਇਆ ਜੋ ਸਿੰਧੂ ਨਦੀ ਦੇ ਪਾਰ ਰਹਿਣ ਵਾਲੇ ਲੋਕਾਂ ਬਾਰੇ ਜ਼ਿਕਰ ਕਰਨਾ ਚਾਹੁੰਦੇ ਸਨ। ਹਾਲਾਂਕਿ ਇਹ ਇਕ ਹਰਮਨਪਿਆਰੀ ਧਾਰਨਾ ਹੈ, ਪਰ ਇਸ ਵਿਚ ਆਲੋਚਨਾਤਮਕ ਨਜ਼ਰੀਆ ਨਹੀਂ ਹੈ ਅਤੇ ਇਸ ਦੀ ਤਸਦੀਕ ਵੀ ਸੰਭਵ ਨਹੀਂ, ਕਿਉਂਕਿ ਫਾਰਸੀ ਜ਼ਬਾਨ ਵਿਚ ਬੇਸ਼ੁਮਾਰ ਲਫ਼ਜ਼ ਹਨ ਜੋ ਸ ਤੋਂ ਸ਼ੁਰੂ ਹੁੰਦੇ ਹਨ (ਮਸਲਨ ਸ਼ੀਆ, ਸੁੰਨੀ, ਸ਼ਰੀਅਤ, ਸਾਹਿਰ, ਸਰਦਾਰ) ਅਤੇ ਉਨ੍ਹਾਂ ਨੂੰ ਸਹੀ ਸਹੀ ਬੋਲਿਆ ਜਾਂਦਾ ਹੈ। ਫਾਰਸੀ ਅਤੇ ਤੁਰਕ ਲੋਕਾਂ ਨੇ ਜਿਨ੍ਹਾਂ ਮਾਇਨਿਆਂ ਵਿਚ ਹਿੰਦੂ ਲਫ਼ਜ਼ ਇਸਤੇਮਾਲ ਕੀਤਾ ਹੈ, ਉਹ ਮਾਇਨੇ ਉਨ੍ਹਾਂ ਦੇ ਸ਼ਬਦਕੋਸ਼ਾਂ ਵਿਚ ਮਿਲਦੇ ਹਨ ਅਤੇ ਉਹ ਭਾਗਵਤ ਤੇ ਉਸ ਦੇ ਸੰਘ ਪਰਿਵਾਰ ਲਈ ਭਾਰੀ ਸ਼ਰਮਿੰਦਗੀ ਦੀ ਵਜ੍ਹਾ ਬਣ ਸਕਦੇ ਹਨ। ਉਨ੍ਹਾਂ ਸ਼ਬਦਕੋਸ਼ਾਂ ਵਿਚ ਹਿੰਦੂ ਦਾ ਮਤਲਬ ਚੋਰ, ਡਕੈਤ, ਰਾਹਗੀਰਾਂ ਨੂੰ ਲੁੱਟਣ ਵਾਲਾ, ਗ਼ੁਲਾਮ, ਹੁਕਮ ਦਾ ਤਾਬਿਆਦਾਰ ਨੌਕਰ ਅਤੇ ਕਾਲੇ ਚੰਮ ਵਾਲਾ ਵੀ ਹੁੰਦਾ ਹੈ, ਜਿਵੇਂ ਹਿੰਦੂ-ਏ-ਫਲਕ ਦਾ ਮਾਇਨਾ 'ਆਸਮਾਨ ਅਤੇ ਸ਼ਨੀ ਦਾ ਕਾਲਾਪਣ' ਤੋਂ ਜ਼ਾਹਿਰ ਹੁੰਦਾ ਹੈ। ਹਿੰਦੂ ਲਫ਼ਜ਼ ਦੇ ਅਪਮਾਨਜਨਕ ਹੋਣ ਦੀ ਇਕ ਹੋਰ ਦੱਸ 'ਹਿੰਦੂ ਕੁਸ਼' ਤੋਂ ਪੈਂਦੀ ਹੈ ਜੋ ਮੱਧ ਏਸ਼ੀਆ ਦੀ ਸਰਹੱਦ ਉਪਰਲੀ ਪਰਬਤਮਾਲਾ ਹੈ ਅਤੇ ਜਿਸ ਦਾ ਮਾਇਨਾ ਹਿੰਦੂਆਂ ਦਾ ਹਤਿਆਰਾ ਹੈ। ਇਨ੍ਹਾਂ ਵਿਚੋਂ ਮਾਮਲਾ ਕੁਝ ਵੀ ਹੋਵੇ, ਹਿੰਦੂ ਲਫ਼ਜ਼ ਸੰਸਕ੍ਰਿਤ ਵਿਚ ਜਾਂ ਭਾਰਤ ਦੀ ਕਿਸੇ ਵੀ ਸਥਾਨਕ ਜ਼ਬਾਨ ਅਤੇ ਭਾਸ਼ਾ ਵਿਚੋਂ ਪੈਦਾ ਨਹੀਂ ਹੋਇਆ।

ਹਿੰਦੂ ਦਾ ਕੋਈ ਧਾਰਮਿਕ ਮਾਇਨਾ ਕਦੇ ਵੀ ਨਹੀਂ ਰਿਹਾ। ਪ੍ਰਾਚੀਨ ਫਾਰਸੀ ਕਿੱਲ-ਅੱਖਰ ਸ਼ਿਲਾਲੇਖ ਲਿਖਣ ਦੀ ਇਕ ਸਭ ਤੋਂ ਪੁਰਾਤਨ ਵਿਧੀ ਸੀ ਜੋ ਦੇਖਣ ਨੂੰ ਕਿੱਲ ਵਰਗੇ ਜਾਪਦੇ ਹਨ। ਪੁਰਾਤਨ ਫਾਰਸੀ ਜਾਂ ਅਬਸਤਾਈ ਤੋਂ ਇਲਾਵਾ ਮੱਧਯੁਗੀ ਫਾਰਸੀ (300 ਈਸਵੀ ਪੂਰਵ ਤੋਂ 700 ਈਸਵੀ ਪੂਰਵ) ਵੀ ਇਸੇ ਲਿੱਪੀ ਵਿਚ ਲਿਖੀ ਜਾਂਦੀ ਸੀ ਅਤੇ ਜੇਂਦ ਆਵੇਸਤਾ (ਪੁਰਾਤਨ ਇਰਾਨ ਦੀ ਮਜ਼੍ਹਬੀ ਅਤੇ ਰੂਹਾਨੀ ਜ਼ਿੰਦਗੀ ਨੂੰ ਬਿਆਨ ਕਰਦੇ ਗ੍ਰੰਥ ਅਵਿਸਤਨ ਜ਼ਬਾਨ ਦੇ ਗ੍ਰੰਥਾਂ ਦੇ ਸ਼ਬਦਾਰਥ ਤੇ ਤਬਸਰਿਆਂ ਦੀ ਵਿਆਖਿਆ) ਵਿਚ ਹਿੰਦੂ ਲਫ਼ਜ਼ ਦਾ ਹਵਾਲਾ ਕਿਸੇ ਧਾਰਮਿਕ ਨਾਂ ਦੀ ਬਜਾਏ ਇਕ ਭੂਗੋਲਿਕ ਨਾਂ ਦੇ ਰੂਪ 'ਚ ਹੈ। ਜਦੋਂ ਫਾਰਸ ਦੇ ਰਾਜੇ ਡੇਰੀਅਸ ਪਹਿਲੇ ਨੇ 517 ਈਸਵੀ ਪੂਰਵ ਵਿਚ ਭਾਰਤੀ ਉਪ-ਮਹਾਂਦੀਪ ਦੀ ਸਰਹੱਦ ਤਾਈਂ ਆਪਣੀ ਸਲਤਨਤ ਦਾ ਫੈਲਾਅ ਕਰ ਲਿਆ, ਤਾਂ ਪੁਰਾਤਨ ਫਾਰਸੀ ਲੋਕਾਂ ਨੇ ਭਾਰਤੀ ਉਪ-ਮਹਾਂਦੀਪ ਦੇ ਲੋਕਾਂ ਦਾ ਜ਼ਿਕਰ 'ਹਿੰਦੂ' ਕਹਿ ਕੇ ਕੀਤਾ ਸੀ। ਪੁਰਾਤਨ ਯੂਨਾਨੀ ਅਤੇ ਆਰਮੀਨੀਆਈ ਲੋਕਾਂ ਨੇ ਵੀ ਇਹੀ ਉਚਾਰਨ ਅਖ਼ਤਿਆਰ ਕੀਤਾ ਅਤੇ ਇਸ ਤਰ੍ਹਾਂ ਇਹ ਨਾਂ ਪ੍ਰਚਲਤ ਹੋ ਗਿਆ। ਜਦੋਂ ਗੱਲ ਹਿੰਦੂਵਾਦ ਦੀ ਆਈ ਤਾਂ ਤਿਲਕ ਅਤੇ ਰਾਧਾਕ੍ਰਿਸ਼ਨਨ ਵਰਗੇ ਨਾਇਕਾਂ ਨੇ ਜੋ ਪ੍ਰੀਭਾਸ਼ਾ ਪੇਸ਼ ਕੀਤੀ, ਉਹ ਕੋਈ ਪ੍ਰੀਭਾਸ਼ਾ ਹੀ ਨਹੀਂ ਸੀ। ਉਸ ਵਿਚ ਉਨ੍ਹਾਂ ਨੇ ਦਰਅਸਲ ਹਰ ਚੀਜ਼ ਸ਼ਾਮਲ ਕਰ ਦਿੱਤੀ ਸੀ। ਓੜਕ ਇਹ ਮਾਮਲਾ ਸੁਪਰੀਮ ਕੋਰਟ ਵਿਚ ਚਲਾ ਗਿਆ ਜਿਸ ਨੇ ਇਹ ਫ਼ੈਸਲਾ ਦੇਣਾ ਸੀ ਕਿ ਹਿੰਦੂਵਾਦ ਕੀ ਹੈ। ਸੁਪਰੀਮ ਕੋਰਟ ਨੇ 1966 ਅਤੇ 1955 ਵਿਚ ਇਸ ਬਾਰੇ ਫ਼ੈਸਲਾ ਦਿੱਤਾ ਵੀ। ਸਵਾਮੀਨਰਾਇਣ (1780-1830) ਦੇ ਪੈਰੋਕਾਰਾਂ ਵਲੋਂ ਦਾਇਰ ਕੀਤੇ ਗਏ ਕੇਸ ਵਿਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਹ ਲੋਕ ਹਿੰਦੂ ਨਹੀਂ ਹਨ (ਕਿ ਉਨ੍ਹਾਂ ਦੀ ਸੰਪਰਦਾਇ ਹਿੰਦੂ ਧਰਮ ਤੋਂ ਵੱਖਰਾ ਅਤੇ ਨਿਆਰਾ ਧਰਮ ਹੈ)। ਐਸਾ ਉਨ੍ਹਾਂ ਨੇ ਬੰਬੇ ਹਰੀਜਨ (ਮੰਦਰ ਦਾਖ਼ਲਾ) ਐਕਟ ਨੂੰ ਚੁਣੌਤੀ ਦੇਣ ਲਈ ਕੀਤਾ ਸੀ ਜੋ ਦਲਿਤਾਂ ਨੂੰ ਸਾਰੇ ਮੰਦਰਾਂ ਵਿਚ ਦਾਖ਼ਲ ਹੋਣ ਦਾ ਹੱਕ ਦਿੰਦਾ ਸੀ। ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਰਾਧਾਕਿਸ਼ਨਨ ਅਤੇ ਕੁਝ ਯੂਰਪੀ ਲੋਕਾਂ ਵਲੋਂ ਦਿੱਤੀਆਂ ਗਈਆਂ ਪ੍ਰੀਭਾਸ਼ਾਵਾਂ ਦਾ ਹਵਾਲਾ ਦਿੰਦੇ ਹੋਏ, ਹਿੰਦੂਵਾਦ ਨੂੰ ਇਸ ਸਹਿਣਸ਼ੀਲਤਾ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੇ ਆਧਾਰ 'ਤੇ ਪ੍ਰੀਭਾਸ਼ਤ ਕੀਤਾ। ਮਜ਼ੇ ਦੀ ਗੱਲ ਇਹ ਹੈ ਕਿ ਇਸ ਦੇ ਪਿੱਛੇ ਕੁਝ ਹਿੰਦੂਆਂ ਵਲੋਂ ਦੂਜੇ ਹਿੰਦੂਆਂ (ਦਲਿਤਾਂ) ਨੂੰ ਆਪਣੇ ਮੰਦਰਾਂ ਤੋਂ ਪਰ੍ਹਾਂ ਰੱਖਣ ਦੀ ਇੱਛਾ ਕੰਮ ਕਰਦੀ ਸੀ। ਸੰਘ ਪਰਿਵਾਰ ਦੇ ਦਾਅਵਿਆਂ ਦੇ ਉਲਟ ਭਾਰਤ ਵਿਚ ਹਰ ਇਕ ਦੇ ਹਿੰਦੂ ਹੋਣ (ਜਾਂ ਉਸ ਨੂੰ ਹਿੰਦੂ ਹੋਣਾ ਚਾਹੀਦਾ ਹੈ) ਦੀ ਗੱਲ ਕਦੇ ਵੀ ਸੱਚ ਨਹੀਂ ਸੀ। ਉਹ ਸਦੀਆਂ ਪਹਿਲਾਂ ਸਿੰਧੂ ਘਾਟੀ ਅਤੇ ਵੇਦਾਂ ਦੇ ਜ਼ਮਾਨੇ ਵਿਚ ਸੱਚ ਨਹੀਂ ਸੀ, ਉਹ ਉਤਰ ਭਾਰਤ ਵਿਚ ਮੁੱਢਲੀਆਂ ਆਬਾਦੀਆਂ ਦੇ ਵਸਣ ਤੋਂ ਬਾਅਦ ਵੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਲਈ ਸਹੀ ਨਹੀਂ ਸੀ, ਤੇ ਉਹ ਬੁੱਧ ਧਰਮ ਦੇ ਉਭਰਨ ਤੋਂ ਪਿੱਛੋਂ ਤਾਂ ਯਕੀਨਨ ਹੀ ਕਦੇ ਵੀ ਸਹੀ ਨਹੀਂ ਸੀ।

### ਭਾਰਤ ਦਾ ਵਿਚਾਰ

ਹੁਣ ਮੌਕਾ ਹੈ ਜਦੋਂ ਸੰਘ ਪਰਿਵਾਰ ਨੂੰ ਆਪਣੀ ਖ਼ਾਮ-ਖ਼ਿਆਲੀ ਤੋਂ ਬਾਹਰ ਨਿਕਲਣਾ ਚਾਹੀਦਾ ਹੈ ਅਤੇ ਇਤਿਹਾਸ ਦੇ ਕੁਝ ਕਠੋਰ ਤੱਥਾਂ/ਹਕੀਕਤਾਂ ਨੂੰ ਸਮਝਣਾ ਚਾਹੀਦਾ ਹੈ। ਉਹ ਜਿਸ ਦੇਸ ਉਪਰ ਮਾਣ ਕਰਨ ਦਾ ਨਾਟਕ ਕਰਦੇ ਹਨ, ਉਸ ਨੂੰ ਇੰਡੀਆ ਜਾਂ ਭਾਰਤ ਕਿਹਾ ਜਾਂਦਾ ਹੈ, ਹਿੰਦੁਸਤਾਨ ਨਹੀਂ। ਇਹ ਬਸਤੀਵਾਦੀਆਂ ਦੀ ਦੇਣ ਹੈ, ਇਹ ਆਪਣੀ ਇਸ ਸ਼ਕਲ ਅਤੇ ਆਕਾਰ ਵਿਚ ਇਸ ਤੋਂ ਪਹਿਲਾਂ ਕਦੇ ਵੀ ਹੋਂਦ ਵਿਚ ਨਹੀਂ ਸੀ। ਜਿਨ੍ਹਾਂ ਮੁਸਲਮਾਨਾਂ ਨੂੰ ਨਫ਼ਰਤ ਕਰਨਾ ਸੰਘ ਪਰਿਵਾਰ ਵਾਲਿਆਂ ਨੂੰ ਬਹੁਤ ਪਸੰਦ ਹੈ, ਉਹ ਉਦੋਂ ਤੋਂ ਇਸ ਜ਼ਮੀਨ ਦਾ ਹਿੱਸਾ ਹਨ, ਜਦੋਂ ਅੱਠਵੀਂ ਸਦੀ ਵਿਚ 17 ਵਰ੍ਹਿਆਂ ਦੇ ਮੁਹੰਮਦ ਬਿਨ-ਕਾਸਿਮ ਨੇ ਸਿੰਧ ਉਪਰ ਕਬਜ਼ਾ ਕੀਤਾ ਅਤੇ ਇਸਲਾਮ ਦੇ ਫੈਲਾਅ ਦਾ ਰਾਹ ਖੋਲ੍ਹਿਆ। ਐਸਾ ਤਲਵਾਰ ਦੇ ਜ਼ੋਰ ਨਹੀਂ ਹੋਇਆ, ਜਿਵੇਂ ਉਹ (ਸੰਘ) ਯਕੀਨ ਕਰਦੇ ਹਨ, ਸਗੋਂ ਇਸ ਦੀ ਵਜ੍ਹਾ ਇਹ ਸੀ ਕਿ ਉਨ੍ਹਾਂ (ਸੰਘ) ਦੇ ਸਨਾਤਨ ਧਰਮ ਤੋਂ ਸਤਾਈਆਂ ਹੋਈਆਂ ਹੇਠਲੀਆਂ ਜਾਤਾਂ ਉਪਰ ਇਸਲਾਮ ਦੇ ਬਰਾਬਰੀ ਦੇ ਪੈਗ਼ਾਮ ਦਾ ਅਸਰ ਹੋਇਆ ਸੀ। ਬੇਹੱਦ ਭਰਪੂਰ ਇਸ ਵਿਸ਼ਾਲ ਉਪਮਹਾਂਦੀਪ ਵਿਚ ਗ਼ੁਲਾਮੀ ਦਾ ਇਕ ਇਤਿਹਾਸ ਰਿਹਾ ਹੈ, ਜਿਸ ਦੇ ਪਿੱਛੇ ਉਨ੍ਹਾਂ (ਸੰਘ) ਅੰਦਰਲੀ ਸ੍ਰੇਸ਼ਟਵਾਦੀ ਸਨਕ ਪਈ ਹੈ ਅਤੇ ਜਿਸ ਦਾ ਸਿੱਟਾ ਓੜਕ ਭਿਆਨਕ ਤਬਾਹਕੁਨ ਵੰਡ ਦੇ ਰੂਪ 'ਚ ਸਾਹਮਣੇ ਆਇਆ। ਇਸ ਤੋਂ ਬਾਅਦ ਵੀ, ਭਾਰਤ ਵਿਚ ਮੁਸਲਮਾਨਾਂ ਦੀ ਆਬਾਦੀ ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਮੁਸਲਿਮ ਆਬਾਦੀ ਵਾਲੇ ਮੁਲਕਾਂ ਵਿੱਚੋਂ ਇਕ ਬਣਾਉਂਦੀ ਹੈ। ਸੰਘ ਪਰਿਵਾਰ ਜਿਸ ਭਾਰਤੀ ਸੰਸਕ੍ਰਿਤੀ ਉਪਰ ਐਵੇਂ ਹੀ ਫੁੱਲਿਆ ਫਿਰਦਾ ਹੈ, ਉਸ ਵਿਚ ਮੁਸਲਮਾਨਾਂ ਦਾ ਯੋਗਦਾਨ ਉਨ੍ਹਾਂ ਦੀ ਆਬਾਦੀ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਆਪਕ ਹੈ। ਦਰਅਸਲ ਭਾਰਤ ਦੀ ਜ਼ਿਆਦਾਤਰ ਪੁਰਾਤੱਤਵ ਵਿਰਾਸਤ ਮੁਸਲਮਾਨਾਂ ਦੀ ਹੀ ਬਦੌਲਤ ਹੈ। ਜਿਸ 'ਮਹਿਰਾਬ' ਦੇ ਬਾਰੇ ਵਿਚ ਪੁਰਾਤਨ ਜਾਂ ਇੱਥੋਂ ਤਕ ਕਿ ਮੱਧਕਾਲੀ ਭਾਰਤ ਵਿਚ ਵੀ ਕਿਸੇ ਨੂੰ ਕੁਛ ਪਤਾ ਨਹੀਂ ਸੀ, ਉਹ ਉਨ੍ਹਾਂ ਦੀ ਹੀ ਦੇਣ ਹੈ। ਜਿਸ ਮਹਿਰਾਬ ਨੇ ਇਸ ਪੁਰਾਤੱਤਵ ਖ਼ਜ਼ਾਨੇ ਨੂੰ ਇਸ ਕਾਬਲ ਬਣਾਇਆ ਕਿ ਭਾਰਤ ਹੁਣ ਵੀ ਉਸ ਉਪਰ ਮਾਣ ਕਰਦਾ ਹੈ। ਕਲਾ ਅਤੇ ਸੰਗੀਤ ਵਿਚ ਉਨ੍ਹਾਂ ਦਾ ਯੋਗਦਾਨ ਵੀ ਕਿਤੇ ਜ਼ਿਆਦਾ ਹੈ। ਫਿਰ ਭਾਰਤ ਦੀ ਆਧੁਨਿਕਤਾ ਅਤੇ ਬੁਨਿਆਦੀ ਢਾਂਚਾ ਬਸਤੀਵਾਦੀਆਂ ਨੇ ਮੁਹੱਈਆ ਕਰਾਇਆ, ਹਾਲਾਂਕਿ ਐਸਾ ਕਰਨ ਦੇ ਪਿੱਛੇ ਉਨ੍ਹਾਂ ਦੇ ਆਪਣੇ ਮੁਫ਼ਾਦ ਕੰਮ ਕਰ ਰਹੇ ਸਨ, ਪਰ ਉਨ੍ਹਾਂ ਦੀ ਥਾਂ ਲੈਣ ਵਾਲੇ ਦੇਸੀ ਹੁਕਮਰਾਨ ਇਸ ਦਾ ਆਖ਼ਰੀ ਕਤਰਾ ਤਕ ਨਿਚੋੜ ਲੈਣ ਨੂੰ ਬੇਤਾਬ ਹਨ।

ਚੰਗਾ ਹੋਵੇਗਾ, ਜੇ ਸੰਘ ਪਰਿਵਾਰ ਇਹ ਸਮਝ ਲਵੇ ਕਿ ਉਨ੍ਹਾਂ ਦਾ 'ਹਿੰਦੂ' ਦਾ ਧੰਦਾ ਕਦੇ ਕਾਰਗਰ ਸਾਬਤ ਹੋਣ ਵਾਲਾ ਨਹੀਂ ਹੈ। ਉਹ ਜਿੰਨਾ ਇਸ ਗ਼ਲਬਾਵਾਦੀ ਮਨਸੂਬੇ ਨੂੰ ਅੱਗੇ ਵਧਾਉਣਗੇ, ਉਤਨਾ ਹੀ ਲੋਕਾਂ ਤੋਂ ਖ਼ੁਦ ਨੂੰ ਦੂਰ ਕਰਦੇ ਜਾਣਗੇ। ਬਿਹਤਰ ਇਹ ਹੋਵੇਗਾ ਕਿ ਉਹ ਬਾਬਾ ਸਾਹਿਬ ਅੰਬੇਡਕਰ ਦੇ ਇਸ ਮਸ਼ਵਰੇ ਵੱਲ ਗ਼ੌਰ ਕਰਨ ਜਿਸ ਨੂੰ ਉਹ 'ਪੂਜਨੀਕ' ਮੰਨਦੇ ਹਨ:

'ਹਿੰਦੂਆਂ ਵਿਚ ਉਸ ਚੇਤਨਾ ਦੀ ਨਿਹਾਇਤ ਘਾਟ ਹੈ ਜਿਸ ਨੂੰ ਸਮਾਜ-ਸ਼ਾਸਤਰੀ 'ਸਰਵਅੰਗੀ' (Consciousness of kind) ਚੇਤਨਾ ਕਹਿੰਦੇ ਹਨ। ਹਿੰਦੂ ਤਰਜ਼ ਦੀ ਚੇਤਨਾ ਵਰਗੀ ਕੋਈ ਚੀਜ਼ ਹੁੰਦੀ ਹੀ ਨਹੀਂ। ਹਰ ਹਿੰਦੂ ਵਿਚ ਜੋ ਚੇਤਨਾ ਮਿਲਦੀ ਹੈ, ਉਹ ਉਸ ਦੀ ਆਪਣੀ ਜਾਤ ਦੀ ਚੇਤਨਾ ਹੈ। ਇਸੇ ਵਜ੍ਹਾ ਕਰ ਕੇ ਕਿਹਾ ਜਾਂਦਾ ਹੈ ਕਿ ਹਿੰਦੂ ਕੋਈ ਸਮਾਜ ਜਾਂ ਕੌਮ ਨਹੀਂ ਬਣਾ ਸਕਦੇ।' ਭਾਰਤ ਦੀ ਧਾਰਨਾ ਇਸ ਦੇ ਲੋਕਾਂ ਦੀ ਬਹੁਲਤਾ ਅਤੇ ਵੰਨ-ਸੁਵੰਨਤਾ ਦੀ ਧਾਰਨਾ ਹੈ। ਸਿਰਫ਼ ਇਨ੍ਹਾਂ ਸ਼ਰਤਾਂ 'ਤੇ ਹੀ ਇਸ ਬਹੁ-ਕੌਮੀ ਮੁਲਕ ਦੀ ਹੋਂਦ ਬਣੀ ਰਹਿ ਸਕਦੀ ਹੈ।

# ਧਰਮ ਰਾਜ ਦੀ ਵੀਡੀਓ ਕਾਨਫਰੰਸ

## ਨੋਕ-ਝੋਕ



ਐਸ. ਅਸ਼ੋਕ ਭੌਰਾ

***ਜਿਨ੍ਹਾਂ ਲੋਕਾਂ ਨੂੰ ਬੋਲਣ ਦਾ ਸਲੀਕਾ ਨਹੀਂ ਆਉਂਦਾ, ਉਨ੍ਹਾਂ ਕੋਲੋਂ ਉਨ੍ਹਾਂ ਦੀ ਯੋਗਤਾ ਵੀ ਤਾਲੀ ਵਜਾ ਕੇ ਲੰਘ ਜਾਂਦੀ ਹੈ, ਤੇ ਜਿਨ੍ਹਾਂ ਕੋਲ ਯੋਗਤਾ ਵੀ ਨਹੀਂ, ਸਲੀਕਾ ਵੀ ਨਹੀਂ; ਉਨ੍ਹਾਂ ਦੇ ਹੱਥੋਂ ਲਿਆ ਮਿੱਠਾ ਖਰਬੂਜਾ ਵੀ ਕਰੇਲੇ ਵਰਗਾ ਲੱਗਣ ਲੱਗ ਪੈਂਦਾ ਹੈ। ਕਈਆਂ ਦੀ ਜ਼ਿੰਦਗੀ ਤਾਂ ਸਾਰੀ ਗੁਜ਼ਰ ਚੱਲੀ ਹੈ, ਪਰ ਜਿਉਣ ਦਾ ਢੰਗ ਇਕ ਦਿਨ ਵੀ ਨਹੀਂ ਆਇਆ। ਵਾਹ ਉਨ੍ਹਾਂ ਹੀ ਚਿੱਠੀਆਂ ਨਾਲ ਪੈਣਾ ਹੁੰਦਾ ਹੈ, ਜਿਹੜੀਆਂ ਤੁਹਾਡੇ ਨਾਂ ਜਾਂ ਘਰ ਦੇ ਪਤੇ 'ਤੇ ਆਉਣੀਆਂ ਹੁੰਦੀਆਂ ਹਨ। ਕਿਸੇ ਦੀ ਬੇਰੰਗ ਚਿੱਠੀ ਨੂੰ ਚੁੱਕੀ ਫਿਰਨ ਵਾਲਾ ਕਹਿ ਨਹੀਂ ਸਕਦੇ ਕਿ ਸਿਆਣਾ ਹੋਵੇਗਾ! ਲੋਕ ਤਾਂ ਕਈ ਵਾਰ ਫੁੱਲ ਲੈ ਕੇ ਖੜ੍ਹੇ ਹੁੰਦੇ ਹਨ; ਪਰ ਤੁਹਾਡੀਆਂ ਗਲਤੀਆਂ, ਹਰਕਤਾਂ, ਹਉਮੈ ਅੱਗਾ ਘੇਰ ਰਹੇ ਹੁੰਦੇ ਹਨ। ਫਿਰ ਇਨ੍ਹਾਂ ਲੋਕਾਂ ਨੇ ਜਾਂ ਤਾਂ ਜ਼ਾਲਮ ਬਣਨਾ ਹੁੰਦਾ ਹੈ, ਜਾਂ ਆਤਮ-ਹੱਤਿਆ ਵੱਲ ਵਧਣਾ ਹੁੰਦਾ ਹੈ। ਇਨ੍ਹਾਂ ਦੇ ਲੀੜਿਆਂ ਵਿਚ ਇਤਰ-ਫੁਲੇਲ ਵੀ ਬਦਬੂ ਵਿਚ ਬਦਲ ਜਾਂਦੀ ਹੈ। ਜਦੋਂ ਦੀ ਕੁੱਤੇ ਨੇ ਸ਼ਾਸਕਾਂ ਵੱਲ ਪੂਛ ਅਤੇ ਪਰਜਾ ਵੱਲ ਮੂੰਹ ਕਰ ਲਿਆ ਹੈ, ਲੋਕ ਬੁਲਿਟ ਪਰੂਫ ਜੈਕੇਟਾਂ ਨਾਲ ਵੀ ਬਚ ਨਹੀਂ ਸਕਣਗੇ। ਇਕ ਵਾਰ ਕੋਈ ਵਿਦਵਾਨ ਕਿਸੇ ਜਾਣ-ਪਛਾਣ ਵਾਲੇ ਦੇ ਘਰ ਮਿਲਣ ਲਈ ਗਿਆ। ਭਿੜੇ ਬੂਹੇ ਖੋਲ੍ਹ ਕੇ ਜਦੋਂ ਅੰਦਰ ਲੰਘਿਆ ਤਾਂ ਪਾਲਤੂ ਕੁੱਤੇ ਨੇ ਹੱਲਾ ਬੋਲ ਦਿੱਤਾ। ਮਾਲਕ ਦੇ ਆਉਣ ਤੱਕ ਕੁੱਤੇ ਨੇ ਵਿਦਵਾਨ ਦਾ ਪਜਾਮਾ ਲੀਰਾਂ ਕਰ ਦਿੱਤਾ। ਉਸ ਨੇ ਮਾਲਕ ਨੂੰ ਨਿਮਰਤਾ ਨਾਲ ਕਿਹਾ, "ਕੁੱਤਾ ਤਾਂ ਨਸਲੀ ਹੈ, ਪਰ ਜੇ ਬੰਨ੍ਹ ਕੇ ਰੱਖਿਆ ਕਰੋ ਤਾਂ ਚੰਗਾ ਹੈ।" ਅੱਗਿਉਂ ਮਾਲਕ ਨੇ ਹੁੱਬ ਕੇ ਦੱਸਿਆ, "ਜਨਾਬ ਇਹ ਸਾਨੂੰ ਕੁਛ ਨਹੀਂ ਕਹਿੰਦਾ, ਇਸ ਕਰ ਕੇ ਖੁੱਲ੍ਹਾ ਛੱਡ ਕੇ ਰੱਖੀਦਾ ਹੈ।" ਵਿਦਵਾਨ ਦਾ ਅਗਲਾ ਜਵਾਬ ਦੇਖੋ, "ਪਾਲਣ ਵਾਲਿਆਂ ਨੂੰ ਕੁੱਤੇ ਕਦੇ ਵੀ ਵੱਢਦੇ ਨਹੀਂ ਹੁੰਦੇ।" ਖਾਣਾ ਤਾਂ ਉਸ ਨੇ ਖਾ ਲਿਆ, ਪਰ ਮੇਜ਼ਬਾਨ ਦੀਆਂ ਅੱਖਾਂ ਉਪਰ ਨਾ ਉਠ ਸਕੀਆਂ। ਅਸੀਂ ਅੱਜ ਐਸੇ ਯੁੱਗ 'ਚੋਂ ਗੁਜ਼ਰ ਰਹੇ ਹਾਂ ਜਿਸ ਅੰਦਰ ਹਰ ਕੋਈ ਮਹਿੰਗਾਈ ਦੀਆਂ ਦੁਹਾਈਆਂ ਦੇ ਰਿਹਾ ਹੈ, ਪਰ ਮਨੁੱਖੀ ਕਿਰਦਾਰ ਸਸਤੇ ਹੋਣ ਦਾ ਕਿਸੇ ਨੂੰ ਵੀ ਫਿਕਰ ਨਹੀਂ! ਇਸੇ ਕਰ ਕੇ ਕਈ ਮਹਿਲਾਂ ਵਿਚ ਕੁੱਤੇ ਜ਼ਿੰਦਗੀ ਮਾਣ ਰਹੇ ਨੇ, ਪਰ ਮਾਲਕ ਸਿਰਫ ਕੱਟ ਰਹੇ ਨੇ। ਬੜੀ ਦੇਰ ਪਹਿਲਾਂ ਲੋਕੀ ਚਿੱਠੀਆਂ ਦਾ ਜੁਆਬ ਦੇਣੋਂ ਤਾਂ ਹਟ ਗਏ ਸੀ, ਹੁਣ ਗੱਲ ਕਰਨ ਤੋਂ ਵੀ ਭਾਰੀ ਹੁੰਦੇ ਜਾ ਰਹੇ ਹਨ। ਉਪਰ ਵਾਲਾ ਉਪਰ ਹੈਗਾ ਕਿ ਨਹੀਂ, ਇਹ ਭੇਤ ਵੀ ਉਪਰ ਵਾਲਾ ਹੀ ਜਾਣੇ, ਪਰ ਹੇਠਾਂ ਵਾਲੇ ਸ਼ਰਧਾਵਾਨ ਹਾਲੇ ਕਾਇਮ ਰਹਿਣਗੇ, ਕਿਉਂਕਿ ਫਿਰ ਇੱਦਾਂ ਹੋ ਨਹੀਂ ਸਕੇਗਾ...***

"ਓ ਧੰਨਿਆ! ਕਿੱਦਾਂ ਅੱਜ ਉਦਾਸਿਆ ਜਿਹਾ ਫਿਰਦਾਂ, ਭਰਾ ਠੀਕ-ਠਾਕ ਐ?" ਜਾਗਰ ਅਮਲੀ ਨੇ ਬੋਰੀ ਦਾ ਪੱਲਾ ਹੇਠਾਂ ਨੂੰ ਖਿੱਚਦਿਆਂ ਬੋਹੜ 'ਤੇ ਬੈਠੇ ਜਾਨਵਰਾਂ ਨੂੰ ਦਬਕਦਿਆਂ ਆਖਿਆ, "ਚਲੋ ਸਾਲੇ...ਚੀਂ-ਚੀਂ ਲਾਈ ਐ।"

"ਕੁਛ ਨ੍ਹੀਂ ਜਾਗਰਾ, ਲੱਗ ਗਈ ਦੁਨੀਆਂ ਸਿਰੇ 'ਤੇ। ਆ ਗਈ ਪਰਲੋ। ਪੈ ਗਏ ਪਟਾਕੇ।" ਤੇ ਨਾਲ ਹੀ ਧਾਹਾਂ ਛੱਡ'ਤੀਆਂ।

"ਧੰਨਿਆ, ਭਰਾ ਨੂੰ ਦਿਲ ਦਾ ਦੌਰਾ ਪਿਆ ਸੀ, ਸੁੱਖ ਤਾਂ ਐ...ਹੌਸਲਾ ਰੱਖ।"

"ਭਰਾ ਨੂੰ ਤਾਂ ਛੱਡ ਯਾਰ, ਦੌਰਾ ਉਹਨੂੰ ਪੈ ਗਿਆ ਜੀਹਨੂੰ ਪੈਣਾ ਈ ਨ੍ਹੀਂ ਸੀ ਚਾਹੀਦਾ। ਹਾਏ ਓਏ ਮੇਰਿਆ ਰੱਬਾ! ਤੇਰੇ ਲਈ ਕੀਹਤੋਂ ਦੁਆਵਾਂ ਮੰਗਾਂ।" ਤੇ ਧੰਨਾ ਫਿਰ ਗੋਡਿਆਂ ਵਿਚ ਸਿਰ ਦੇ ਕੇ ਉਚੀ-ਉਚੀ ਰੋਣ ਲੱਗ ਪਿਆ।

"ਜਾਗਰਾ ਇਹਨੂੰ ਪਾਣੀ ਦਾ ਘੁੱਟ ਪਿਆਓ, ਧੁੱਪ ਵੀ ਸਾਲੀ ਅੱਜ ਫੇਰ ਕੜ੍ਹਿੱਲਾਂ ਕੱਢਦੀ ਹੈ, ਗਰਮੀ-ਗੁਰਮੀ ਖਾ ਗਿਆ ਧੰਨਾ।" ਮਾਸਟਰ ਗੁਰਮੀਤ ਸਿੰਘ ਨੇ ਵੀ ਆਉਂਦਿਆਂ ਝਾੜ'ਤਾ ਪੱਲੂ।

"ਦੁਆਨੀ ਦੀ ਅਕਲ ਨ੍ਹੀਂ, ਪੜ੍ਹਿਆ-ਲਿਖਿਆ ਕਹਾਉਂਦੈਂ ਆਪਣੇ ਆਪ ਨੂੰ। ਹੋਰ ਲਾ'ਤੀ ਆਰ। ਤੂੰ ਨਾ ਮੇਰੇ ਅੱਲ੍ਹੇ ਜ਼ਖ਼ਮ ਛਿਲਣੋਂ ਹਟੀਂ।"

"ਮਾਹਟਰਾ, ਭਰਾ ਵਿਚਾਰੇ ਦਾ ਮੰਜੇ 'ਤੇ ਪਿਐ। ਦੁਖੀ ਆ ਬਾਹਲਾ ਵਿਚਾਰਾ...ਪਰ ਗੱਲ ਤਾਂ ਦੱਸ ਧੰਨਿਆ, ਕੀ ਊਠਣੀ ਦੁੱਧ ਦੇਣੋਂ ਹਟ'ਗੀ?"

"ਯਾਰ ਮੈਂ ਰਾਤੀਂ ਕਿਤੇ ਉਪਰ ਜਾ ਚੜ੍ਹਿਆ।"

"ਚੁਬਾਰੇ 'ਤੇ?"

"ਫਿਟੇ-ਮੂੰਹ ਤੇਰੇ ਜਾਗਰਾ। ਭਲਾ ਕਿਤੇ ਤੂੰ ਛੰਨ 'ਤੇ ਚੁਬਾਰਾ ਪਿਆ ਦੇਖਿਐ, ਮਸਾਂ ਦਿਨ ਕਟੀ ਕਰਦੇ ਆਂ...ਚੁਬਾਰੇ ਦੱਸਦੈ।"

"ਰਾਤੀਂ ਕਿਤੇ ਭਰਾ ਦੀਆਂ ਲੱਤਾਂ-ਬਾਹਾਂ ਘੁੱਟਦਿਆਂ, ਅੱਖ ਲੱਗ ਗਈ। ਭੁੱਕੀ ਤਾਂ ਛੋਟੀ ਕੌਲੀ ਹੀ ਪੀਤੀ ਸੀ, ਪਰ ਅੱਖ ਲਗਦੇ ਸਾਰ ਉਪਰ ਜਾ ਚੜ੍ਹਿਆ।"

"ਹੈਂ! ਕਮਲਾ ਦੁਖੀ ਭਰਾ 'ਤੇ ਜਾ ਪਿਆ।"

"ਉਘ ਦੀਆਂ ਪਤਾਲ ਮਾਰੀ ਜਾਇਆ ਕਰ, ਪੂਰੀ ਨਾ ਸੁਣੀਂ ਤੂੰ ਮਾਹਟਰਾ।"

"ਚੱਲ ਅੱਗੇ ਫੇ'।"

"ਅੱਛਾ! ਅੱਛਾ! ਐਂ ਕਹਿ ਪਈ ਸੁਫਨਾ ਆਇਆ ਸੀ।"

"ਸੁਫਨਾ ਦੱਸਦੈ, ਭਰਾ ਨੂੰ ਤਾਂ ਡਾਕਟਰਾਂ ਨੇ ਬਚਾ ਲਿਆ, ਉਪਰ ਧਰਮ ਰਾਜ ਨੂੰ ਦਿਲ ਦਾ ਟੈਕ (ਅਟੈਕ) ਹੋ ਗਿਆ...ਬਈ ਪਤਾ ਨ੍ਹੀਂ ਕੀ ਬਣਿਆ ਹੋਊ ਉਹਦਾ।"

"ਸੁਪਨਿਆਂ ਦੀਆਂ ਗੱਲਾਂ ਤੋਂ ਨ੍ਹੀਂ ਏਨਾ ਦੁਖੀ ਹੋਈਦਾ।"

"ਕਦੇ ਮੂੰਹ ਨ੍ਹੀਂ ਲਾਇਆ ਕਿਸੇ ਚੀਜ਼ ਨੂੰ, ਤੈਨੂੰ ਸੁਆਹ ਸੁਪਨੇ ਆਉਂਦੇ ਹੋਣੇ ਆਂ? ਜੇ ਆਉਂਦੇ ਵੀ ਹੋਏ ਤਾਂ ਤੀਵੀਂ ਦੇ, ਜਿਹੜੀ ਭੱਜ ਗਈ ਦੁਖੀ ਤੈਥੋਂ।"

"ਚੱਲ ਬਦਲੇ ਨਾ ਲੈ, ਗੱਲ ਦੱਸ ਕੀ ਹੋਈ। ਲਿਆ ਪੂੰਝ ਦਿਆਂ ਸਾਫੇ ਨਾਲ ਅੱਖਾਂ।"

ਤੇ ਦੋਵੇਂ ਹਥੇਲੀਆਂ ਅੱਖਾਂ 'ਤੇ ਘੁਮਾ ਕੇ ਧੰਨਾ ਬੋਲਿਆ, "ਵਿਚ ਨਾ ਬੋਲਿਓ ਕੰਜਰ ਦਿਓ, ਬੇੜਾ ਡੁੱਬਣ ਲਈ ਹਚਕੋਲੇ ਖਾਂਦਾ।"

"ਗੰਢਾ ਈ ਛਿੱਲੀ ਜਾਊਂ ਕਿ ਗਹਾਂ ਵੀ ਤੁਰੂੰ।"

"ਲੈ ਬਈ, ਜਦ ਮੈਨੂੰ ਜਮਦੂਤ ਉਪਰ ਲੈ ਕੇ ਪੁੱਜੇ, ਲੁਆਲਾ ਜਿਹਾ ਸੀ...ਮੂੰਹ-ਨੇਰ੍ਹਾ। ਮੂਹਰੇ ਧਰਮ ਰਾਜ ਕੁਰਸੀ 'ਤੇ ਬੈਠਾ। ਆਲੇ-ਦੁਆਲੇ ਕੈਮਰਿਆਂ ਆਲੇ ਖੜ੍ਹੇ, ਸਾਹਮਣੇ ਹਰੀ ਸਿੰਘ ਦੀ ਮੂਹਰਲੀ ਕੰਧ ਜਿੱਡਾ ਟੈਲੀਵਿਜ਼ਨ ਚੱਲੇ।"

"ਇਹਦੇ ਵਿਚ ਫ਼ੇ' ਰੋਣ ਆਲੀ ਕਿਹੜੀ ਗੱਲ ਸੀ। ਆਏਂ ਫੜ੍ਹਾਂ ਮਾਰਦਾ, ਜਿੱਦਾਂ ਕਿਤੇ ਵਜ਼ੀਰ ਹੁੰਦਾ, ਪਈ ਸਾਹਿਬ ਦੀ ਫ਼ਿਲਮ ਬਣਾਉਣ ਆਏ ਆ ਜਲੰਧਰੋਂ ਟੈਲੀਵਿਜ਼ਨ ਆਲੇ।"

"ਓਏ ਜਾਗਰਾ, ਬੂਲੀ ਕੁੱਤੇ ਵਰਗਾ ਮੂੰਹ ਬੰਦ ਰੱਖਣਾ ਕਿ ਨਹੀਂ?"

"ਤੈਨੂੰ ਸਾਲਿਆ ਕਿਤੇ ਪਟਿਆਲੇ ਆਲਿਆਂ ਨੇ ਰੱਖਿਆ ਹੋਇਐ, ਬੂਲੀ ਦੱਸਦਾ...ਵੱਡਾ ਸੁਨੱਖਾ ਰਾਹੁਲ ਗਾਂਧੀ। ਚੱਲ ਅੱਗੇ...।"




"ਮੈਂ ਪੁੱਛਿਆ ਪਈ ਗੱਲ ਕੀ ਐ, ਮੈਂ ਤਾਂ ਹੇਠਾਂ ਕਦੇ ਬਤਾਊਂ ਨ੍ਹੀਂ ਤੋੜਿਆ। ਇਹ ਕੈਮਰਿਆਂ ਵਾਲੇ ਕਾਹਨੂੰ ਸੱਦੇ ਆ, ਕੀ ਪੁੱਛਣਾ ਮੈਥੋਂ? ਭਰਾਵੋ ਅੱਗਿਉਂ ਪੈ ਗਿਆ ਧਰਮ ਰਾਜ ਦਾ ਪਿਆਦਾ। ਆਂਹਦਾ- ਓਹ ਵਿੰਗਿਆ ਜਿਹਿਆ, ਬਹਿ ਜਾ ਚੁੱਪ ਕਰ ਕੇ। ਲੈਨੇ ਆਂ ਤੇਰੀ ਸਾਰ। ਹਾਲੇ ਧਰਮ ਰਾਜ ਬਿਜੀ ਐ।"

"ਫੇ'?"

"ਫੇ' ਕੀ ਸੀ, ਬਹਿ ਗਿਆ ਖੂੰਜੇ ਲੱਗ ਕੇ। ਧਰਮ ਰਾਜ ਨੇ ਫਰਮਾਨ ਜਾਰੀ ਕਰ'ਤਾ ਕਿ ਹੇਠਾਂ ਬੜਾ ਰੌਲਾ ਪੈਂਦਾ ਨਸ਼ਿਆਂ ਦਾ, ਕਰੋ ਕੈਮਰੇ ਫਿੱਟ। ਮੈਂ ਸਾਰਾ ਹਾਲ ਆਪਣੀਆਂ ਅੱਖਾਂ ਨਾਲ ਦੇਖਣਾ।"

"ਅੱਛਾ! ਉਪਰ ਵੀ ਧਰਮ ਰਾਜ ਕੋਲ ਕੈਮਰੇ ਹੈਗੇ ਆ?"

"ਨਾ ਹੋਰ ਕਿਤੇ ਨਾ ਜਾਗਰਾ! 'ਕੱਲੇ-'ਕੱਲੇ ਕੋਲ ਫੋਨ ਆ, ਹਾਅ ਜਿਹੜੀ ਬੁੱਕ-ਬੱਕ ਆਂਹਦੇ ਆ, ਉਹਦੀਆਂ ਵੀ ਗੱਲਾਂ ਚੱਲਣ।"

"ਫੇਸਬੁੱਕ...।"

"ਹਾਂ ਹਾਂ...ਹਾਅ ਈ ਮਾਹਟਰਾ! ਧਰਮ ਰਾਜ ਆਂਹਦਾ, ਕੋਈ ਲਿਆਓ ਬੰਦਾ ਜੀਹਨੂੰ ਹੇਠਾਂ ਭੇਜੀਏ। ਦੱਸੇ ਹੇਠੋਂ ਸਭ ਕੁਝ।"

"ਤੂੰ ਕਹਿਣਾ ਸੀ ਮੈਨੂੰ ਭੇਜ ਦਿਓ।"

"ਕੂਪੱਤ ਕਰਾਉਣੀ ਸੀ...ਇਕ ਨੂੰ ਲਿਆਇਆ ਫੜ ਕੇ ਪਿਆਦਾ। ਧਰਮ ਰਾਜ ਪੈ ਗਿਆ ਟੁੱਟ ਕੇ, ਆਂਹਦਾ, ਇਹਨੂੰ ਤਾਂ ਨਰਕ ਦੀ ਆਖਰੀ ਕੋਠੜੀ ਵਿਚ ਬੰਦ ਕਰੋ, ਇਹਦੇ ਤਾਂ ਬੰਦੇ ਕਰਾਉਂਦੇ ਆ ਹੇਠਾਂ।"

"ਲੀਡਰ ਹੋਣਾ?"

"ਛੀ...ਚੁੱਪ, ਹੁਣ ਆਪੇ ਜਾਣ ਲੈ। ਖੈਰ ਜੀ! ਭੇਜ'ਤਾ ਸਿਆਣਾ ਜਿਹਾ ਬੰਦਾ।"

"ਕਿੱਦਾਂ ਦਾ ਸੀ?"

"ਮੈਂ ਫੋਟੋ ਖਿੱਚੀ ਆ, ਹੋਊ ਆਪਣੇ ਸ਼ਾਮੇ ਬਾਹਮਣ ਵਰਗਾ। ਲੰਮੀ ਬੋਦੀ ਜਿਹੀ ਦਿਸੀ ਸੀ ਪਿੱਛੇ। ਬਈ ਮਿੰਟਾਂ-ਸਕਿੰਟਾਂ ਵਿਚ ਪੁੱਜ ਗਿਆ ਹੇਠਾਂ। ਸਾਹਮਣੇ ਚੱਲ ਪਈ ਟੈਲੀਵਿਜ਼ਨ 'ਤੇ ਗੱਲਬਾਤ, ਕੈਮਰਾ ਫਿੱਟ ਹੋ ਗਿਆ ਸਿੱਧਾ ਮਾਝੇ...ਬਈ ਭਰਾਵੋ, ਕੀ ਦੇਖਾਂ...ਇਕ ਵਿਚਾਰੀ ਜਨਾਨੀ ਨੇ ਚਾਰ ਕੁ ਮਹੀਨਿਆਂ ਦਾ ਬੱਚਾ ਚੁੱਕਿਆ ਹੋਇਆ, ਇਕ ਪੁਲਿਸ ਆਲਾ ਵਾਲਾਂ ਤੋਂ ਖਿੱਚ ਕੇ ਮਾਰੇ ਕੱਸ-ਕੱਸ ਰੂਲ।"

"ਧਰਮ ਰਾਜ ਨ੍ਹੀਂ ਬੋਲਿਆ ਕੁਛ, ਦੇਖੀ ਗਿਆ?"

"ਕਾਹਨੂੰ, ਉਹ ਤਾਂ ਹੋ ਗਿਆ ਲੀੜਿਆਂ ਤੋਂ ਬਾਹਰ। ਅਖੇ, ਮੈਨੂੰ ਕੀ ਪਤਾ...ਆਹ ਕੁਛ ਹੁੰਦਾ ਪੰਜਾਬ ਵਿਚ। ਅਬਲਾ ਨੂੰ ਕੁੱਟਦੇ ਆ, ਲਾਹਣਤ ਵਰਦੀ ਦੇ। ਰੋਂਦੇ ਜੁਆਕ 'ਤੇ ਵੀ ਤਰਸ ਨ੍ਹੀਂ ਕਰਦੇ। ਧਰਮ ਰਾਜ ਨੇ ਆਪਣੇ ਬੰਦੇ ਨੂੰ ਕਿਹਾ, ਪੁੱਛ ਪੁਲਿਸ ਵਾਲੇ ਨੂੰ, ਕਿਉਂ ਮਾਰਦਾ ਇਹਨੂੰ।"

"ਕੀ ਬੋਲਿਆ ਪੁਲਿਸ ਵਾਲਾ ਫੇ'?"

"ਕਹਿਣ ਲੱਗਾ, ਇਹਨੇ ਕੱਲ੍ਹ ਐਥੇ ਇਕ ਔਰਤ ਦੇ ਗਲ ਵਿਚੋਂ ਸੋਨੇ ਦੀ ਚੈਨੀ ਲਾਹੀ ਐ, ਦੱਸਦੀ ਨ੍ਹੀਂ ਹੋਰ ਕੀਹਨੂੰ-ਕੀਹਨੂੰ ਲੁੱਟਿਆ, ਇਹਦੀ ਤਾਂ ਆਏਂ ਛਿੱਲ ਲੱਥੂ। ਫੇਰ ਭਰਾਵਾ ਉਸ ਜਨਾਨੀ ਨੂੰ ਪੁੱਛਣ ਲੱਗ ਪਏ...।"

"ਉਹ ਕੀ ਆਂਹਦੀ ਸੀ?"

"ਉਹ ਤਾਂ ਭਰਾਵੋ ਰੋਈ ਜਾਵੇ...ਜਾਗਰਾ, ਮਸਾਂ ਚੁੱਪ ਕੀਤੀ...ਫਿਰ ਜੋ ਦੱਸੇ, ਸੁਣਿਆ ਨਾ ਜਾਵੇ। ਆਂਹਦੀ, ਇਹ ਪੁਲਸੀਆ ਮੰਤਰੀ ਦਾ ਆ ਰੱਖਿਆ ਗਾਰਡ। ਇਹ ਸਾਡੇ ਘਰ ਆਉਂਦਾ-ਜਾਂਦਾ ਸੀ। ਸਮੈਕ ਵੇਚਦਾ, ਨਾਲੇ ਪੀਂਦਾ। ਹੁਣ ਵੀ ਪੱਕੀ ਪੀਤੀ ਹੋਊ। ਪਰਸੋਂ ਸਾਡੇ ਘਰ ਆਇਆ। ਮੇਰੀ ਇੱਜ਼ਤ ਨੂੰ ਪੈ ਗਿਆ, ਮੈਂ ਰੌਲਾ ਪਾ ਕੇ ਜਾਨ ਬਚਾਈ। ਇਹਨੇ ਮਾਰਿਆ ਮੇਰੇ ਘਰ ਵਾਲੇ ਨੂੰ। ਛੇ ਮਹੀਨੇ ਹੋ ਗਏ ਉਹਨੂੰ ਥੇਹ ਪੈਣੇ ਨੂੰ ਮਰ ਗਿਆ। ਮੈਂ ਭੁੱਖੀ ਆਂ, ਕੀ ਕਰਾਂ। ਮੈਂ ਨ੍ਹੀਂ ਲਾਹੀ ਕੋਈ ਚੈਨੀ-ਚੂਨੀ। ਲੁੱਚਾ ਝੂਠ ਬੋਲਦਾ। ਕੈਮਰੇ ਆਲਾ ਪੁੱਛਣ ਲੱਗਾ, ਫ਼ੇ' ਬੀਬਾ! ਏਥੇ ਕੀ ਕਰਦੀ ਆਂ?"

"ਹਾਂ ਹਾਂ ਹਾਅ ਦੱਸ?"

"ਆਖੇ ਮੰਗਦੀ ਆਂ। ਸਹੁਰਾ ਹੈ ਨ੍ਹੀਂ, ਦਿਓਰ ਵੀ ਇਹੀ ਸੁਆਹ ਪੀਂਦਾ ਅੱਗ ਲੱਗਣੀ ਸਮੈਕ। ਉਹ ਕੁੱਟਦਾ, ਕਹਿੰਦਾ, ਜਾਹ ਮੰਗ ਕੇ ਖਾ, ਨਾਲੇ ਲਿਆ। ਉਹ ਵੀ ਇਹਦੇ ਨਾਲ ਰਲਿਆ ਹੋਇਐ, ਕੁੱਤੇ ਪੁਲਿਸ ਆਲੇ ਨਾਲ। ਬਈ ਜਾਗਰਾ! ਉਹਨੇ ਕਿਤੇ ਧਾਹ ਮਾਰੀ...ਆਂਹਦੀ, ਵੇ ਰੱਬਾ! ਲੁੱਟ ਲਈ ਤੇਰੀ ਲੰਕਾ ਚੋਰਾਂ ਨੇ। ਚੰਗੇ ਘਰ ਦੀ ਸੀ, ਮੰਗਣ ਲਾ'ਤੀ। ਉਤੋਂ ਆਹ ਕੁਟਾਪਾ! ਮੈਂ ਜਾਵਾਂ ਤਾਂ ਡਾਢਿਆ ਕਿਥੇ ਜਾਵਾਂ? ਖੂਹ-ਖਾਤਾ ਗੰਦਾ ਕੀਤਾ ਤਾਂ ਜੁਆਕ ਰੂਲ ਜੂ...ਹਾਏ ਓਏ...ਸੁਣ ਕਿਤੇ ਮੇਰੀ। ਖਾ ਗਈ ਸਮੈਕ ਪੰਜਾਬ ਦੇ ਪੁੱਤ।"

"ਫੇਰ ਧਰਮ ਰਾਜ ਨ੍ਹੀਂ ਕੁਛ ਬੋਲਿਆ?"

"ਉਹ ਵੀ ਮੈਨੂੰ ਵਿਚਾਰਾ ਹੀ ਲੱਗਾ। ਮਣ-ਮਣ ਅੱਥਰੂ ਸੁੱਟੇ ਅੱਖਾਂ ਵਿਚੋਂ ਜਾਗਰਾ। ਕੈਮਰੇ ਵਾਲੇ ਨੂੰ ਫੇਰ ਹੁਕਮ ਹੋ ਗਿਆ ਕਿ ਚੱਲ ਕਿਤੇ ਚੱਲ, ਕਰ ਫਿੱਟ ਕੈਮਰਾ।...ਤੁਰ ਪਿਆ ਵਿਚਾਰਾ।"

"ਅੱਗੇ ਫੇ' ਸੁੱਖ ਰਹੀ?"

"ਸੁਣ...ਅੱਗੇ ਤਾਂ ਚਿੜੀਆਂ ਨੂੰ ਬਾਜ਼ ਪੈਂਦੇ ਦੇਖ।...ਕੈਮਰਾ ਘੁੰਮ ਗਿਆ ਇਕ ਹੋਰ ਘਰ 'ਤੇ।"

"ਉਥੇ ਕੀ ਹੁੰਦਾ ਸੀ?"

"ਹੋਣਾ ਸੁਆਹ...ਜੋ ਘਰ-ਘਰ ਪੰਜਾਬ ਹੋਣ ਵਾਲੈ। ਉਸ ਘਰ ਮਕਾਣ ਆਈ ਹੋਈ...ਲਾਸ਼ ਵਿਹੜੇ ਵਿਚ ਟੁੱਟੇ ਜਿਹੇ ਮੰਜੇ ਉਤੇ ਪਈ, ਸੱਜ ਵਿਆਹੀ ਚੂੜਾ ਭੰਨੇ...।"

"ਉਹਨੂੰ ਕੀ ਹੋਇਆ?"

"ਕਾਲਜਾ ਫਟਦਾ ਸੀ ਜਾਗਰਾ ਵੇਖ ਕੇ। ਵਿਚਾਰੀ ਦੇ ਹਾੜ੍ਹੇ ਨਾ ਸੁਣੇ ਜਾਣ। ਕਿਸੇ ਬੇਈਮਾਨ ਵਿਚੋਲੇ ਨੇ ਗਰੀਬ ਘਰ ਦੀ ਕੁੜੀ ਵੇਖ ਕੇ ਲਾ'ਤੀ ਵਿਚਾਰੀ ਨਸ਼ੇੜੀ ਦੇ ਲੜ। ਸਮੈਕ ਪੀਂਦਾ ਸੀ। ਕੁੜੀ ਦੇ ਤਾਅਨੇ ਨਾ ਸੁਣੇ ਜਾਣ। ਆਖੇ...ਜਿਨ੍ਹਾਂ ਕੰਜਰਾਂ ਨੇ ਪਿਛਲੀਆਂ ਵੋਟਾਂ ਵਿਚ ਪੀਣ ਲਾਇਆ ਸੀ, ਐਤਕੀਂ ਮਾੜੀ ਕਿਸਮਤ ਨੂੰ ਨਵੀਂ ਪਾਰਟੀ ਆਲਿਆਂ ਦੀ ਮਦੈਤ ਕਰਨ ਲੱਗ ਪਿਆ। ਰੜਕ ਪਿਆ ਅੱਖਾਂ ਵਿਚ। ਊਂ ਪੀਂਦਾ ਰਹਿੰਦਾ ਤਾਂ ਦੋ-ਚਾਰ ਸਾਲ ਕੱਟ ਜਾਣੇ ਸੀ, ਚੁਕਾ'ਤਾ ਵਿਰੋਧੀਆਂ ਨੇ ਪੁਲਿਸ ਕੋਲ, ਅਖੇ ਸਮੈਕ ਵੇਚਦਾ। ਅੱਠ ਦਿਨ ਰੱਖਿਆ ਅੰਦਰ। ਕੁੱਟ-ਕੁੱਟ ਹੱਡੀਂ ਰਾਧ ਪਾ'ਤੀ ਜਲ ਜਾਣਿਆਂ ਨੇ। ਮਰਿਆ ਕੱਲ੍ਹ ਘਰ ਸੁੱਟ ਗਏ। ਆਖੇ...ਰੱਬਾ! ਤੂੰ ਹੀ ਕਰ ਕੁਛ, ਮੈਂ ਕੀ ਕਰੂੰਗੀ? ਲਾਲ ਚੁੰਨੀ ਦਾ ਰੰਗ ਰਾਤੋ-ਰਾਤ ਚਿੱਟਾ ਕਰਨ ਵਾਲਿਆ!...ਤੈਨੂੰ ਕੀ ਕਹਾਂ? ਤੇ ਨਾਲ ਹੀ ਵਿਚਾਰੀ ਨੂੰ ਗਸੀ ਪੈ ਗਈ।"

"ਯਾਰ ਧੰਨਿਆ! ਇਹ ਸੁਣ ਕੇ ਹੀ ਸਾਡਾ ਕਾਲਜਾ ਬਾਹਰ ਨੂੰ ਆਉਂਦੈ, ਧਰਮ ਰਾਜ ਨ੍ਹੀਂ ਕੁਛ ਬੋਲਿਆ?"

"ਬੋਲਿਆ ਤਾਂ ਜਾਗਰਾ ਕੁਛ ਨ੍ਹੀਂ, ਤੇਲੀਓ-ਤੇਲੀ ਹੋ ਗਿਆ। ਪਾਣੀ ਦਾ ਗਲਾਸ ਲਿਆ ਕੇ ਦਿੱਤਾ। ਦੋ ਘੁੱਟ ਹੀ ਭਰੇ ਹੋਣਗੇ, ਆਂਹਦਾ...ਬੰਦ ਕਰ ਦਿਓ ਟੈਲੀਵਿਜ਼ਨ ਥੋੜ੍ਹੇ ਚਿਰ ਲਈ। ਹਾਲੇ ਬਟਨ ਦੱਬਿਆ ਹੀ ਸੀ, ਇਕ ਔਰਤ ਨਿਕਲ ਕੇ ਆ ਖੜ੍ਹੀ ਹੋਈ ਧਰਮ ਰਾਜ ਮੂਹਰੇ। ਲੱਗ ਪਈ ਉਲਰ-ਉਲਰ ਬੋਲਣ।"

"ਆਹ ਧੰਨਿਆ...ਵਿਚੇ ਹੋਰ ਰੌਲਾ ਪਾ ਲਿਆ। ਇਹ ਕੀ ਗੱਲ ਹੋਈ?"

"ਜਾਗਰਾ, ਬੀਬੀ ਨੇ ਤਾਂ ਚਲਾ'ਤੇ ਅਨਾਰ ਪੂਰੇ। ਟੁੱਟ-ਟੁੱਟ ਪਵੇ। ਆਖੇ...ਦੇ-ਦੇ ਸਾਨੂੰ ਹੋਰ ਫਾਹੇ। ਗੁਰੂਆਂ ਪੀਰਾਂ ਦੀ ਧਰਤੀ 'ਤੇ ਅਨਰਥ ਹੋ ਰਿਹੈ। ਮੈਂ ਆਪਣੇ ਦੋ ਪੁੱਤ ਮਰਵਾ ਕੇ ਆਪ ਫਾਹਾ ਲੈ ਕੇ ਮਰ-ਮੁੱਕ ਕੇ ਆਈ ਆਂ...ਹਵਾ ਵਿਚ ਜ਼ਹਿਰ, ਰੱਬਾ...ਪਾਣੀ ਵਿਚ ਜ਼ਹਿਰ, ਖਾਣੇ ਵਿਚ ਜ਼ਹਿਰ, ਤੇਰੇ ਲੀਡਰਾਂ ਨੇ ਘੋਲ'ਤੀ ਘਰ-ਘਰ ਜ਼ਹਿਰ। ਤੇਰੇ ਜੇ ਐਨਕਾਂ ਨ੍ਹੀਂ ਲੱਗੀਆਂ, ਤਾਂ ਦੀਂਹਦਾ ਨ੍ਹੀਂ...ਨਹੀਂ ਦੀਂਹਦਾ ਤਾਂ ਖੋਪੇ ਚੜ੍ਹਾ ਲੈ। ਦੋ ਪੁੱਤ-ਮਾਂ ਹੁਣੇ ਗੋਲੀਆਂ ਨਾਲ ਪਰੁੰਨ ਦਿੱਤੇ ਨੇ। ਮਾਂਵਾਂ ਦੀਆਂ ਗੋਦਾਂ ਵਿਚ ਹਲਕੇ ਹੋਏ ਇਹ ਹਾਕਮ ਲੱਤਾਂ ਮਾਰ ਰਹੇ ਨੇ। ਥੱਲੇ ਤਾਂ ਉਨ੍ਹਾਂ ਤੋਂ ਰਾਜ ਨ੍ਹੀਂ ਚੱਲਦਾ, ਪਰਜਾ ਪਿੱਟ-ਸਿਆਪੇ ਕਰ ਰਹੀ ਐ। ਲਗਦੈ, ਤੇਰਾ ਵੀ ਰਾਜ ਨ੍ਹੀਂ ਚੱਲਣਾ ਚਾਰ ਦਿਨ। ਲੋਕਾਂ ਦਾ ਵਿਸ਼ਵਾਸ ਉਠਦਾ ਜਾ ਰਿਹੈ। ਕਰ ਕੁਛ, ਨਹੀਂ ਤਾਂ ਬਗਾਵਤ ਹੋ ਜੂ। ਲੋਕੀਂ ਤੇਰੇ ਵਿਰੁਧ ਲਲਕਾਰੇ ਮਾਰਨ ਨੂੰ ਫਿਰਦੇ ਐ। ਚੁੱਕ ਲਿਆ ਹੇਠੋਂ ਸਭ ਬੇਈਮਾਨ, ਕਰਦੇ ਪੰਜਾਬ ਦਾ ਭਲਾ। ਹੁਣ ਦੇਖ ਕੀ ਰਿਹੈਂ?...ਬਈ ਬੀਬੀ ਤਾਂ ਚੁੱਪ ਨਾ ਕਰੇ।"

"ਫਿਰ ਉਹਦਾ ਕੀ ਕੀਤਾ?"

"ਉਹਨੂੰ ਉਹਦੀਆਂ ਚਾਰ ਚੁਪੈਣਾਂ ਧੂਹ ਕੇ ਲੈ ਗਈਆਂ ਅੰਦਰ, ਜਿਵੇਂ ਹੇਠਾਂ ਮਾਸਟਰਨੀਆਂ, ਨਰਸਾਂ ਵਿਚਾਰੀਆਂ ਨੂੰ ਪੁਲਿਸ ਆਲੇ ਘੜੀਸਦੇ

***(ਬਾਕੀ ਸਫਾ 25 'ਤੇ)***

## ਗੱਲ ਬਣੀ ਕਿ ਨਹੀਂ

### ਰੰਗ 'ਚ ਭੰਗ

ਪੱਛਮ 'ਚੋਂ ਸੂਰਜ ਫੇਰ ਚੜ੍ਹੇਗਾ ਜ਼ਰੂਰ,
ਜਦੋਂ ਹਾਥੀ ਜਾਵੇ ਫਸ ਤੇ ਪੂਛ ਜਾਵੇ ਲੰਘ ਜੀ,
ਉਦੋਂ ਫਿਰ ਪੈਣੀ ਹੁੰਦੀ ਰੰਗ ਵਿਚ ਭੰਗ ਜੀ।

ਰੱਜ ਕੇ ਸੁਨੱਖੀ ਹੋਵੇ ਕੋਠੇ ਜਿੱਡੀ ਧੀ ਜੀ,
ਨਾ ਮਾਪਿਆਂ ਦੇ ਮੂਹਰੇ ਕਦੇ ਕੀਤੀ ਹੋਵੇ ਸੀ ਜੀ,
ਡਾਲਰਾਂ ਦੇ ਲਾਲਚ 'ਚ ਬੁਢੜੇ ਦੇ ਲੜ ਲਾ ਕੇ,
ਕੈਨੇਡਾ ਵਿਚ ਧੱਕੇ ਨਾਲ ਮਾਪੇ ਦੇਣ ਮੰਗ ਜੀ,
ਉਦੋਂ ਫਿਰ ਪੈਣੀ ਹੁੰਦੀ ਰੰਗ ਵਿਚ ਭੰਗ ਜੀ।

ਬੇਇਤਬਾਰਾ ਬੰਦਾ ਹੋਣ ਜਦੋਂ ਲੱਗ ਪਏ,
ਇੱਜ਼ਤਾਂ ਨੂੰ ਫੂਕੇ ਢੱਠੇ ਖੂਹ ਵਿਚ ਪੱਗ ਪਏ,
ਕਰੇ ਮਸ਼ਕੂਲੇ ਤੀਵੀਂ ਜੇਠ ਅਤੇ ਸਹੁਰੇ ਨਾਲ,
ਸ਼ਰਮ ਹਯਾ ਦੀ ਚੁੰਨੀ ਕਿੱਲੀ ਉਤੇ ਟੰਗ ਜੀ,
ਉਦੋਂ ਫਿਰ ਪੈਣੀ ਹੁੰਦੀ ਰੰਗ ਵਿਚ ਭੰਗ ਜੀ।

ਮੂਰਖਾਂ 'ਚ ਬੈਠ ਕੇ ਸਿਆਣਾ ਜੇ ਦਲੀਲ ਦੇਵੇ,
ਬਾਂਦਰ ਦੇ ਹੱਥ ਕੱਢ ਡੱਬੀ ਵਿਚੋਂ ਤੀਲ ਦੇਵੇ,
ਅੱਗ ਕਿਵੇਂ ਬੁਝੇਗੀ ਜੇ ਘੁੱਟਵੀਂ ਪਜਾਮੀ ਨਾਲ,
ਤਿੱਲੇ ਵਾਲੀ ਜੁੱਤੀ ਪਾਈ ਹੋਵੇ ਪੂਰੀ ਤੰਗ ਜੀ,
ਉਦੋਂ ਫਿਰ ਪੈਣੀ ਹੁੰਦੀ ਰੰਗ ਵਿਚ ਭੰਗ ਜੀ।

ਪੁੱਤਾਂ ਦੇ ਵਿਆਹੁਣ ਵਾਲੀ ਉਤੋਂ ਪੂਰੀ ਬੱਤ ਹੋਵੇ,
ਕੁੜਮਾਂ 'ਚ ਬਹਿਣ ਦੀ ਨਾ ਟਕੇ ਜਿੰਨੀ ਮੱਤ ਹੋਵੇ,
ਤੀਵੀਂ ਬਦਕਾਰ ਹੱਡ ਨਿੱਤ ਹੀ ਭਨਾਵੇਂ 'ਭੌਰੇ',
ਜੰਮੂ ਕਸ਼ਮੀਰ ਜੈਸੀ ਛਿੜੀ ਰਹੇ ਜੰਗ ਜੀ,
ਫੇਰ ਉਦੋਂ ਪੈਣੀ ਹੁੰਦੀ ਰੰਗ ਵਿਚ ਭੰਗ ਜੀ।

***-ਐਸ. ਅਸ਼ੋਕ ਭੌਰਾ***

## ਸਿੱਖੀ ਕੀ ਸੀ ਤੇ ਕੀ ਹੈ-3

# ਗੁਰੂ ਨਾਨਕ ਦੀ ਵਿਚਾਰਧਾਰਾ

***ਸਿੱਖੀ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਪਿਛਲੇ ਕੁਝ ਅੰਕਾਂ ਤੋਂ 'ਪੰਜਾਬ ਟਾਈਮਜ਼' ਵਿਚ ਚੱਲ ਰਹੀ ਹੈ। ਇਸ ਲੜੀ ਵਿਚ ਪਾਠਕ ਪ੍ਰੋ. ਬਲਕਾਰ ਸਿੰਘ, ਬੀਬੀ ਰਾਜਬੀਰ ਕੌਰ ਢੀਂਡਸਾ, ਮਾਸਟਰ ਨਿਰਮਲ ਸਿੰਘ ਲਾਲੀ, ਸੰਪੂਰਨ ਸਿੰਘ ਤੇ ਬੀਬੀ ਕਿਰਪਾਲ ਕੌਰ ਦੀਆਂ ਲਿਖਤਾਂ ਪੜ੍ਹ ਚੁੱਕੇ ਹਨ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰਾਂ ਕਰਦਿਆਂ ਲੇਖਕਾਂ ਨੇ ਸਿੱਖਾਂ ਦੇ ਸਿੱਖੀ ਤੋਂ ਲਾਂਭੇ ਜਾਣ ਬਾਰੇ ਆਪੋ-ਆਪਣੇ ਫਿਕਰ ਸਾਂਝੇ ਕੀਤੇ ਹਨ। ਇਸ ਵਿਚਾਰ-ਚਰਚਾ ਤਹਿਤ ਪ੍ਰੋ. ਹਰਪਾਲ ਸਿੰਘ ਦੇ ਆਪਣੇ ਲੰਮੇ ਲੇਖ ਵਿਚ ਸਮੁੱਚੇ ਧਰਮਾਂ ਦੇ ਪ੍ਰਸੰਗ ਵਿਚ ਸਿੱਖੀ ਦੇ ਦਾਰਸ਼ਨਿਕ ਪੱਖਾਂ ਬਾਰੇ ਗੱਲਾਂ ਕੀਤੀਆਂ ਸਨ। ਐਤਕੀਂ ਉਨ੍ਹਾਂ ਇਕ-ਰੱਬੀ ਖਿਆਲ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਮੱਧ ਯੁੱਗ ਵਿਚ ਸਿੱਖ ਲਹਿਰ ਐਸੀ ਲਹਿਰ ਸੀ ਜਿਸ ਨੇ ਬ੍ਰਾਹਮਣੀ ਸਮਾਜ ਤੋਂ ਬਾਹਰ ਸਿੱਖ ਪੰਥ ਕਾਇਮ ਕਰਨ ਦੀ ਯੋਜਨਾ ਬਣਾਈ ਜਿਸ ਵਿਚ ਆਜ਼ਾਦੀ ਅਤੇ ਬਰਾਬਰੀ ਦੀ ਸਿਰਫ ਗੱਲ ਹੀ ਨਹੀਂ ਕੀਤੀ ਗਈ, ਸਗੋਂ ਇਸ ਦੀ ਸਥਾਪਨਾ ਲਈ ਅਣਥੱਕ ਯਤਨ ਵੀ ਕੀਤੇ ਗਏ। ਉਸ ਸਮੇਂ ਭਾਰਤ ਵਿਚ ਕੋਈ ਵੀ ਐਸੀ ਲਹਿਰ ਨਹੀਂ ਸੀ ਜਿਸ ਨੇ ਸਮਾਜ ਦੇ ਦੱਬੇ-ਕੁਚਲੇ, ਨਿਤਾਣੇ ਅਤੇ ਬੇਆਸਰਾ ਲੋਕਾਂ ਨੂੰ ਆਪਣੀ ਹੋਣੀ ਦਾ ਆਪ ਮਾਲਕ ਬਣਨ ਦਾ ਸੱਦਾ ਦਿੱਤਾ ਹੋਵੇ। ਸਿੱਖ ਲਹਿਰ ਦਾ ਨਿਸ਼ਾਨਾ ਸਿਰਫ਼ ਵਿਅਕਤੀ ਦੇ ਚਰਿੱਤਰ ਨੂੰ ਹੀ ਬਦਲਣਾ ਨਹੀਂ ਸੀ, ਸਗੋਂ ਉਸ ਦੇ ਸਮੁੱਚੇ ਆਰਥਿਕ, ਸਮਾਜਕ, ਧਾਰਮਿਕ ਅਤੇ ਰਾਜਨੀਤਕ ਚਰਿੱਤਰ ਨੂੰ ਬਦਲਣਾ ਵੀ ਸੀ। ਵਿਅਕਤੀ ਨੂੰ ਮਨਮੁਖ ਤੋਂ ਗੁਰਮੁਖ ਬਣਾਉਣਾ ਸਿੱਖ ਗੁਰੂਆਂ ਦਾ ਅਕੀਦਾ ਸੀ। ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ, ਯੋਧਿਆਂ ਨੇ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦੇ ਉਚੇਚੇ ਤੇ ਸੁੱਚੇ ਆਦਰਸ਼ਾਂ ਨੂੰ ਪੂਰਾ



**ਪ੍ਰੋ. ਹਰਪਾਲ ਸਿੰਘ**
**ਫੋਨ: 916-478-1640**

ਕਰਨ ਲਈ ਲੰਮੀ ਜਦੋਜਹਿਦ ਕੀਤੀ। ਸਿੱਖੀ ਦੀ ਗੱਲ ਗੁਰੂ ਨਾਨਕ ਦੀ ਵਿਚਾਰਧਾਰਾ ਤੋਂ ਅਰੰਭ ਹੁੰਦੀ ਹੈ।

ਸਿੱਖ ਗੁਰੂਆਂ ਦੇ ਜ਼ਿੰਦਗੀ ਬਾਰੇ ਨਜ਼ਰੀਏ ਨੂੰ ਸਮਝੇ ਬਗੈਰ ਸਿੱਖ ਮਤ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਵੱਖਰਾ ਸਮਾਜ (ਸਿੱਖ ਪੰਥ) ਬਣਾਉਣ ਦਾ ਅਮਲ ਗੁਰੂ ਨਾਨਕ ਤੋਂ ਹੀ ਸ਼ੁਰੂ ਹੋ ਗਿਆ ਸੀ। ਨਾਨਕ ਦਾ ਧਰਮ ਧਰਤੀ ਉਤੇ ਰੱਬ ਦਾ ਰਾਜ ਕਾਇਮ ਕਰਨਾ ਸੀ। ਇਹ ਦੋ-ਧਾਰੀ ਤਲਵਾਰ ਦਾ ਰਾਹ ਸੀ। ਮਨਮੁਖ ਨੂੰ ਗੁਰਮੁਖ ਬਣਾਉਣਾ, ਦੂਜਾ ਐਸੇ ਸਮਾਜ ਦੀ ਸਥਾਪਨਾ ਕਰਨੀ ਜਿਸ ਵਿਚ ਰਹਿ ਕੇ ਮਨੁੱਖ ਆਦਰਸ਼ਕ ਇਨਸਾਨ ਬਣੇ। ਅਨਿਆਂ ਭਰੇ ਜਾਤੀ ਪ੍ਰਬੰਧ, ਧਾਰਮਿਕ ਤੇ ਸਿਆਸੀ ਜਬਰ ਦੀ ਵੰਗਾਰ ਨੂੰ ਕਬੂਲ ਕਰਨਾ ਅਤੇ ਇਨ੍ਹਾਂ ਦੇ ਮੁਕਾਬਲੇ ਨਵੀਆਂ ਸਮਾਜੀ, ਧਾਰਮਿਕ ਤੇ ਰਾਜਸੀ ਸੰਸਥਾਵਾਂ ਕਾਇਮ ਕਰਨਾ ਸਿੱਖ ਗੁਰੂਆਂ ਦਾ ਮਿਸ਼ਨ ਸੀ। ਬਹੁਤ ਸਾਰੇ ਇਤਿਹਾਸਕਾਰ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਹਨ ਕਿ ਸਿੱਖ ਲਹਿਰ ਸਿਆਸੀ ਲਹਿਰ ਸੀ। ਸਿੱਖ ਲਹਿਰ ਦੇ ਸਿਆਸੀ ਲਹਿਰ ਹੋਣ ਦੇ ਪੱਖ ਤੋਂ ਜ਼ੋਰ ਦੇਣ ਦੀ ਕੋਈ ਬਹੁਤੀ ਲੋੜ ਨਹੀਂ, ਕਿਉਂਕਿ ਸਮਾਜੀ ਲਹਿਰਾਂ ਦਾ ਅਸਲਾ ਸਿਆਸੀ ਹੁੰਦਾ ਹੈ। ਜਰਮਨ ਸ਼ਹਿਨਸ਼ਾਹ ਕੈਸਰ ਵਿਲਹੈਮ ਨੇ ਇਕ ਵਾਰ ਕਿਹਾ ਸੀ ਕਿ ਸਾਰੀਆਂ ਧਾਰਮਿਕ ਲਹਿਰਾਂ ਦਰਅਸਲ ਸਿਆਸੀ ਲਹਿਰਾਂ ਹੀ ਹੁੰਦੀਆਂ ਹਨ।

ਅਕਾਲ ਪੁਰਖ
ਤਿਸੁ ਬਿਨੁ ਦੂਜਾ ਅਵਰੁ ਨਾ ਕੋਊ॥
ਆਦਿ ਮਧਿ ਅੰਤਿ ਹੈ ਸੋਊ॥
(ਮਾਰੂ ਮਹਲਾ ਪੰਜਵਾਂ ਪੰਨਾ 1001)

---

ਨਾਨਕ ਏਕੋ ਰਵਿ ਰਹਿਆ
ਦੂਸਰ ਹੋਆ ਨ ਹੋਗੁ॥
(ਗਉੜੀ ਬਾਵਨ ਅਖਰੀ, ਮਹਲਾ ਪੰਜਵਾਂ, ਪੰਨਾ 250)

ਹਿੰਦੂ ਗ੍ਰੰਥਾਂ ਵਿਚ ਓਮ ਪਦ ਅਕਾਲ ਪੁਰਖ ਲਈ ਵਰਤਿਆ ਗਿਆ ਹੈ। ਇਸ ਦੇ ਉਅ-ਮ ਰੂਪ ਤੋਂ ੳ-ਅ-ਮ ਤੋਂ ਤਿੰਨ ਦੇਵਤੇ ਲਏ ਜਾਂਦੇ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼। ਬ੍ਰਹਮਾ ਅਵਤਾਰ ਨੂੰ ਸ੍ਰਿਸ਼ਟੀ ਦਾ ਜਨਮ ਦਾਤਾ ਮੰਨਿਆ ਗਿਆ ਹੈ। ਹਿੰਦੂ ਮਿਥਿਹਾਸ ਅਨੁਸਾਰ ਜਦੋਂ ਪਰਮਾਤਮਾ ਸ੍ਰਿਸ਼ਟੀ ਰਚਨਾ ਦੀ ਇੱਛਾ ਜ਼ਾਹਿਰ ਕਰਦਾ ਹੈ ਤਾਂ ਉਸ ਦੇ ਵਿਰਾਟ ਰੂਪ ਦੀ ਨਾਭੀ ਵਿਚੋਂ ਕਮਲ ਦਾ ਫੁੱਲ ਨਿਕਲਦਾ ਹੈ ਅਤੇ ਉਸ ਫੁੱਲ ਵਿਚੋਂ 14 ਲੋਕਾਂ ਦੀ ਰਚਨਾ ਕਰਨ ਵਾਲਾ ਬ੍ਰਹਮਾ ਅਵਤਾਰ ਪੈਦਾ ਹੁੰਦਾ ਹੈ।

ਬ੍ਰਹਮਾ: ਬ੍ਰਹਮਾ ਦੇ ਜਨਮ ਬਾਰੇ ਮਹਾਨ ਕੋਸ਼ ਦੇ ਸਫਾ 276 ਉਤੇ ਲਿਖਿਆ ਹੈ, 'ਰਿਗ ਵੇਦ ਵਿਚ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਹਿਰਨਯ-ਗਰਭ ਭਾਵ ਬ੍ਰਹਮਾ ਪੈਦਾ ਹੋਇਆ। ਇਹੀ ਬ੍ਰਹਮਾ ਸਾਰੇ ਜੀਵਾਂ ਦਾ ਮਾਲਕ, ਆਕਾਸ਼ ਅਤੇ ਧਰਤੀ ਦਾ ਥੰਮ੍ਹ, ਸਰੀਰ ਤੇ ਆਤਮਾ ਦਾ ਦਾਤਾ, ਦੇਵਤਿਆਂ ਦਾ ਦੇਵਤਾ ਅਤੇ ਸਾਰੇ ਜੀਵਾਂ ਵਿਚ ਆਤਮਾ ਬਖਸ਼ਣ ਵਾਲਾ ਹੈ।'

ਮਨੂੰ ਲਿਖਦਾ ਹੈ ਕਿ ਹਿਰਨਯ-ਗਰਭ ਦਾ ਨਾਮ ਹੀ ਬ੍ਰਹਮਾ ਹੈ। ਸੂਰਜ ਜਿਹੇ ਪ੍ਰਕਾਸ਼, ਇਕ ਸੁਨਹਿਰੀ ਆਂਡੇ ਦੇ ਅੰਦਰ ਰਹਿ ਕੇ ਬ੍ਰਹਮਾ ਨੇ ਆਪਣੇ ਚਿਤ ਅਨੁਸਾਰ ਉਸ ਨੂੰ ਦੋ ਹਿੱਸਿਆਂ ਵਿਚ ਕਰ ਦਿੱਤਾ ਜਿਨ੍ਹਾਂ ਵਿਚੋਂ ਇਕ ਭਾਗ ਸੂਰਜ ਲੋਕ ਅਤੇ ਦੂਜਾ ਪ੍ਰਿਥਵੀ ਹੋਈ।

ਜਨਮ ਦੇਣ ਵਾਲੇ (ਪਿਤਾ) ਨੂੰ ਕਿਉਂਕਿ ਅਸੀਂ ਜਲਦੀ ਭੁੱਲ ਜਾਂਦੇ ਹਾਂ, ਇਸੇ ਕਰ ਕੇ ਬ੍ਰਹਮਾ ਦਾ ਹਿੰਦੁਸਤਾਨ ਵਿਚ ਕੇਵਲ ਇਕ ਹੀ ਮੰਦਰ ਹੈ, ਰਾਜਸਥਾਨ ਵਿਚ ਪੁਸ਼ਕਰ ਦੇ ਸਥਾਨ 'ਤੇ।

ਵਿਸ਼ਨੂੰ: ਵਿਸ਼ਨੂੰ ਦੇਵਤਾ ਦਿਆਲੂ ਪਿਤਾ ਵਾਂਗ ਹੈ ਜੋ ਸ੍ਰਿਸ਼ਟੀ ਦੇ ਜੀਵਾਂ ਨੂੰ ਪਾਲਦਾ ਹੈ ਤੇ ਸਾਡੀ ਇੱਛਾ ਪੂਰਨ ਦਾ ਪ੍ਰਤੀਕ ਹੈ। ਉਹ ਮਾਤਾ-ਪਿਤਾ ਵਾਲੇ ਗੁਣ ਰੱਖਦਾ ਹੈ। ਸਾਡੇ ਜਜ਼ਬਾਤ ਅਜਿਹੇ ਦੇਵਤੇ ਨਾਲ ਪਿਆਰ ਕਰ ਕੇ, ਇਸ ਦਾ ਸਤਿਕਾਰ ਕਰ ਕੇ ਅਤੇ ਇਸ ਨੂੰ ਖੁਸ਼ ਰੱਖ ਕੇ, ਤੇ ਇਸ ਤੋਂ ਮੰਗਾਂ ਮੰਗ ਕੇ ਆਪਣੀ ਤਸੱਲੀ ਕਰਦੇ ਹਨ ਤੇ ਅੰਦਰ ਦੀ ਹਰ ਥੁੜ੍ਹ ਪੂਰਾ ਕਰਦੇ ਹਨ। ਵਿਸ਼ਨੂੰ ਦੇਵਤਾ ਇਕ ਤਰ੍ਹਾਂ ਦਾ ਸਹਿਯੋਗੀ ਹੈ। ਜਿਥੇ-ਜਿਥੇ ਵੀ ਮਨੁੱਖ ਵੱਸਦਾ ਹੈ, ਉਹ ਆਪਣੀਆਂ ਊਣਤਾਈਆਂ, ਕਮਜ਼ੋਰੀਆਂ, ਥੁੜ੍ਹਾਂ ਆਦਿ ਦੀ ਪੂਰਤੀ ਦਾ ਚਾਹਵਾਨ ਸਦਾ ਤੋਂ ਰਿਹਾ ਹੈ। ਸਾਰੀਆਂ ਗੱਲਾਂ, ਮਨੁੱਖੀ ਵੱਸ ਵਿਚ ਨਹੀਂ ਹਨ। ਕਿਸੇ ਅਜਿਹੀ ਹਸਤੀ ਦੀ ਲੋੜ ਸੀ ਜੋ ਮਨੁੱਖ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਕਰ ਸਕੇ। ਇਹ ਕੰਮ ਵਿਸ਼ਨੂੰ ਦੇਵਤੇ ਦੇ ਹਿੱਸੇ ਆਇਆ। ਵਿਸ਼ਨੂੰ ਦੀ ਘਰਵਾਲੀ ਨੂੰ ਲਕਸ਼ਮੀ ਕਿਹਾ ਜਾਂਦਾ ਹੈ। ਇਸ ਲਈ ਕਈ ਵਾਰ ਵਿਸ਼ਨੂੰ ਨੂੰ 'ਲਕਸ਼ਮੀ ਨਰਾਇਣ' ਦੇ ਨਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ਪਦਾਰਥ ਦੇਣ ਵਾਲਾ, ਜੀਵਨ ਦਾ ਪ੍ਰਤੀਕ। ਉਸ ਦੀ ਪੂਜਾ ਇਸ ਲਈ ਕੀਤੀ ਜਾਂਦੀ ਹੈ ਕਿ ਉਹ ਹਰ ਰੋਜ਼ ਸਾਡੇ ਘਰ ਆਵੇ, ਉਸ ਦੇ ਆਉਣ ਨਾਲ ਨੌਂ ਨਿਧਾਂ, ਅਠਾਰਾਂ ਸਿੱਧੀਆਂ ਪੂਰੀਆਂ ਹੁੰਦੀਆਂ ਹਨ। ਇਸ ਲਈ ਭਾਰਤ ਵਿਚ ਵਿਸ਼ਨੂੰ ਦੇਵਤੇ ਦੇ ਲੱਖਾਂ ਅੰਦਰ ਹਨ।

ਸ਼ਿਵ/ਮਹੇਸ਼: ਡਾ. ਫਰਾਇਡ ਦੇ ਕਹਿਣ ਅਨੁਸਾਰ, ਮੌਤ ਦਾ ਭੈਅ ਉਤਨਾ ਹੀ ਪੁਰਾਣਾ ਹੈ, ਜਿੰਨਾ ਮਨੁੱਖ ਦਾ ਜੀਵਨ। ਮੌਤ ਦਾ ਡਰ ਸਭ ਤੋਂ ਪਹਿਲਾ ਡਰ ਹੈ। ਜੇ ਵਿਸ਼ਨੂੰ ਪਾਲਦਾ ਹੈ, ਤਾਂ ਫਿਰ ਮਨੁੱਖ ਨੂੰ ਮਾਰਦਾ ਕੌਣ ਹੈ? ਇਸ ਨੂੰ ਦੁੱਖ ਕੌਣ ਪਹੁੰਚਾਉਂਦਾ ਹੈ? ਬਿਮਾਰੀਆਂ ਤੇ ਆਫਤ ਕੌਣ ਭੇਜਦਾ ਹੈ? ਇਹ ਦਿਆਲੂ, ਕ੍ਰਿਪਾਲੂ ਵਿਸ਼ਨੂੰ ਪਿਤਾ ਤਾਂ ਨਹੀਂ ਭੇਜ ਸਕਦਾ! ਇਨ੍ਹਾਂ ਦਾ ਕਾਰਨ ਕੋਈ ਤਕੜਾ ਕ੍ਰੋਧਵਾਨ ਦੇਵਤਾ ਹੋਵੇਗਾ। ਉਹ ਸ਼ਿਵ ਜੀ ਸਨ! ਸ਼ਿਵ ਜੀ ਦਾ ਪਿਆਰ ਉਪਜਣ ਤੋਂ ਪਹਿਲਾਂ ਇਹ ਕੰਮ ਵੇਦਾਂ ਸ਼ਾਸਤਰਾਂ ਵਿਚ ਰੁਦਰ ਦੇਵਤਾ ਨੂੰ ਸੌਂਪਿਆ ਗਿਆ ਸੀ। ਆਮ ਪ੍ਰਚਲਿਤ ਵਿਚਾਰ ਇਹ ਵੀ ਹੈ ਕਿ ਸ਼ਿਵ ਦੇਵਤਾ ਦਾ ਸਬੰਧ ਸਿੰਧ ਘਾਟੀ ਵਿਚ ਵਸਣ ਵਾਲੇ ਦਰਾਵੜ ਲੋਕਾਂ ਨਾਲ ਸੀ। ਸ਼ਿਵ ਦਾ ਰੰਗ ਕਾਲਾ ਸੀ ਅਤੇ ਉਹ ਲੋਕ ਇਸ ਨੂੰ ਸ਼ਕਤੀ ਦਾ ਦੇਵਤਾ ਮੰਨ ਕੇ ਪੂਜਾ ਕਰਦੇ ਸਨ। ਆਰੀਅਨਾਂ ਨੇ ਇਸ ਨੂੰ ਆਪਣੇ ਧਰਮ ਵਿਚ ਲੈ ਆਂਦਾ।

ਜੀਵਨ ਦਾ ਅੰਤ ਮੌਤ ਹੈ। ਮੌਤ ਤੋਂ ਬਚਣ ਦੇ ਯਤਨ ਵੀ ਸਭ ਤੋਂ ਪੁਰਾਣੇ ਤੇ ਮੁਢਲੇ ਹਨ। ਸ਼ਿਵ ਦੀ ਪੂਜਾ ਇਸ ਲਈ ਕੀਤੀ ਜਾਂਦੀ ਹੈ ਕਿ ਉਹ (ਮੌਤ ਦਾ ਦੇਵਤਾ) ਸਾਡੇ ਘਰ ਨਾ ਆਵੇ। ਮੁਰਦਿਆਂ ਦੀਆਂ ਖੋਪਰੀਆਂ ਦੀ ਮਾਲਾ ਬਣਾ ਕੇ ਸ਼ਿਵ ਗਲ ਵਿਚ ਪਹਿਨਦਾ ਸੀ, ਤਾਂ ਕਿ ਪਤਾ ਲੱਗੇ ਕਿ ਖੋਪਰੀ ਜਿਸ ਵਿਚ (ਜਿਉਂਦੇ ਜੀਅ) ਇਤਨਾ ਫਤੂਰ ਹੈ, ਉਸ ਦਾ ਅੰਤ ਕੀ ਹੈ? ਸ਼ਿਵ ਦੀ ਪੂਜਾ ਤੋਂ ਹੀ ਸ਼ੈਵ ਮਤ ਦਾ ਜਨਮ ਹੋਇਆ। ਸ਼ੈਵ ਮਤ ਦੁਨੀਆਂ ਦੇ ਸਾਰੇ ਮੱਤਾਂ ਨਾਲੋਂ ਪੁਰਾਣਾ ਹੈ। ਕਈਆਂ ਦਾ ਵਿਚਾਰ ਹੈ ਕਿ ਇਹ 5000 ਸਾਲ

## ਵਿਚਾਰ-ਚਰਚਾ

ਤੋਂ ਹੋਂਦ ਵਿਚ ਆਇਆ। ਸ਼ਿਵ ਜੀ ਦੀ ਅਰਧੰਗਨੀ ਦਾ ਨਾਂ ਪਾਰਵਤੀ ਹੈ। ਸ਼ਕਤੀ ਮਾਈ ਨੂੰ ਖੁਸ਼ ਕਰਨ ਵਾਸਤੇ ਕਈ ਭਿਆਨਕ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ, ਪਸ਼ੂਆਂ ਦੀ ਕੁਰਬਾਨੀ ਸ਼ਕਤੀ ਜਾਂ ਕਾਲਕਾ ਮਾਈ ਲਈ ਆਮ ਹੈ। ਕਈ ਵਾਰ ਸ਼ਿਵ ਜੀ ਤੇ ਸ਼ਕਤੀ ਪਾਰਵਤੀ ਦੀ ਪੂਜਾ ਇਕੱਠੀ ਵੀ ਕੀਤੀ ਜਾਂਦੀ ਹੈ। ਡਾ. ਪ੍ਰਾਣ ਨਾਥ ਆਪਣੀ ਕਿਤਾਬ 'ਮਹਿੰਜੋਦੜੋ ਐਂਡ ਇੰਡਸ ਸਿਵਲਾਈਜੇਸ਼ਨ' ਵਿਚ ਕਹਿੰਦਾ ਹੈ ਕਿ ਸ਼ੈਵ ਧਰਮ ਈਸਾ ਪੂਰਵ ਤੋਂ ਘੱਟ ਤੋਂ ਘੱਟ ਤਿੰਨ ਹਜ਼ਾਰ ਵਰ੍ਹੇ ਪਹਿਲਾਂ ਮੌਜੂਦ ਸੀ।

ਮਨੁੱਖਾਂ ਦੀ ਯੋਗਤਾ ਵਿਚ ਬਹੁਤ ਭੇਦ ਹਨ। ਇਨ੍ਹਾਂ ਭੇਦਾਂ ਕਰ ਕੇ ਹੀ ਲੋਕ, ਰੱਬ ਨੂੰ ਤਿੰਨ ਨਿਸ਼ਚਿਆਂ ਰਾਹੀਂ ਯਾਦ ਕਰਦੇ ਹਨ। ਕੋਈ ਬਹੁਦੇਵ-ਵਾਦ ਦੀ ਪੂਜਾ-ਅਰਚਨਾ ਦੀ ਗੱਲ ਕਰਦਾ ਹੈ, ਕੋਈ ਇਕ-ਈਸ਼ਵਰਵਾਦ ਦੀ, ਇਕ-ਰੱਬੀ ਨਿਸ਼ਚੇ ਦੀ। ਕਾਦਰ ਤੋਂ ਕੁਦਰਤ ਤੱਕ ਅਪੜਨਾ

***ਗੁਰੂ ਨਾਨਕ ਨੇ ਸਭ ਤਰ੍ਹਾਂ ਦੇ ਦੇਵੀ ਦੇਵਤਿਆਂ ਦੇ ਖਿਆਲ ਨੂੰ ਭੰਡਿਆ ਹੈ। ਇਕ-ਰੱਬ ਦੇ ਬਿਨਾਂ ਹੋਰ ਕੁਝ ਵੀ ਨਹੀਂ- ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350) ਗੁਰੂ ਸਾਹਿਬ ਦੇ ਧਾਰਮਿਕ ਦਰਸ਼ਨ ਦਾ ਨਿਚੋੜ ਇਕ-ਪਰਮੇਸ਼ਵਰ ੧ਓ ਹੈ। ਗੁਰੂ ਸਾਹਿਬ ਨੇ ਓਅਮ ਦਾ ਓਅੰਕਾਰ ਬਣਾ ਦਿੱਤਾ ਅਤੇ ੧ ਪਹਿਲਾਂ ਲਾ ਦਿੱਤਾ।***

ਜਾਂ ਕਹੋ, ਰਚਨਾ ਤੋਂ ਰਚਨਹਾਰ ਦਾ ਨਿਸ਼ਚਾ ਹੋਣਾ, ਅਨੇਕਤਾ ਵਿਚੋਂ ਏਕਤਾ ਦੀ ਝਲਕ ਪੈਣੀ, ਬਹੁਦੇਵ-ਵਾਦ ਹੈ। ਇਕ-ਰੱਬੀ ਖਿਆਲ ਵਿਚ ਇਕ ਸਰਵ ਸ਼ਕਤੀਮਾਨ ਰੱਬ ਦੀ ਪੂਜਾ ਹੈ। ਇਕ-ਰੱਬੀ ਖਿਆਲ ਇਰਾਨ ਦੇ ਮਹਾਂ ਪੁਰਖ ਜ਼ੁਰਤੁਸਤ ਨੇ ਸਭ ਤੋਂ ਪਹਿਲਾਂ ਦੁਨੀਆਂ ਨੂੰ ਦਿੱਤਾ। ਚੀਨੀਆਂ ਦਾ ਇਕ ਅਸਮਾਨੀ ਰੱਬ ਵੀ ਪੁਰਾਣਾ ਇਕ-ਰੱਬੀ ਖਿਆਲ ਹੈ, ਪਰ ਸਭ ਤੋਂ ਚੰਗਾ ਤੇ ਨਿਖਰਵਾਂ ਇਕ-ਰੱਬੀ ਖਿਆਲ ਯਹੂਦੀਆਂ ਨੇ ਯਹੋਵਾ ਦੇ ਨਾਉਂ ਹੇਠ ਦਿੱਤਾ। ਇਸੇ ਖਿਆਲ ਨੂੰ ਈਸਾ ਮਸੀਹ ਤੇ ਹਜਰਤ ਮੁਹੰਮਦ ਸਾਹਿਬ ਨੇ ਅਪਨਾਇਆ। ਪੈਟੀਸਨ ਦੇ ਕਥਨ ਅਨੁਸਾਰ ਇਕ-ਰੱਬੀ ਖਿਆਲ ਬਹੁਤ ਸੁਥਰੀ ਤੇ ਉਚੀ ਅਵਸਥਾ ਵਿਚ ਹਿੰਦੁਸਤਾਨ ਵਿਚ ਸਿੱਖ ਧਰਮ ਵਿਚ ਜਾ ਪ੍ਰਗਟ ਹੋਇਆ।

ਭਾਰਤ ਵਿਚ ਬਹੁ-ਦੇਵਾਂ ਦੇ ਝਮੇਲੇ ਵਿਚ ਇਕ-ਪਰਮੇਸ਼ਰ ਦਾ ਨਿਸ਼ਚਾ ਬਹੁਤ ਦੇਰ ਤਕ ਨਿਖਰ ਨਾ ਸਕਿਆ। ਹਿੰਦੂ ਸੁਭਾਅ ਪੁਰਾਣੀਆ ਗੱਲਾਂ ਨੂੰ ਬੜੇ ਔਖੇ ਤਰੀਕੇ ਨਾਲ ਲੱਭਦਾ ਹੈ। ਕਿਸੇ ਨਾ ਕਿਸੇ ਸ਼ਕਲ ਵਿਚ ਪ੍ਰਾਚੀਨ ਨਿਸ਼ਚੇ ਹਿੰਦੂ ਪੂਜਾ ਦਾ ਅੰਗ ਬਣੇ ਰਹੇ। ਇਕ-ਰੱਬੀ ਸਿਧਾਂਤ ਵਿਸ਼ੇਸ਼ ਕਰ ਕੇ ਪੱਛਮੀ ਦੇਸ਼ਾਂ ਵਿਚੋਂ ਹੀ ਆਇਆ ਹੈ। ਸਭ ਤੋਂ ਪਹਿਲਾਂ ਮਿਸਰ ਦੇ ਸ਼ਹਿਰ ਤਲ ਅਲ-ਆਮਾਰਨਾਹ (ਅਲ-ਆਮਾਰਨਾ ਵਜੋਂ ਮਸ਼ਹੂਰ) ਦੇ ਵਸਨੀਕਾਂ ਨੇ ਕੇਵਲ ਸੂਰਜ ਨੂੰ ਹੀ ਸਭ ਤੋਂ ਵੱਡਾ ਜਾਣ ਕੇ ਇਕ-ਰੱਬ ਦੇ ਰੂਪ ਵਿਚ ਪੂਜਣਾ ਸ਼ੁਰੂ ਕਰ ਦਿੱਤਾ। ਸੈਂਕੜੇ ਸਾਲ ਬੀਤਣ ਨਾਲ ਲੋਕਾਂ ਨੇ ਵੀ ਇੱਕ-ਰੱਬ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਾ ਇਕ-ਰੱਬ ਸੂਰਜ ਦੇਵਤਾ ਸੀ। ਅਪਰਾਧੀ ਨੂੰ ਸਜ਼ਾ ਦੇਣ ਲਈ ਉਸ ਨੂੰ ਪਹਾੜ ਦੀ ਟੀਸੀ 'ਤੇ ਲਿਜਾਇਆ ਜਾਂਦਾ ਸੀ। ਮੰਤਰਾਂ ਦੇ ਜਾਪ ਪਿਛੋਂ ਪੁਜਾਰੀ ਉਸ ਦਾ ਦਿਲ ਕੱਢ ਕੇ ਸੂਰਜ ਦੇਵਤਾ ਨੂੰ ਭੇਟ ਕਰਦਾ ਸੀ।

ਗੁਰੂ ਨਾਨਕ ਨੇ ਸਭ ਤਰ੍ਹਾਂ ਦੇ ਦੇਵੀ ਦੇਵਤਿਆਂ ਦੇ ਖਿਆਲ ਨੂੰ ਭੰਡਿਆ ਹੈ। ਇਕ-ਰੱਬ ਦੇ ਬਿਨਾਂ ਹੋਰ ਕੁਝ ਵੀ ਨਹੀਂ- ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350) ਗੁਰੂ ਸਾਹਿਬ ਦੇ ਧਾਰਮਿਕ ਦਰਸ਼ਨ ਦਾ ਨਿਚੋੜ ਇਕ-ਪਰਮੇਸ਼ਵਰ ੧ਓ ਹੈ। ਗੁਰੂ ਸਾਹਿਬ ਨੇ ਓਅਮ ਦਾ ਓਅੰਕਾਰ ਬਣਾ ਦਿੱਤਾ ਅਤੇ ੧ ਪਹਿਲਾਂ ਲਾ ਦਿੱਤਾ।

ਬੂਝੈ ਦੇਖੈ ਕਰੈ ਬਿਬੇਕ॥
ਆਪਹਿ ਏਕ ਆਪਹਿ ਅਨੇਕ॥
(ਸੁਖਮਨੀ ਮਹਲਾ ਪੰਜਵਾਂ, ਪੰਨਾ 279)

ਇਕ-ਪਰਮਾਤਮਾ ਜਦ ਆਪਣੀ ਇੱਛਾ ਅਨੁਸਾਰ ਉਦਕਰਖਦਾ (ਵਿਸਥਾਰਦਾ) ਹੈ ਤਾਂ ਅਨੇਕ ਰੂਪ ਹੁੰਦੇ ਹਨ, ਤੇ ਜਦੋਂ ਆਕਰਖਦਾ (ਸੁੰਗੜਦਾ) ਹੈ ਤਾਂ ਏਕ ਹੈ।

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਸਭਹੂੰ॥

ਅਕਾਲ ਪੁਰਖ ਕੇਵਲ ਸਿੱਖ ਧਰਮ ਦਾ ਹੀ ਨਹੀਂ, ਸਗੋਂ ਸਾਰੇ ਧਰਮਾਂ ਦਾ ਪ੍ਰਧਾਨ ਤੇ ਮੁੱਖ ਸਿਧਾਂਤ ਰਿਹਾ ਹੈ। ਗੁਰੂ ਤੁਰਦੇ ਹੀ ਅਥਾਹ ਪੁਰਖੀ ਨਿਸ਼ਚੇ ਦੇ ਆਸਰੇ ਹਨ। ਉਨ੍ਹਾਂ ਲਈ ਅਕਾਲ ਪੁਰਖ ਹੀ ਅਜਿਹੀ ਸ਼ੈਅ ਹੈ ਜਿਹੜੀ ਅਸਲੀ ਅਰਥਾਂ ਵਿਚ ਸਤ, ਅਥਵਾ ਕਾਇਮ ਰਹਿਣ ਵਾਲੀ ਹਸਤੀ ਹੈ। ਜਿਸ ਵਸਤੂ ਦਾ ਸਰੂਪ ਸਤ ਹੋਵੇ, ਉਸ ਦੀ ਹੋਂਦ ਨੂੰ ਸਿੱਧ ਕਰਨ ਦੀ ਕੀ ਲੋੜ ਹੈ? ਰੱਬ ਪ੍ਰਤਖ ਹੈ। ਰੱਬ ਦੀ ਹੋਂਦ ਲਈ ਪ੍ਰਮਾਣਾਂ, ਸਬੂਤਾਂ ਤੇ ਦਲੀਲਾਂ ਦੀ ਲੋੜ ਨਹੀਂ।

ਜਹ ਜਹ ਦੇਖਾ ਤਹ ਤਹ ਸੋਈ॥
(ਪ੍ਰਭਾਤੀ ਮਹਲਾ ਪਹਿਲਾ, ਪੰਨਾ 1343)

ਉਸ ਵਿਚ ਹੀ ਤਿੰਨ ਲੋਕਾਂ ਦਾ ਗਿਆਨ ਸਮਾਇਆ ਹੋਇਆ ਹੈ। ਉਹ ਅਕਾਲ ਰਹਿਤ ਤੇ ਉਸ ਦੇ ਉਪਰ ਸਮੇਂ ਦਾ ਕੋਈ ਪ੍ਰਭਾਵ ਨਹੀਂ। ਉਹ ਦਿਖਾਈ ਨਹੀਂ ਦਿੰਦਾ, ਉਹ ਨਿਰਲੇਪ ਹੈ। ਉਹ ਸਾਰੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ
(ਮਹਲਾ ਪਹਿਲਾ, ਪੰਨਾ 930)

ਉਹ ਕਰਤਾ ਹੈ, ਕਰਤਾ ਪੁਰਖ ਹੈ, ਬਣਾਉਣ ਵਾਲਾ ਹੈ। ਸੰਸਾਰ ਉਸ ਦੀ ਕ੍ਰਿਤ ਹੈ। ਉਹ ਆਪਣੀ ਕ੍ਰਿਤ ਵਿਚ ਹੀ ਰੂਪਮਾਨ ਹੈ। ਉਹ ਸ੍ਰਿਸ਼ਟੀ ਵਿਚ ਲੀਨ ਹੈ। ਗੁਰੂ ਜੀ ਨੇ ਕਰਤਾ ਅਤੇ ਕ੍ਰਿਤ ਨੂੰ ਵੱਖਰਾ ਨਹੀਂ ਕੀਤਾ, ਸਗੋਂ ਸੰਨਿਆਸੀ ਅਤੇ ਗ੍ਰਹਿਸਥੀ ਨੂੰ ਇਕ ਹੀ ਮੰਨਿਆ ਹੈ। ਪਰਮਾਤਮਾ ਤੁਹਾਡੇ ਤੋਂ ਵੱਖ ਨਹੀਂ ਹੈ। ਉਹ ਓਅੰਕਾਰ ਹੈ ਜੋ ਸਾਰੇ ਜਗਤ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਕਹਿੰਦੇ ਹਨ- ਕੁਝ ਛਡ ਕੇ ਨਹੀਂ ਜਾਣਾ; ਜਿਥੇ ਤੁਸੀਂ ਹੋ, ਉਥੇ ਹੀ ਉਹ ਛੁਪਿਆ ਹੋਇਆ ਹੈ। ਜਾਉਗੇ ਕਿਥੇ? ਕਾਦਰ ਇਸ ਕੁਦਰਤ ਵਿਚ ਲੁਕਿਆ ਹੋਇਆ ਹੈ। ਸਿੱਖ ਉਹ ਹੈ ਜੋ ਗ੍ਰਹਿਸਥੀ ਵੀ ਹੋਵੇ, ਸੰਨਿਆਸੀ ਵੀ ਹੋਵੇ। ਸਿੱਖੀ ਦਾ ਅਰਥ ਹੈ ਸੰਨਿਆਸੀ-ਗ੍ਰਹਿਸਥੀ ਇਕੱਠੇ। ਰਹਿਣਾ ਘਰ ਵਿਚ, ਪਰ ਰਹਿਣਾ ਇੰਜ ਜਿਵੇਂ ਨਾ ਹੋਵੇ।

ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ॥
(ਮਹਲਾ ਪਹਿਲਾ, ਪੰਨਾ 730)

ਕਰਮ ਕਰਨਾ, ਪਰ ਕਰਮ ਵਿਚ ਲੀਨ ਨਾ ਹੋਣਾ। ਸੁਲਤਾਨਪੁਰ ਵਿਚ ਮੋਦੀਖਾਨੇ ਬੈਠਾ, ਸਤਿਗੁਰੂ ਨਾਨਕ 'ਤੇਰਾ ਤੇਰਾ ਕਰਦਾ ਤੇਰਾ ਹੀ ਹੋ ਗਿਆ।'

ਅਕਾਲ ਪੁਰਖ ਦੀ ਹਸਤੀ ਸਬੰਧੀ ਵਿਚਾਰ ਕਰਨ ਲੱਗਿਆਂ ਸਭ ਤੋਂ ਪਹਿਲਾਂ ਸੁਆਲ ਇਹ ਉਠਦਾ ਹੈ ਕਿ ਕੀ ਰੱਬ ਹੈ? ਜੇ ਹੈ ਤਾਂ ਅਦ੍ਰਿਸ਼ਟ ਕਿਉਂ ਹੈ? ਨਜ਼ਰ ਕਿਉਂ ਨਹੀਂ ਆਉਂਦਾ? ਪਰਮਾਤਮਾ ਦੀ ਹਸਤੀ ਨੂੰ ਕਿਵੇਂ ਸਿੱਧ ਕੀਤਾ ਜਾਏ, ਇਹ ਆਮ ਮਨੁੱਖੀ ਮਨ ਦੀ ਦੁਬਿਧਾ ਹੈ। ਸ਼ੰਕਾਵਾਦੀ ਚਾਹੁੰਦਾ ਹੈ ਕਿ ਅਕਾਲ ਪੁਰਖ ਉਸੇ ਤਰ੍ਹਾਂ ਪ੍ਰਗਟ ਰੂਪ ਵਿਚ ਦਿਸੇ ਜਿਵੇਂ ਚੰਦ, ਤਾਰੇ, ਆਕਾਸ਼, ਸੂਰਜ ਅਤੇ ਧਰਤੀ।

ਅਧਿਆਤਮਵਾਦੀਆਂ ਅਨੁਸਾਰ ਜਿਵੇਂ ਉਲੂ ਨੂੰ ਸੂਰਜ ਦਿਖਾਈ ਨਹੀਂ ਦਿੰਦਾ, ਉਸੇ ਤਰ੍ਹਾਂ ਆਤਮਿਕ ਦ੍ਰਿਸ਼ਟੀ ਨਾ ਰੱਖਣ ਕਾਰਨ, ਮਨਮੁਖ ਨੂੰ ਅਕਾਲ ਪੁਰਖ ਨਜ਼ਰ ਨਹੀਂ ਆਉਂਦਾ। ਇਨ੍ਹਾਂ ਦੀਆਂ ਅਕਲਾਂ ਉਤੇ ਅ-ਵਿਦਿਆ ਦਾ ਪਰਦਾ ਪਿਆ ਹੁੰਦਾ ਹੈ ਅਤੇ ਇਹ ਅ-ਗਿਆਨਤਾ ਤੇ ਅ-ਵਿਦਿਆ ਉਨ੍ਹਾਂ ਦੀ ਅੰਤਹੀਣ ਦ੍ਰਿਸ਼ਟੀ ਨੂੰ ਨਕਾਰ ਕਰ ਦਿੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਕਾਰਨ ਆਤਮਾ ਮੈਲੀ ਹੋ ਜਾਂਦੀ ਹੈ। ਮੈਲੀ ਆਤਮਾ ਵਿਚ ਵਾਹਿਗੁਰੂ ਦਾ ਵਾਸਾ ਨਹੀਂ ਹੁੰਦਾ। ਮਨ ਦੀਆਂ ਜਿਨ੍ਹਾਂ ਅੱਖਾਂ ਨਾਲ ਵਾਹਿਗੁਰੂ ਦਿਸਦਾ ਹੈ, ਉਨ੍ਹਾਂ ਦੀ ਗੱਲ ਕੋਈ ਹੋਰ ਹੀ ਹੁੰਦੀ ਹੈ।

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ॥
(ਵਡਹੰਸੁ ਮਹਲਾ ਪੰਜਵਾਂ, ਪੰਨਾ 577)

ਗੀਤਾ ਅਨੁਸਾਰ ਪਰਮਾਤਮਾ ਇਨ੍ਹਾਂ ਸਰੀਰਕ ਅੱਖਾਂ ਨਾਲ ਨਹੀਂ ਦਿਸਦਾ। ਉਹ ਮਨ ਆਤਮਾ ਰਾਹੀਂ ਹੀ ਦਿਸਦਾ ਹੈ। ਸਤਯ ਦਲੀਲਾਂ ਨਾਲ ਦ੍ਰਿੜਾਣ ਨਹੀਂ ਕੀਤਾ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਰੱਬ ਦੀ ਹੋਂਦ ਵਿਚ ਰੂਹਾਨੀ ਤਜਰਬਾ ਹੈ। ਆਤਮਾ ਦਾ ਗਿਆਨ ਇਕ ਅਲੌਕਿਕ ਅਹਿਸਾਸ ਹੈ, ਗੱਲਾਂ ਨਾਲ ਦਰਸਾਇਆ ਨਹੀਂ ਜਾ ਸਕਦਾ। ਰੱਬ ਅਥਾਹ ਸੁਮੰਦਰ ਹੈ, ਦਲੀਲ ਇਨਸਾਨੀ ਭਾਂਡਾ ਹੈ। ਮਨੁੱਖ ਦਾ ਨਾ ਸਰੀਰ, ਨਾ ਮਨ, ਨਾ ਇਸ ਦੇ ਘੜੇ ਸਬੂਤ ਪੂਰਨ ਤੌਰ 'ਤੇ ਪਰਮਾਤਮਾ ਦੀ ਹਸਤੀ ਗ੍ਰਹਿਣ ਨਹੀਂ ਕਰ ਸਕਦੇ। ਗੁਰਬਾਣੀ ਦੀ ਖੋਜ ਤੋਂ ਕੁਝ ਕੁ ਅਜਿਹੇ ਖਿਆਲ ਛਾਂਟੇ ਜਾ ਸਕਦੇ ਹਨ ਜਿਨ੍ਹਾਂ ਨੂੰ ਅਸੀਂ ਅਕਾਲ ਪੁਰਖ ਦੀ ਹਸਤੀ ਸਬੰਧੀ ਨਿਸ਼ਚੇ ਦੀ ਬੁਨਿਆਦ ਕਹਿ ਸਕਦੇ ਹਾਂ।

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥
(ਮਹਲਾ ਪਹਿਲਾ, ਪੰਨਾ 938)

ਸਾਡੀ ਆਪਣੀ ਹੋਂਦ, ਸਾਡਾ ਆਪਾ, ਰੱਬ ਦੀ ਹੋਂਦ ਦਾ ਪਹਿਲਾ ਸਬੂਤ ਹੈ- ਸਾਡੀ ਆਤਮਾ ਦੀ ਹੋਂਦ, ਸਾਡੇ ਮਾਨਸਿਕ ਜੀਵਨ ਦੀ ਹੋਂਦ। ਫਰਾਂਸੀਸੀ ਲੇਖਕ ਡੇਕਾਰਟ ਦਾ ਕਥਨ ਹੈ, 'ਕਾਜੀਟੋ ਐਰਮੋਸਮ' ...'ਮੈਂ ਸੋਚਦਾ ਹਾਂ, ਇਸ ਕਈ ਮੈਂ ਹਾਂ।' ਵੇਦਾਂਤ ਦਾ ਬਿਆਨ 'ਅਹੰ ਬ੍ਰਹਮਾਸਮੀ'...'ਮੈਂ ਬ੍ਰਹਮ ਦਾ ਹੀ ਇਕ ਪਹਿਲੂ ਹੈ।' ਗੁਰੂ ਸਾਹਿਬ ਦਾ ਮਤ ਏਕਵਾਦ ਸੀ। ਮਨੁੱਖੀ ਆਤਮਾ ਤੇ ਪਰਮਾਤਮਾ ਵਿਚ ਕੋਈ ਜਾਤੀ ਭੇਦ ਨਹੀਂ ਹੈ। ਇਕੋ ਅਕਾਲ ਪੁਰਖ ਸਤ ਹੈ ਤੇ ਜੀਵ ਆਤਮਾਵਾਂ ਉਸ ਦਾ ਅੰਗ ਹਨ। ਜੀਵ ਹੋਂਦ ਤੋਂ ਪਰਮਾਤਮਾ ਦੀ ਹੋਂਦ ਦਾ ਸਬੂਤ ਮਿਲਦਾ ਹੈ।

ਅਤੁਲੁ ਕਿਉ ਤੋਲਿਆ ਜਾਇ॥
ਦੂਜਾ ਹੋਇ ਤ ਸੋਝੀ ਪਾਇ॥
ਤਿਸ ਤੇ ਦੂਜਾ ਨਾਹੀ ਕੋਇ॥
ਤਿਸ ਦੀ ਕੀਮਤਿ ਕਿਕੂ ਹੋਇ॥
(ਬਿਲਾਵਲੁ ਮਹਲਾ ਤੀਜਾ, ਪੰਨਾ 797)

ਅਕਾਲ ਪੁਰਖ ਨੇ ਆਪਣੇ ਵਿਚੋਂ ਹੀ ਜ਼ਰਾ ਨਿਖੇੜਾ ਕੇ ਜੀਵਾਤਮਾ ਦੇ ਰੂਪ ਵਿਚ ਪੈਦਾ ਕੀਤਾ। ਅਕਾਲ ਪੁਰਖ ਨੇ ਆਪਣੇ-ਆਪ ਨੂੰ ਉਦਕਰਖਿਆ (ਪਸਾਰਿਆ), ਤਾਂ ਇਹ ਸੰਸਾਰ ਤੇ ਜੀਵਾਤਮਾ ਬਣੀਆਂ। ਇਹ ਜੀਵਾਤਮਾ ਸਦਾ ਆਪਣੇ ਸੋਮੇ (ਨਿਕਾਸ) ਵੱਲ ਖਿੱਚ ਕਰਦਾ ਹੈ। ਇਸ ਖਿੱਚ ਤੋਂ ਅਕਾਲ ਪੁਰਖ ਦੇ ਗਿਆਨ ਤੇ ਅਹਿਸਾਸ ਪੈਦਾ ਹੁੰਦਾ ਹੈ। ਗੁਰਮਤਿ ਵਿਚ ਇਕ ਰੱਬ ਦੀ ਹੋਂਦ ਦਾ ਪੱਕਾ ਸਬੂਤ ਸਿੱਖੀ ਜੀਵਨ ਤੋਂ ਵੀ ਮਿਲਦਾ ਹੈ। ਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਪੂਰਨ ਸਦਾਚਾਰਕ ਸੰਪੂਰਨ ਜੀਵਨ ਦਾ ਦਾਨ, ਸਦਾਚਾਰਕ ਸੋਮੇ, ਵਾਹਿਗੁਰੂ ਅਕਾਲ ਪੁਰਖ ਤੋਂ ਮੰਗੇ। ਮਨੁੱਖ ਵਿਚ ਸਿਵਾਏ ਵਾਹਿਗੁਰੂ ਅਕਾਲ ਪੁਰਖ ਦੇ ਸਦਾਚਾਰ ਦਾ ਖਿਆਲ ਬਣਨ ਦੀ ਇੱਛਾ ਹੋਰ ਕਿਸੇ ਪਾਸਿਓਂ ਨਹੀਂ ਆ ਸਕਦੀ।

***(ਚਲਦਾ)***

# ਮੰਨੈ ਪਰਵਾਰੈ ਸਾਧਾਰੁ

***ਡਾ. ਗੋਬਿੰਦਰ ਸਿੰਘ ਸਮਰਾਓ ਨੇ 'ਮੰਨੈ ਪਰਵਾਰੈ ਸਾਧਾਰੁ' ਲੇਖ ਵਿਚ ਮਨ-ਅਵੱਸਥਾ ਦੀ ਕੁਝ ਪਰਤਾਂ ਖੋਲ੍ਹੀਆਂ ਹਨ। ਇਨ੍ਹਾਂ ਪਰਤਾਂ ਦੀਆਂ ਲੜੀਆਂ ਮਨੁੱਖੀ ਮਨ, ਜੀਵਨ ਅਤੇ ਸਮਾਜ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਕਿਸੇ ਇਕ ਲੜੀ ਵਿਚ ਰੱਤੀ ਭਰ ਵੀ ਖਿਚਾਅ ਜਾਂ ਢਿੱਲਾਪਣ ਜੀਵਨ ਦੀ ਤੋਰ ਵਿਗਾੜ ਦਿੰਦਾ ਹੈ। ਇਹ ਲੇਖ ਅਸਲ ਵਿਚ ਮਨੁੱਖੀ ਮਨ ਨੂੰ ਪੜ੍ਹਨ ਦੀ ਹੀ ਕਵਾਇਦ ਹੈ। ਅਜਿਹੀ ਕਵਾਇਦ ਹਰ ਕੋਈ ਕਰ ਸਕਦਾ ਹੈ, ਸ਼ਰਤ ਇਹੀ ਹੈ ਕਿ ਮਨ ਨੂੰ ਮਨ ਵਿਚ ਵਸਾਉਣਾ ਪੈਂਦਾ ਹੈ। ਦੁਆ ਤੇ ਦਵਾ ਕਿਸ ਤਰ੍ਹਾਂ ਕਰਾਮਾਤ ਕਰਦੀਆਂ ਹਨ, ਇਹੀ ਨੁਕਤਾ ਇਸ ਲੇਖ ਦਾ ਆਧਾਰ ਹੈ। -ਸੰਪਾਦਕ***

ਮਨਮੁਖ ਸ਼ਬਦ ਦੀ ਪ੍ਰੀਭਾਸ਼ਾ ਕਈ ਗਿਆਨੀ ਗੁਰਬਾਣੀ ਤੋਂ ਉਲਟ ਚੱਲਣ ਵਾਲੇ ਵਜੋਂ ਕਰਦੇ ਹਨ। ਇਹ ਸਹੀ ਵੀ ਹੈ, ਪਰ ਨਹੀਂ ਵੀ। ਸਹੀ ਇਸ ਲਈ ਲਗਦਾ ਹੈ ਕਿ ਗੁਰਬਾਣੀ ਗਿਆਨ ਦਾ ਭੰਡਾਰ ਹੈ, ਤੇ ਮਨ ਇੰਦਰੀਆਂ ਦਾ ਬੱਧਾ ਹੈ। ਮਨ ਪਿੱਛੇ ਲੱਗ ਕੇ ਗਿਆਨ ਵਿਰੁਧ ਚੱਲਣਾ ਮੂਰਖਤਾ ਹੈ। ਗਲਤ ਇਸ ਲਈ ਹੈ ਕਿ ਗੁਰਬਾਣੀ ਤਰਕ-ਸੰਗਿਕਤਾ ਦੀ ਸਿੱਖਿਆ ਦਿੰਦੀ ਹੈ। ਤਰਕ-ਸੰਗਿਕਤਾ ਮਨਨ, ਭਾਵ ਮੰਨੈ ਨਾਲ ਜੁੜੀ ਹੋਈ ਹੈ। ਮੰਨੈ ਮਨ ਦੀ ਕਿਰਿਆ ਹੈ। ਇਸ ਲਈ ਸੱਚ ਦਾ ਜਗਿਆਸੂ ਮਨ ਦੀ ਇਸ ਕਿਰਿਆ ਵਿਚ ਪਏ ਬਿਨਾਂ ਗਿਆਨ ਦਾ ਰਸਤਾ ਨਹੀਂ ਭਾਲ ਸਕਦਾ। ਲਗਦਾ ਹੈ, ਮਨ ਦੀਆਂ ਪਰਤਾਂ ਸਮਝਣ ਵਿਚ ਗਿਆਨੀ ਟਪਲਾ ਖਾਂਦੇ ਹਨ। ਜਿਵੇਂ ਵੀ ਹੋਵੇ, ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕਿਸੇ ਅਲਪ-ਸੋਚੀ ਮਨਮੁਖੀ ਨੂੰ ਦੀਰਘ ਸੋਚ ਵਾਲਾ ਵਿਵੇਕ ਮੁਖੀ ਬਣਾਇਆ ਜਾ ਸਕਦਾ ਹੈ? ਬਹੁਤੇ ਗਿਆਨੀ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਕਹਿਣਗੇ, "ਹਾਂ, ਗੁਰਬਾਣੀ ਲੜ ਲਾ ਕੇ।" ਇਸ ਗਾਡੀ-ਰਾਹ ਦਾ ਤਾਂ ਸਭ ਨੂੰ ਪਤਾ ਹੈ। ਦੂਜਾ ਰਸਤਾ ਸਹੀ ਚਕਿਤਸਾ ਪ੍ਰਣਾਲੀ ਰਾਹੀਂ ਉਸ ਦੇ ਮਨ ਵਿਚ ਮਨਨ ਦੀ ਗਿਆਨ ਜੋਤ ਜਗਾਉਣ ਦਾ ਹੈ। ਇਸ ਦਾ ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ। ਇਸ ਨੂੰ ਦਰਸਾਉਣ ਲਈ ਇਕ ਸੱਚੀ ਘਟਨਾ ਪੇਸ਼ ਕਰ ਰਿਹਾ ਹਾਂ ਜਿਸ ਵਿਚ ਸਬੰਧਤ ਵਿਅਕਤੀਆਂ ਦੇ ਨਾਂ-ਪਤੇ ਬਦਲੇ ਹਨ।

1995 ਦੇ ਅਪਰੈਲ ਮਹੀਨੇ ਦੀ ਗੱਲ ਹੈ। ਮੈਂ ਤੇ ਮੇਰੀ ਬੇਟੀ ਆਂਧਰਾ ਐਕਸਪ੍ਰੈਸ ਰਾਹੀਂ ਦਿੱਲੀ ਤੋਂ ਹੈਦਰਾਬਾਦ ਜਾ ਰਹੇ ਸਾਂ। ਬੇਟੀ ਕਰਨਾਟਕ ਦੀ ਗੁਲਬਰਗਾ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੀ ਸੀ, ਤੇ ਉਸ ਦੇ ਫਾਈਨਲ ਸਮੈਸਟਰ ਦਾ ਪ੍ਰੈਕਟੀਕਲ ਹੋਣਾ ਸੀ। ਕਰਨਾਟਕ ਐਕਸਪ੍ਰੈਸ ਦੀ ਰਿਜ਼ਰਵੇਸ਼ਨ ਨਾ ਮਿਲਣ ਕਰ ਕੇ ਅਸੀਂ ਹੈਦਰਾਬਾਦ ਹੋ ਕੇ ਗੁਲਬਰਗਾ ਪਹੁੰਚਣ ਦਾ ਮਨ ਬਣਾਇਆ। ਗੱਡੀ ਵਿਚ ਬੈਠਦਿਆਂ ਹੀ ਬੇਟੀ ਨੇ ਟੈਸਟ ਦੀ ਤਿਆਰੀ ਲਈ ਪੜ੍ਹਨਾ ਸ਼ੁਰੂ ਕਰ ਦਿੱਤਾ। ਲੋੜ ਪੈਣ 'ਤੇ ਉਸ ਦੀ ਸਹਾਇਤਾ ਲਈ ਮੈਂ ਵੀ ਉਸ ਦੀ ਸਾਹਮਣੇ ਵਾਲੀ ਸੀਟ 'ਤੇ ਬੈਠ ਗਿਆ।

ਇੰਨੇ ਨੂੰ ਦੂਜੇ ਪਾਸੇ ਇਕਹਿਰੀਆਂ ਸੀਟਾਂ 'ਤੇ ਕੋਈ ਪੰਜਾਬੀ ਮੜੰਗੇ ਵਾਲਾ ਅੱਧਖੜ ਉਮਰ ਦਾ ਸੰਨਿਆਸੀ ਆ ਬੈਠਾ। ਉਸ ਨੇ ਭਗਵੇਂ ਕੱਪੜੇ ਪਾਏ ਹੋਏ ਸਨ, ਤੇ ਘੋਨੇ ਸਿਰ 'ਤੇ ਸੇਲੀ ਟੋਪੀ ਪਾਈ ਹੋਈ ਸੀ। ਉਸ ਨੂੰ ਕਈ ਬੰਦੇ ਛੱਡਣ ਆਏ, ਤੇ ਦੋ-ਤਿੰਨ ਤਾਂ ਉਸ ਦੇ ਨਾਲ ਗੱਡੀ ਵਿਚ ਹੀ ਰਹਿ ਗਏ। ਨਾਲ ਜਾਂਦੇ ਉਸ ਦੇ ਚੇਲੇ ਵਾਰੀ-ਵਾਰੀ ਉਸ ਦੇ ਸਾਹਮਣੇ ਵਾਲੀ ਸੀਟ 'ਤੇ ਬੈਠਦੇ ਤੇ ਉਹ ਉਨ੍ਹਾਂ ਨੂੰ ਕਦੇ ਹਿੰਦੀ ਤੇ ਕਦੀ ਅੰਗਰੇਜ਼ੀ ਵਿਚ ਲੈਕਚਰ ਕਰਦਾ। ਹੋਰ ਸਵਾਰੀਆਂ ਵੀ ਉਸ ਕੋਲ ਆ ਬੈਠਦੀਆਂ, ਤੇ ਉਸ ਦੇ ਪ੍ਰਵਚਨ ਸੁਣਦੀਆਂ। ਪੜ੍ਹਾਈ ਪੱਖੋਂ ਮੇਰੀ ਬੇਟੀ ਲਈ ਇਹ ਸੁਖਾਵੀਂ ਸਥਿਤੀ ਨਹੀਂ ਸੀ, ਕਿਉਂਕਿ ਸੰਨਿਆਸੀ ਦੇ ਵਿਖਿਆਨ, ਪੜ੍ਹਾਈ ਦੇ ਕੰਮ ਵਿਚ ਵਿਘਨ ਪਾਉਂਦੇ ਸਨ। ਜਦੋਂ ਮੈਂ ਬੇਟੀ ਨੂੰ ਉਸ ਦੇ ਟੈਸਟ ਸਬੰਧੀ ਕੁਝ ਦੱਸਣਾ ਜਾਂ ਉਸ ਤੋਂ ਸੁਣਦਾ, ਤਾਂ ਉਹ ਬੋਲਦਾ-ਬੋਲਦਾ ਸਾਡੇ ਵੱਲ ਵੇਖਣ ਲੱਗ ਪੈਂਦਾ, ਤੇ ਕੰਨ ਚੁੱਕ ਕੇ ਸੁਣਨ ਦੀ ਕੋਸ਼ਿਸ਼ ਕਰਦਾ। ਇਹ ਮੈਨੂੰ ਬਹੁਤ ਅਖਰਦਾ।

ਰਾਤ ਨੂੰ ਖਾਣਾ ਖਾਣ ਤੋਂ ਪਹਿਲਾਂ ਤੇ ਪਿੱਛੋਂ ਸੰਨਿਆਸੀ ਭਗਤੀ ਜਿਹੀ ਕਰ ਕੇ ਲੇਟ ਗਿਆ। ਸਵੇਰੇ ਜਦੋਂ ਮੈਂ ਉਠਿਆ, ਉਹ ਧਿਆਨ ਮੁਦਰਾ ਵਿਚ ਬੈਠਾ ਸੀ। ਮੈਂ ਉਤਲੀ ਸੀਟ 'ਤੇ ਸਾਂ, ਤੇ ਮੈਨੂੰ ਉਠਦਿਆਂ ਭਾਂਪ ਉਸ ਨੇ ਅੱਖਾਂ ਖੋਲ੍ਹ ਮੇਰੇ ਵੱਲ ਚੋਰ ਨਜ਼ਰ ਨਾਲ ਦੇਖਿਆ, ਜਿਵੇਂ ਉਹ ਮੇਰੇ ਉਠਣ ਦਾ ਇੰਤਜ਼ਾਰ ਕਰ ਰਿਹਾ ਹੋਵੇ। ਮੈਂ ਹੇਠ ਆ ਕੇ ਬੇਟੀ ਨੂੰ ਜਗਾਇਆ, ਤੇ ਚਾਹ ਪਿਆ ਕੇ ਉਸ ਨੂੰ ਪੜ੍ਹਨ ਲਾਇਆ। ਉਹ ਇਕੱਲਾ ਬੈਠਾ ਸਾਰਾ ਕੁਝ ਟਿਕਟਿਕੀ ਲਗਾ ਕੇ ਵੇਖਦਾ ਗਿਆ।

ਉਨ੍ਹਾਂ ਦਿਨਾਂ ਵਿਚ ਬੇਟੀ ਦੀ ਪੜ੍ਹਾਈ ਮੇਰੇ ਜੀਵਨ ਦਾ ਮੁੱਖ ਮੰਤਵ ਸੀ। ਹੋਵੇ ਵੀ ਕਿਉਂ ਨਾ, ਇਹ ਉਸ ਦੀ ਜ਼ਿੰਦਗੀ ਦਾ ਮਹਾਨ ਪ੍ਰੋਜੈਕਟ ਸੀ ਜੋ ਉਸ ਨੇ ਬੀ.ਏ. ਆਨਰਜ਼ ਪਾਸ ਕਰਨ ਉਪਰੰਤ ਮੁੜ ਪਲਸ-ਟੂ ਦੇ ਪੱਧਰ 'ਤੇ ਆ ਕੇ ਛੋਹਿਆ ਸੀ। ਦੋ ਸਾਲ ਦੀ ਸਖਤ ਘਾਲਣਾ ਬਾਅਦ ਉਹਨੇ ਇੰਜੀਨੀਅਰਿੰਗ ਵਿਚ ਦਾਖਲਾ ਲਿਆ ਸੀ, ਤੇ ਪੂਰੇ ਚਾਰ ਸਾਲ ਘਰ ਤੋਂ ਦੂਰ ਰਹਿ ਕੇ ਪੜ੍ਹਾਈ ਕੀਤੀ ਸੀ। ਸਾਰੇ ਪਰਿਵਾਰ ਨੇ ਸਾਂਝੇ ਤੌਰ 'ਤੇ ਕਸ਼ਟ ਕੱਟੇ ਸਨ। ਹੁਣ ਅਸੀਂ ਪ੍ਰਸੰਨ ਸਾਂ, ਇਹ ਉਸ ਦਾ ਆਖਰੀ ਹੱਲਾ ਸੀ।

ਸਾਹਮਣੇ ਵੇਖਿਆ, ਸੰਨਿਆਸੀ ਕੋਲ ਦੋ ਚੇਲੇ ਆ ਜੁੜੇ ਸਨ। ਉਹ ਰਲ ਕੇ ਚਾਹ ਪੀ ਰਹੇ ਸਨ। ਸੰਨਿਆਸੀ ਮੱਧ ਪ੍ਰਦੇਸ਼ ਦੀਆਂ ਜੰਗਲੀ ਪਹਾੜੀਆਂ ਵੱਲ ਵੇਖ-ਵੇਖ ਕੁਝ ਕਹਿ ਰਿਹਾ ਸੀ, ਜਿਵੇਂ ਕੁਦਰਤ ਦੀ ਉਸਤਤ ਕਰ ਰਿਹਾ ਹੋਵੇ। ਵਿਚ-ਵਿਚਾਲੇ ਉਹ ਸਾਡੇ ਵੱਲ ਵੀ ਤੱਕਦਾ, ਜਿਵੇਂ ਕਹਿੰਦਾ ਹੋਵੇ ਕਿ ਤੁਸੀਂ ਵੀ ਬਾਹਰ ਕੁਝ ਵੇਖ ਲਓ, ਇਹ ਨਜ਼ਾਰੇ ਵਾਰ-ਵਾਰ ਨਹੀਂ ਆਉਣੇ, ਪਰ ਬੇਟੀ ਦੇ ਇਮਤਿਹਾਨ ਵਿਚ ਕੇਵਲ ਤਿੰਨ ਦਿਨ ਸਨ। ਉਸ ਦੀ ਤਿਆਰੀ ਦੇ ਇਹ ਦਿਨ ਫਿਰ ਨਹੀਂ ਸਨ ਆਉਣੇ। ਸਵਾਰੀਆਂ ਦੇ ਸ਼ੋਰ ਤੋਂ ਬੇਧਿਆਨਾ ਕਰਨ ਲਈ ਮੈਂ ਉਸ ਨੂੰ ਕਿਹਾ ਕਿ ਉਹ ਕੱਲ੍ਹ ਦਾ ਪੜ੍ਹਿਆ ਮੈਨੂੰ ਉਚੀ ਬੋਲ ਕੇ ਸੁਣਾਵੇ। ਉਸ ਦੀ ਦੁਹਰਾਈ ਸੁਣਦਿਆਂ ਮੈਂ ਬਾਹਰ ਵੇਖਿਆ, ਤੇ ਮੈਨੂੰ ਇਸੇ ਰਸਤੇ ਚਾਰ-ਪੰਜ ਸਾਲ ਪਹਿਲਾਂ ਕੀਤੇ ਕਈ ਸਫਰ ਯਾਦ ਆ ਗਏ। ਉਦੋਂ ਮੈਂ ਡੋਨੇਸ਼ਨ ਨਾਲ ਦਾਖਲਾ ਦੇਣ ਵਾਲੇ ਕਿਸੇ ਅੱਛੇ ਕਾਲਜ ਦੀ ਭਾਲ ਵਿਚ ਸਾਂ ਜਿਥੇ ਲੜਕੀਆਂ ਦਾ ਹੋਸਟਲ ਹੋਵੇ, ਤੇ ਮੇਰੀ ਬੇਟੀ ਮਹਿਫੂਜ਼ ਰਹਿ ਕੇ ਪੜ੍ਹਾਈ ਕਰ ਸਕੇ। ਮੇਰੇ ਮਨ ਵਿਚ ਉਸ ਵੇਲੇ ਦੀ ਭਟਕਣ, ਇਕਾਂਤ, ਉਦਾਸੀ, ਵੰਗਾਰ, ਡਰ ਤੇ ਤੌਖਲੇ ਅਜੀਬ ਭਾਵ ਬਣ ਕੇ ਘੁੰਮਣ ਲੱਗੇ।

ਅਤੀਤ ਦਾ ਖਿਆਲ ਛੱਡ ਮੈਂ ਆਪਣੀ ਬੇਟੀ ਦੇ ਸਬਕ ਵੱਲ ਧਿਆਨ ਦੇਣ ਲੱਗਿਆ। ਮੈਂ ਸੋਚਿਆ, ਜੇ ਅਨਿਸਚਿਤਤਾ ਦੇ ਉਹ ਬਦਲ ਛਟ ਗਏ, ਤਾਂ ਸਾਡੇ ਠੋਸ ਇਰਾਦੇ ਹੁਣ ਵਾਲੀਆਂ ਕਠਿਨਾਈਆਂ ਨੂੰ ਵੀ ਖੇਰੂੰ-ਖੇਰੂੰ ਕਰ ਦੇਣਗੇ। ਉਧਰ ਵੇਖਿਆ ਤਾਂ ਸੰਨਿਆਸੀ ਸਾਡੇ ਵੱਲ ਟਿਕਟਿਕੀ ਲਗਾ ਕੇ ਦੇਖ ਰਿਹਾ ਸੀ। ਮੈਨੂੰ ਉਹ ਭਗਵੇਂ ਕੱਪੜਿਆਂ ਵਿਚ ਪਾਪਾਂ ਭਰੀ ਮਤਿ ਵਾਲਾ ਸ਼ੈਤਾਨ ਨਜ਼ਰ ਆ ਰਿਹਾ ਸੀ। ਮੇਰਾ ਦਿਲ ਕੀਤਾ ਕਿ ਉਸ ਨੂੰ ਹੁਣੇ ਪੁੱਛਾਂ ਕਿ ਉਹ ਸਾਡੀ ਪ੍ਰਾਈਵੇਸੀ ਨੂੰ ਇੰਦਾਂ ਲੀਰੋ-ਲੀਰ ਕਿਉਂ ਕਰ ਰਿਹਾ ਸੀ। ਦੇਖਣ ਨੂੰ ਹੋਰ ਸਵਾਰੀਆਂ ਨਹੀਂ ਸਨ ਡੱਬੇ ਵਿਚ? ਪਰ ਮੈਂ ਕੋਈ ਹੰਗਾਮਾ ਪੈਦਾ ਕਰਨਾ ਨਹੀਂ ਚਾਹੁੰਦਾ ਸੀ, ਇਸ ਲਈ ਸੰਜਮ ਤੋਂ ਕੰਮ ਲੈਣਾ ਹੀ ਠੀਕ ਸਮਝਿਆ।

ਦੁਪਹਿਰ ਨੂੰ ਮੈਂ ਉਤਲੀ ਸੀਟ 'ਤੇ ਜਾ ਕੇ ਸੌਂ ਗਿਆ। ਜਦੋਂ ਉਠਿਆ, ਸੰਨਿਆਸੀ ਇੱਧਰ ਹੀ ਝਾਕ ਰਿਹਾ ਸੀ। ਮੈਨੂੰ ਵੇਖਦਿਆਂ ਹੀ ਉਸ ਨੇ ਫਿਰ ਮੈਨੂੰ ਨਿਸ਼ਾਨਾ ਬਣਾ ਲਿਆ। ਬੇਟੀ ਹੇਠਲੀ ਸੀਟ 'ਤੇ ਸੌਂ ਰਹੀ ਸੀ। ਮੌਕਾ ਤਾੜ ਕੇ ਮੈਂ ਸੰਨਿਆਸੀ ਨੂੰ ਝਾੜਨ ਦਾ ਮਨ ਬਣਾਇਆ। ਬਿਨਾਂ ਚਾਹ ਪੀਤਿਆਂ ਮੈਂ ਹੇਠ ਆ ਕੇ ਉਸ ਦੇ ਸਾਹਮਣੇ ਵਾਲੀ ਸੀਟ 'ਤੇ ਆ ਬੈਠਿਆ, ਤੇ ਉਸ ਨੂੰ ਸੰਬੋਧਨ ਕਰਦਿਆਂ ਕੜਕਿਆ, "ਸੰਤ ਹੋ?" ਉਹ ਠਰੰਮੇ ਨਾਲ ਬੋਲਿਆ, "ਨਹੀਂ, ਮੈਂ ਸੰਤ ਕਹਾਂ?" ਮੈਂ ਕਿਹਾ, "ਚੋਲਾ ਤੋ ਸੰਤੋਂ ਵਾਲਾ ਪਹਿਨ ਰੱਖਾ ਹੈ।" ਉਹ ਬੋਲਿਆ, "ਪਹਿਨ ਨਹੀਂ ਰੱਖਾ, ਇਸ ਕੀ ਪਨਾਹ ਲੇ ਰੱਖੀ ਹੈ।" ਮੈਨੂੰ ਉਹ ਕੋਈ ਭੇਸ-ਵਟ ਚੋਰ-ਉਚੱਕਾ ਲੱਗਿਆ ਜਿਸ ਨਾਲ ਡੱਬੇ ਵਿਚ ਬੈਠਣਾ ਵੀ ਖਤਰੇ ਤੋਂ ਖਾਲੀ ਨਾ ਹੋਵੇ। ਉਸ ਦੇ ਚੇਲੇ ਵੀ ਮੈਨੂੰ ਮੁਜਰਮ ਜਿਹੇ ਲੱਗਣ ਲੱਗੇ। ਮੈਂ ਰਵੱਈਆ ਬਦਲ ਕੇ ਪੁੱਛਿਆ, "ਕਹਾਂ ਸੇ ਆ ਰਹੇ ਹੋ?" "ਰਿਸ਼ੀਕੇਸ਼ ਸੇ ਆਯੇ ਹੈਂ। ਮਦੁਰਾਈ, ਰਾਮੇਸ਼ਰਮ ਸੇ ਹੋਤੇ ਹੂਏ ਕੰਨਿਆ ਕੁਮਾਰੀ ਜਾਏਂਗੇ, ਸਵਾਮੀ ਵਿਵੇਕਾਨੰਦ ਕੇ ਮੱਠ ਮੇਂ।" ਸਵਾਮੀ ਵਿਵੇਕਾਨੰਦ ਦਾ ਨਾਂ ਸੁਣਦਿਆਂ ਹੀ ਮੈਂ ਕੀਲਿਆ ਜਿਹਾ ਗਿਆ। ਉਸ ਮਹਾਨ ਸੰਤ ਦੀ ਵਿਦਵਤਾ ਦਾ ਮੈਂ ਕਾਇਲ ਸਾਂ। ਕਿਸੇ ਵੇਲੇ ਮੈਂ ਉਸ ਦੀਆਂ ਲਿਖਤਾਂ ਦੀਆਂ ਸਾਰੀਆਂ ਸੈਂਚੀਆਂ ਪੜ੍ਹੀਆਂ ਸਨ ਤੇ ਉਨ੍ਹਾਂ ਤੋਂ ਜੀਵਨ 'ਚ ਪ੍ਰੇਰਨਾ ਲਈ ਸੀ।

ਸੰਨਿਆਸੀ ਦੇ ਉਤਰ ਨੇ ਮੇਰਾ ਰਵੱਈਆ ਨਰਮ ਕਰ ਦਿੱਤਾ, ਪਰ ਉਸ ਦੇ 'ਚੋਲੇ ਦੀ ਪਨਾਹ' ਵਾਲੀ ਗੱਲ ਦੀ ਸ਼ੰਕਾ ਮਨ ਵਿਚ ਉਂਜ ਦੀ ਉਂਜ ਖੜ੍ਹੀ ਸੀ। ਮੈਂ ਉਸ ਨੂੰ ਪਲਟ ਕੇ ਪੁੱਛਿਆ, "ਮਦੁਰਾਈ ਮੰਦਰ ਔਰ ਸਵਾਮੀ ਜੀ ਕੇ ਮੱਠ ਮੇਂ ਕਿਆ ਸਮਾਨਤਾ ਹੈ?" ਉਸ ਨੇ ਕਿਹਾ, "ਸ਼ਾਂਤੀ ਕਾ ਕੋਈ ਠਿਕਾਨਾ ਨਹੀਂ ਹੋਤਾ। ਨਾ ਜਾਨੇ ਕਹਾਂ ਸੇ ਮਿਲੇ।" ਮੈਂ ਫਿਰ ਸੋਚਣ 'ਤੇ ਮਜਬੂਰ ਹੋ ਗਿਆ ਕਿ ਇਸ ਨੇ ਜ਼ਰੂਰ ਕੋਈ ਕੁਕਰਮ ਕੀਤਾ ਹੋਣਾ ਹੈ ਜੋ ਇਸ ਤਰ੍ਹਾਂ ਸ਼ਾਂਤੀ ਦੀ ਰਟ ਲਾ ਰਿਹਾ ਹੈ। "ਸੰਨਿਆਸ ਕੇ ਬਾਅਦ ਭੀ ਆਪ ਕੋ ਸ਼ਾਂਤੀ ਕੀ ਤਾਲਾਸ਼ ਹੈ? ਸ਼ਾਂਤੀ ਤੋਂ ਅਬ ਆਪ ਕੇ ਭੀਤਰ ਹੀ ਹੋਨੀ ਚਾਹੀਏ।" ਮੈਂ ਸਪਸ਼ਟ ਉਤਰ ਦੀ ਆਸ ਵਿਚ ਕਿਹਾ। "ਮੈਂ ਸਮਝਤਾ ਹੂੰ। ਬਹੁਤ ਕੋਸ਼ਿਸ਼ ਕਰ ਰਹਾ ਹੂੰ ਮਨ ਕੋ ਈਸ਼ਵਰ ਮੇਂ ਲੀਨ ਕਰਨੇ ਕੀ, ਪ੍ਰੰਤੂ ਮਾਯਾ ਕੇ ਬੰਧਨ ਬਹੁਤ ਮਜ਼ਬੂਤ ਹੈਂ, ਮੈਂ ਤੋੜ ਨਹੀਂ ਪਾਯਾ।" ਸੰਨਿਆਸੀ ਦਾਰਸ਼ਨਿਕ ਲਹਿਜੇ ਵਿਚ ਬੋਲਿਆ, ਤੇ ਰੁਕ ਗਿਆ, ਜਿਵੇਂ ਉਹ ਅਤਿ ਦਾ ਗੰਭੀਰ ਹੋ ਗਿਆ ਹੋਵੇ। ਥੋੜ੍ਹੀ ਦੇਰ ਬਾਅਦ ਉਹ ਫਿਰ ਬੋਲਿਆ, "ਅਸਲ ਸੰਨਿਆਸੀ ਤੋਂ ਆਪ ਹੈ, ਜਬ ਆਪ ਜੈਸੇ ਕਰਮਯੋਗੀ ਕੋ ਦੇਖ ਲੇਤਾ ਹੂੰ, ਤੋ ਹਰਸ਼ ਭੀ ਹੋਤਾ ਹੈ, ਔਰ ਈਰਖਾ ਭੀ।" ਇਹ ਸੁਣ ਕੇ ਮੈਂ ਉਸ ਨੂੰ ਹੈਰਾਨੀ ਨਾਲ ਕਿਹਾ, "ਮੈਂ ਤੋ ਕੋਈ ਸੰਨਿਆਸੀ ਨਹੀਂ ਜੋ ਆਪ ਮੇਰੇ ਸੇ ਈਰਖਾ ਕਰੇਂ?"

ਸੰਨਿਆਸੀ ਗਲਾ ਸਾਫ ਕਰ ਕੇ ਬੋਲਿਆ, "ਮੈਂ ਜਾਨਤਾ ਤੋ ਨਹੀਂ, ਪਰ ਸਮਝ ਸਕਤਾ ਹੂੰ ਕਿ ਆਪ ਕੇ ਸਾਥ ਯਾਤਰਾ ਕਰ ਰਹੀ ਕੰਨਿਆ ਆਪ ਕੀ ਪੁੱਤਰੀ ਹੈ। ਮੈਂ ਆਪ ਕੋ ਕੱਲ੍ਹ ਸੇ ਦੇਖ ਰਹਾ ਹੂੰ, ਆਪ ਇਸ ਕੇ ਪਾਸ ਬੈਠੇ ਕਿਸ ਮਿਹਨਤ ਸੇ ਉਸ ਕੋ ਪੜ੍ਹਾ ਰਹੇ ਹੋ, ਔਰ ਉਸ ਕਾ ਹਰ ਤਰਹਿ ਸੇ ਖਯਾਲ ਰੱਖ ਰਹੇ ਹੋ। ਆਪ ਕੋ ਦੇਖ ਕਰ ਮੁਝੇ ਵੋਹ ਖੁਸ਼ੀ ਮਿਲੀ ਜੋ ਕਾਸ਼ੀ ਮੇਂ ਭੀ ਨਾ ਮਿਲੇ। ਆਪ ਧੰਨਯ ਹੈਂ, ਮੈਂ ਆਪ ਕੋ ਪ੍ਰਣਾਮ ਕਰਨੇ ਹੀ ਵਾਲਾ ਥਾ।" ਸੰਨਿਆਸੀ ਬੋਲਦਾ-ਬੋਲਦਾ ਰੁਕ ਗਿਆ। ਪ੍ਰਸ਼ੰਸਾ ਸੁਣ ਕੇ ਮੈਂ ਮਨ ਹੀ ਮਨ ਫਖਰ ਨਾਲ ਸੋਚਿਆ ਕਿ ਇਸ ਨੇ ਹਾਲੇ ਦੇਖਿਆ ਹੀ ਕੀ ਹੈ। ਜਦੋਂ ਮੇਰੀ ਬੇਟੀ ਸਮੈਸਟਰ ਖਤਮ ਕਰ ਕੇ ਘਰ ਆਉਂਦੀ ਸੀ, ਤਾਂ ਮੈਂ ਪਹਿਲਾਂ ਹੀ ਉਸ ਦੇ ਅਗਲੇ ਸਮੈਸਟਰ ਦੀਆਂ ਕਿਤਾਬਾਂ ਪੜ੍ਹ ਕੇ ਰੱਖਦਾ ਸਾਂ। ਛੁੱਟੀਆਂ ਵਿਚ ਉਸ ਦੀ ਪੂਰੀ ਤਿਆਰੀ ਕਰਵਾਉਂਦਾ ਸਾਂ ਤਾਂ ਜੋ ਉਸ ਨੂੰ ਕਲਾਸ ਵਿਚ ਕਿਸੇ ਲਾਚਾਰੀ ਦਾ ਸਾਹਮਣਾ ਨਾ ਕਰਨਾ ਪਵੇ। ਸਿਵਲ, ਮਕੈਨੀਕਲ, ਇਲੈਕਟਰੀਕਲ ਇੰਜੀਨੀਅਰਿੰਗ ਅਤੇ ਹਾਇਰ ਮੈਥ ਵਰਗੇ ਕਠਿਨ ਪਰਚੇ ਉਸ ਨੂੰ ਮੈਂ ਇਸੇ ਤਰ੍ਹਾਂ ਹੀ ਤਿਆਰ ਕਰਵਾਏ ਸਨ।

ਮੇਰੇ ਖਿਆਲਾਂ ਦੀ ਲੜੀ ਤੋੜਦਾ ਸੰਨਿਆਸੀ ਬੋਲਿਆ, "ਮਨ ਹੀ ਮਨ ਮੇਂ ਮੈਂ ਸੋਚਤਾ ਥਾ ਕਿ ਯਦਿ ਮੇਰੀ ਤਕਦੀਰ ਮੇਰਾ ਸਾਥ ਦੇਤੀ, ਤੋ ਆਜ ਮੈਂ ਭੀ ਅਪਨੀ ਪੁੱਤਰੀ ਕਾ ਪਾਲਨ-ਪੋਸਨ ਐਸੇ ਹੀ ਕਰ ਰਹਾ ਹੋਤਾ। ਯਹੀ ਬਾਤ ਮੁਝੇ ਬੇਚੈਨ ਕਰਤੀ ਹੈ।" ਮੇਰੀ ਸੋਚ ਦਾ ਪਾਸਾ ਪਲਟਿਆ। ਮੈਨੂੰ ਉਸ ਵਿਚ ਰਵਿੰਦਰ ਨਾਥ ਟੈਗੋਰ ਦੀ ਕਰੁਣਾਮਈ ਕਹਾਣੀ 'ਕਾਬੁਲੀਵਾਲਾ' ਦੇ ਨਾਇਕ ਦੀ ਝਲਕ ਦਿਖਾਈ ਦਿੱਤੀ। ਮੈਂ ਉਸ ਨੂੰ ਸਿਰ ਤੋਂ ਪੈਰਾਂ ਤੀਕਰ ਇਕ ਵਾਰ ਫਿਰ ਦੇਖਿਆ। ਹੁਣ ਉਹ ਮੈਨੂੰ ਕਿਸੇ ਮਜਬੂਰੀ ਦਾ ਮਾਰਿਆ ਭਲਾ ਮਾਣਸ ਬਾਪ ਲੱਗ ਰਿਹਾ ਸੀ। ਮੈਂ ਹਮਦਰਦੀ ਨਾਲ ਪੁੱਛਿਆ, "ਕਹਾਂ ਹੈ ਆਪ ਕੀ ਪੁੱਤਰੀ? ਕਯਾ ਹੂਆ ਉਸੇ?" ਸੰਨਿਆਸੀ ਪਹਿਲਾਂ ਉਦਾਸ ਹੋਇਆ, ਫਿਰ ਟੋਪੀ ਨਾਲ ਮੂੰਹ ਢੱਕ ਕੇ ਡੁਸਕਣ ਲੱਗ ਪਿਆ।

ਉਹ ਮਨ ਦੀ ਤੜਫ ਕੱਢ ਲਵੇ, ਇਸ ਲਈ ਮੈਂ ਚੁੱਪ ਕਰ ਗਿਆ। ਮੈਂ ਆਪਣੇ ਤਜਰਬੇ ਤੋਂ ਉਸ ਦੀ ਮਨੋ-ਦਸ਼ਾ ਪੂਰੀ ਤਰ੍ਹਾਂ ਸਮਝ ਸਕਦਾ ਸਾਂ। ਮੇਰੇ ਦਿਮਾਗ ਵਿਚ ਉਹ ਸਾਰੀ ਝਲਕੀ ਘੁੰਮ ਗਈ ਜਦੋਂ ਮੈਂ ਪਹਿਲੀ ਵਾਰ ਆਪਣੀ ਬੇਟੀ ਨੂੰ ਗੁਲਬਰਗਾ ਕਾਲਜ ਵਿਚ ਦਾਖਲ ਕਰਵਾਉਣ ਗਿਆ ਸਾਂ। ਉਸ ਨੇ ਤਰਲੇ ਪਾ-ਪਾ ਮੈਨੂੰ ਉਥੋਂ ਕਈ ਦਿਨ ਨਹੀਂ ਸੀ ਆਉਣ ਦਿੱਤਾ। ਅਖੀਰ ਜਿਸ

## ਚੱਲ ਸੋ ਚੱਲ

ਦਿਨ ਮੁੜਿਆ, ਸਾਰੇ ਰਸਤੇ ਮੈਂ ਧੀ ਦੇ ਉਦਰੇਵੇਂ ਕਾਰਨ ਰੋਂਦਾ ਹੀ ਆਇਆ ਸੀ। ਸ਼ੁਕਰ ਸੀ, ਅੱਜ ਉਹ ਅਣਸੁਖਾਵੀਆਂ ਘੜੀਆਂ ਗੁਜ਼ਰ ਚੁੱਕੀਆਂ ਸਨ, ਤੇ ਉਹ ਮੇਰੇ ਸਾਹਮਣੇ ਬੈਠੀ ਸੀ। ਮੈਨੂੰ ਲਗਿਆ, ਸੰਨਿਆਸੀ ਦੀ ਉਹੋ ਜਿਹੀ ਹੀ ਘੜੀ ਚੱਲ ਰਹੀ ਸੀ।

ਸੰਨਿਆਸੀ ਦੇ ਹੰਝੂ ਸੁੱਕ ਗਏ ਸਨ, ਪਰ ਚਿਹਰਾ ਅਜੇ ਵੀ ਉਦਾਸ ਸੀ। ਉਸ ਅਤੇ ਮੇਰੇ ਵਿਚ ਹੁਣ ਕੋਈ ਭੇਦ ਨਹੀਂ ਸੀ। ਅਸੀਂ ਦੋਵੇਂ 'ਬਾਪ' ਸਾਂ ਤੇ ਆਪੋ-ਆਪਣੀਆਂ ਅਟਾਰੀਆਂ ਵਿਚੋਂ ਇਨਸਾਨੀਅਤ ਦੀ ਜ਼ਮੀਨ 'ਤੇ ਉਤਰ ਆਏ ਸਾਂ। ਮੈਂ ਅੱਗੇ ਹੋ ਕੇ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਹਮਦਰਦੀ ਨਾਲ ਪੁੱਛਿਆ, "ਆਪ ਕੀ ਬੇਟੀ ਠੀਕ ਤੋ ਹੈ ਮਹਾਰਾਜ?" ਮੇਰੇ ਅਨੁਮਾਨ ਤੋਂ ਉਲਟ ਉਸ ਨੇ ਕਿਹਾ, "ਹਾਂ, ਠੀਕ ਹੈ।" ਮੈਂ ਪੁੱਛਿਆ, "ਤੋ ਫਿਰ ਉਸੇ ਹੂਆ ਕਯਾ ਹੈ ਜੋ ਆਪ ਇਤਨਾ ਪ੍ਰੇਸ਼ਾਨ ਹੋ?" ਉਹ ਬੋਲਿਆ, "ਵੋਹ ਮੁਝ ਸੇ ਵਿਛੜ ਗਈ ਹੈ।" ਮੈਂ ਪੁੱਛਿਆ, "ਕੈਸੇ?" ਮੇਰੇ ਇਸ ਪ੍ਰਸ਼ਨ ਦੇ ਉਤਰ ਵਿਚ ਉਸ ਦਾ ਮੂੰਹ ਦੂਰ ਤੀਕਰ ਫੈਲੇ ਢੱਕ ਗੇਰੂਏ ਫੁੱਲਾਂ ਵਾਂਗ ਲਾਲ ਹੋ ਗਿਆ। ਥੋੜ੍ਹਾ ਝਿਜਕ ਕੇ ਕਹਿਣ ਲੱਗਿਆ, "ਮੁਝੇ ਕਹਤੇ ਲੱਜਾ ਆਤੀ ਹੈ। ਕਯਾ ਕਰੂੰ ਬਾਪ ਹੂੰ, ਪਰ ਮੈਂ ਸੱਚਾਈ ਸੇ ਮੂੰਹ ਭੀ ਨਹੀਂ ਮੋੜ ਸਕਤਾ। ਆਪ ਅਜਨਬੀ ਹੈਂ, ਆਪ ਸੇ ਛੁਪਾਨੇ ਮੇਂ ਭੀ ਮੇਰਾ ਕੋਈ ਹਿਤ ਨਹੀਂ ਹੈ।" ਇਸ ਤੋਂ ਬਾਅਦ ਉਸ ਨੇ ਜੋ ਦੱਸਿਆ, ਉਸ ਦਾ ਸਾਰ ਇਹ ਸੀ:

ਉਸ ਦਾ ਨਾਂ ਸੀਤਲ ਕੁਮਾਰ ਸੀ। ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਪਿੰਡ ਵਿਚ ਇਕ ਪੁਰੋਹਿਤ ਘਰਾਣੇ ਵਿਚ ਪੈਦਾ ਹੋਇਆ ਜਿਥੇ ਉਸ ਦਾ ਸਨਾਤਨੀ ਸੰਸਕਾਰ ਨਾਲ ਪਾਲਣ-ਪੋਸ਼ਣ ਹੋਇਆ। ਪੜ੍ਹਨ-ਲਿਖਣ ਤੋਂ ਬਾਅਦ ਉਸ ਨੂੰ ਬੈਂਕ ਵਿਚ ਨੌਕਰੀ ਮਿਲ ਗਈ। ਕੁਝ ਅਰਸੇ ਬਾਅਦ ਉਸ ਦੇ ਪਿਤਾ ਨੇ ਉਸ ਦਾ ਵਿਆਹ ਇੰਗਲੈਂਡ ਤੋਂ ਆਈ ਤੇ ਵਿਦੇਸ਼ ਵਿਚ ਹੀ ਜੰਮੀ-ਪਲੀ ਲੜਕੀ ਨਾਲ ਕਰ ਦਿੱਤਾ। ਵਿਆਹ ਤੋਂ ਕੁਝ ਚਿਰ ਬਾਅਦ ਉਹ ਵਾਪਸ ਆਪਣੇ ਵਤਨ ਚਲੀ ਗਈ ਤੇ ਉਸ ਨੂੰ ਵੀ ਉਥੇ ਬੁਲਾ ਲਿਆ। ਉਹ ਉਥੇ ਨੌਕਰੀ ਕਰਨ ਲੱਗਾ, ਪਰ ਉਸ ਦਾ ਦਿਲ ਨਾ ਲੱਗਾ। ਉਸ ਦੀ ਪਤਨੀ ਮਾਡਰਨ ਵਿਚਾਰਾਂ ਦੀ ਸੀ ਤੇ ਉਹ ਬਿਲਕੁਲ ਦੇਸੀ। ਉਸ ਨੇ ਆਪਣੀ ਪਤਨੀ ਅੱਗੇ ਵਾਪਸ ਭਾਰਤ ਪਰਤਣ ਦਾ ਪ੍ਰਸਤਾਵ ਰੱਖਿਆ, ਪਰ ਉਹ ਨਾ ਮੰਨੀ। ਸਮਾਂ ਪਾ ਕੇ ਉਨ੍ਹਾਂ ਦੇ ਘਰ ਧੀ ਤੇ ਪੁੱਤਰ ਪੈਦਾ ਹੋਏ। ਉਨ੍ਹਾਂ ਦੇ ਮੋਹ ਕਰ ਕੇ

***(ਬਾਕੀ ਅਗਲੇ ਸਫੇ 'ਤੇ)***

# ਆਨ ਰਸਾ ਜੇਤੇ ਤੈ ਚਾਖੇ

**ਗਉੜੀ ਗੁਆਰੇਰੀ ਮਹਲਾ ੫**

ਆਨ ਰਸਾ ਜੇਤੇ ਤੈ ਚਾਖੇ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ॥
ਹਰਿ ਰਸ ਕਾ ਤੂੰ ਚਾਖਹਿ ਸਾਦੁ॥
ਚਾਖਤ ਹੋਇ ਰਹਹਿ ਬਿਸਮਾਦੁ॥੧॥
ਅੰਮ੍ਰਿਤੁ ਰਸਨਾ ਪੀਉ ਪਿਆਰੀ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ॥੧॥ ਰਹਾਉ॥
ਹੇ ਜਿਹਵੇ ਤੂੰ ਰਾਮ ਗੁਣ ਗਾਉ॥
ਨਿਮਖ ਨਿਮਖ ਹਰਿ ਹਰਿ ਹਰਿ ਧਿਆਉ॥
ਆਨ ਨ ਸੁਨੀਐ ਕਤਹੂੰ ਜਾਈਐ॥
ਸਾਧਸੰਗਤਿ ਵਡਭਾਗੀ ਪਾਈਐ॥੨॥
ਆਠ ਪਹਰ ਜਿਹਵੇ ਆਰਾਧਿ॥
ਪਾਰਬ੍ਰਹਮ ਠਾਕੁਰ ਆਗਾਧਿ॥
ਈਹਾ ਊਹਾ ਸਦਾ ਸੁਹੇਲੀ॥
ਹਰਿ ਗੁਣ ਗਾਵਤ ਰਸਨ ਅਮੋਲੀ॥੩॥
ਬਨਸਪਤਿ ਮਉਲੀ ਫਲ ਫੁਲ ਪੇਡੇ॥
ਇਹ ਰਸ ਰਾਤੀ ਬਹੁਰਿ ਨ ਛੋਡੇ॥
ਆਨ ਨ ਰਸ ਕਸ ਲਵੈ ਨ ਲਾਈ॥
ਕਹੁ ਨਾਨਕ ਗੁਰ ਭਏ ਹੈ ਸਹਾਈ॥੪॥

ਇਸ ਸ਼ਬਦ ਵਿਚ ਗੁਰਦੇਵ ਜੀ ਰਸਨਾ ਜੀਭਾ ਨੂੰ ਮੁਖਾਤਬ ਹੋ ਰਹੇ ਹਨ ਅਤੇ ਆਖਦੇ ਹਨ- ਹੇ ਮੇਰੀ ਜੀਭਾ! ਉਸ ਮਿਹਰਵਾਨ ਪ੍ਰਭੂ ਦੇ ਨਾਮ ਰਸ ਤੋਂ ਬਿਨਾਂ ਜਿੰਨੇ ਵੀ ਹੋਰ ਰਸ ਤੂੰ ਚੱਖਦੀ ਰਹਿੰਦੀ ਹੈਂ; ਤ੍ਰਿਸਨਾ ਤੇਰੀ ਲਾਥੇ, ਉਨ੍ਹਾਂ ਝੂਠੇ ਰਸਾਂ ਨਾਲ ਤਾਂ ਇਕ ਪਲ ਲਈ ਭੀ ਤੇਰੀ ਤ੍ਰਿਸ਼ਨਾ ਦੂਰ ਨਹੀਂ ਹੁੰਦੀ; ਹਰਿ ਰਸ ਕਾ ਤੂੰ ਚਾਖਹਿ ਸਾਦੁ, ਪਰ ਹੇ ਜੀਭਾ! ਜੇ ਤੂੰ ਪ੍ਰਭੂ ਦੇ ਨਾਮ ਰਸ ਦਾ ਸੁਆਦ ਚੱਖ ਲਵੇਂ, ਤਾਂ ਉਸੇ ਪਲ ਚੱਖਦੇ ਸਾਰ ਹੀ ਤੇਰੀ ਤ੍ਰਿਸ਼ਨਾ ਭੀ ਮੁੱਕ ਜਾਵੇਗੀ ਅਤੇ ਤੂੰ ਨਾਮ ਵਿਚ ਮਸਤ ਹੋ ਜਾਵੇਂਗੀ।

ਅੰਮ੍ਰਿਤੁ ਰਸਨਾ ਪੀਉ ਪਿਆਰੀ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ॥੧॥ ਰਹਾਉ॥

ਪੰਜਵੇਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀਭਾ ਨੂੰ ਸਮਝਾਉਣਾ ਕਰਦੇ ਆਖਦੇ ਹਨ- ਹੇ ਮੇਰੀ ਪਿਆਰੀ ਜੀਭਾ! ਤੂੰ ਉਸ ਮਿਹਰਵਾਨ ਪ੍ਰਭੂ ਦਾ ਸੋਹਣਾ ਨਾਮ ਜੋ ਆਤਮਿਕ ਰਸ ਦੇਣ ਵਾਲਾ ਹੈ, ਉਸ ਨਾਮ ਰੂਪੀ ਅੰਮ੍ਰਿਤ ਨੂੰ ਰੱਜ-ਰੱਜ ਕੇ ਪੀਆ ਕਰ; ਇਹ ਰਸ ਰਾਤੀ ਹੋਇ ਤ੍ਰਿਪਤਾਰੀ, ਹੇ ਜੀਭਾ! ਜਿਹੜੀ ਜੀਭਾ ਪ੍ਰਭੂ ਦੇ ਇਸ ਨਾਮ ਰੂਪੀ ਅੰਮ੍ਰਿਤ ਰਸ ਵਿਚ ਮਤਵਾਲੀ ਹੋ ਜਾਂਦੀ ਹੈ, ਉਹ ਤ੍ਰਿਪਤ ਹੋ ਜਾਂਦੀ ਹੈ ਅਤੇ ਫਿਰ ਉਸ ਜੀਭਾ ਨੂੰ ਦੁਨੀਆਂ ਦੇ ਹੋਰ ਰਸ ਨਹੀਂ ਭਾਉਂਦੇ।

ਹੇ ਜਿਹਵੇ ਤੂੰ ਰਾਮ ਗੁਣ ਗਾਉ॥
ਨਿਮਖ ਨਿਮਖ ਹਰਿ ਹਰਿ ਹਰਿ ਧਿਆਉ॥
ਆਨ ਨ ਸੁਨੀਐ ਕਤਹੂੰ ਜਾਈਐ॥
ਸਾਧਸੰਗਤਿ ਵਡਭਾਗੀ ਪਾਈਐ॥੨॥

ਪੰਚਮ ਪਾਤਸ਼ਾਹ ਫਰਮਾਉਂਦੇ ਹਨ, ਹੇ ਮੇਰੀ ਜੀਭਾ! ਤੂੰ ਉਸ ਪਿਆਰੇ ਪ੍ਰੀਤਮ ਦੇ ਗੁਣਾਂ ਨੂੰ ਗਾਇਆ ਕਰ; ਅਤੇ ਪਲ-ਪਲ ਭਾਵ ਹਰ ਵੇਲੇ ਹੀ ਉਸ ਪ੍ਰਭੂ ਦੇ ਨਾਮ ਨੂੰ ਧਿਆਇਆ ਕਰ। ਹੇ ਮੇਰੀ ਜੀਭਾ! ਜੇ ਤੂੰ ਵਿਕਾਰਾਂ ਭਰੇ ਇਸ ਸੰਸਾਰ ਦੇ ਰਸਾਂ ਵੱਲੋਂ ਆਪਣੇ ਆਪ ਨੂੰ ਸੰਭਾਲਣਾ ਹੈ, ਤਾਂ ਉਸ ਮਿਹਰਵਾਨ ਪ੍ਰਭੂ ਦੀ ਸਿਫਤ ਤੋਂ ਬਿਨਾਂ ਹੋਰ ਕੂੜ ਗੱਲਾਂ ਨਾ ਸੁਣਿਆ ਕਰ, ਸੰਸਾਰ ਨੂੰ ਛੱਡ ਕੇ ਹੋਰ ਕਿਤੇ ਨਾ ਜਾਹ, ਸਾਧ ਸੰਗਤ ਤਾਂ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

## ਗੁਰਬਾਣੀ ਗਿਆਨ

ਆਠ ਪਹਰ ਜਿਹਵੇ ਆਰਾਧਿ॥
ਪਾਰਬ੍ਰਹਮ ਠਾਕੁਰ ਆਗਾਧਿ॥
ਈਹਾ ਊਹਾ ਸਦਾ ਸੁਹੇਲੀ॥
ਹਰਿ ਗੁਣ ਗਾਵਤ ਰਸਨ ਅਮੋਲੀ॥੩॥

ਗੁਰਦੇਵ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ- ਹੇ ਜੀਭਾ! ਤੂੰ ਉਸ ਮਿਹਰਵਾਨ ਪ੍ਰਭੂ ਦਾ ਅੱਠੇ ਪਹਿਰ ਹੀ ਸਿਮਰਨ ਕਰਿਆ ਕਰ; ਉਹ ਪ੍ਰਭੂ ਜੋ ਅਥਾਹ ਗੁਣਾਂ ਅਤੇ ਸ਼ਕਤੀਆਂ ਦਾ ਮਾਲਕ ਹੈ, ਉਸ ਠਾਕਰ ਪਾਰਬ੍ਰਹਮ ਸੁਆਮੀ ਨੂੰ ਸਦਾ ਹੀ ਚੇਤੇ ਰੱਖ; ਉਸ ਪ੍ਰਭੂ ਦਾ ਨਾਮ ਜਪ ਕੇ ਜੀਭਾ ਲੋਕ ਅਤੇ ਪਰਲੋਕ- ਦੋਹਾਂ ਜਹਾਨਾਂ ਵਿਚ ਹੀ ਸੁਖੀ ਹੋ ਜਾਂਦੀ ਹੈ ਅਤੇ ਪ੍ਰਭੂ ਦੇ ਗੁਣ ਗਾਇਨ ਕਰ ਕੇ ਅਣਮੁੱਲੀ ਬਣ ਜਾਂਦੀ ਹੈ।

ਬਨਸਪਤਿ ਮਉਲੀ ਫਲ ਫੁਲ ਪੇਡੇ॥
ਇਹ ਰਸ ਰਾਤੀ ਬਹੁਰਿ ਨ ਛੋਡੇ॥
ਆਨ ਨ ਰਸ ਕਸ ਲਵੈ ਨ ਲਾਈ॥
ਕਹੁ ਨਾਨਕ ਗੁਰ ਭਏ ਹੈ ਸਹਾਈ॥੪॥

ਗੁਰੂ ਜੀ ਫਰਮਾਉਂਦੇ ਹਨ, ਭਾਈ ਉਸ ਕਾਦਰ ਦੀ ਕੁਦਰਤ ਸਦਕਾ ਭਾਵੇਂ ਸਾਰੀ ਹੀ ਬਨਸਪਤੀ ਖਿੜੀ ਰਹਿੰਦੀ ਹੈ ਅਤੇ ਰੁੱਖਾਂ ਤੇ ਬੂਟਿਆਂ ਨੂੰ ਸੋਹਣੇ ਫਲ ਅਤੇ ਫੁੱਲ ਭੀ ਲੱਗੇ ਦਿਖਾਈ ਦਿੰਦੇ ਹਨ ਪਰ ਭਾਈ! ਜਿਸ ਵਡਭਾਗੇ ਜੀਵ ਦੀ ਜੀਭਾ ਨਾਮ ਰਸ ਨਾਲ ਰੱਤੀ ਹੋਈ ਹੈ, ਫਿਰ ਉਹ ਬਾਹਰਲੀ ਸੁੰਦਰਤਾ, ਭਾਵ ਰਸਾਂ ਨੂੰ ਵੇਖ ਕੇ ਵੀ ਨਾਮ ਰਸ ਨੂੰ ਕਦੀ ਨਹੀਂ ਛੱਡਦਾ, ਨਾਨਕ ਆਖਦਾ ਹੈ ਜਿਸ ਜੀਵ ਦਾ ਸਹਾਈ ਗੁਰੂ ਬਣਦਾ ਹੈ, ਉਸ ਲਈ ਨਾਮ ਰਸ ਤੋਂ ਬਿਨਾਂ ਬਾਕੀ ਸਾਰੇ ਰਸ ਝੂਠੇ ਹਨ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-678-3536***

# ਅਨਦ ਕਰਹਿ ਨਰ ਨਾਰੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਆਦਮੀ ਲਈ ਨਰ ਅਤੇ ਔਰਤ ਲਈ ਨਾਰੀ ਸ਼ਬਦ ਪੰਜਾਬੀ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿਚ ਆਮ ਹੀ ਵਰਤੇ ਜਾਂਦੇ ਹਨ। ਇਹ ਸ਼ਬਦ ਭਾਵੇਂ ਆਮ ਬੋਲਚਾਲ ਦੇ ਨਹੀਂ ਪਰ ਫਿਰ ਵੀ ਕਈ ਸਥਿਤੀਆਂ ਤੇ ਸੰਦਰਭਾਂ ਵਿਚ ਚੋਖੇ ਇਸਤੇਮਾਲ ਕੀਤੇ ਜਾਂਦੇ ਹਨ। ਸ਼ਾਇਦ ਨਾਰੀ ਸ਼ਬਦ ਨਰ ਨਾਲੋਂ ਵਧੇਰੇ ਪ੍ਰਚਲਿਤ ਹੈ। ਆਦਮੀ ਦੇ ਅਰਥਾਂ ਵਿਚ ਨਰ ਦੇਖੋ, "ਨਰ ਤੇ ਸੁਰ ਹੋਇ ਜਾਤ ਨਿਮਖ॥" (ਭਗਤ ਨਾਮਦੇਵ)

ਦੇਵਤਿਆਂ ਦੀ ਇਕ ਖਾਸ ਜਾਤ ਲਈ ਵੀ ਨਰ ਸ਼ਬਦ ਚਲਦਾ ਹੈ ਪਰ 'ਸੁਰ ਨਰ' ਸ਼ਬਦ ਜੁੱਟ ਦਾ ਭਾਵ ਹੈ ਸੁਰਾਂ ਅਰਥਾਤ ਦੇਵਤਿਆਂ ਜਿਹੇ ਮਨੁੱਖ, "ਸੁਰਿ ਨਰ ਗਣ ਗੰਧਰਬੇ ਜਪਿਓ॥" -ਗੁਰੂ ਰਾਮ ਦਾਸ। ਨਾਰਾਇਣ ਦੇ ਵੱਡੇ (ਕਈ ਸ੍ਰੋਤਾਂ ਅਨੁਸਾਰ ਛੋਟੇ) ਭਰਾ ਨੂੰ ਨਰ ਕਿਹਾ ਗਿਆ ਹੈ। ਬਚਿੱਤਰ ਨਾਟਕ ਅਤੇ ਪੁਰਾਣਾਂ ਅਨੁਸਾਰ ਅਰਜਨ ਇਸ ਨਰ ਦਾ ਅਵਤਾਰ ਸੀ, "ਨਰ ਅਵਤਾਰ ਭਜੋ ਅਰਜਨਾ।" ਇਥੇ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਦਰਅਸਲ ਅਰਜਨ ਦੀ ਵੀਰਤਾ ਦਰਸਾਉਣ ਲਈ ਹੀ ਉਸ ਨੂੰ ਨਰ ਦਾ ਅਵਤਾਰ ਦੱਸਿਆ ਗਿਆ ਹੈ। ਨਰਿੰਦਰ, ਨਰਿੰਦ ਜਾਂ ਰਾਜਨਰਿੰਦ ਬਣੇ ਹਨ ਨਰ+ਇੰਦਰ ਤੋਂ ਤੇ ਇਨ੍ਹਾਂ ਦਾ ਸ਼ਾਬਦਿਕ ਅਰਥ ਹੁੰਦਾ ਹੈ ਮਨੁੱਖਾਂ ਦਾ ਸਵਾਮੀ ਪਰ ਵਿਸਤ੍ਰਿਤ ਅਰਥ ਰਾਜਾ ਹੈ, "ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥" -ਗੁਰੂ ਨਾਨਕ ਦੇਵ।

"ਨਰ ਆਦਮੀ" ਸ਼ਬਦ ਜੁੱਟ ਸਾਹਸੀ, ਭਰੋਸੇਯੋਗ, ਵਚਨ ਦੇ ਪੱਕੇ ਬੰਦੇ ਲਈ ਵਰਤਿਆ ਜਾਂਦਾ ਹੈ। ਗੁਰੂ ਅਮਰ ਦਾਸ ਨੇ ਇਸੇ ਅਰਥ ਵਿਚ 'ਨਰ ਮਨੁਖ' ਸ਼ਬਦ ਜੁੱਟ ਵਰਤਿਆ ਹੈ, "ਨਰ ਮਨੁਖਾਂ ਨੂੰ ਏਕ ਧਿਆਨਾ॥" ਦੇਖਿਆ ਜਾਵੇ ਤਾਂ ਆਦਮੀ ਦੇ ਸਾਰੇ ਸਮਾਨਾਰਥਕ ਸ਼ਬਦਾਂ ਵਿਚ ਨਰਤਾ ਯਾਨਿ ਵੀਰਤਾ ਦੇ ਭਾਵ ਸਹਿਜ ਰੂਪ ਵਿਚ ਵਿਦਮਾਨ ਹਨ। ਇਹ ਅਬਲਾ ਨਾਰੀ ਦੇ ਟਾਕਰੇ ਵਿਚੋਂ ਉਭਰੇ ਹਨ। ਕਿਸੇ ਵੀ ਜੀਵ ਦੇ ਪੁਲਿੰਗ ਨੂੰ ਵੀ ਨਰ ਕਹਿ ਦਿੱਤਾ ਜਾਦਾ ਹੈ ਜਿਵੇਂ ਨਰ ਤਿੱਤਲੀ, ਨਰ ਕੋਇਲ, ਨਰ ਮਕੜੀ ਆਦਿ, "ਨਰ ਚਿੜੀ ਦੀ ਪਛਾਣ ਉਸ ਦੇ ਗਲ ਕੋਲ ਕਾਲੇ ਧੱਬਿਆਂ ਤੋਂ ਹੁੰਦੀ ਹੈ।" ਇਕ ਦਿਲਚਸਪ ਖਬਰ ਪੜ੍ਹੋ, "ਇੱਕ ਤਾਜ਼ਾ ਖੋਜ ਵਿਚ ਦਾਅਵਾ ਕੀਤਾ ਗਿਆ ਹੈ ਕਿ ਮਨੁੱਖ ਦਾ ਜਨਮ ਨਰ ਸੂਰ ਅਤੇ ਮਾਦਾ ਚਿਮਪੈਂਜ਼ੀ ਦੇ ਮਿਲਣ ਤੋਂ ਹੋਇਆ...।" ਬਹੁਤ ਸਾਰੇ ਵਿਗਿਆਨੀਆਂ ਨੇ ਇਸ ਦਾਅਵੇ ਦਾ ਮਖੌਲ ਉਡਾਇਆ ਸੀ।

ਨਰ ਦਾ ਵਿਪਰੀਤ ਲਿੰਗ ਮਦੀਨ ਜਾਂ ਮਾਦਾ ਕਿਹਾ ਜਾਂਦਾ ਹੈ। ਨਰ ਦਾ ਅਰਥ ਪਤੀ ਵੀ ਹੈ। ਸ਼ਤਰੰਜ ਦੇ ਮੋਹਰੇ ਨੂੰ ਵੀ ਨਰ ਆਖਦੇ ਹਨ। ਮਰਦ ਦਾ ਅਰਥਕ ਹੋਣ ਕਾਰਨ ਨਰ ਵਿਚ ਸ਼ਕਤੀ ਦੇ ਭਾਵ ਕੁਦਰਤੀ ਹੀ ਹਨ। ਇਸ ਲਈ ਬਹੁਤ ਸਾਰੇ ਦੇਵਤਿਆਂ ਨੂੰ ਵੀ ਨਰ ਦੀਆਂ ਉਪਾਧੀਆ ਮਿਲੀਆਂ ਹਨ ਜਿਵੇਂ ਵਿਸ਼ਨੂੰ, ਬ੍ਰਹਮਾ, ਸ਼ਿਵ ਆਦਿ। ਗੁਰਬਾਣੀ ਵਿਚ ਇਹ ਪਦ ਪਰਮਾਤਮਾ ਲਈ ਆਇਆ ਹੈ, "ਨਰ ਨਿਹਕੇਵਲ ਨਿਰਭਉ ਨਾਉ॥" ਨਰ ਸ਼ਬਦ ਦੇ ਅੱਗੇ ਪਿਛੇ ਹੋਰ ਸ਼ਬਦ ਜਾਂ ਅਗੇਤਰ-ਪਿਛੇਤਰ ਲੱਗ ਕੇ ਕਈ ਸ਼ਕਤੀਸੂਚਕ ਸ਼ਬਦ ਬਣਾਏ ਗਏ ਹਨ। ਭਾਵੇਂ ਨਰਸਿੰਘ (ਸੰਸਕ੍ਰਿਤ ਵਿਚ ਨਰਸਿੰਹ) ਦਾ ਮਤਲਬ ਮਨੁੱਖਾਂ ਵਿਚ ਸ਼ੇਰ, ਮਹਾਂਬਲੀ ਆਦਿ ਹੈ ਪਰ ਮਿਥਹਾਸਿਕ ਤੌਰ 'ਤੇ ਨਰਸਿੰਘ ਨਰ ਤੇ ਸ਼ੇਰ ਦੇ ਸਰੂਪ ਵਾਲਾ ਵਿਸ਼ਨੂੰ ਦਾ ਅਵਤਾਰ ਹੈ ਜੋ ਪ੍ਰਹਿਲਾਦ ਦੀ ਰੱਖਿਆ ਕਰਨ ਆਇਆ ਸੀ ਤੇ ਜਿਸ ਨੇ ਹਰਨਾਖਸ਼ ਨੂੰ ਮਾਰ ਮੁਕਾਇਆ ਸੀ। ਨਰਸਿਮਹਾ ਰਾਉ ਭਾਰਤ ਦਾ ਪ੍ਰਧਾਨ ਮੰਤਰੀ ਰਹਿ ਚੁੱਕਾ ਹੈ। ਸਿੰਗ ਤੋਂ ਬਣੇ ਤੁਰਹੀ ਵਰਗੇ ਇਕ ਵਾਜੇ ਨੂੰ ਨਰਸਿੰਘਾ ਆਖਦੇ ਹਨ। ਇਥੇ ਨਰ ਤੋਂ ਭਾਵ ਵੱਡਾ ਹੈ। ਗੁਰਬਾਣੀ ਵਿਚ ਨਰਹਰਿ ਦਾ ਅਰਥ ਵੀ ਪਰਮਾਤਮਾ ਹੀ ਲਿਆ ਗਿਆ ਹੈ, "ਉਥੇ ਵੈਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ॥" ਨਰਹਰਿ ਨਰਸਿੰਘ ਨੂੰ ਵੀ ਆਖਦੇ ਹਨ। ਚੌਥੇ ਗੁਰੂ ਨੇ ਰਾਜੇ ਲਈ ਨਰਪਤਿ ਸ਼ਬਦ ਵਰਤਿਆ ਹੈ, "ਨਰਪਤਿ ਪ੍ਰੀਤਿ ਮਾਇਆ ਦੇਖ ਪਸਾਰਾ॥"

ਨਰ ਦਾ ਇਸਤਰੀ ਲਿੰਗ ਨਾਰੀ ਹੈ। ਇਸਤਰੀ ਲਈ ਨਾਰੀ ਸ਼ਬਦ ਸ਼ਾਇਦ ਸਭ ਤੋਂ ਵਧ ਸਭਿਅਕ ਸਮਝਿਆ ਜਾਂਦਾ ਹੈ। ਸਾਹਿਤ ਵਿਚ ਅਤੇ ਸਮਾਸ ਬਣਾਉਣ ਲਈ ਇਸ ਸ਼ਬਦ ਦੀ ਕਾਫੀ ਵਰਤੋਂ ਕੀਤੀ ਜਾਦੀ ਹੈ ਜਿਵੇਂ ਨਾਰੀ ਸੰਸਾਰ, ਨਾਰੀ ਚੇਤਨਾ, ਨਾਰੀ ਨਿਕੇਤਨ ਆਦਿ। ਸੰਸਕ੍ਰਿਤ ਵਿਚ ਨਾਰੀ ਸ਼ਬਦ ਇਸਤਰੀ, ਪਤਨੀ ਤੋਂ ਇਲਾਵਾ ਕਿਸੇ ਵੀ ਇਸਤਰੀ ਲਿੰਗ ਸਮਝੀ ਜਾਂਦੀ ਵਸਤੂ ਲਈ ਵੀ ਵਰਤਿਆ ਜਾਂਦਾ ਹੈ। ਕਾਮ ਸ਼ਾਸਤਰ ਵਿਚ ਨਾਰੀ ਦੀਆਂ ਚਾਰ ਜਾਤੀਆਂ ਲਿਖੀਆਂ ਮਿਲਦੀਆਂ ਹਨ- ਪਦਮਿਨੀ, ਚਿਤ੍ਰਿਨੀ, ਸ਼ੰਖਿਨੀ ਅਤੇ ਹਸਤਿਨੀ। ਇਨ੍ਹਾਂ ਦੇ ਕ੍ਰਮ ਅਨੁਸਾਰ ਚਾਰ ਨਰ ਹਨ- ਸ਼ਸ਼ਕ, ਮ੍ਰਿਗ, ਵ੍ਰਿਸ਼ਭ ਅਤੇ ਅਸ਼ਵ। ਉਮਰ ਦੇ ਲਿਹਾਜ ਨਾਲ ਨਾਰੀ ਦੇ ਚਾਰ ਭੇਦ ਹਨ- ਬਾਲਾ, ਤਰੁਣੀ, ਪ੍ਰੌਢਾ ਅਤੇ ਵ੍ਰਿਧਾ।

ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਅਤੇ ਨਾਰ (ਨਾਰਿ) ਸ਼ਬਦਾਂ ਦੀ ਬਹੁਤ ਵਰਤੋਂ ਹੋਈ ਮਿਲਦੀ ਹੈ। ਬਹੁਤ ਥਾਂਵਾਂ 'ਤੇ ਪਤੀ ਪਰਮਾਤਮਾ ਦੀ ਭਗਤਣੀ ਦੇ ਰੂਪ ਵਿਚ। ਕੁਝ ਇਕ ਹਵਾਲੇ ਦਿੰਦੇ ਹਾਂ। "ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ॥" -ਗੁਰੂ ਨਾਨਕ ਦੇਵ। "ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਨਾਰੀ॥" -ਗੁਰੂ ਅਰਜਨ ਦੇਵ। "ਹਰਿ ਵਰੁ ਜਿਨਿ ਪਾਇਆ ਧਨ॥" (ਗੁਰੂ ਨਾਨਕ ਦੇਵ) ਅਰਥਾਤ ਜਿਸ ਨੇ ਪਰਮਾਤਮਾ



ਨੂੰ ਪਤੀ ਮੰਨਿਆ ਹੈ, ਉਹ ਔਰਤ ਮਹਾਨ ਹੈ। ਔਰਤ ਨੂੰ ਉਂਜ ਵੀ ਧਨ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਨੇ ਇਸ ਤੁਕ ਵਿਚ ਔਰਤ ਦੀ ਤਰ੍ਹਾਂ ਨਾਰੀ ਸ਼ਬਦ ਵੀ ਇੰਦਰਿਆਂ ਲਈ ਵਰਤਿਆ ਹੈ, "ਦਸ ਨਾਰੀ ਅਉਧੂਤ ਦੇਨਿ ਚਮੋੜੀਐ॥" ਭਾਵ ਤਿਆਗੀਆਂ ਨੂੰ ਦਸ ਇੰਦਰੇ ਚਮੋੜ ਦਿੰਦੇ ਹਨ। ਭੈੜੀ ਔਰਤ ਨੂੰ 'ਕੁਨਾਰਿ' ਕਿਹਾ ਗਿਆ ਹੈ, "ਸਾ ਕੁਸੁਧ ਕੁਲਖਣੀ ਨਾਨਕ ਵਿਚਿ ਕੁਨਾਰਿ॥" -ਗੁਰੂ ਅਮਰ ਦਾਸ।

ਨਾਰੀ ਦਾ ਇਕ ਰੁਪਾਂਤਰ ਨਾਰ ਵੀ ਹੈ ਜੋ ਆਮ ਲੋਕਾਂ ਵਿਚ ਵਧੇਰੇ ਪ੍ਰਚਲਿਤ ਹੈ। ਨਾਰ ਸ਼ਬਦ ਬੜੇ ਰੁਮਾਂਟਕ ਅੰਦਾਜ਼ ਵਿਚ ਉਚਰਿਆ ਜਾਂਦਾ ਹੈ। ਸੁਹਣੀਆਂ, ਨਾਜ਼ ਭਰੀਆਂ ਮੁਟਿਆਰਾਂ ਨੂੰ ਨਾਰ ਕਿਹਾ ਜਾਂਦਾ ਹੈ। ਬੋਲੀਆਂ ਵਿਚ ਇਹ ਸ਼ਬਦ ਬਹੁਤ ਵਰਤਿਆ ਜਾਂਦਾ ਹੈ, "ਉਥੇ ਦੀ ਇਕ ਨਾਰ ਸੁਣੀਂਦੀ..." ਬੇਗੋ ਨਾਰ ਦਾ ਕਿੱਸਾ ਬਥੇਰਿਆਂ ਨੇ ਸੁਣਿਆ ਹੋਵੇਗਾ। "ਨਵੀਂ ਵਿਆਹੀ ਮੁਟਿਆਰ ਨੂੰ ਨਾਰ-ਨਵੇਲੀ ਕਿਹਾ ਜਾਂਦਾ ਹੈ। ਇਸ ਦੀ ਵਰਤੋਂ ਦੇ ਨਮੂਨੇ ਦੇਖੋ, "ਕੋਮਲ, ਚੰਚਲ, ਨਾਜ਼ੁਕ, ਕਮਸਿਨ ਜਿਹੀ ਇਕ ਨਾਰ-ਨਵੇਲੀ ਨੂੰ, ਸਰੇ-ਰਾਹ ਕਿਸੇ ਰੋਲ-ਮਧੋਲ, ਘਚੋਲ ਕੇ ਰੱਖ ਦਿੱਤਾ।" "ਜੱਟ ਨਾ ਛੱਡਦਾ ਖੇਤ ਦਾ ਬੰਨਾ, ਤੂੰ ਤਾਂ ਫਿਰ ਵੀ ਨਾਰ ਕੁੜੇ।"

ਗੁਰੂ ਗ੍ਰੰਥ ਸਾਹਿਬ ਵਿਚ ਨਾਰ/ਨਾਰਿ ਸ਼ਬਦ ਦੀ ਕਾਫੀ ਵਰਤੋਂ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਦੇਖੋ, "ਹਰਿ ਜੀਉ ਇਉ ਪਿਰੁ ਰਾਵੈ ਨਾਰਿ॥" ਗੁਰੂ ਨਾਨਕ ਦੇਵ ਜੀ ਦੀ ਹੀ ਇਕ ਬਹੁਤ ਸੁੰਦਰ ਪੰਗਤੀ ਇਸ ਪ੍ਰਕਾਰ ਹੈ, "ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ॥" ਅਰਥਾਤ ਪ੍ਰਭੂ ਉਸ ਜੀਵ-ਇਸਤਰੀ ਨੂੰ ਪਿਆਰ ਕਰਦਾ ਹੈ ਜੋ ਆਪਣੇ ਅੰਦਰਲੇ ਮਨ ਭਾਵ ਅੰਦਰਲੀਆਂ ਦੁਨਿਆਵੀ ਖਾਹਸ਼ਾ ਨੂੰ ਮਾਰ ਲੈਂਦਾ ਹੈ।

ਕਬੀਰ ਸਾਹਿਬ ਦੀ ਇਸ ਤੁਕ ਵਿਚ 'ਨਾਰਿ' ਸ਼ਬਦ ਦਾ ਅਰਥ ਪਾਣੀ ਕੀਤਾ ਜਾਂਦਾ ਹੈ, "ਨਾਮੁ ਤੇਰਾ ਆਧਾਰੁ ਜਿਉ ਫੂਲੁ ਜਈ ਹੈ ਨਾਰਿ॥" ਸਾਹਿਬ ਸਿੰਘ ਨੇ ਇਸ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "(ਹੇ ਪ੍ਰਭੂ!) ਤੇਰਾ ਨਾਮ ਮੇਰਾ ਆਸਰਾ ਹੈ (ਇਸ ਤਰ੍ਹਾਂ) ਜਿਵੇਂ ਫੁੱਲ ਪਾਣੀ ਵਿਚ ਖਿੜਿਆ ਰਹਿੰਦਾ ਹੈ (ਭਾਵ, ਜਿਵੇਂ ਫੁੱਲ ਨੂੰ ਪਾਣੀ ਦਾ ਆਸਰਾ ਹੈ)। ਇਥੇ ਆ ਕੇ ਅਸੀਂ ਨਰ/ਨਾਰੀ/ਨਾਰ ਸ਼ਬਦਾਂ ਦੀ ਵਿਉਤਪਤੀ ਦੀ ਚਰਚਾ ਕਰਦੇ ਹਾਂ। ਹਿੰਦੂ ਮਿਥਹਾਸ ਵਿਚ ਨਰ ਅਤੇ ਨਾਰਾਇਣ ਦਾ ਬਹੁਤ ਉਲੇਖ ਹੈ। ਨਰ ਸ਼ਬਦ ਦਾ ਇਕ ਭਾਵ ਆਦਿਮ ਮਨੁੱਖ ਜਾਂ ਬ੍ਰਹਿਮੰਡ ਵਿਚ ਵਿਚਰਦੀ ਸਦੀਵੀ ਆਤਮਾ ਤੋਂ ਲਿਆ ਜਾਂਦਾ ਹੈ। ਨਾਰਾਇਣ ਨੂੰ ਇਸ ਆਦਿਮ ਮਨੁੱਖ ਦਾ ਪੁਤਰ ਕਿਹਾ ਜਾਂਦਾ ਹੈ। ਇਸ ਲਈ ਅਕਸਰ ਨਰ ਤੇ ਨਰਾਇਣ ਇਕੱਠੇ ਨਰ-ਨਰਾਇਣ ਸ਼ਬਦ ਜੁੱਟ ਵਜੋਂ ਆਉਂਦੇ ਹਨ। ਦੋਹਾਂ ਨੂੰ ਦੇਵਤੇ ਜਾਂ ਰਿਸ਼ੀ ਵੀ ਕਿਹਾ ਗਿਆ ਹੈ, ਸੰਭਵ ਹੈ ਇਹ ਮੁਢਲੇ ਤੌਰ 'ਤੇ ਰਿਸ਼ੀ ਹੀ ਸਨ। ਬਹੁਤ ਸਾਰੇ ਸਿਧਾਂਤਾਂ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਪਾਣੀ ਤੋਂ ਹੋਈ। ਸੋ, ਨਰ ਦਾ ਇਕ ਅਰਥ ਪਾਣੀ ਵੀ ਬਣਾ ਲਿਆ ਗਿਆ ਹੈ ਅਤੇ ਇਸ ਵਿਚ ਵੱਸਣ ਵਾਲੇ ਜਾਂ ਇਸ ਦੇ ਪੁਤਰ ਨੂੰ ਨਾਰਾਇਣ ਕਿਹਾ ਗਿਆ ਹੈ ਅਰਥਾਤ ਪਾਣੀ ਵਿਚ ਜਿਸ ਦਾ ਹੈ ਅਯਨ (ਵਾਸਾ)। ਕਵਿਤਾ ਵਿਚ ਇਨ੍ਹਾਂ ਨੂੰ ਧਰਮ, ਮੂਰਤੀ ਜਾਂ ਅਹਿੰਸਾ ਦੇ ਪੁੱਤਰ ਵੀ ਕਿਹਾ ਗਿਆ ਹੈ। ਅਰਜਨ ਨੂੰ ਨਰ ਅਤੇ ਕ੍ਰਿਸ਼ਨ ਨੂੰ ਵੀ ਨਾਰਾਇਣ ਕਿਹਾ ਗਿਆ ਹੈ। ਪਰ ਗੁਰਬਾਣੀ ਵਿਚ ਦੋਹਾਂ ਤੋਂ ਪਰਮਾਤਮਾ ਦਾ ਹੀ ਭਾਵ ਲਿਆ ਗਿਆ ਹੈ, "ਨਾਰਾਇਣਿ ਲਾਇਆ ਠਾਠੂੰਗੜਾ ਪੈਰ ਕਿਥੈ ਰਖੈ॥" -ਗੁਰੂ ਅਰਜਨ ਦੇਵ। "ਨਰ ਨਾਰਾਇਣ ਅੰਤਰਜਾਮਿ॥" -ਗੁਰੂ ਨਾਨਕ ਦੇਵ।

ਨਰ ਨਾਰਾਇਣ ਦੀ ਵਿਸਥਾਰ ਵਿਚ ਚਰਚਾ ਕਦੀ ਫਿਰ ਕਰਾਂਗੇ। ਨਰੋਤਮ ਦਾ ਅਰਥ ਸਭ ਤੋਂ ਵਧੀਆ (ਉਤਮ) ਮਨੁੱਖ ਹੈ। ਖੈਰ, ਇਕ ਵਿਚਾਰ ਅਨੁਸਾਰ ਨਾਰਾਇਣ ਸ਼ਬਦ ਵਿਚ ਹੀ ਨਾਰੀ ਸ਼ਬਦ ਦੀ ਵਿਉਤਪਤੀ ਦਾ ਸੰਕੇਤ ਹੈ। ਮਨੂ ਸਿਮ੍ਰਤੀ ਵਿਚ ਨਾਰਾਇਣ ਸ਼ਬਦ ਦੀ ਉਤਪਤੀ ਦਸਦੇ ਹੋਏ ਲਿਖਿਆ ਹੈ, "ਸ੍ਰਿਸ਼ਟੀਪੂਰਵ 'ਨਾਰ' ਨਾਮਕ ਜਲ ਹੀ 'ਨਰ' (ਸੈਭੰ ਪੁਰਖ) ਦਾ ਆਸਰਾ ਹੈ। ਇਸ ਲਈ ਉਹ ਨਾਰਇਣ ਹੈ। ਇਥੇ ਨਾਰ ਨੂੰ ਪਾਰਬ੍ਰਹਮ ਮੰਨਿਆ ਗਿਆ ਹੈ ਅਰਥਾਤ ਸ੍ਰਿਸ਼ਟੀ ਨੂੰ ਉਤਪੰਨ ਕਰਨ ਵਾਲਾ ਨਰ (ਪੁਰਖ)। ਅਤੇ ਨਾਰ ਅਰਥਾਤ ਸੈਭੰ ਪਾਰਬ੍ਰਹਮ ਦੀ ਅੰਤਰਨਿਹਿਤ ਵਿਰਾਟ ਯੋਨੀ। ਮੁਕਦੀ ਗੱਲ ਇਹ ਹੈ ਕਿ ਨਾਰਾਇਣ ਸ਼ਬਦ ਵਿਚ ਹੀ ਨਰ/ਨਾਰੀ ਦੇ ਮਨੁਖਵਾਚਕ ਅਤੇ ਪਾਣੀਵਾਚਕ ਹੋਣ ਦੇ ਭਾਵ ਹਨ। ਨਾਰ ਸ਼ਬਦ ਦਾ ਅਰਥ ਪਾਣੀ ਦਿੰਦੇ ਹੋਏ ਮੋਨੀਅਰ ਵਿਲੀਅਮਜ਼ ਲਿਖਦੇ ਹਨ, "ਸ਼ਾਇਦ ਨਾਰਾਇਣ ਸ਼ਬਦ ਦੀ ਵਿਆਖਿਆ ਕਰਨ ਲਈ ਘੜਿਆ ਗਿਆ ਹੈ।"

ਦੂਜੇ ਪਾਸੇ ਨਰ/ਨਾਰੀ ਸ਼ਬਦ ਦੀ ਵਿਉਤਪਤੀ ਸੰਸਕ੍ਰਿਤ 'ਨ੍ਰ' ਧਾਤੂ ਜਾਂ ਸ਼ਬਦ ਤੋਂ ਹੋਈ ਦੱਸੀ ਜਾਂਦੀ ਹੈ ਜੋ ਮੈਨੂੰ ਵਧੇਰੇ ਸਵੀਕਾਰਯੋਗ ਲਗਦੀ ਹੈ। 'ਨ੍ਰ' ਸ਼ਬਦ ਦੇ ਲਗਭਗ ਉਹੀ ਅਰਥ ਹਨ ਜੋ 'ਨਰ' ਸ਼ਬਦ ਦੇ ਹਨ। ਇਹ ਸ਼ਬਦ ਭਾਰੋਪੀ ਖਾਸੇ ਦਾ ਹੈ। ਭਾਸ਼ਾ-ਵਿਗਿਆਨੀਆਂ ਨੇ ਇਸ ਦਾ ਭਾਰੋਪੀ ਮੂਲ 'ner' ਨਿਸਚਿਤ ਕੀਤਾ ਹੈ। ਇਸ ਤੋਂ ਗਰੀਕ ਸ਼ਬਦਅੰਸ਼ anthrop ਬਣਿਆ ਹੈ ਜਿਸ ਦਾ ਅਰਥ ਮਨੁੱਖ ਸਬੰਧੀ ਹੁੰਦਾ ਹੈ। ਇਸੇ ਤੋਂ anthropology (ਮਾਨਵ-ਵਿਗਿਆਨ) ਤੇ ਹੋਰ ਕਈ ਸ਼ਬਦ ਬਣੇ ਹਨ। ਵੈਲਸ਼ ਭਾਸ਼ਾ ਵਿਚ ਨਰ ਸ਼ਬਦ ਮੌਜੂਦ ਹੈ ਜਿਸ ਦਾ ਇਹੀ ਅਰਥ ਹੁੰਦਾ ਹੈ। ਰੂਸੀ ਨਾਂ ਐਂਦਰੋਪੋਵ ਵਿਚ ਵੀ ਇਹੀ ਮੂਲਕ ਝਲਕਦਾ ਹੈ।

---

# ਮੰਨੈ ਪਰਵਾਰੈ ਸਾਧਾਰੁ

*(ਪਿਛਲੇ ਸਫੇ ਦੀ ਬਾਕੀ)*

ਉਹ ਉਥੇ ਟਿਕਿਆ ਰਿਹਾ। ਪਿਤਾ ਦਾ ਧੀ ਨਾਲ ਬੜਾ ਪਿਆਰ ਸੀ, ਪਰ ਉਹ ਵੱਡੀ ਹੋ ਕੇ ਪੱਛਮੀ ਪ੍ਰਭਾਵ ਹੇਠ ਆ ਗਈ। ਉਹ ਦੇਰ-ਸਵੇਰ ਘਰ ਆਉਣ ਲੱਗੀ। ਸੀਤਲ ਨੇ ਪਤਨੀ ਨੂੰ ਸਮਝਾਇਆ ਕਿ ਜਵਾਨ ਧੀ ਨੂੰ ਇੰਨੀ ਖੁੱਲ੍ਹ ਨਾ ਦੇਵੇ, ਪਰ ਉਸ ਨੇ ਇਕ ਨਾ ਸੁਣੀ। ਸੀਤਲ ਨੇ ਲੜਕੀ ਦੇ ਲੜਕਿਆਂ ਨਾਲ ਮਿਲਣ-ਜੁਲਣ 'ਤੇ ਇਤਰਾਜ਼ ਕੀਤਾ, ਪਰ ਪਤਨੀ ਨੇ ਉਸ ਨੂੰ ਦਕੀਆਨੂਸੀ ਤੇ ਅਸਭਿਆ ਕਹਿ ਕੇ ਦੁਰਕਾਰਿਆ। ਫਿਰ ਪਤਨੀ ਨੇ ਇਕ ਦਿਨ ਲੜਕੀ ਨੂੰ ਖੁੱਲ੍ਹੀ ਮੈਕਸੀ ਲਿਆ ਕੇ ਪਹਿਨਾ ਦਿੱਤੀ ਜੋ ਉਹ ਹਮੇਸ਼ਾ ਪਾ ਕੇ ਰੱਖਦੀ। ਉਹ ਉਸ ਦੀ ਹਾਲਤ ਬਾਰੇ ਹਨੇਰੇ ਵਿਚ ਰਿਹਾ। ਇਕ ਦਿਨ ਉਸ ਨੇ ਲੜਕੀ ਦੀ ਡਾਕਟਰ ਦਾ ਫੋਨ ਸੁਣਿਆ ਜੋ ਉਸ ਦੀ ਡਲਿਵਰੀ ਦੀ ਮਿਤੀ ਬਾਰੇ ਦੱਸ ਰਹੀ ਸੀ। ਉਸ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। 'ਅਨਰਥ' ਦੀ ਚੋਟ ਬਰਦਾਸ਼ਤ ਨਾ ਕਰਦਿਆਂ ਉਸ ਨੇ ਕੁਹਰਾਮ ਮਚਾਇਆ। ਪੁਲਿਸ ਨੇ ਆ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਥੋਂ ਰਿਹਾਅ ਹੁੰਦੇ ਹੀ ਉਸ ਨੇ ਹਰਖ ਭਰੇ ਮਨ ਨਾਲ ਉਸ 'ਮਨਹੂਸ' ਸਮਾਜ ਨੂੰ ਤਿਲਾਂਜਲੀ ਦੇ ਦਿੱਤੀ। ਭਾਰਤ ਪਰਤ ਮਨ ਦੀ ਸ਼ਾਂਤੀ ਲਈ ਸਿੱਧਾ ਰਿਸ਼ੀਕੇਸ਼ ਚਲਾ ਗਿਆ ਜਿਥੇ ਉਸ ਨੇ ਗੁਰੂ ਧਾਰ ਕੇ ਸੰਨਿਆਸ ਲੈ ਲਿਆ। ਤਲਖੀ ਵਿਚ ਉਸ ਨੇ ਇਹ ਕਦਮ ਪੁੱਟ ਤਾਂ ਲਿਆ, ਪਰ ਸੰਸਾਰਕ ਮੋਹ ਨੇ ਉਸ ਦਾ ਪਿੱਛਾ ਨਾ ਛੱਡਿਆ। ਉਹ ਦਿਲ ਦਾ ਦੁੱਖ ਦਿਲ ਵਿਚ ਲਈ ਥਾਂ-ਥਾਂ ਭਟਕਦਾ ਰਿਹਾ, ਪਰ ਮਨ ਦੀ ਤੜਫਾਹਟ ਨੇ ਉਸ ਨੂੰ ਕਿਤੇ ਚੈਨ ਨਾ ਆਉਣ ਦਿੱਤੀ। ਆਪਣੀ ਵਿਥਿਆ ਦੱਸਦਿਆਂ ਕਈ ਵਾਰ ਉਸ ਦਾ ਗਲਾ ਭਰ ਆਇਆ।

ਮੈਂ ਅਪਣੱਤ ਨਾਲ ਉਸ ਦੇ ਹੱਥ ਆਪਣੇ ਹੱਥਾਂ ਵਿਚ ਲੈ ਲਏ, ਤੇ ਸਲਾਹ ਦਿੰਦਿਆਂ ਕਿਹਾ, "ਸਵਾਮੀ ਜੀ, ਆਪ ਅਪਨੇ ਪਰਿਵਾਰ ਕੋ ਏਕ ਬਾਰ ਮਿਲ ਆਓ।" ਕਹਿਣ ਲੱਗਿਆ, "ਬੱਚੇ ਅਪਨੀ ਮਾਂ ਕੇ ਅਸਰ ਮੇਂ ਹੈਂ। ਵਹਾਂ ਮੇਰਾ ਕੋਈ ਸਤਿਕਾਰ ਨਹੀਂ ਹੈ।" ਮੈਂ ਕਿਹਾ, "ਅਬ ਆਪ ਕੇ ਬੱਚੇ ਬੜੇ ਔਰ ਮਾਂ ਸੇ ਸੁਤੰਤਰ ਹੋ ਗਏ ਹੋਂਗੇ। ਆਪ ਉਨ ਸੇ ਸੀਧਾ ਸੰਪਰਕ ਕਰ ਕੇ ਮਿਲਨੇ ਕਾ ਪ੍ਰਯਾਸ ਕਰੋ।" ਉਹ ਬੋਲਿਆ, "ਹਾਂ, ਮੈਨੇ ਐਸਾ ਭੀ ਸੋਚਾ ਥਾ, ਪਰ ਯੇ ਸੰਭਵ ਨਹੀਂ ਹੈ। ਲੜਕੀ ਔਰ ਉਸ ਕੀ ਮਾਂ ਕੇ ਮੈਂ ਮੂੰਹ ਨਹੀਂ ਲਗਨਾ ਚਾਹਤਾ। ਉਨਹੋਂ ਨੇ ਅਪਨੀ ਸੰਸਕ੍ਰਿਤੀ ਕਾ ਤਯਾਗ ਕੀਆ ਹੈ। ਬੱਸ, ਅਪਨੀ ਬੇਟੀ ਕੀ ਬਚਪਨ ਕੀ ਯਾਦੇਂ ਹੀ ਸਤਾਤੀ ਹੈਂ ਮੁਝੇ।"

ਸੰਨਿਆਸੀ ਮੈਨੂੰ ਕਈ ਦਵੰਧਾਂ ਦਾ ਸ਼ਿਕਾਰ ਲੱਗਿਆ। ਉਹ ਇਕ ਔਰਤ ਦੀ ਗੱਲ ਕਰ ਰਿਹਾ ਸੀ, ਪਰ ਸਮੁੱਚੀ ਔਰਤ ਜਾਤੀ ਦੀ ਗੱਲ ਵਿਸਾਰ ਰਿਹਾ ਸੀ। ਮੇਰੀ ਇਕ ਐਮ.ਫਿਲ. ਦੀ ਵਿਦਿਆਰਥਣ ਜਦੋਂ ਆਪਣਾ ਕੰਮ ਚੈਕ ਕਰਵਾਉਣ ਆਉਂਦੀ ਤਾਂ ਆਪਣੇ ਪਤੀ ਦੀ ਕਰੂਰਤਾ ਬਾਰੇ ਬੜਾ ਕੁਝ ਕਹਿੰਦੀ। ਇਕ-ਦੋ ਵਾਰ ਤਾਂ ਮੈਂ ਸੁਣਿਆ, ਫਿਰ ਸੁਝਾਅ ਦਿੱਤਾ ਕਿ ਜੇ ਉਹ ਇੰਨਾ ਹੀ ਬੁਰਾ ਹੈ, ਤਾਂ ਤੂੰ ਉਸ ਨੂੰ ਤਾਲਕ ਕਿਉਂ ਨਹੀ ਦੇ ਦਿੰਦੀ? ਮੇਰੇ ਇੰਨਾ ਕਹਿਣ 'ਤੇ ਉਹ ਭਾਵੁਕ ਹੋ ਗਈ, ਤੇ ਰੋ ਕੇ ਕਹਿਣ ਲੱਗੀ, "ਸਰ, ਤੁਸੀਂ ਇਹ ਕੀ ਕਹਿ ਦਿੱਤਾ? ਉਹ ਮੇਰਾ ਸੁਹਾਗ ਹੈ, ਮੇਰੇ ਬੱਚਿਆਂ ਦਾ ਪਿਤਾ ਹੈ, ਉਨ੍ਹਾਂ ਦੇ ਪੜ੍ਹਾਈ ਦੇ ਖਰਚੇ ਤੋਰਦਾ ਹੈ, ਉਸ ਕਾਰਨ ਮੈਨੂੰ ਸਮਾਜ ਵਿਚ ਇੱਜ਼ਤ ਮਿਲੀ ਹੋਈ ਹੈ, ਤੇ ਉਸ ਕਾਰਨ ਮੈਂ ਬੇਫਿਕਰੀ ਦੀ ਜ਼ਿੰਦਗੀ ਜਿਉਂ ਰਹੀ ਹਾਂ। ਅਜਿਹਾ ਤਾਂ ਮੈਂ ਸੋਚ ਵੀ ਨਹੀਂ ਸਕਦੀ।" ਇਹ ਹੈ ਔਰਤ ਜਾਤੀ ਦੇ ਮਨ ਦੀ ਸੱਚਾਈ। ਮੈਨੂੰ ਲੱਗਿਆ, ਜੇ ਸੰਨਿਆਸੀ ਆਪਣੀ ਨਾਂਹ-ਵਾਚਕ ਸੋਚ 'ਤੇ ਕਾਬੂ ਪਾ ਲਵੇ, ਤਾਂ ਉਸ ਨੂੰ ਇਨ੍ਹਾਂ ਦਵੰਧਾਂ ਵਿਚੋਂ ਕੱਢਿਆ ਜਾ ਸਕਦਾ ਹੈ। ਧਰਮ ਕਰਮ ਰਾਹੀਂ ਤਾਂ ਉਹ ਅਜਿਹਾ ਕਰਨ ਵਿਚ ਅਸਫਲ ਰਿਹਾ ਸੀ, ਪਰ ਹੋਮਿਓਪੈਥੀ ਉਸ ਦੀ ਮਦਦ ਕਰ ਸਕਦੀ ਹੈ। ਇਹ ਕੰਮ ਪੂਰਨ ਲਈ ਮੈਨੂੰ ਉਸੇ ਦੀ ਜ਼ੁਬਾਨ ਵਿਚ ਹੀ ਗੱਲ ਕਰਨੀ ਪੈਣੀ ਸੀ।

ਉਸ ਨੂੰ ਝੰਜੋੜਨ ਲਈ ਮੈਂ ਥੋੜ੍ਹੀ ਭਾਰੀ ਆਵਾਜ਼ ਵਿਚ ਬੋਲਿਆ, "ਆਪ ਨੇ ਮੁਝੇ ਸੰਨਿਆਸੀ ਔਰ ਕਰਮਯੋਗੀ ਕਾ ਦਰਜਾ ਦੀਆ ਹੈ, ਕਹੋ ਤੋ ਮੈਂ ਆਪ ਕੇ ਲੀਏ ਦੁਆ ਕਰੂੰ?" ਉਸ ਨੇ ਮੇਰੇ ਵੱਲ ਗਹੁ ਨਾਲ ਵੇਖਿਆ, ਤੇ ਫਿਰ ਕਿਹਾ, "ਹਾਂ, ਕਰੋ।" ਉਸ ਨੂੰ ਭਰਮਾਉਣ ਲਈ ਚਾਰ-ਪੰਜ ਮਿੰਟ ਅੱਖਾਂ ਬੰਦ ਕਰ ਕੇ ਚੁੱਪ ਬੈਠ ਗਿਆ। ਸਮਾਧੀ ਮੁਦਰਾ ਵਿਚ ਪੈ ਉਸ ਦੀ ਮਨੋ-ਦਸ਼ਾ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ। ਸੰਸਕ੍ਰਿਤਿਕ ਸਦਮਾ, ਬਿਗਾਨੇ ਸਭਿਆਚਾਰ ਪ੍ਰਤੀ ਅਸਹਿਣਸ਼ੀਲਤਾ, ਵਰਤਮਾਨ ਦੀ ਥਾਂ ਅਤੀਤ ਵਿਚ ਲੀਨ, ਦੂਜਿਆਂ 'ਤੇ ਆਪਣਾ ਅਨੁਸ਼ਾਸਨ ਲਾਗੂ ਕਰਨ ਦੀ ਪ੍ਰਵਿਰਤੀ ਤੇ ਭਟਕਣ ਉਪਰੰਤ ਮੰਜ਼ਿਲ ਦੀ ਤਾਲਾਸ਼- ਇਹ ਪੰਜ ਚਿੰਨ੍ਹ ਉਸ ਦੀ ਮਨੋ-ਬਿਰਤੀ ਦੀਆਂ ਮੁੱਖ ਵਿਸ਼ੇਸ਼ਤਾਈਆਂ ਸਨ। ਅਲਾਮਤਾਂ ਹੋਰ ਵੀ ਸਨ, ਪਰ ਮੈਂ ਇਕ ਵੇਲੇ ਪੰਜਾਂ ਤੋਂ ਵੱਧ ਦਾ ਸਮਾਧਾਨ ਨਹੀਂ ਸੀ ਕਰ ਸਕਦਾ। ਮੈਨੂੰ ਯਕੀਨ ਸੀ ਕਿ ਜੇ ਉਸ ਦਾ ਮਨ ਇਨ੍ਹਾਂ ਪੰਜਾਂ ਨੂੰ ਜਿੱਤ ਲਵੇ, ਤਾਂ ਉਹ ਆਪਣੇ ਛੋਟੇ ਜਿਹੇ ਸੰਸਾਰ ਨੂੰ ਮੁੜ ਸਿਰਜ ਲਵੇਗਾ।

ਅੱਖਾਂ ਖੋਲ੍ਹਣ ਉਪਰੰਤ ਮੈਂ ਕਿਹਾ, "ਦੁਆ ਤਾਂ ਹੋ ਗਈ, ਇਸ ਨਾਲ ਦਵਾ ਦੀ ਵੀ ਲੋੜ ਪਵੇਗੀ।" ਇਹ ਕਹਿ ਮੈਂ ਉਠ ਕੇ ਆਪਣੇ ਬੈਗ ਵੱਲ ਵਧਿਆ, ਬਕਸੇ ਵਿਚੋਂ ਉਸ ਦੀਆਂ ਪੰਜਾਂ ਅਲਾਮਤਾਂ ਅਨੁਸਾਰ ਪੰਜ ਦਵਾਈਆਂ ਸਟਾਰ-ਆਫ-ਬੈਥਲੇਹਿਮ, ਬੀਚ, ਕਲੀਮੈਟਿਸ, ਵਾਈਨ ਤੇ ਵਾਈਲਡਓਟ ਮਿਲਾ ਕੇ ਸ਼ੀਸ਼ੀ ਭਰ ਲਿਆਇਆ। ਸ਼ੀਸ਼ੀ ਵਿਚੋਂ ਚਾਰ ਗੋਲੀਆਂ ਦੀ ਇਕ ਖੁਰਾਕ ਮੈਂ ਉਸ ਦੇ ਮੂੰਹ ਵਿਚ ਝਾੜ ਦਿੱਤੀ। ਦਵਾ ਖਾ ਕੇ ਉਹ ਬੋਲਿਆ, "ਯੇ ਆਪ ਨੇ ਮੁਝੇ ਕਯਾ ਦੀਆ ਹੈ?" ਮੈਂ ਦੱਸਿਆ, "ਜੜੀ-ਬੂਟੀਓਂ ਸੇ ਨਿਚੋੜਾ ਅੰਮ੍ਰਿਤ ਹੈ ਜਿਸੇ ਸੰਨਿਆਸੀ ਲੋਗ ਜੰਗਲ ਮੇਂ ਢੂੰਡਤੇ ਹੈਂ।" ਮੇਰਾ ਇਸ਼ਾਰਾ ਆਤਮ-ਸ਼ੁਧੀ ਦੀਆਂ 38 'ਬੈਚ ਫਲਾਵਰ ਰੈਮਡੀਜ਼' ਵੱਲ ਸੀ ਜਿਨ੍ਹਾਂ ਬਾਰੇ ਵਿਸਤ੍ਰਿਤ ਜਾਣਕਾਰੀ ਡਾ. ਵੀ. ਕ੍ਰਿਸ਼ਨਾਮੂਰਤੀ ਦੀ ਪੁਸਤਕ ਵਿਚ ਹੈ ਜੋ ਅੱਜ ਕੱਲ੍ਹ ਇੰਟਰਨੈਟ 'ਤੇ ਵੀ ਉਪਲਭਦ ਹੈ। ਸ਼ੀਸ਼ੀ ਉਸ ਨੂੰ ਫੜਾਉਂਦਿਆਂ ਮੈਂ ਕਿਹਾ, "ਇਸ ਕੋ ਅਪਨੇ ਪਾਸ ਰੱਖੋ। ਇਸ ਕੀ ਏਕ ਖੁਰਾਕ ਹਰ ਰੋਜ਼ ਲੇ ਕਰ ਪੂਰੇ ਤੀਸ ਦਿਨ ਸੇਵਨ ਕਰਨਾ। ਇੱਕਤੀਸਵੇਂ ਦਿਨ ਇਕਾਂਤ ਮੇਂ ਬੈਠ ਕਰ ਧਯਾਨ ਲਗਾਨਾ, ਔਰ ਅਪਨੀ ਅੰਤਰ-ਆਤਮਾ ਸੇ ਪੂਛਨਾ, ਕਿ ਵੋ ਕਯਾ ਚਾਹਤੀ ਹੈ। ਫਿਰ ਵਹੀ ਰਾਸਤਾ ਪਕੜਨਾ, ਉਸੀ ਪਰ ਚਲ ਕੇ ਆਪ ਕੋ ਮੁਕਤੀ ਮਿਲੇਗੀ।" ਸੰਨਿਆਸੀ ਨੇ ਦਵਾਈ ਫੜ ਕੇ ਕੋਈ ਸੁਖਾਵਾਂ ਚਮਤਕਾਰ ਹੋਣ ਦੇ ਵਿਸ਼ਵਾਸ ਨਾਲ ਸਿਰ ਹਿਲਾਇਆ ਤੇ ਕਿਹਾ, "ਸਤਿ ਬਚਨ।"

ਸਿਕੰਦਰਾਬਾਦ ਢੁੱਕ ਰਿਹਾ ਸੀ। ਮੇਰੀ ਬੇਟੀ ਨੇ ਸਾਮਾਨ ਪੈਕ ਕਰ ਲਿਆ। ਸੰਨਿਆਸੀ ਨੂੰ ਆਪਣਾ ਵਿਜ਼ਟਿੰਗ ਕਾਰਡ ਦਿੰਦਿਆਂ ਮੈਂ ਕਿਹਾ, "ਬਤਾਨਾ, ਆਪ ਕੇ ਪੱਤ੍ਰ ਕੀ ਪ੍ਰਤੀਕਸ਼ਾ ਰਹੇਗੀ ਮੁਝੇ।" ਜਦੋਂ ਅਸੀਂ ਗੱਡੀਓਂ ਉਤਰਨ ਲੱਗੇ, ਉਸ ਨੇ ਖੜ੍ਹਾ ਹੋ ਕੇ ਮੇਰੀ ਬੇਟੀ ਦਾ ਸਿਰ ਪਲੋਸਿਆ, ਤੇ ਪਾਸ ਹੋਣ ਦਾ ਆਸ਼ੀਰਵਾਦ ਦਿੱਤਾ। ਪ੍ਰੈਕਟੀਕਲ ਤੋਂ ਛੇ ਹਫਤੇ ਬਾਅਦ ਮੇਰੀ ਬੇਟੀ ਦਾ ਰਿਜ਼ਲਟ ਆਇਆ। ਉਹ ਪਾਸ ਹੋ ਗਈ ਸੀ। ਉਸ ਤੋਂ ਕੁਝ ਚਿਰ ਬਾਅਦ ਮੈਨੂੰ ਪਟਿਆਲੇ ਸੰਨਿਆਸੀ ਦੀ ਚਿੱਠੀ ਆਈ। ਦਵਾਈ ਲਈ ਧੰਨਵਾਦ ਕੀਤਾ ਸੀ, ਤੇ ਹੋਰ ਭੇਜਣ ਲਈ ਲਿਖਿਆ ਸੀ, ਕਿਉਂਕਿ ਉਸ ਨਾਲ ਉਸ ਦੀਆਂ ਕਈ ਅਣਦੱਸੀਆਂ ਤਕਲੀਫਾਂ ਦੂਰ ਹੋ ਗਈਆਂ ਸਨ। ਲਿਖਿਆ ਸੀ ਕਿ ਉਹ ਪ੍ਰਚਾਰ ਮਿਸ਼ਨ 'ਤੇ ਇੰਗਲੈਂਡ ਜਾ ਰਿਹਾ ਹੈ। ਮੈਂ ਉਸ ਨੂੰ ਦਵਾਈ ਭੇਜ ਦਿੱਤੀ। ਦੋ ਕੁ ਮਹੀਨੇ ਬਾਅਦ ਇੰਗਲੈਂਡ ਤੋਂ ਉਸ ਦਾ ਖਤ ਆਇਆ। ਦਵਾਈ ਦੇ ਪੈਕਟ ਲਈ ਸ਼ੁਕਰੀਆ ਲਿਖਿਆ ਸੀ। ਨਾਲ ਹੀ ਦੱਸਿਆ ਸੀ ਕਿ ਉਸ ਨੇ ਆਪਣੇ ਬੇਟੇ ਰਾਹੀਂ ਪਤਨੀ ਨਾਲ ਸੰਪਰਕ ਕੀਤਾ ਸੀ, ਤੇ ਉਸ ਨੇ ਉਸ ਨੂੰ ਆਪਣੇ ਘਰ ਸੱਦ ਲਿਆ ਹੈ। ਦੋਹਾਂ ਵਿਚਕਾਰ ਸੁਲਾਹ-ਸਫਾਈ ਦੀ ਗੱਲ ਚੱਲ ਰਹੀ ਹੈ। ਇਹ ਵੀ ਦੱਸਿਆ ਕਿ ਉਹ ਆਪਣੇ ਬੱਚਿਆਂ ਨੂੰ ਮਿਲ ਕੇ ਬਹੁਤ ਖੁਸ਼ ਹੈ, ਤੇ ਬੱਚੇ ਉਸ ਨੂੰ ਮਿਲ ਕੇ ਖੁਸ਼ ਹਨ। ਚਿੱਠੀ ਵਿਚ ਕਿਸੇ ਬਾਰੇ ਕੋਈ ਨਫਰਤ ਭਰਿਆ ਸ਼ਬਦ ਨਹੀਂ ਸੀ। ਲਿਫਾਫੇ ਵਿਚ ਇਕ ਤਸਵੀਰ ਸੀ ਜਿਸ ਵਿਚ ਉਸ ਦੇ ਪਰਿਵਾਰ ਦੇ ਸਭ ਜੀਅ ਇਕੱਠੇ ਖੜ੍ਹੇ ਸਨ। ਉਸ ਨੇ ਚੋਲੇ ਦੀ ਥਾਂ ਕੋਟ ਪੈਂਟ ਪਾਇਆ ਹੋਇਆ ਸੀ। ਮੈਨੂੰ ਉਸ 'ਚ ਉਹ ਤਬਦੀਲੀ ਨਜ਼ਰ ਆਈ ਜਿਸ ਦਾ ਮੈਂ ਕਿਆਸ ਕੀਤਾ ਸੀ। ਲਾਭਕਾਰੀ ਬੈਚ ਫੁੱਲਾਂ ਦੇ ਰਸ ਨੇ ਉਸ ਦੇ ਮਨ ਨੂੰ ਧਨਾਤਮਿਕ ਸ਼ਕਤੀ ਨਾਲ ਨਿਰਮਲ ਕਰ ਕੇ ਯਥਾਰਥ ਦੇ ਰਸਤੇ ਤੋਰ ਦਿੱਤਾ ਸੀ।

ਫਿਰ ਕੁਝ ਸਾਲਾਂ ਬਾਅਦ ਉਸ ਨੇ ਮੇਰੇ ਵੈਬ-ਸਾਈਟ ਤੋਂ ਵੇਖ ਕੇ ਮੈਨੂੰ ਈ-ਮੇਲ ਕੀਤੀ, ਤੇ ਦੱਸਿਆ ਕਿ ਉਸ ਦੀ ਧੀ ਵਿਆਹੀ ਗਈ ਹੈ, ਪਰ ਉਸ ਦੀ ਪਹਿਲੀ ਬੱਚੀ ਉਨ੍ਹਾਂ ਕੋਲ ਹੀ ਹੈ। ਉਹ ਉਸ ਨੂੰ ਉਹੀ ਲਾਡ-ਪਿਆਰ ਦੇ ਰਿਹਾ ਹੈ ਜੋ ਆਪਣੀ ਧੀ ਨੂੰ ਨਹੀਂ ਸੀ ਦੇ ਸਕਿਆ। ਮੈਂ ਵੀ ਉਸ ਨੂੰ ਮਾਣ ਨਾਲ ਦੱਸਿਆ ਕਿ ਮੇਰੀ ਬੇਟੀ ਅਮਰੀਕਾ ਵਿਚ ਕੰਪਿਊਟਰ ਇੰਜੀਨੀਅਰ ਹੈ ਤੇ ਉਸ ਦੀ ਸ਼ਾਦੀ ਹੋ ਗਈ ਹੈ। ਉਸ ਤੋਂ ਬਾਅਦ ਮੈਨੂੰ ਸੰਨਿਆਸੀ ਦਾ ਕੋਈ ਸੰਦੇਸ਼ ਨਹੀਂ ਮਿਲਿਆ। ਮੈਨੂੰ ਖੁਸ਼ੀ ਹੈ ਕਿ ਹੋਮਿਓਪੈਥੀ ਸਦਕਾ ਘੱਟੋ-ਘੱਟ ਇਕ ਸੰਨਿਆਸੀ ਤਾਂ ਆਪਣੇ ਪਰਿਵਾਰ ਸਾਧਾਰ ਗਿਆ।

# ਸਰਵਣ ਪੁੱਤਰਾਂ ਨੂੰ ਸਲਾਮਾਂ ਨੇ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਫਰੀਮਾਂਟ ਸ਼ਹਿਰ ਵਿਚ ਰਹਿੰਦਾ ਮੇਰਾ ਪਾਠਕ ਵੀਰ ਮੈਨੂੰ ਭਰਾਵਾਂ ਨਾਲੋਂ ਵੱਧ ਪਿਆਰ ਕਰਦਾ ਹੈ। ਲੇਖਕ ਤੇ ਪਾਠਕ ਦੀ ਇਹ ਜੋੜੀ ਪਿਛਲੇ ਪੰਜ ਸਾਲ ਤੋਂ ਟਿੱਚ ਬਟਨਾਂ ਵਾਂਗ ਹੈ। ਪਿਛਲੇ ਦਿਨੀਂ ਬਾਈ ਕਹਿਣ ਲੱਗਾ, "ਕੁਲਾਰ, ਤੇਰੇ ਸ਼ਹਿਰ ਇਕ ਸਟੋਰ ਸੇਲ 'ਤੇ ਲੱਗਾ ਹੋਇਐ, ਅਸੀਂ ਐਤਵਾਰ ਨੂੰ ਸਟੋਰ ਦੇਖਣ ਆਉਣੈ। ਤੁਸੀਂ ਵੀ ਚੱਲਿਓ ਨਾਲ।" ਮੈਂ ਵੀ ਅੱਗਿਓਂ 'ਸੱਤ ਬਚਨ' ਕਹਿ ਦਿੱਤਾ। ਸਟੋਰ ਕਿਸੇ ਪੰਜਾਬੀ ਭਰਾ ਦਾ ਹੀ ਸੀ। ਖੁੱਲ੍ਹਾ-ਡੁੱਲ੍ਹਾ। ਸਾਰਾ ਸਮਾਨ ਦੇਖ ਕੇ ਲੱਗਦਾ ਸੀ, ਜਿਵੇਂ ਸਾਰੀ ਰਾਤ ਬਿੱਲੀਆਂ ਲੜਦੀਆਂ ਰਹੀਆਂ ਹੋਣ। ਮੈਂ ਸ਼ਹਿਰ ਦਾ ਵਾਸੀ ਹੋਣ ਕਰ ਕੇ, ਜਾਂ ਸਮਝੋ ਆਪਣੇ ਸੁਭਾਅ ਮੁਤਾਬਕ ਸਭ ਤੋਂ ਪਹਿਲਾਂ ਸਟੋਰ ਵਾਲੇ ਬਾਈ ਨੂੰ ਫਤਹਿ ਬੁਲਾਈ। ਉਸ ਨੇ ਫਤਹਿ ਦਾ ਜਵਾਬ ਇੰਜ ਦਿੱਤਾ ਜਿਵੇਂ ਬਹੁਤ ਬਿਮਾਰ ਹੋਵੇ।

ਖੈਰ! ਗੱਲਾਂ ਚੱਲ ਪਈਆਂ। ਬਾਈ ਉਹਨੂੰ ਸਟੋਰ ਬਾਰੇ ਪੁੱਛਣ ਲੱਗ ਗਿਆ। ਮੈਂ ਆਪਣੀਆਂ ਅੱਖਾਂ ਸਟੋਰ ਅੰਦਰ ਘੁੰਮਾਉਣ ਲੱਗ ਪਿਆ। ਕਾਊਂਟਰ ਦੀ ਖੱਬੀ ਨੁੱਕਰੇ ਬਣੇ ਛੋਟੇ ਜਿਹੇ ਦਫਤਰ ਦੇ ਖੁੱਲ੍ਹੇ ਬੂਹੇ 'ਤੇ ਮੇਰੀ ਨਿਗ੍ਹਾ ਟਿਕ ਗਈ ਜਿਥੇ ਇਕ ਬਜ਼ੁਰਗ ਕੁਰਸੀ 'ਤੇ ਬੈਠਾ ਸੀ। ਚਿੱਟਾ ਕੁੜਤਾ-ਪਜਾਮਾ ਪਾਇਆ ਹੋਇਆ, ਸਿਰ 'ਤੇ ਸੰਤਰੀ ਪਟਕਾ, ਹੱਥ ਵਿਚ ਕੜਾ ਤੇ ਵੱਡੀ ਮਾਲਾ। ਸਾਡੀਆਂ ਅੱਖਾਂ ਮਿਲੀਆਂ ਤਾਂ ਉਸ ਨੇ ਮਾਲਾ ਵਾਲਾ ਹੱਥ ਉਤਾਂਹ ਚੁੱਕਦਿਆਂ ਕੋਲ ਆਉਣ ਦਾ ਇਸ਼ਾਰਾ ਕੀਤਾ। ਮੈਂ ਅੰਦਰ ਗਿਆ ਤੇ ਗੋਡਿਆਂ ਨੂੰ ਹੱਥ ਲਾ ਕੇ ਫਤਹਿ ਬੁਲਾਈ। ਬਜ਼ੁਰਗ ਦੀ ਜ਼ੁਬਾਨ ਤੋਂ ਲੱਗਾ, ਅਧਰੰਗ ਦਾ ਮਰੀਜ਼ ਹੈ। ਮੈਨੂੰ ਕੁਝ ਗੱਲਾਂ ਦੀ ਹੀ ਸਮਝ ਪਈ। ਬਜ਼ੁਰਗ ਦੀ ਹਾਲਤ ਦੇਖ ਕੇ ਦਿਲ ਵਿਚੋਂ ਚੀਸ ਜਿਹੀ ਆਰ-ਪਾਰ ਹੋ ਗਈ।... ਮੇਰੀ ਮਾਂ ਵੀ ਕਈ ਸਾਲਾਂ ਤੋਂ ਅਧਰੰਗ ਦੀ ਮਰੀਜ਼ ਹੈ।

ਮੈਂ ਬਜ਼ੁਰਗ ਕੋਲ ਕਾਫੀ ਚਿਰ ਖੜ੍ਹਾ ਰਿਹਾ ਤੇ ਉਸ ਦੀਆਂ ਗੱਲਾਂ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ। ਬਜ਼ੁਰਗ ਦੇ ਕੋਲ ਪਏ ਮੇਜ਼ 'ਤੇ ਸਟੀਰੀਓ ਪਿਆ ਸੀ। ਕਥਾ, ਕੀਰਤਨ ਦੀਆਂ ਸੀ.ਡੀਜ਼ ਵੀ ਸਨ। ਕੁਝ ਪਲ ਮੈਨੂੰ ਲੱਗਾ ਜਿਵੇਂ ਇਸ ਕੁਰਸੀ 'ਤੇ ਬਜ਼ੁਰਗ ਨਹੀਂ, ਮੇਰੀ ਮਾਂ ਬੈਠੀ ਹੋਵੇ! ਮੈਂ ਉਸ ਨਾਲ ਗੱਲਾਂ ਕਰਦਾ ਹਾਂ, ਮਾਂ ਦੇ ਚਿਹਰੇ 'ਤੇ ਹੱਥ ਫੇਰਦਾ ਹਾਂ। ਭਰਿਆ ਹੋਇਆ ਮੁਖੜਾ ਜਿਵੇਂ ਹੱਡੀਆਂ ਦੀ ਮੁੱਠ ਬਣ ਗਿਆ ਹੋਵੇ। ਗੜਕਦੀ ਜ਼ੁਬਾਨ 'ਤੇ ਜਿਵੇਂ ਕਿਸੇ ਨੇ ਜਿੰਦਰਾ ਮਾਰ ਦਿੱਤਾ ਹੋਵੇ। ਫੁੱਟ-ਫੁੱਟ ਦੇ ਹੱਥਾਂ ਨੂੰ ਜਿਵੇਂ ਕਿਸੇ ਨੇ ਵੱਢ ਕੇ ਬੱਚਿਆਂ ਦੇ ਹੱਥਾਂ ਬਰਾਬਰ ਕਰ ਦਿੱਤਾ ਹੋਵੇ। ਮਾਂ ਦੇ ਹੱਥ ਦੀ ਕੰਨ 'ਤੇ ਵੱਜੀ ਕਈ ਦਿਨ ਟੀਂ-ਟੀਂ ਕਰਦੀ ਰਹਿੰਦੀ ਸੀ।... ਮੈਨੂੰ ਆਪਣੇ ਖਿਆਲਾਂ ਵਿਚ ਘੁੰਮਦਿਆਂ ਪਤਾ ਹੀ ਨਾ ਲੱਗਾ ਕਿ ਕਦੋਂ ਮੈਂ ਆਪਣੇ ਦੋਵੇਂ ਹੱਥ ਬਜ਼ੁਰਗ ਦੇ ਮੁੱਖ 'ਤੇ ਫੇਰਦਿਆਂ ਫਿਰ ਦਾੜ੍ਹਾ ਛੂਹ ਕੇ ਆਪਣੀਆਂ ਅੱਖਾਂ 'ਤੇ ਧਰ ਲਏ। ਅੱਖਾਂ ਖੋਲ੍ਹੀਆਂ ਤਾਂ ਬਜ਼ੁਰਗ ਦੀਆਂ ਅੱਖਾਂ ਵਗ ਤੁਰੀਆਂ ਸਨ।

ਬਾਹਰੋਂ ਪਈ ਆਵਾਜ਼ ਨਾਲ ਸੁਰਤ ਸਿਰ ਹੋਇਆ, ਬਜ਼ੁਰਗ ਦੇ ਗੋਡੀਂ ਹੱਥ ਲਾ ਕੇ ਬਾਹਰ ਆ ਗਿਆ। ਇਸ ਤੋਂ ਪਹਿਲਾਂ ਕਿ ਕੁਝ ਪੁੱਛਦਾ, ਸਟੋਰ ਵਾਲੇ ਬਾਈ ਨੇ ਦੱਸਿਆ, "ਇਹ ਮੇਰੇ ਪਿਤਾ ਜੀ ਨੇ।" ਬਾਈ ਦੀਆਂ ਗੱਲਾਂ ਵਿਚੋਂ ਦਰਦ ਨਿਕਲ ਰਿਹਾ ਸੀ, ਜਿਵੇਂ ਉਸ ਦਰਦ ਨੂੰ ਵੰਡਾਉਣ ਵਾਲਾ ਕੋਈ ਨਾ ਹੋਵੇ। ਖੈਰ! ਅਸੀਂ ਜੋ ਕੁਝ ਪੁੱਛਣਾ ਸੀ, ਪੁੱਛ ਲਿਆ। ਉਸ ਨੇ ਪੰਜਾਬੀਆਂ ਦੇ ਸੁਭਾਅ ਤੋਂ ਹਟ ਕੇ ਜੋ ਬੋਲਿਆ, ਉਹ ਸੱਚ ਲੱਗਦਾ ਸੀ।

ਜਦੋਂ ਅਸੀਂ ਕਾਰ ਵਿਚ ਬੈਠਣ ਲੱਗੇ, ਮੈਂ ਮੁੜ ਸਟੋਰ ਵਾਲੇ ਬਾਈ ਕੋਲ ਚਲਾ ਗਿਆ ਤੇ ਪੁੱਛਿਆ, "ਸਟੋਰ ਕਿੰਨੇ ਵਜੇ ਖੋਲ੍ਹਦੇ ਹੋ?"

"ਸਵੇਰੇ ਅੱਠ ਵਜੇ।"

"ਮੈਂ ਤੁਹਾਨੂੰ ਨੌਂ ਵਜੇ ਮਿਲੂੰਗਾ।"

"ਜੀ ਜਦੋਂ ਮਰਜ਼ੀ ਆ ਜਾਓ।"

ਤੇ ਮੈਂ ਫਿਰ ਫਤਹਿ ਬੁਲਾ ਕੇ ਵਾਪਸ ਕਾਰ ਵਿਚ ਆ ਗਿਆ। ਮੇਰੀ ਚੁੱਪ ਨੂੰ ਤੋੜਦਿਆਂ ਬਾਈ ਨੇ ਪੁੱਛਿਆ, "ਕੁਲਾਰ... ਕਿਹੜੇ ਖਿਆਲਾਂ ਵਿਚ ਡੁੱਬ ਗਿਆ?"

"ਬਾਈ... ਤੈਨੂੰ ਨਹੀਂ ਲੱਗਦਾ ਕਿ ਇਹ ਦੋਵੇਂ ਜਣੇ ਬਹੁਤ ਦੁਖੀ ਨੇ, ਤੇ ਬੱਸ! ਸਟੋਰ ਵੇਚ ਕੇ ਆਪਣਾ ਖਹਿੜਾ ਛੁਡਾਉਣਾ ਚਾਹੁੰਦੇ ਨੇ?"

"ਕੁਲਾਰ... ਇਥੇ ਸੁਖੀ ਤਾਂ ਕੋਈ ਵੀ ਨਹੀਂ... ਨਾਨਕ ਦੁਖੀਆ ਸਭੁ ਸੰਸਾਰੁ॥...", ਕਹਿ ਕੇ ਬਾਈ ਪੱਲਾ ਝਾੜ ਗਿਆ।" ਮੈਂ ਫਿਰ ਆਪਣੇ ਖਿਆਲਾਂ ਵਿਚ ਗੁੰਮ ਗਿਆ। ਬਾਈ ਹੋਰੀ



ਫਰੀਮਾਂਟ ਚਲੇ ਗਏ, ਤੇ ਮੈਂ ਆਪਣੀ ਕਾਰ ਲੈ ਕੇ ਵਾਪਸ ਉਸੇ ਸਟੋਰ 'ਤੇ ਪੁੱਜ ਗਿਆ। ਐਤਵਾਰ ਹੋਣ ਕਰ ਕੇ ਸਟੋਰ ਗਾਹਕਾਂ ਨਾਲ ਬਹੁਤਾ ਭਰਿਆ ਹੋਇਆ ਨਹੀਂ ਸੀ। ਫਿਰ ਸਟੋਰ ਵਾਲੇ ਬਾਈ ਨਾਲ ਗੱਲੀਂ ਲੱਗ ਗਿਆ, ਤੇ ਉਸ ਨੇ ਦੁੱਖਾਂ ਦੀ ਪੰਡ ਦੀ ਗੰਢ ਖੋਲ੍ਹ ਲਈ:

...ਸਾਡਾ ਪਿੰਡ ਮੁੱਦਕੀ ਸ਼ਹਿਰ ਦੇ ਕੋਲ ਹੈ। ਸੱਤ ਸਾਲ ਦਾ ਸੀ ਮੈਂ, ਮੈਥੋਂ ਛੋਟੀ ਇਕ ਭੈਣ ਤੇ ਫਿਰ ਜੌੜੇ ਭਰਾ ਸਨ। ਜੌੜੇ ਇਕ ਸਾਲ ਦੇ ਸਨ ਜਦੋਂ ਮਾਂ ਸਾਨੂੰ ਰੋਂਦਿਆਂ ਛੱਡ ਗਈ। ਬਾਪੂ ਕੋਲ ਚੌਦਾਂ ਕਿੱਲੇ ਜ਼ਮੀਨ ਸੀ। ਨਾਨੇ ਨੇ ਜ਼ੋਰ ਲਾਇਆ ਕਿ ਉਹ ਆਪਣੀ ਛੋਟੀ ਧੀ ਤੋਰ ਦਿੰਦਾ ਹੈ...ਮਾਸੀ ਕਿਹੜਾ ਮਾਂ ਨਾਲੋਂ ਘੱਟ ਹੁੰਦੀ ਹੈ; ਪਰ ਬਾਪੂ ਨੇ ਜਵਾਬ ਦੇ ਦਿੱਤਾ। ਪਿੰਡ ਵਿਚੋਂ ਹੋਰਾਂ ਨੇ ਵੀ ਬਾਪੂ ਨੂੰ ਦੂਜੇ ਵਿਆਹ ਲਈ ਜ਼ੋਰ ਪਾਇਆ, ਪਰ ਬਾਪੂ ਲਈ ਅਸੀਂ ਸਭ ਤੋਂ ਪਹਿਲਾਂ ਸੀ। ਮੈਂ ਤੇ ਭੈਣ ਨੇ ਸਕੂਲੇ ਵੀ ਜਾਣਾ, ਤੇ ਦੋਹਾਂ ਭਰਾਵਾਂ ਨੂੰ ਵੀ ਸਾਂਭਣਾ। ਸਾਡੇ ਸਕੂਲੋਂ ਆਇਆਂ ਤੋਂ ਹੀ ਬਾਪੂ ਨੇ ਖੇਤ-ਬੰਨੇ ਜਾਣਾ। ਸਾਡਾ ਸੀਰੀ ਸੀ ਕਰਮੂ ਤੇ ਉਸ ਦੀ ਘਰ ਵਾਲੀ ਬੰਤੋ।...ਉਨ੍ਹਾਂ ਦੋਹਾਂ ਨੇ ਸਾਡਾ ਬਹੁਤ ਦੁੱਖ ਵੰਡਾਇਆ। ਜਦੋਂ ਮਾਂ ਮੁੱਕੀ, ਜੌੜੇ ਬਹੁਤ ਰੋਂਦੇ ਸਨ। ਉਨ੍ਹਾਂ ਹੀ ਦਿਨਾਂ ਵਿਚ ਬੰਤੋ ਦੇ ਕੁੜੀ ਹੋਈ ਸੀ। ਜਦੋਂ ਬੰਤੋ ਨੇ ਸਾਡੇ ਘਰ ਕੰਮ ਕਰਨ ਆਉਣਾ, ਤਾਂ ਇਨ੍ਹਾਂ ਨੂੰ ਚੁੱਕ ਕੇ ਆਪਣੇ ਸ਼ੌਲ ਥੱਲੇ ਲੁਕੋ ਕੇ ਆਪਣਾ ਦੁੱਧ ਇਨ੍ਹਾਂ ਦੇ ਮੂੰਹ ਪਾ ਦੇਣਾ, ਤੇ ਇਨ੍ਹਾਂ ਨੇ ਦੁੱਧ ਚੁੰਘ ਕੇ ਸੌਂ ਜਾਣਾ। ਰਾਤ ਨੂੰ ਜਾਣ ਲੱਗੀ ਨੇ ਫਿਰ ਦੁੱਧ ਚੁੰਘਾ ਜਾਣਾ। ਉਹਦੀ ਆਪਣੀ ਧੀ ਨੇ ਦੁੱਧ ਬਾਝੋਂ ਸਾਰੀ-ਸਾਰੀ ਰਾਤ ਰੋਂਦੀ ਰਹਿਣਾ।

ਕਰਮੂ ਨੇ ਕਹਿਣਾ ਕਿ 'ਸਾਰੀ ਦਿਹਾੜੀ ਖਾਂਦੀ-ਪੀਂਦੀ ਰਹਿੰਦੀ ਏਂ, ਤੇ ਕੁੜੀ ਜੋਗਾ ਕੱਪੀ ਦੁੱਧ ਵੀ ਪੈਦਾ ਨਹੀਂ ਕਰ ਸਕਦੀ।' ਬੰਤੋ ਨੇ ਆਪਣੀ ਧੀ ਨੂੰ ਗਲਾਸੀ ਨਾਲ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਉਸ ਦੇ ਤਿੰਨ ਧੀਆਂ ਹੋਈਆਂ, ਪਰ ਉਹ ਮੇਰੇ ਭਰਾਵਾਂ ਨੂੰ ਆਪਣੇ ਪੁੱਤ ਸਮਝਦੀ। ਇਕ ਦਿਨ ਸਾਡੀ ਮਾਮੀ ਆਈ ਹੋਈ ਸੀ। ਉਸ ਨੇ ਬੰਤੋ ਨੂੰ ਦੁੱਧ ਚੁੰਘਾਉਂਦਿਆਂ ਦੇਖ ਲਿਆ, ਬੰਤੋ ਨੂੰ ਬੁਰਾ-ਭਲਾ ਕਿਹਾ, ਤੇ ਨਾਲੇ ਬਾਪੂ ਕੋਲ ਸ਼ਿਕਾਇਤ ਕੀਤੀ। ਬਾਪੂ ਗੁੱਸੇ ਨਹੀਂ ਹੋਇਆ, ਸਗੋਂ ਬੰਤੋ ਦਾ ਅਹਿਸਾਨਮੰਦ ਹੋ ਗਿਆ। ਸਮਾਂ ਬੀਤਿਆ, ਮੈਂ ਦਸਵੀਂ ਪਾਸ ਕਰ ਕੇ ਬਾਪੂ ਨਾਲ ਖੇਤੀ ਕਰਨ ਲੱਗ ਪਿਆ। ਭੈਣ ਤੇ ਭਰਾ ਸਕੂਲੇ ਚਲੇ ਜਾਂਦੇ। ਕਰਮੂ ਤੇ ਬੰਤੋ ਸਾਡੇ ਨਾਲ ਕੰਮ ਕਰਵਾਉਂਦੇ। ਸਾਡੇ ਪਿੰਡਾਂ ਵਾਲੇ ਬਾਹਰਲੇ ਦੇਸ਼ਾਂ ਨੂੰ ਘੱਟ ਹੀ ਆਉਂਦੇ ਨੇ, ਜ਼ਮੀਨਾਂ ਖੁੱਲ੍ਹੀਆਂ ਸਨ, ਬੱਸ...ਖੇਤੀਬਾੜੀ ਕਰਨ ਲੱਗ ਜਾਣਾ। ਸਾਡੇ ਮਾਮੇ ਦੇ ਪੁੱਤ ਨੂੰ ਪਤਾ ਨਹੀਂ ਕਿਸ ਨੇ ਕਿਹਾ ਕਿ ਅਮਰੀਕਾ ਖੁੱਲ੍ਹ ਗਿਆ ਹੈ, ਜੇ ਜਾਣਾ ਹੈ ਤਾਂ ਲੱਖ ਰੁਪਇਆ ਲਿਆਓ। ਇਹ ਗੱਲ ਬਾਪੂ ਕੋਲ ਪਹੁੰਚ ਗਈ। ਬਾਪੂ ਨੇ ਮੈਨੂੰ ਤਿਆਰ ਕਰ ਲਿਆ। ਉਨ੍ਹਾਂ ਦਿਨਾਂ ਵਿਚ ਲੱਖ ਰੁਪਏ ਅੱਜ ਦੇ ਕਰੋੜ ਵਰਗਾ ਸੀ। ਬਾਪੂ ਨੇ ਤਿੰਨ ਕਿੱਲੇ ਜ਼ਮੀਨ ਵੇਚ ਦਿੱਤੀ, ਤੇ ਰੁਪਏ ਮਾਮੇ ਦੇ ਪੁੱਤ ਨੂੰ ਦੇ ਦਿੱਤੇ। ਮੋਗੇ ਦਾ ਕੋਈ ਏਜੰਟ, ਦਿੱਲੀ ਦੇ ਏਜੰਟ ਨੂੰ ਬੰਦੇ ਦਿੰਦਾ ਸੀ। ਚਾਰ ਮਹੀਨਿਆਂ ਵਿਚ ਸਾਡਾ ਕੰਮ ਬਣ ਗਿਆ। ਅਸੀਂ ਸਿੱਧੇ ਆ ਕੇ ਅਮਰੀਕਾ ਉਤਰੇ। ਬਾਪੂ ਨੇ ਤੁਰਨ ਲੱਗਿਆ ਕਿਹਾ ਸੀ, "ਪੁੱਤਰਾ! ਦੇਖੀਂ ਪਰੀਆਂ ਦਾ ਦੇਸ਼ ਦੱਸਦੇ ਨੇ...ਸਾਨੂੰ ਭੁੱਲ ਨਾ ਜਾਵੀਂ! ਆਹ ਬੋਟਾਂ ਦਾ ਖਿਆਲ ਰੱਖੀਂ। ਮੈਂ ਜ਼ਮੀਨ ਨਹੀਂ ਵੇਚੀ, ਆਪਣੇ ਦਿਲ ਦਾ ਟੁਕੜਾ ਵੇਚ ਕੇ ਤੈਨੂੰ ਬਾਹਰ ਭੇਜਣ ਲੱਗਾ ਹਾਂ। ਆਪਣੇ ਨਾਂ ਅਤੇ ਮੇਰੀ ਪੱਗ ਨੂੰ ਦਾਗ ਨਾ ਲੱਗੇ...।" ਫਿਰ 'ਜਿਉਂਦਾ ਰਹੁ' ਕਹਿ ਕੇ ਬਾਪੂ ਰੋ ਪਿਆ ਸੀ।

ਬਾਪੂ ਦੀਆਂ ਕਹੀਆਂ ਗੱਲਾਂ ਮੈਂ ਪੱਲੇ ਹੀ ਨਹੀਂ ਬੰਨ੍ਹੀਆਂ, ਸਗੋਂ ਆਪਣੇ ਦਿਲ ਵਿਚ ਵਸਾ ਲਈਆਂ। ਇੱਥੇ ਜੋ ਵੀ ਕੰਮ ਮਿਲਿਆ, ਕੀਤਾ। ਸਭ ਤੋਂ ਪਹਿਲਾਂ ਬਾਪੂ ਦੇ ਦਿਲ ਦਾ ਟੁਕੜਾ ਵਾਪਸ ਲਿਆ। ਬਾਪੂ ਦੂੱਗਣਾ ਹੋ ਗਿਆ। ਫਿਰ ਕਮਾਈ ਕਰਦਾ ਗਿਆ। ਬਾਪੂ ਨੇ ਘਰ ਵਧੀਆ ਬਣਾ ਲਿਆ। ਭੈਣ ਦਾ ਵਿਆਹ ਵੀ ਇਥੇ ਕਰ ਦਿੱਤਾ। ਉਹ ਵੀ ਅਮਰੀਕਾ ਆ ਗਈ। ਜੌੜੇ ਵੀ ਪੜ੍ਹੀ ਜਾਂਦੇ ਸਨ। ਮੈਨੂੰ ਵੀ ਇਥੇ ਹੀ ਕੁੜੀ ਮਿਲ ਗਈ। ਉਸੇ ਦੀ ਬਦੌਲਤ ਮੈਂ ਵੀ ਸਿਟੀਜ਼ਨ ਹੋ ਗਿਆ। ਫਿਰ ਪਿੰਡ ਜਾ ਆਇਆ, ਸਭ ਨੂੰ ਮਿਲ ਆਇਆ। ਬੰਤੋ ਦੀਆਂ ਧੀਆਂ ਵੀ ਵਿਆਹੁਣ ਵਾਲੀਆਂ ਹੋ ਗਈਆਂ। ਬਾਪੂ ਨੇ ਕਿਹਾ, "ਪੁੱਤਰਾ! ਇਹ ਤਿੰਨੇ ਕਰਮੂ ਤੇ ਬੰਤੋ ਦੀਆਂ ਧੀਆਂ ਨਹੀਂ, ਤੇਰੀਆਂ ਭੈਣਾਂ ਵੀ ਨੇ, ਇਨ੍ਹਾਂ ਦੀ ਡੋਲੀ ਆਪਣੇ ਘਰੋਂ ਤੁਰਨੀ ਚਾਹੀਦੀ ਹੈ।" ਮੈਂ ਅਗਲੇ ਸਾਲ ਘਰ ਵਾਲੀ ਨੂੰ ਨਾਲ ਲੈ ਕੇ ਪਿੰਡ ਗਿਆ। ਬੰਤੋ ਦੀ ਵੱਡੀ ਧੀ ਦਾ ਵਿਆਹ ਆਪਣੇ ਘਰ ਕੀਤਾ। ਇਹ ਮਿਸਾਲ ਹੋ ਨਿਬੜੀ ਕਿ ਕਿਸੇ ਜ਼ਿਮੀਂਦਾਰ ਪਰਿਵਾਰ ਨੇ ਆਪਣੇ ਘਰੋਂ ਆਪਣੇ ਸੀਰੀ ਦੀ ਧੀ ਤੋਰੀ ਹੈ। ਜ਼ਿਮੀਂਦਾਰ ਤੇ ਸੀਰੀ ਦਾ ਫਰਕ ਚੁੱਕਿਆ ਗਿਆ ਸੀ। ਮੈਂ ਵਾਪਸ ਆ ਗਿਆ। ਆਪਣੇ ਬਾਪੂ ਦੇ ਪੇਪਰ ਭਰ ਦਿੱਤੇ। ਇਕ ਸਾਲ ਵਿਚ ਬਾਪੂ ਇਥੇ ਆ ਗਿਆ। ਇਥੇ ਪੁੱਤ ਦਾ ਸੋਹਣਾ ਘਰ ਦੇਖ ਕੇ ਖੁਸ਼ ਹੋ ਗਿਆ। ਪਰਮਾਤਮਾ ਨੇ ਮੈਨੂੰ ਧੀ ਤੇ ਪੁੱਤ ਦੀ ਦਾਤ ਬਖ਼ਸ਼ੀ। ਪਰਮਾਤਮਾ ਨੇ ਸਭ ਕੁਝ ਦੇ ਦਿੱਤਾ ਸੀ। ਹੁਣ ਬੱਸ ਦੋਹਾਂ ਛੋਟੇ ਭਰਾਵਾਂ ਨੂੰ ਇਥੇ ਲਿਆਉਣਾ ਸੀ। ਮੇਰੇ ਚੰਗੇ ਸੁਭਾਅ ਤੇ ਚੰਗੇ ਖਾਨਦਾਨ ਦੀ ਬਦੌਲਤ ਦੋਹਾਂ ਲਈ ਇਥੇ ਦੀਆਂ ਕੁੜੀਆਂ ਦੇ ਰਿਸ਼ਤੇ ਮਿਲ ਗਏ। ਅਸੀਂ ਸਾਰਾ ਪਰਿਵਾਰ ਇਕੱਠਾ ਹੋ ਕੇ ਦੋਵਾਂ ਦੇ ਵਿਆਹ ਕਰ ਆਏ। ਸਾਡਾ ਘਰ-ਬਾਰ ਤੇ ਜ਼ਮੀਨ ਦੀ ਦੇਖ-ਭਾਲ ਕਰਮੂ ਤੇ ਬੰਤੋ ਹੀ ਕਰਦੇ ਰਹੇ। ਮੈਂ ਬਾਪੂ ਦੇ ਬੋਲਾਂ 'ਤੇ ਖਰਾ ਉਤਰਿਆ, ਦੋਵੇਂ ਭਰਾ ਵੀ ਇਥੇ ਆ ਗਏ।

ਸਾਰਾ ਪਰਿਵਾਰ ਅਮਰੀਕਾ ਸੈਟ ਹੋ ਗਿਆ। ਬੱਸ ਜੇ ਕਿਤੇ ਘਾਟ ਰੜਕਦੀ ਸੀ, ਤਾਂ ਉਹ ਮਾਂ ਦੀ ਘਾਟ ਸੀ। ਬਾਪੂ ਨੇ ਸਾਰੀ ਜਵਾਨੀ ਰੰਡੇਪੇ ਵਿਚ ਲੰਘਾਈ। ਦੂਜਾ ਵਿਆਹ ਇਸ ਕਰ ਕੇ ਨਹੀਂ ਕਰਵਾਇਆ ਕਿ ਮਤਰੇਈ ਮਾਂ ਤੋਂ ਪਿਆਰ ਨਹੀਂ ਮਿਲਦਾ ਹੁੰਦਾ; ਜਿਵੇਂ ਕਾਗਜ਼ੀ ਫੁੱਲਾਂ ਤੋਂ ਖੁਸ਼ਬੋ ਨਹੀਂ ਮਿਲਦੀ। ਉਸ ਦੀ ਰੰਡੇਪੇ ਭਰੀ ਜ਼ਿੰਦਗੀ ਵਿਚੋਂ ਸ਼ਾਇਦ ਸਾਡੀ ਚੰਗੀ ਜ਼ਿੰਦਗੀ ਦਾ ਜਨਮ ਹੋਇਆ ਹੋਵੇ! ਖੈਰ...ਬਾਪੂ ਖੁਸ਼ ਸੀ ਤੇ ਅਸੀਂ ਵੀ। ਮੇਰੀ ਘਰ ਵਾਲੀ ਦੀ ਚੰਗੀ ਜੌਬ ਸਦਕਾ ਅਸੀਂ ਚਾਰ ਪੈਸੇ ਇਕੱਠੇ ਕਰ ਕੇ ਸਟੋਰ ਲੈ ਲਿਆ। ਦੋਵੇਂ ਭਰਾ ਆਪੋ-ਆਪਣੇ ਕੰਮਾਂ ਵਿਚ ਰੁੱਝ ਗਏ। ਅਸੀਂ ਸਖਤ ਮਿਹਨਤ ਕੀਤੀ, ਸਟੋਰ ਵੇਚ ਕੇ ਆਹ ਵੱਡਾ ਸਟੋਰ ਲੈ ਲਿਆ। ਅਜੇ ਸਟੋਰ ਲਿਆ ਹੀ ਸੀ ਕਿ ਬਾਪੂ ਨੂੰ ਸਟਰੋਕ (ਅਧਰੰਗ) ਹੋ ਗਿਆ; ਜਿਵੇਂ ਮਾੜੇ ਦਿਨਾਂ ਨੇ ਫਿਰ ਫੇਰਾ ਪਾ ਲਿਆ ਹੋਵੇ। ਬਾਪੂ ਦੀ ਦੇਖ-ਭਾਲ ਕਰਦਾ ਅਤੇ ਸਟੋਰ ਉਤੇ ਵੀ ਕੰਮ ਕਰਦਾ। ਛੋਟੇ ਭਰਾਵਾਂ ਨੂੰ ਕਿਹਾ, 'ਹੁਣ ਥੋੜ੍ਹਾ ਸਮਾਂ ਬਾਪੂ ਨੂੰ ਸੰਭਾਲਣ, ਮੇਰਾ ਨਵਾਂ-ਨਵਾਂ ਸਟੋਰ ਹੈ'...ਉਹ ਦੋਵੇਂ ਬਾਹਾਂ ਖੜ੍ਹੀਆਂ ਕਰ ਗਏ। ਫਿਰ ਭੈਣ ਨੂੰ ਪੁੱਛਿਆ, "ਧੀਆਂ ਤਾਂ ਮਾਪਿਆਂ ਦਾ ਦੁੱਖ ਵੰਡਾਉਂਦੀਆਂ ਹੁੰਦੀ ਨੇ, ਤੂੰ ਦੋ ਮਹੀਨੇ ਬਾਪੂ ਨੂੰ ਸਾਂਭ ਲੈ।" ਉਹ ਕਹਿੰਦੀ, "ਵੀਰਾ, ਇਹ ਅਮਰੀਕਾ ਐ...ਇਥੇ ਮਰਨ ਦਾ ਵਿਹਲ ਨਹੀਂ, ਤੂੰ ਦੁੱਖ ਵੰਡਾਉਣ ਲਈ ਕਹਿੰਦਾ ਏਂ।" ਭੈਣ-ਭਰਾ ਆਉਂਦੇ ਬਾਪੂ ਕੋਲ, ਸਲਾਹਾਂ ਦੇ ਦਿੰਦੇ, 'ਤੁਸੀਂ ਇੰਜ ਕਰਿਆ ਕਰੋ' ਤੇ 'ਇੰਜ ਨਾ ਕਰਿਆ ਕਰੋ।' ਮੇਰੇ ਬੱਚੇ ਇਕ ਦਿਨ ਕਹਿੰਦੇ, "ਬਾਪੂ ਜੀ ਨੇ ਇੰਡੀਆ ਨਹੀਂ ਜਾਣਾ?" ਮੈਂ ਕਿਹਾ, "ਪੁੱਤ, ਇਸ ਦਾ ਇੰਡੀਆ ਕੋਈ ਨਹੀਂ ਹੈ। ਅਸੀਂ ਸਾਰੇ ਇਥੇ ਹਾਂ।" ਉਹ ਕਹਿੰਦੇ, "ਫਿਰ ਇਹਨੂੰ ਅੰਕਲ ਹੋਰੀਂ ਕਿਉਂ ਨਹੀਂ ਲਿਜਾਂਦੇ।" ਮੈਂ ਕੀ ਜਵਾਬ ਦਿੰਦਾ? ਮੈਂ ਸਾਰੇ ਪਾਸਿਓਂ ਇਕੱਲਾ ਰਹਿ ਗਿਆ। ਬਾਪੂ ਨੂੰ ਕਿਹਾ, "ਤੈਨੂੰ ਕਰਮੂ ਕੋਲ ਛੱਡ ਆਉਂਦਾ ਹਾਂ।" ਉਹ ਅੱਗਿਓਂ ਕਹਿੰਦਾ, "ਮੈਨੂੰ ਗਲ ਘੁੱਟ ਕੇ ਮਾਰ ਦੇ, ਤੈਥੋਂ ਬਗੈਰ ਮੈਂ ਕਿਤੇ ਨਹੀਂ ਜਾਣਾ।" ਹੁਣ ਮੇਰੇ ਬਾਪੂ ਤੋਂ ਮੇਰੀ ਘਰ ਵਾਲੀ ਤੇ ਬੱਚੇ ਵੀ ਅੱਕ ਗਏ ਹਨ। ਉਹ ਕਹਿੰਦੇ...ਜਾਂ ਸਾਨੂੰ ਰੱਖ ਲੈ, ਜਾਂ ਬਾਪੂ ਨੂੰ...ਮੈਂ ਉਨ੍ਹਾਂ ਨੂੰ ਬਥੇਰਾ ਸਮਝਾਉਂਦਾ ਹਾਂ ਕਿ ਇਹ ਸਮਾਂ ਆਪਣੇ ਸਭ 'ਤੇ ਆਉਣਾ ਹੈ। ਕੋਈ ਵੀ ਬਿਮਾਰੀ ਕਿਸੇ ਵੀ ਉਮਰ ਵਿਚ ਕਦੇ ਵੀ ਚੁੰਬੜ ਸਕਦੀ ਹੈ। ਪਰਮਾਤਮਾ ਤੋਂ ਡਰੋ, ਪਰ ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਹੁਣ ਮੈਂ ਸਾਡੇ ਬਾਪੂ ਨਹੀਂ...ਮੇਰੇ ਬਾਪੂ ਨੂੰ ਬ੍ਰੇਕ-ਫਾਸਟ ਕਰਵਾ ਕੇ ਨਾਲ ਲੈ ਆਉਂਦਾ ਹਾਂ...ਨਾਲੇ ਸਟੋਰ 'ਤੇ ਕੰਮ ਕਰਦਾਂ, ਨਾਲੇ ਬਾਪੂ ਦਾ ਖਿਆਲ ਰੱਖਦਾਂ। ਮੈਂ ਇਸੇ ਕਰ ਕੇ ਹੀ ਸਟੋਰ ਵੇਚਣਾ ਚਾਹੁੰਦਾ ਕਿ ਬਾਪੂ ਦੀ ਸੇਵਾ ਕਰ ਲਵਾਂ, ਇਹ ਦੁਖੀ ਨਾ ਹੋਵੇ। ਜੇ ਬੱਚਿਆਂ ਨੂੰ ਕਹਿੰਦਾਂ, ਕਿ ਮੈਂ ਤੁਹਾਡੇ ਲਈ ਆਹ ਕੀਤਾ, ਅਹੁ ਕੀਤਾ...ਉਹ ਕਹਿ ਦਿੰਦੇ, ਡੈਡ...ਅਸੀਂ ਤਾਂ ਤੈਨੂੰ ਕਿਹਾ ਨਹੀਂ ਸੀ ਕਿ ਤੂੰ ਸਾਡੇ ਲਈ ਕੰਮ ਕਰ-ਕਰ ਕੇ ਮਰਦਾ ਰਹਿ।...ਹੁਣ ਮੈਨੂੰ ਸਮਝ ਨਹੀਂ ਆਉਂਦੀ ਕਿ ਜਿਸ ਨੇ ਮੈਨੂੰ ਛਾਂ ਲਈ ਲਾਇਆ ਸੀ, ਉਸ ਨੂੰ ਛਾਂ ਦੇਵਾਂ; ਜਾਂ ਜਿਸ ਦੀ ਛਾਂਵੇਂ ਮੈਂ ਬੈਠਣਾ ਹੈ, ਉਨ੍ਹਾਂ ਨੂੰ ਪਾਲ-ਪਲੋਸ ਕੇ ਛਾਂਵੇਂ ਬਿਠਾਉਣ ਜੋਗੇ ਕਰਾਂ...।

...ਫਿਰ ਮੈਂ ਆਪਣੇ ਮਨ ਨਾਲ ਸਲਾਹ ਕੀਤੀ ਕਿ ਸਟੋਰ ਵੇਚ ਕੇ ਬਾਪੂ ਨੂੰ ਪਿੰਡ ਲੈ ਜਾਵਾਂ। ਉਥੇ ਰੱਖਾਂ ਜਿਥੇ ਇਸ ਦੇ ਪੁਰਖਿਆਂ ਦੀ ਧਰਤੀ ਹੈ। ਇਹ ਉਸ ਮਿੱਟੀ ਵਿਚ ਮਿੱਟੀ ਹੋ ਜਾਵੇ ਜਿਸ ਮਿੱਟੀ ਵਿਚ ਜੰਮਿਆ...ਪਿੰਡੋਂ ਕਰਮੂ ਤੇ ਬੰਤੋ ਕਹਿੰਦੇ, "ਬਾਪੂ ਨੂੰ ਪਿੰਡ ਛੱਡ ਜਾ, ਅਸੀਂ ਆਪੇ ਸਾਂਭ ਲਵਾਂਗੇ।"

ਬਾਈ ਦੀਆਂ ਗੱਲਾਂ ਸੁਣ ਕੇ ਮੈਨੂੰ ਕੰਬਣੀ ਛਿੜਦੀ ਗਈ।...ਮੈਂ ਸੋਚਦਾਂ ਕਿ ਤੀਰਥ ਸਥਾਨ ਤਾਂ ਸਾਨੂੰ ਧਰਮਾਂ ਵਿਚ ਵੰਡ ਕੇ ਜਾਤਾਂ-ਪਾਤਾਂ ਦੀ ਕੰਧ ਉਸਾਰ ਰਹੇ ਨੇ। ਮਾਪਿਆਂ ਦੀ ਸੇਵਾ ਵੱਡੀ ਤੀਰਥ ਯਾਤਰਾ ਹੈ।

# ਧਰਮ ਰਾਜ ਦੀ ਵੀਡੀਓ ਕਾਨਫਰੰਸ

(ਸਫਾ 21 ਦੀ ਬਾਕੀ)

ਆ। ਫਰਕ ਤਾਂ ਸਿਰਫ ਏਨਾ ਕੁ ਸੀ ਕਿ ਡਾਗਾਂ ਨੀਂ ਵੱਜਦੀਆਂ ਉਪਰ। ਉਂ ਬਈ ਧਰਮ ਰਾਜ ਦੀ ਹਾਲਤ ਬੜੀ ਪਤਲੀ ਹੋਈ ਪਈ ਸੀ।"

"ਉਹ ਤਾਂ ਖੈਰ ਹੋਣੀ ਹੀ ਸੀ, ਹੈਨ੍ਹੀਆਂ ਕਿਤੇ ਸੁਣ ਤੇ ਜਰ ਹੁੰਨੀਆਂ।"

"ਪਰ ਜਾਗਰਾ ਅੱਗੇ ਸੁਣ।"

"ਉਹ ਤਾਂ ਸੁਣਦਾ, ਆਹ ਮਾਹਟਰ ਨੀਵੀਆਂ ਪਾ ਕੇ ਬੈਠਾ, ਘੁੱਗੂ-ਵੱਟਾ ਬਣ ਕੇ। ਅੱਗੇ ਤਾਂ ਗੱਲ ਥੱਲੇ ਨੀਂ ਲੱਗਣ ਦਿੰਦਾ ਹੁੰਦਾ...ਅੱਜ ਬੋਲਦਾ ਈ ਨ੍ਹੀਂ।"

"ਧੰਨਿਆ, ਮੈਂ ਤਾਂ ਤੈਨੂੰ ਅਮਲੀ-ਵੈਲੀ ਹੀ ਸਮਝਦਾ ਰਿਹਾ ਸਾਰੀ ਉਮਰ, ਪਰ ਤੂੰ ਤਾਂ ਧੁੰਨੀ ਤੱਕ ਸਿਆਣਾ।"

"ਦੇਖ ਲੈ ਜਾਗਰਾ ਦੇਖ ਲੈ...ਬਾਜ ਨ੍ਹੀਂ ਆਉਂਦਾ ਮਾਸਟਰ। ਫਿਰ ਦੰਦੀ ਵੱਢ'ਤੀ, ਅਖੇ ਸਿਆਣਾ ਧੁੰਨੀ ਤੱਕ।...ਸਿਆਣਾ ਤਾਂ ਚਲੋ ਅੱਜ ਪਹਿਲੀ ਵਾਰ ਆਖ'ਤਾ...ਪਰ ਧੁੰਨੀ ਤੱਕ ਦਾ ਕੀ ਮਤਬਲ ਹੋਇਆ?"

"ਧੰਨਿਆ, ਦਰਦ ਜਦੋਂ ਧੁੰਨੀ ਹੇਠਾਂ ਹੁੰਦਾ, ਤਾਂ ਜਰ ਨ੍ਹੀਂ ਹੁੰਦਾ...।"

"ਮੈਂ ਤੈਨੂੰ ਕਦੋਂ ਕਿਹਾ ਮੇਰੇ ਦਰਦ ਹੁੰਦਾ?"

"ਯਾਰ ਸਿਫਤ ਕਰ ਕੇ ਵੀ ਫਸ ਗਿਆ...ਮੈਂ ਤਾਂ ਇਸ ਕਰ ਕੇ ਕਿਹਾ, ਪਈ ਧੁੰਨੀ ਹੇਠਾਂ ਢਿੱਡ ਹੁੰਦਾ, ਤੂੰ ਢਿੱਡੋਂ ਸਿਆਣਾ ਨਿਕਲਿਐਂ।"

"ਆਹ ਹੋਈ ਨਾ ਗੱਲ ਪਤੇ ਦੀ, ਲੈ ਬਈ ਅੱਗੇ ਸੁਣੋ...ਧਰਮ ਰਾਜ ਦੇ ਦਰਬਾਰ ਵਿਚ ਪੂਰੀ ਕਾਂਵਾਂ-ਰੌਲੀ ਪੈ ਗਈ।...ਤੇ ਵਿਚੇ ਪਤਾ ਨ੍ਹੀਂ ਕਿਧਰੋਂ ਨਿਕਲ ਆਇਆ ਆਪਣਾ ਤੇਲੂ।"

"ਓ ਧੰਨਿਆ ਠੋਲ੍ਹਕਿਆਂ ਦਾ? ਉਹਨੂੰ ਤਾਂ ਮਰ ਗਏ ਨੂੰ ਬੜੇ ਸਾਲ ਹੋ ਗਏ। ਨਾਗਣੀ ਖਾਂਦਾ ਹੁੰਦਾ ਸੀ ਕਾਲੀ।"

"ਮਾਹਟਰਾ ਫਿਰ ਕਰ'ਤੀ ਲਿੱਦ। ਅਖੇ ਪੜ੍ਹਿਆ-ਲਿਖਿਆ...?"

"ਇਹਨੂੰ ਜਾਗਰਾ ਇਹ ਨ੍ਹੀਂ ਪਤਾ, ਪਈ ਨਾਗਣੀ ਕਾਲੀ ਹੀ ਹੁੰਦੀ ਐ, ਚਿੱਟੀ ਨ੍ਹੀਂ।"

"ਓਹ ਬੁੱਧੂ ਧੰਨਿਆ, ਕੌਣ ਪੁੱਛਦਾ ਹੁਣ ਨਾਗਣੀ ਨੂੰ...ਕਾਲੀ ਹੋਵੇ ਜਾਂ ਚਿੱਟੀ...ਹੁਣ ਤਾਂ ਚਿੱਟੇ ਦੇ ਜੈਕਾਰੇ ਵੱਜਦੇ ਆ।"

"ਬਈ ਕਰ'ਤੀ ਫੇਰ ਸਿਆਣੀ ਗੱਲ। ਹਾਅ ਈ ਉਥੇ ਤੇਲੂ ਨੇ ਧਰਮ ਰਾਜ ਅੱਗੇ ਰੌਲੀ ਪਾ ਲਈ।"

"ਕੀ?"

"ਜਾਗਰਾ ਜਿਹੜਾ ਤੀਵੀਂ ਮੂਹਰੇ ਨ੍ਹੀਂ ਬੋਲਦਾ ਸੀ, ਉਹ ਧਰਮ ਰਾਜ ਵੱਲ ਅੱਖਾਂ ਕੱਢ-ਕੱਢ ਆਵੇ।"

"ਆਹੋ ਧੰਨਿਆ...ਕਹਿੰਦੇ ਆ, ਉਥੇ ਅਮਰੀਕਾ ਵਾਂਗੂੰ ਹਰ ਕਿਸੇ ਨੂੰ ਪੂਰੀ ਗੱਲ ਕਹਿਣ ਦਾ ਹੱਕ ਐ।"

"ਲੈ ਹੁਣ ਮਾਹਟਰ ਨੇ ਵਿਚ ਅਮਰੀਕਾ ਵਾੜ'ਤਾ। ਚੁੱਪ ਰਹਿ, ਮੈਨੂੰ ਤੇਲੂ ਦੀ ਗੱਲ ਕਰਨ ਦੇ।"

"ਚੱਲ ਕਰ।"

"ਆਖਦਾ...ਅਮਲੀਆਂ ਨੇ ਬੜੀਆਂ ਜਰੀਆਂ ਹੇਠਾਂ...ਸਰਕਾਰਾਂ ਦੀਆਂ ਵੀ, ਤੇ ਉਪਰ ਤੇਰੀਆਂ ਵੀ। ਸਾਨੂੰ ਨਰਕ ਵਿਚ ਤੁੰਨ੍ਹਿਆ ਹੋਇਆ, ਤੇ ਸਾਨੂੰ ਲੁੱਟਣ ਤੇ ਕੁੱਟਣ ਵਾਲੇ ਜਿੰਦਣ ਵੜੇ ਨਾ ਤੇਰੇ ਮਹਿਲੀਂ...ਵੇਖੀਂ ਧਰੂ ਤਾਰਾ ਚੜ੍ਹਦਾ! ਉਨ੍ਹਾਂ ਨੇ ਚੋਣਾਂ ਕਰਾਉਣੀਆਂ ਆ ਕੇ...ਵੋਟਾਂ ਖੈਰ! ਉਨ੍ਹਾਂ ਨੂੰ ਤਾਂ ਅਸੀਂ ਹੁਣ ਕੀ ਪਾਉਣੀਆਂ, ਪਹਿਲਾਂ ਈ ਰੱਜੇ ਪਏ ਆਂ...ਜੇ ਤੂੰ ਆਪਣੀ ਗੱਦੀ ਬਚਾਉਣੀ ਆਂ...ਤਾਂ ਸਾਨੂੰ ਨਰਕ ਵਿਚੋਂ ਕੈਦੀਆਂ ਵਾਂਗ ਮੁਆਫੀ ਦੇ ਕੇ ਕੱਢ। ਨਹੀਂ ਤਾਂ ਫਿਰ ਹੋਰ ਕੋਈ ਚਾਰਾ ਨ੍ਹੀਂ...ਅਸੀਂ ਬੱਕਰੇ ਵਾਂਗ ਆਉਂਦੇ ਦਾਅ ਲੈਣੇ ਆ।"

"ਬਈ ਤੇਲੂ ਏਨਾ ਤਿੱਖਾ ਹੋ ਗਿਆ?"

"ਓਹ ਤਾਂ ਲੀਡਰ ਬਣਿਆ ਫਿਰਦੈ ਉਥੇ। ਬਈ ਜਦ ਨੂੰ ਟੈਲੀਵਿਜ਼ਨ ਫੇਰ ਚੱਲ ਪਿਆ। ਇਕ ਬੁੱਢੀ ਮਾਂ ਦੁਹੱਥੜਾਂ ਮਾਰਦੀ ਆਵੇ। ਰੋਕ ਲਿਆ ਉਹਨੂੰ ਕੈਮਰੇ ਵਾਲੇ ਨੇ...ਅਖੇ, ਬੀਬੀ ਕਿਥੇ ਚੱਲੀ ਆਂ? ਕਹਿਣ ਲੱਗੀ, ਮੇਰੇ ਘਰ ਵਾਲਾ ਮਰ ਗਿਆ ਪਿਛਲੇ ਸਾਲ ਸਮੈਕ ਪੀ ਕੇ, ਸਭ ਕੁਝ ਵੇਚ-ਵੱਟ ਕੇ ਖਾ ਗਿਆ, ਪਰ ਤੁਸੀਂ ਹੋ ਕੌਣ ਮੈਨੂੰ ਰੋਕੋ ਨਾ।...ਕੈਮਰੇ ਆਲਾ ਬੋਲਿਆ, ਬੀਬੀ, ਮੈਨੂੰ ਧਰਮ ਰਾਜ ਨੇ ਭੇਜਿਆ... ਅਸੀਂ ਇਹੋ ਕੁਝ ਤਾਂ ਦੇਖਣ ਆਏ ਆਂ।...ਉਹ ਹੋਰ ਭੁੜਕ ਪਈ, ਜਾਓ ਚਲੇ ਜਾਓ...ਝੂਠ ਬੋਲਦੇ ਆ, ਉਹ ਤਾਂ ਅੰਨ੍ਹਾ ਹੋ ਗਿਐ।"

"ਫੇਰ?"

"ਜਾਗਰਾ, ਉਹਨੇ ਕੈਮਰਾ ਪਿਛੇ ਨੂੰ ਘੁਮਾ ਕੇ ਵਿਖਾਇਆ, ਬੀਬੀ ਆਹ ਦੇਖ ਦੋ ਔਰਤਾਂ ਦੇ ਦੁੱਖ।...ਬਹਿ ਜਾਏ ਬੇੜਾ ਤੇਰਾ...ਇਹ ਕੁੱਟ ਖਾਣ ਵਾਲੀ ਮੇਰੀ ਨੂੰਹ ਆ, ਤੇ ਹੁਣੇ ਰੰਡੀ ਹੋਈ ਦੂਜੀ ਮੇਰੀ ਧੀ ਆ...ਤੇ ਨਾਲ ਹੀ ਬੇਹੋਸ਼ ਹੋ ਕੇ ਡਿੱਗ ਪਈ, ਤੇ ਉਧਰ...?"

"...ਤੇ ਉਧਰ ਕੀ?"

"ਨਾਲੇ ਧਰਮ ਰਾਜ ਬੇਹੋਸ਼ ਹੋ ਗਿਆ। ਪੈ ਗਿਆ ਰੌਲਾ, ਪਈ ਹਰਟ 'ਟੈਕ।...ਜਦ ਨੂੰ ਖੁੱਲ੍ਹ ਗਈ ਮੇਰੀ ਅੱਖ।"

"ਫਿਰ ਰੋਂਦਾ ਕਿਉਂ ਸੀ?"

"ਪਤਾ ਨ੍ਹੀਂ ਧਰਮ ਰਾਜ ਜਿਉਂਦਾ ਕਿ ਨਹੀਂ?"

...ਤੇ ਤਿੰਨੇ ਤਾਸ਼ ਵਾਂਗ ਖਿਲਰ ਗਏ।

# ਲੋਕਾਂ ਦਾ ਭਵਿੱਖ ਦੇਖਣ-ਦੱਸਣ ਦਾ ਭੇਤ

ਸਾਡੇ ਪਿੰਡ ਜਮਨਾ ਦਾਸ ਸਾਧ ਹੁੰਦਾ ਸੀ। ਉਹਦੇ ਹਾਣੀਆਂ ਨੂੰ ਛੱਡ ਕੇ ਸਭ ਲੋਕ ਉਹਨੂੰ ਬਾਬਾ ਆਖਦੇ। ਉਹਦੇ ਬਾਰੇ, ਖਾਸ ਕਰਕੇ ਔਰਤਾਂ ਵਿਚ, ਇਹ ਮਾਨਤਾ ਸੀ ਕਿ ਉਹ ਪੁੱਛਾਂ ਦਿੰਦਾ ਹੈ ਤੇ ਅਗਲੇ ਦੇ ਭਵਿੱਖ ਵਿਚ ਝਾਕ ਲੈਂਦਾ ਹੈ। ਕੁਦਰਤੀ ਸੀ, ਅਨਪੜ੍ਹਤਾ ਦੇ ਉਸ ਜ਼ਮਾਨੇ ਵਿਚ ਬਹੁਤ ਸਾਰੇ ਲੋਕ ਉਹਤੋਂ ਭਵਿੱਖ ਵੀ ਪੁੱਛਦੇ ਤੇ ਆਪਣੀਆਂ ਅਜੋਕੀਆਂ ਉਲਝਣਾਂ ਸੁਲਝਾ ਕੇ ਭਵਿੱਖ ਨੂੰ ਚੰਗੇਰਾ ਵੀ ਬਣਵਾਉਣਾ ਚਾਹੁੰਦੇ। ਜਦੋਂ ਮੈਂ ਵਿਦਿਆਰਥੀ ਸੀ, ਉਹਦੀ ਉਮਰ ਸੱਠ ਸਾਲ ਤੋਂ ਵੱਧ ਹੋਵੇਗੀ। ਮੈਥੋਂ ਵੱਡੇ-ਛੋਟੇ ਉਹਦੇ ਦੋ ਪੋਤੇ-ਬਲਦੇਵ ਸਿੰਘ ਤੇ ਬਾਬੂ ਸਿੰਘ ਮੇਰੇ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਹਮਸਕੂਲ ਸਨ। ਉਹਦੀ ਇਕ ਗੱਲ ਬੜੀ ਅਜੀਬ ਸੀ। ਉਹਦੇ ਮੂੰਹ ਉਤੇ ਦਾੜ੍ਹੀ-ਮੁੱਛ ਦਾ ਇਕ ਵੀ ਵਾਲ ਨਹੀਂ ਸੀ। ਇਸ ਕਰਕੇ ਉਹਦਾ ਚਿਹਰਾ ਬਹੁਤ ਵੱਖਰਾ ਜਿਹਾ ਲਗਦਾ। ਛੋਟੀਆਂ ਅੱਖਾਂ ਤੇ ਅੱਗੇ ਨੂੰ ਵਧੀ ਹੋਈ ਠੋਡੀ ਨਾਲ ਉਹ ਉਮਰੋਂ ਹੋਰ ਵੀ ਵੱਡਾ ਦਿਸਦਾ। ਉਹ ਵੱਡਾ ਸਫ਼ੈਦ ਪੱਗੜ ਬੰਨ੍ਹਦਾ। ਸਫ਼ੈਦ ਖੱਦਰ ਦੇ ਲੰਮੇ ਕੁੜਤੇ ਨਾਲ ਉਹਨੇ ਖੱਦਰ ਦੀ ਹੀ ਉਚੀ ਜਿਹੀ ਧੋਤੀ ਬੰਨ੍ਹੀ ਹੋਈ ਹੁੰਦੀ। ਸਹਾਰੇ ਵਾਸਤੇ ਉਹ ਹੱਥ ਵਿਚ ਕਿਸੇ ਦਰਖ਼ਤ ਤੋਂ ਵੱਢੀ ਹੋਈ ਸੋਟੀ ਰਖਦਾ।

ਸਾਡੇ ਪਰਿਵਾਰ ਨਾਲ ਉਹਦੀ ਖਾਸੀ ਨੇੜਤਾ ਸੀ। ਪਰ ਇਹਦਾ ਕਾਰਨ ਉਹਦਾ ਭਵਿੱਖ-ਦ੍ਰਿਸ਼ਟਾ ਹੋਣਾ ਨਹੀਂ ਸੀ। ਮੇਰੇ ਮਾਤਾ-ਪਿਤਾ ਤੇ ਚਾਚੇ ਪੱਕੇ ਅੰਮ੍ਰਿਤਧਾਰੀ ਹੋਣ ਕਰਕੇ ਅਜਿਹੀਆਂ ਗੱਲਾਂ ਵਿਚ ਉਕਾ ਹੀ ਕੋਈ ਭਰੋਸਾ ਨਹੀਂ ਸਨ ਰਖਦੇ। ਇਸ ਨੇੜਤਾ ਦਾ ਕਾਰਨ ਹੋਰ ਸੀ। ਸਾਡਾ ਘਰ ਫਿਰਨੀ ਉਤੇ ਸੀ। ਘਰ ਅੱਗੇ ਕੱਚੇ ਚੌਤਰੇ ਉਤੇ ਦੋ ਬਹੁਤ ਵੱਡੇ ਨਿੰਮ ਸਨ। ਇਕ ਪਾਸੇ ਕੰਧ ਨਾਲ ਪੱਕਾ ਥੜ੍ਹਾ ਬਣਿਆ ਹੋਇਆ ਸੀ ਜੀਹਦੇ ਨਾਲ ਇਕ ਖੁੰਢ ਪਿਆ ਸੀ। ਅਸੀਂ ਦੋ ਬੈਂਚ ਵੀ ਉਥੇ ਰੱਖੇ ਹੋਏ ਸਨ। ਉਸ ਬੇਸਤਕੇ ਜ਼ਮਾਨੇ ਵਿਚ ਕੱਚੇ ਚੌਤਰੇ ਤੋਂ ਅੱਗੋਂ ਦੀ ਜਾਂਦਾ ਰਾਹ ਕੋਈ ਇਕ ਦਰਜਨ ਪਿੰਡਾਂ ਨੂੰ ਮੰਡੀ ਫੂਲ ਨਾਲ ਜੋੜਦਾ ਸੀ। ਰਾਹੀ ਨਿੰਮਾਂ ਹੇਠ ਦਮ ਲੈਂਦੇ ਤੇ ਪਾਣੀ-ਧਾਣੀ ਪੀਂਦੇ। ਗਰਮੀਆਂ ਵਿਚ ਤਾਂ ਮੇਰੇ ਚਾਚਾ ਜੀ ਸਿਰਕੀਆਂ ਦੀ ਛਪਰੀ ਪਾ ਕੇ ਪਿਆਓ ਲਾ ਲੈਂਦੇ।

ਬਾਬਾ ਜਮਨਾ ਵਾਰੀ ਵਾਰੀ ਚੁਫੇਰੇ ਦੇ ਪਿੰਡਾਂ ਤੋਂ ਆਟੇ ਦਾ ਗਜਾ ਕਰਨ ਜਾਂਦਾ। ਜਦੋਂ ਉਹ ਕਿਸੇ ਇਧਰਲੇ ਪਿੰਡ ਜਾਂਦਾ ਤਾਂ ਮੁੜਦਾ ਹੋਇਆ ਨਿੰਮਾਂ ਹੇਠ ਦਮ ਲੈਂਦਾ ਤੇ ਜਲ ਛਕਦਾ। ਉਹ ਬੈਂਚ ਜਾਂ ਥੜ੍ਹੇ ਉਤੇ ਨਹੀਂ ਸੀ ਬੈਠਦਾ, ਥੜ੍ਹੇ ਨਾਲ ਪਏ ਖੁੰਢ ਉਤੇ ਬੈਠਦਾ। ਉਹਦੀ ਪਿੱਠ ਪਿੱਛੇ ਬੰਨ੍ਹੀ ਹੋਈ ਆਟੇ ਦੀ ਡੱਗੀ ਥੜ੍ਹੇ ਉਤੇ ਟਿਕ ਜਾਂਦੀ ਅਤੇ ਉਹ ਡੱਗੀ ਲਾਹੇ ਬਿਨਾਂ ਉਹਦੇ ਭਾਰ ਤੋਂ ਮੁਕਤ ਹੋ ਕੇ ਬੈਠ ਸਕਦਾ। ਇਉਂ ਬੈਠ ਕੇ ਉਹ ਬਹੁਤ ਖ਼ੁਸ਼ ਹੁੰਦਾ ਤੇ ਕਈ ਵਾਰ ਇਹ ਖ਼ੁਸ਼ੀ ਸਾਡੇ ਨਾਲ ਸਾਂਝੀ ਵੀ ਕਰਦਾ, "ਭਾਈ, ਥੜ੍ਹੇ ਕੋਲ ਇਹ ਖੁੰਢ ਤਾਂ ਤੁਸੀਂ ਮੇਰੀ ਖਾਤਰ ਹੀ ਰੱਖਿਆ ਹੈ!"

ਇਹ ਤਾਂ ਹੋਈ ਭੂਮਿਕਾ, ਜਿਹੜੀ ਅਸਲ ਗੱਲ ਮੈਂ ਸੁਣਾਉਣ ਲੱਗਾਂ, ਉਹ ਉਸ ਸਮੇਂ ਦੀ ਹੈ ਜਦੋਂ ਮੈਂ ਕਾਲਜ ਦਾ ਇਮਤਿਹਾਨ ਦੇ ਕੇ ਵਿਹਲਾ ਨਤੀਜਾ ਉਡੀਕ ਰਿਹਾ ਸੀ। ਇਕ ਦਿਨ ਮੈਂ ਥੜ੍ਹੇ ਉਤੇ ਇਕੱਲਾ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਸੀ। ਬਾਬਾ ਆਇਆ ਅਤੇ ਆਪਣੇ ਪੱਕੇ ਆਸਣ ਉਤੇ ਟਿਕ ਗਿਆ। ਮੈਂ ਫਤਿਹ ਬੁਲਾਈ ਤਾਂ ਉਹ ਬੋਲਿਆ, "ਲਿਆ, ਭਾਈ ਬੱਚਿਆ, ਜਲ ਛਕਾ।" ਗੜਵੀ ਵਿਚ ਬਚੇ ਹੋਏ ਪਾਣੀ ਦੇ ਛਿੱਟੇ ਉਹਨੇ ਅੱਖਾਂ ਵਿਚ ਮਾਰੇ, ਪੱਗ ਦੇ ਲਟਕਦੇ ਲੰਮੇ ਲੜ ਨਾਲ ਚਿਹਰਾ ਪੂੰਝਿਆ ਤੇ ਸੌਖਾ ਹੋ ਕੇ ਤਸੱਲੀ ਨਾਲ ਬੈਠ ਗਿਆ। ਮੈਂ ਸੋਚਿਆ, ਅੱਜ ਕੋਈ ਤੀਜਾ ਕੋਲ ਨਾ ਹੋਣ ਕਰਕੇ ਬਾਬੇ ਨੂੰ ਉਹ ਸਵਾਲ ਪੁੱਛਣ ਦਾ ਵਧੀਆ ਮੌਕਾ ਹੈ ਜੋ ਚਿਰਾਂ ਤੋਂ ਮਨ ਵਿਚ ਅਟਕਿਆ ਹੋਇਆ ਹੈ। ਮੈਂ ਬਾਬੇ ਦੇ ਨੇੜੇ ਸਰਕ ਗਿਆ, "ਬਾਬਾ ਜੀ, ਕਈ ਵਾਰ ਇਕ ਗੱਲ ਤੁਹਾਥੋਂ ਪੁੱਛਣੀ ਚਾਹੀ ਹੈ। ਇਕ ਤਾਂ ਤੁਹਾਥੋਂ ਝਿਜਕ ਆ ਜਾਂਦੀ ਹੈ, ਦੂਜੇ, ਇਥੇ ਕੋਈ ਨਾ ਕੋਈ ਹੋਰ ਬੈਠਾ ਹੁੰਦਾ ਹੈ। ਝਿਜਕ ਇਹ ਹੈ ਕਿ ਸਵਾਲ ਤੁਹਾਡੇ ਕੰਮ-ਧੰਦੇ ਤੇ ਰੁਜ਼ਗਾਰ ਬਾਰੇ ਹੈ। ਬਾਬਾ ਜੀ, ਜੇ ਤੁਹਾਨੂੰ ਮੇਰੀ ਸਹੁੰ ਦਾ ਯਕੀਨ ਹੋਵੇ, ਮੈਂ ਵਚਨ ਦਿੰਦਾ ਹਾਂ ਕਿ ਇਹ ਗੱਲ ਕਦੇ ਕਿਸੇ ਤੀਜੇ ਕੋਲ ਨਹੀਂ ਜਾਵੇਗੀ। ਬੱਸ ਪੁੱਛਾਂ ਬਾਰੇ, ਭਵਿੱਖ ਦੱਸਣ ਬਾਰੇ ਮੇਰੀ ਸੱਚ ਜਾਣਨ ਦੀ ਚਾਹਨਾ ਹੈ। ਕੀ ਤੁਸੀਂ ਸੱਚਮੁੱਚ ਲੋਕਾਂ ਦੇ ਭਵਿੱਖ ਦੇਖ ਲੈਂਦੇ ਹੋ?"

ਬਾਬਾ ਦੋ ਪਲ ਚੁੱਪ ਰਿਹਾ ਜਿਵੇਂ ਡੂੰਘੀ ਸੋਚ ਵਿਚ ਡੁੱਬ ਗਿਆ ਹੋਵੇ। ਫੇਰ ਬੋਲਿਆ, "ਭਾਈ ਬੱਚਿਆ, ਤੂੰ ਤਾਂ ਮੈਨੂੰ ਬਹੁਤ ਔਖੇ ਇਮਤਿਹਾਨ ਵਿਚ ਪਾ ਦਿੱਤਾ!"

ਮੈਂ ਹੱਥ ਜੋੜੇ, "ਨਹੀਂ, ਬਾਬਾ ਜੀ, ਇਉਂ ਨਾ ਕਹੋ। ਜੇ ਤੁਸੀਂ ਨਹੀਂ ਦੱਸਣਾ ਚਾਹੁੰਦੇ, ਮਨ ਉਤੇ ਬੋਝ ਨਾ ਪਾਓ, ਬਿਲਕੁਲ ਨਾ ਦੱਸੋ।"

"ਨਹੀਂ ਭਾਈ, ਤੂੰ ਨਿਹਚੇ ਨਾਲ ਗੱਲ ਆਬਦੇ ਤੱਕ ਰੱਖਣ ਦੀ ਸਹੁੰ ਖਾ ਕੇ ਪੁੱਛਿਆ ਹੈ," ਬਾਬਾ ਦ੍ਰਿੜ੍ਹਤਾ ਨਾਲ ਬੋਲਿਆ, "ਪਤਾ ਨਹੀਂ ਕਿਉਂ, ਤੇਰੀ ਸਹੁੰ ਉਤੇ ਇਤਬਾਰ ਕਰਨ ਨੂੰ ਦਿਲ ਕਰਦਾ ਹੈ। ਕਿਸੇ ਉਤੇ ਬੰਦੇ ਨੂੰ ਭਰੋਸਾ ਕਰ ਹੀ ਲੈਣਾ ਚਾਹੀਦਾ ਹੈ!" ਸੱਚੀ ਗੱਲ ਹੈ, ਮੈਂ ਬਾਬੇ ਨੂੰ ਦਿੱਤੀ ਸਹੁੰ ਨਿਭਾਈ ਵੀ ਪੂਰੀ। ਅੱਜ ਇਹ ਕਿੱਸਾ ਪਹਿਲੀ ਵਾਰ ਸੁਣਾਉਣ ਲੱਗਾਂ ਜਦੋਂ ਬਾਬੇ ਨੂੰ ਇਸ ਨਾਸਮਾਨ ਮਾਤਲੋਕ ਦੀ ਥਾਂ ਸੁਰਗ ਵਿਚ ਰਹਿੰਦੇ ਲੋਕਾਂ ਦਾ ਭਵਿੱਖ ਦਸਦਿਆਂ ਅੱਧੀ ਸਦੀ ਤੋਂ ਵੱਧ ਸਮਾਂ ਹੋ ਗਿਆ ਹੈ। ਮੇਰਾ ਖਿਆਲ ਨਹੀਂ, ਸੁਰਗ ਦੀ ਖਿੜਕੀ ਵਿਚੋਂ ਦੇਖ ਰਿਹਾ ਬਾਬਾ ਵੀ ਇਹਨੂੰ ਸਹੁੰ ਤੋੜੀ ਮੰਨੇਗਾ!

ਉਹ ਕਹਿੰਦਾ, "ਬੱਚਿਆ, ਮੈਂ ਤੈਨੂੰ ਇਕ ਆਪਬੀਤੀ ਸੁਣਾਉਂਦਾ ਹਾਂ। ਜੋ ਮੈਂ ਦੱਸ ਦਿੱਤਾ, ਬੱਸ ਦੱਸ ਦਿੱਤਾ। ਉਸ ਪਿੱਛੋਂ ਆਪਾਂ ਕੋਈ ਸਵਾਲ-ਜਵਾਬ ਨਹੀਂ ਕਰਾਂਗੇ।...ਮੇਰੇ ਦੋ ਭਰਾ ਟੱਲੇਵਾਲ ਪਿੰਡ ਰਹਿੰਦੇ ਨੇ। ਉਹ ਸਾਧਾਂ ਵਾਲਾ ਕੰਮ ਨਹੀਂ ਕਰਦੇ, ਖੇਤੀ ਕਰਦੇ ਨੇ। ਲੋਕ ਉਨ੍ਹਾਂ ਨੂੰ ਪੁਛਦੇ ਰਹਿੰਦੇ ਨੇ, ਬਾਬਾ ਕਦੋਂ ਆਊ? ਦੋ-ਚਹੁੰ ਮਹੀਨੀਂ ਮੈਂ ਉਥੇ ਗੇੜਾ ਮਾਰ ਆਉਂਦਾ ਹਾਂ। ਪਿਛਲੇ ਸਾਲ ਗਿਆ ਤਾਂ ਇਕ ਤੀਵੀਂ ਆਈ। ਬਹੁਤ ਰੋਈ, ਬਾਬਾ, ਮੇਰੀ ਇਕੋ ਨੂੰਹ ਹੈ, ਓਸੇ ਨੂੰ ਓਪਰੀ ਛਾਇਆ ਦੇ ਦੌਰੇ ਪੈਂਦੇ ਨੇ। ਕਿਸੇ ਵੈਦ-ਹਕੀਮ ਤੋਂ ਠੀਕ ਨਹੀਂ ਹੋਈ। ਬੈਠੀ ਬੈਠੀ ਜਾਂ ਕੰਮ ਕਰਦੀ ਕਰਦੀ ਬੇਸੁਰਤ ਹੋ ਕੇ ਡਿੱਗ ਪੈਂਦੀ ਐ। ਪਾਣੀ ਦੇ ਛਿੱਟੇ ਮਾਰ ਕੇ ਤੇ ਹੱਥ-ਪੈਰ ਮਲ ਕੇ ਮਸਾਂ ਸੁਰਤ ਵਿਚ ਲਿਆਈਦੀ ਐ।...ਮੈਂ ਉਹਤੋਂ ਟੱਬਰ ਦੇ ਜੀਆਂ ਦੀ ਜਾਣਕਾਰੀ ਲੈ ਲਈ ਤੇ ਕਿਹਾ, ਦਿਨ ਦਾ ਇਹ ਵੇਲਾ ਠੀਕ ਨਹੀਂ ਹੁੰਦਾ, ਪਹਿਲੇ ਪਹਿਰ ਹੀ ਰੇਖ ਵਿਚ ਮੇਖ ਵਜਦੀ ਐ। ਉਹ ਕਹਿੰਦੀ, ਉਹੋ ਵੇਲਾ ਠੀਕ ਰਹੂ, ਬਾਬਾ, ਮੇਰਾ ਮਨੁੱਖ ਇਨ੍ਹਾਂ ਗੱਲਾਂ ਨੂੰ ਮੰਨਦਾ ਨਹੀਂ ਤੇ ਕਲੇਸ਼ ਪਾ ਬਹਿੰਦਾ ਐ। ਭਲਕੇ ਉਹ ਤੇ ਵੱਡਾ ਮੁੰਡਾ ਜਦੋਂ ਖੇਤ ਨੂੰ ਤੁਰ ਗਏ, ਮੈਂ ਆ ਕੇ ਤੈਨੂੰ ਲੈ ਜਾਊਂ।"

ਬਾਬੇ ਨੇ ਸਾਹ ਲਿਆ ਤੇ ਗੱਲ ਅੱਗੇ ਤੋਰੀ, "ਮੈਂ ਗਿਆ ਤਾਂ ਘਰ ਵਿਚ ਬਹੂ ਤੋਂ ਬਿਨਾਂ ਉਹ ਤੀਵੀਂ ਸੀ, ਦਸ-ਬਾਰਾਂ ਸਾਲ ਦੇ ਮੁੰਡਾ-ਕੁੜੀ ਸੀ। ਮੈਂ ਹਿਸਾਬ ਲਾਇਆ, ਬਹੂ ਤੋਂ ਬਿਨਾਂ ਤਿੰਨ ਜਣੇ ਐ ਜੋ ਘਰੋਂ ਭੇਜਣੇ ਪੈਣੇ ਐ। ਮੈਂ ਸੱਸ ਨੂੰ ਕਿਹਾ, ਤੂੰ ਕਿਸੇ ਭਾਂਡੇ ਵਿਚ ਕੁਛ ਜਲ ਨਹਿਰ ਦਾ ਪਾ। ਫੇਰ ਛੀ ਖੂਹ-ਨਲਕਿਆਂ ਦਾ ਜਲ ਪਾ ਤੇ ਇਹ ਸੱਤ-ਜਲਾ ਬਣਾ ਕੇ ਲੈ ਆ। ਮੁੰਡੇ ਨੂੰ ਮੈਂ ਸੱਤ ਬਿਰਛਾਂ ਦੀਆਂ ਡਾਹਣੀਆਂ ਤੇ ਕੁੜੀ ਨੂੰ ਸੱਤ ਗਊਆਂ ਦਾ ਗੋਹਾ ਲਿਆਉਣ ਵਾਸਤੇ ਭੇਜ ਦਿੱਤਾ। ਉਹ ਤਿੰਨੇ ਖਾਸੇ ਚਿਰ ਵਾਸਤੇ ਆਹਰ ਲੱਗ ਗਏ। ਹੁਣ ਰਹਿ ਗਏ ਛਾਇਆ ਵਾਲੀ ਬਹੂ ਤੇ ਮੈਂ।"

ਬਾਬੇ ਦੀ ਕਹਾਣੀ ਬੜੀ ਦਿਲਚਸਪ ਸੀ। ਮੈਨੂੰ ਉਸ ਵਿਚੋਂ ਸੁਜਾਨ ਸਿੰਘ ਤੇ ਵਿਰਕ ਦੀਆਂ ਕਹਾਣੀਆਂ ਵਰਗਾ ਰਸ ਆ ਰਿਹਾ ਸੀ। ਕਥਾ ਅੱਗੇ ਤੁਰੀ, "ਮੈਂ ਕਿਹਾ, ਦੇਖ ਭਾਈ, ਤੂੰ ਮੇਰੀ ਧੀ ਤੇ ਮੈਂ ਤੇਰਾ ਪਿਓ। ਮੈਨੂੰ ਸੱਚ ਸੱਚ ਦੱਸ, ਤੈਨੂੰ ਕੀ ਦੁੱਖ ਐ? ਜੇ ਭੋਰਾ ਵੀ ਓਹਲਾ ਰੱਖੇਂਗੀ, ਉਪਾਅ ਨਹੀਂ ਹੋਣਾ। ਕੁੜੀ ਕਹਿੰਦੀ, ਬਾਬਾ, ਇਨ੍ਹਾਂ ਨੇ ਵਿਆਹ ਮਗਰੋਂ ਇਕ ਵਾਰੀ ਵੀ ਮੈਨੂੰ ਪੇਕੀਂ ਨਹੀਂ ਭੇਜਿਆ। ਉਨ੍ਹਾਂ ਨੂੰ ਵੀ ਕਹਿ ਦਿੱਤਾ, ਸਾਡੇ ਕੋਈ ਨਾ ਆਵੇ। ਜਦੋਂ ਮੈਨੂੰ ਮਾਂ ਤੇ ਭੈਣ-ਭਾਈ ਯਾਦ ਆਉਂਦੇ ਐ, ਮੇਰੇ ਅੰਦਰੋਂ ਵਰੋਲਾ ਉਠ ਕੇ ਸਿਰ ਨੂੰ ਚੜ੍ਹ ਜਾਂਦੈ ਤੇ ਮੈਨੂੰ ਬੇਸੁਰਤੀ ਦਾ ਦੌਰਾ ਪੈ ਜਾਂਦੈ। ਮੈਂ ਪੁੱਛਿਆ, ਪਰ ਇਨ੍ਹਾਂ ਨੇ ਇਉਂ ਨਾਤਾ ਕਿਉਂ ਤੋੜ ਲਿਆ? ਉਹ ਕਹਿੰਦੀ, ਵਿਆਹੀ ਤਾਂ ਮੈਂ ਪੁੰਨ ਦੀ ਸੀ ਪਰ ਮੇਰਾ ਸ਼ਰਾਬੀ ਪਿਓ ਵੈਰੀ ਬਣ ਗਿਆ। ਟੱਬਰ ਤੋਂ ਚੋਰੀਓਂ ਇਨ੍ਹਾਂ ਤੋਂ ਮੇਰੇ ਪੈਸੇ ਲੈ ਲਏ। ਪਿੰਡ ਦੇ ਜਿਨ੍ਹਾਂ ਲੋਕਾਂ ਨੂੰ ਪਤਾ ਲੱਗਾ, ਉਨ੍ਹਾਂ ਨੇ ਵਿਆਹ ਵੇਲੇ ਭਾਨੀ ਮਾਰ ਦਿੱਤੀ, ਜੇ ਕੁੜੀ ਭੇਜੀ, ਉਹ ਫੇਰ ਪੈਸੇ ਮੰਗੂ। ਬੱਸ ਇਨ੍ਹਾਂ ਨੇ ਮੈਨੂੰ ਵਿਆਹੀ ਆਈ ਨੂੰ ਹੀ ਨਹੀਂ ਭੇਜਿਆ। ਮੈਂ ਪੁੱਛਿਆ, ਜੇ ਇਨ੍ਹਾਂ ਦਾ ਡਰ ਸੱਚਾ ਹੋਇਆ? ਉਹ ਕਹਿੰਦੀ, ਨਹੀਂ ਬਾਬਾ, ਹੁਣ ਇਹ ਐਵੇਂ ਡਰਦੇ ਐ। ਪਤਾ ਲੱਗੇ ਤੋਂ ਸਾਰੇ ਟੱਬਰ ਨੇ ਤੇ ਰਿਸ਼ਤੇਦਾਰਾਂ ਨੇ ਮੇਰੇ ਪਿਓ ਨੂੰ ਬਹੁਤ ਲਾਹਣਤਾਂ ਪਾਈਆਂ। ਨਾਲੇ ਹੁਣ ਇਹ ਮੇਰਾ ਆਬਦਾ ਘਰ ਐ, ਜੇ ਮੇਰਾ ਪਿਓ ਨਾ ਵੀ ਭੇਜੂ, ਮੈਂ ਆਪੇ ਆ ਜਾਊਂ।"

ਬਾਬਾ ਮੁਸਕਰਾਇਆ, "ਬੱਚਿਆ, ਉਹ ਤਿੰਨੇ ਆਏ ਤਾਂ ਮੈਂ ਸੱਤ ਗਊਆਂ ਦਾ ਗੋਹਾ ਸੱਤ-ਜਲੇ ਵਿਚ ਘੋਲਿਆ ਤੇ ਕੁਛ ਥਾਂ ਉਤੇ ਪੋਚਾ ਫੇਰਿਆ। ਬਾਕੀ ਨਾਲ ਸੱਤ ਡਾਹਣੀਆਂ ਡੋਬ ਡੋਬ ਸਾਰੇ ਘਰ ਵਿਚ ਛਿੱਟਾ ਦਿੱਤਾ। ਪੋਚੇ ਵਾਲੀ ਥਾਂ ਧੂਫ ਧੁਖਾ ਕੇ ਤੇ ਬਹੂ ਨੂੰ ਬਹਾ ਕੇ ਉਹਦੇ ਉਤੇ ਗਊ-ਗੋਬਰੀ ਦੇ ਛਿੱਟੇ ਮਾਰੇ। ਫੇਰ ਮੈਂ ਸੱਸ ਨੂੰ ਕਿਹਾ, ਕੁੜੀ ਨੌਂ ਦਿਨ ਕੰਨਿਆ ਬਣ ਕੇ ਰਹੇ। ਇਥੇ ਹਰ ਕੋਈ ਇਹਨੂੰ ਬਹੂ-ਬਹੂ ਕਹਿੰਦਾ ਰਹੂ, ਇਹਨੂੰ ਨੌਂ ਦਿਨ ਪੇਕੀਂ ਭੇਜ ਦਿਓ। ਸੱਸ ਨੇ ਸਿਰ ਮਾਰਿਆ, ਨਾ ਬਾਬਾ ਨਾ, ਹੋਰ ਜੋ ਮਰਜੀ ਕਰਵਾ ਲੈ, ਮੈਂ ਇਹਨੂੰ ਪੇਕੀਂ ਨਹੀਂ ਭੇਜਣਾ। ਇਹਦੇ ਪਿਓ ਨੇ ਵਿਆਹ ਤੋਂ ਪਹਿਲਾਂ ਪੈਸੇ ਗਿਣ ਕੇ ਧਰਾ ਲਏ ਸੀ, ਹੁਣ ਫੇਰ ਮੰਗਣੇ ਐ। ਮੈਂ ਕਿਹਾ, ਇਹ ਜ਼ਿੰਮੇਵਾਰੀ ਮੇਰੀ। ਇਹਦੇ ਪੇਕੇ ਪਿੰਡ ਦੀ ਪੰਚਾਇਤ ਮੇਰੀ ਬਹੁਤ ਮੰਨਦੀ ਐ। ਜੇ ਇਹਦਾ ਪਿਓ ਆਨਾ-ਕਾਨੀ ਕਰੂ, ਮੈਂ ਪੰਚਾਇਤ ਜੋੜ ਕੇ ਕੁੜੀ ਨੂੰ ਲਿਆ ਤੇਰੇ ਹਵਾਲੇ ਕਰੂੰ। ਲਓ ਜੀ, ਮੈਂ ਕਈ ਮਹੀਨਿਆਂ ਮਗਰੋਂ ਫੇਰ ਗਿਆ। ਪਤਾ ਲੱਗੇ ਤੋਂ ਸੱਸ ਆਈ। ਬਾਗੋਬਾਗ। ਕਹਿੰਦੀ, ਬਾਬਾ, ਤੇਰੀ ਕਿਰਪਾ ਨਾਲ ਅਸੀਂ ਵਸਦਿਆਂ ਵਿਚ ਹੋ ਗਏ। ਬਹੂ ਨੂੰ ਤੇਰੇ ਹਥੌਲੇ ਤੋਂ ਮਗਰੋਂ ਓਸੇ ਦਿਨ ਤੋਂ ਦੌਰਾ ਨਹੀਂ ਪਿਆ। ਨਾਲੇ ਇਹਦੇ ਪੇਕਿਆਂ ਨਾਲ ਸਾਡਾ ਆਉਣ-ਜਾਣ ਹੋ ਗਿਆ। ਸਾਰਾ ਟੱਬਰ ਚੰਗਾ ਐ, ਇਕ ਇਹਦਾ ਪਿਓ ਮਾੜਾ ਨਿਕਲਿਆ। ਉਹਦੀ ਹੁਣ ਘਰ ਵਿਚ ਸੁਣਦਾ ਕੋਈ ਨਹੀਂ। ਫੇਰ ਮੇਰੇ ਕੰਨ ਕੋਲ ਮੂੰਹ ਕਰ ਕੇ ਕਹਿੰਦੀ, ਬਾਬਾ, ਨਾਲੇ ਸੁੱਖ ਨਾਲ ਬਹੂ ਨੂੰ ਹੁਣ ਨਿੰਕਾ-ਨਿਆਣਾ ਹੋਣ ਵਾਲਾ ਐ।"

ਬਾਬੇ ਜਮਨੇ ਨੇ ਜਾਣ ਵਾਸਤੇ ਸੋਟੀ ਚੁੱਕੀ ਤੇ ਕਹਿੰਦਾ, "ਅਗਲੇ ਦਿਨ ਦੀ ਮੇਰੀ ਰੋਟੀ ਵਰਜ ਗਈ। ਘਰ ਗਏ ਨੂੰ ਸਾਰੇ ਟੱਬਰ ਨੇ ਮੁੜ ਮੁੜ ਮੇਰੇ ਪੈਰੀਂ ਹੱਥ ਲਾਏ ਤੇ ਖੀਰ-ਕੜਾਹ ਨਾਲ ਭੋਜਨ ਛਕਾਇਆ।" ਭਾਰੀ ਡੱਗੀ ਸੰਭਾਲ ਕੇ ਤੁਰਿਆ ਜਾਂਦਾ ਬਾਬਾ ਬੋਲਿਆ, "ਨਾਲੇ ਬੱਚਿਆ, ਪੰਜ-ਕਾਪੜੀ ਉਤੇ ਰੱਖ ਕੇ ਇਕੋਤਰ ਸੌ ਰੁਪਈਆ ਦਿੱਤਾ!"

## ਚਲਦੇ ਚਲਦੇ

## ਹਨੇਰੀ ਝੁੱਲਦੀ

ਹਨ੍ਹੇਰੀ ਝੁੱਲਦੀ, ਪਈ ਪੰਜਾਬ ਉਤੇ,
ਸੁਣ ਮਾਲਕਾ! ਕਿਸੇ ਹੱਥ ਡੋਰ ਹੈ ਨਹੀਂ।

ਸਾਰੇ ਚੋਰ ਤੇ ਰਾਖੇ ਨੇ ਇਕ ਹੋ ਗਏ,
ਡਰਦੀ ਜਨਤਾ, ਮਚਾਉਂਦੀ ਸ਼ੋਰ ਹੈ ਨਹੀਂ।

ਲੁੱਟ ਖਾਧਾ, ਪੰਜਾਬ ਧਾੜਕੂਆਂ ਨੇ,
ਸਾਡੇ ਆਪਣੇ, ਬਾਹਰੋਂ ਕੋਈ ਹੋਰ ਹੈ ਨਹੀਂ।

ਵਿਚ ਹੱਡਾਂ ਦੇ, ਹੁਣ ਸਮੈਕ ਪੈ ਗਈ,
ਨਾਨਕ-ਨਾਮ, ਦੇ ਵਾਲੀ ਏ ਲੋਰ ਹੈ ਨਹੀਂ।

ਨਕਲੀ ਬਾਬੇ, ਜੋ ਕੂੜ ਪ੍ਰਚਾਰ ਕਰਦੇ,
ਰੋਕੇ ਇਨ੍ਹਾਂ ਨੂੰ, ਕਿਸੇ 'ਚ ਜ਼ੋਰ ਹੈ ਨਹੀਂ।

ਸਾਡੇ ਲੀਡਰਾਂ, ਸਾਡੀ ਏ ਪੱਤ ਰੋਲੀ,
ਕੌਮ ਸ਼ੇਰਾਂ ਦੀ, ਐਨੀ ਕਮਜ਼ੋਰ ਹੈ ਨਹੀਂ।

ਕਿਥੋਂ ਲੱਭੀਏ, ਨਲੂਏ ਸਰਦਾਰ ਵਰਗੇ,
ਮੁੜ ਕੇ ਜੰਮਿਆ, ਉਨ੍ਹਾਂ ਜਿਹਾ ਹੋਰ ਹੈ ਨਹੀਂ।

ਰੱਬਾ! ਭੇਜੀਂ ਜੇ ਮਰਦ ਅਗੰਮੜਾ ਕੋਈ,
'ਰਾਠੀ' ਲੱਭਣੇ, ਸਾਰੇ ਇਹ ਚੋਰ ਹੈ ਨਹੀਂ।

-ਰਾਣੇਸ਼ਵਰ ਸਿੰਘ ਸੂਰਾਪੁਰੀ
ਫੋਨ: 916-508-8218

# ਪਿੰਡ ਸੈਂਕੜੇ-ਹਜ਼ਾਰਾਂ ਜੋਗਾ ਰਹਿ ਗਿਆ

## ਦਰਦ ਦਿਲਾਂ ਦੇ

ਪਿੰਡ 'ਸੈਂਕੜੇ ਹਜ਼ਾਰਾਂ' ਦੀ ਕਮਾਈ 'ਚ ਜਿਉਂ ਰਿਹਾ ਹੈ। ਚੰਡੀਗੜ੍ਹ, ਲੁਧਿਆਣਾ, ਜਲੰਧਰ ਵਰਗੇ ਸ਼ਹਿਰਾਂ ਨੂੰ ਘੋਖਣ ਤੋਂ ਬਾਅਦ ਜਦ ਪਿੰਡ ਦੁਨੀਆਂ ਨੂੰ ਵੇਖੀਦਾ ਹੈ ਤਾਂ ਐਂ ਲੱਗਦਾ ਜਿਵੇਂ ਪਿੰਡ ਆਰਥਿਕ ਤੌਰ 'ਤੇ ਬਹੁਤ ਪਿੱਛੇ, ਬੁਨਿਆਦੀ ਸਹੂਲਤਾਂ ਤੋਂ ਵਾਂਝਾਂ ਰਹਿ ਗਿਆ ਹੈ। ਪਿੰਡ ਦੁਨੀਆਂ ਉਥੋਂ ਤਕ ਪਹੁੰਚਦੀ ਹੀ ਨਹੀਂ ਜਿਥੋਂ ਸ਼ਹਿਰ ਸ਼ੁਰੂ ਹੁੰਦਾ। ਸ਼ਹਿਰ ਬਹੁਤ ਅੱਗੇ

ਗੱਜਣਵਾਲਾ ਸੁਖਮਿੰਦਰ
ਫੋਨ: 91-99151-06449

ਨਿਕਲ ਗਿਆ ਹੈ। ਸ਼ਹਿਰ ਦੀ ਦੁਨੀਆਂ ਸ਼ੁਰੂ ਹੀ ਲੱਖਾਂ ਤੋਂ ਹੁੰਦੀ ਹੈ। ਜਿਥੇ ਪਿੰਡ ਦੀ ਕਮਾਈ ਮੁਕਦੀ ਹੈ: ਸ਼ਹਿਰ ਦੀ ਉਥੋਂ ਸ਼ੁਰੂਆਤ ਹੈ।

ਅਤਿ ਦੇ ਤਪਦੇ ਦਿਨਾਂ 'ਚ, ਤਿੱਖੜ ਦੁਪਹਿਰੇ ਕਿਸਾਨ ਖੇਤਾਂ 'ਚ ਕਰਾਹੇ ਮਾਰ ਰਿਹਾ ਹੁੰਦਾ, ਪੈਲੀਆਂ ਵਾਹ ਰਿਹਾ ਹੁੰਦਾ, ਅੱਕਲਕਾਣ ਹੋਏ ਦੇ ਅੱਖ ਕੰਨ ਮੁੰਦੇ ਪਏ ਹੁੰਦੇ; ਸਿਰ 'ਚ ਧੂੜ ਪੁਆ ਰਿਹਾ ਹੁੰਦਾ। ਸਾਰਾ ਟੱਬਰ ਮੋਢੇ ਨਾਲ ਮੋਢਾ ਜੋੜ ਕੇ ਮਰਦਾ ਖਪਦਾ ਹਜ਼ਾਰਾਂ ਦੀ ਪ੍ਰਾਪਤੀ ਤਕ ਹੀ ਪਹੁੰਚਦਾ। ਪਿੰਡ ਕੋਲ ਵੱਡੇ ਸੁਪਨੇ ਹੈ ਹੀ ਨਹੀਂ। ਸਾਰੇ ਸੁਪਨੇ ਸ਼ਹਿਰ ਲੈ ਗਿਆ ਹੈ। ਪਿੰਡ ਨੂੰ ਅੱਜ ਵੀ ਲੱਖ ਬਹੁਤ ਵੱਡਾ ਲੱਗ ਰਿਹਾ। ਸ਼ਹਿਰ ਦੀ ਗੱਲ ਹੀ ਲੱਖ ਜਾਂ ਲੱਖਾਂ ਤੋਂ ਚਲਦੀ ਹੈ। ਸ਼ਹਿਰ ਲਈ ਦੋ ਪੰਜ ਲੱਖ ਤੁੱਛ ਜਿਹੀ, ਨਿਗੂਣੀ ਜਿਹੀ ਰਕਮ ਬਣ ਕੇ ਰਹਿ ਗਈ ਹੈ।

ਪਿੰਡ ਬੇਵੱਸ ਹੈ ਲਾਚਾਰ ਹੈ, ਉਸ ਦਾ ਜੀਵਨ ਨਿਰਬਾਹ ਕਿਸੇ ਦੇ ਹੱਥ ਵੱਸ ਹੋ ਗਿਆ ਜਾਪਦਾ ਹੈ। ਉਸ ਨੂੰ ਚਿਰਾਂ ਤੋਂ ਨਸੀਬ ਹੋਈ ਪੁਸ਼ਤੀ ਪੁਸ਼ਤੀ ਪ੍ਰਾਪਤ ਹੋਈ ਛੱਤ ਹੀ ਲੰਮਾ ਸਮਾਂ ਚਲੀ ਜਾਂਦੀ ਹੈ; ਉਸੇ ਵਿਚ ਜੂਨ ਗੁਜ਼ਾਰਾ ਸਿਰ ਢਕਾ ਹੋਈ ਜਾ ਰਿਹਾ ਹੈ। ਪਿੰਡ ਕੋਲ ਨਾ ਚੱਜ ਨਾਲ ਬਿਜਲੀ ਹੈ ਨਾ ਸਹੀ ਪਾਣੀ। ਸੁਖ ਸਹੂਲਤਾਂ ਪੈਸੇ ਨਾਲ ਜੁੜੀਆਂ ਹੁੰਦੀਆਂ; ਉਹ ਸ਼ਹਿਰ ਲੈ ਗਿਆ। ਸਰਮਾਏਦਾਰੀ ਯੁੱਗ ਨੇ ਬਿਜਲੀ ਐਨੀ ਮਹਿੰਗੀ ਕਰ ਦਿਤੀ ਹੈ ਕਿ ਪਿੰਡ ਨੂੰ ਬਿਜਲੀ ਤੋਂ ਡਰ ਆਉਣ ਲੱਗ ਪਿਆ ਹੈ। ਪਿੰਡ ਨੂੰ ਇਸ ਤੋਂ ਐਨਾ ਡਰ ਲੱਗਣ ਲੱਗ ਪਿਆ ਹੈ ਕਿ ਇਹ ਰਾਤ ਵੇਲੇ ਆਪਣੇ ਘਰਾਂ ਦੇ ਸਾਰੇ ਬਲਬ ਵੀ ਨਹੀਂ ਜਗਾਉਂਦਾ। ਚਾਈਂ ਚਾਈਂ ਪਿੰਡ ਨੇ ਏ.ਸੀ. ਕੰਧਾਂ 'ਚ ਸਜਾ ਲਏ ਪਰ ਕੀ ਪਤਾ ਸੀ ਬਿਜਲੀ ਉਸ 'ਤੇ ਐਨੀ ਭਾਰੀ ਪੈ ਜਾਵੇਗੀ। ਭਰਕਮ ਡਰਾਉਣੇ ਬਿੱਲਾਂ ਤੋਂ ਸਹਿਮ ਕੇ ਪਿੰਡ ਦਾ ਏ.ਸੀ. ਦੀ ਸੁੱਚ ਨੱਪਣ ਲਈ ਹੌਸਲਾ ਹੀ ਨਹੀਂ ਪੈਂਦਾ। ਉਸ ਦਾ ਸਵਿੱਚ ਵੱਲ ਹੱਥ ਹੀ ਨਹੀਂ ਜਾਂਦਾ। ਜ਼ਮਾਨਾ ਕਿਤੇ ਦਾ ਕਿਤੇ ਚਲਾ ਗਿਆ ਹੈ। ਸਾਲ, ਸਦੀਆਂ ਵਾਂਗ ਅੱਗੇ ਨਿਕਲ ਗਏ। ਬਿਜਲੀ ਨੇ ਪਿੰਡ ਦੀ ਜੋ ਨਵੀਂ ਸਮਾਜ ਸਿਰਜਣਾ ਮੁਤਾਬਕ ਜਿਸ ਤਰ੍ਹਾਂ ਨੁਹਾਰ ਬਦਲਣੀ ਸੀ, ਉਹ ਨਹੀਂ ਬਦਲੀ। ਸ਼ਹਿਰ ਸਭ ਕੁਝ ਹੀ ਹਾਸਲ ਕਰ ਗਿਆ; ਪਹਿਲਾਂ ਨਾਲੋਂ ਬਹੁਤ ਸਜ-ਸੰਵਰ ਗਿਆ ਹੈ। ਪੁਰਾਣੇ ਵੇਲਿਆਂ 'ਚ ਜਦ ਪਿੰਡ ਦੁਨੀਆਂ ਕੋਲ ਬਿਜਲੀ ਨਹੀਂ ਸੀ ਤੇ ਉਦੋਂ ਜਿਸ ਤਰ੍ਹਾਂ ਲੋਕ ਗਰਮੀ ਦੇ ਦਿਨੀਂ ਵਕਤ ਟਪਾਉਂਦੇ ਸੀ: ਪਿੰਡ ਫਿਰ ਉਸੇ ਤਰ੍ਹਾਂ ਤੂਤਾਂ ਬੋਹੜਾਂ ਥੱਲੇ, ਰਵਾਇਤੀ ਬਿਰਖਾਂ ਹੇਠ ਦੁਪਹਿਰੇ ਢਾਲਣ ਲੱਗ ਪਿਆ।

ਜ਼ਮੀਨਾਂ ਥੋੜ੍ਹੀਆਂ ਰਹਿ ਗਈਆਂ, ਸੁੰਗੜ ਗਈਆਂ ਹਨ। ਛੋਟਾ ਕਿਸਾਨ ਕਰੇ ਤਾਂ ਕੀ ਕਰੇ, ਇਕ ਵਾਹੀ ਹੀ ਤਾਂ ਉਸ ਨੂੰ ਕਰਨੀ ਆਉਂਦੀ ਹੈ, ਭਾਉਲੀ ਠੇਕੇ 'ਤੇ ਜ਼ਮੀਨ ਲੈ ਕੇ ਰੋਟੀ ਜੋਗਾ ਹੋ ਰਿਹਾ ਹੈ। ਪਿੰਡ ਕੋਲ ਨਾ ਪੜ੍ਹਾਈ ਹੈ ਨਾ ਸਿਹਤ ਸਹੂਲਤਾਂ। ਜੋ ਚਾਰ ਪੈਸੇ ਜੁੜਦੇ ਹਨ ਉਹ ਸੂਗਰਾਂ, ਗੋਡਿਆਂ ਦੇ ਦਰਦਾਂ ਨੂੰ ਦੂਰ ਕਰਨ 'ਤੇ ਲੱਗ ਜਾਂਦੇ। ਇਸ ਤੋਂ ਇਲਾਵਾ ਪਿੰਡ ਦੀ ਵੱਡੀ ਬਦਕਿਸਮਤੀ ਇਹ ਕਿ ਜੋ ਕੋਈ ਚਾਰ ਜਮਾਤਾਂ ਪੜ੍ਹ ਜਾਂਦਾ ਉਸ ਦਾ ਪਿੰਡ ਨਾਲੋਂ ਮੋਹ ਭੰਗ ਹੋਣਾ ਸ਼ੁਰੂ ਹੋ ਜਾਂਦਾ। ਉਹ ਪਿੰਡ ਨੂੰ ਅਲਵਿਦਾ ਕਹਿ ਕੇ ਸ਼ਹਿਰ ਵੱਲ ਤੁਰ ਜਾਂਦਾ। ਇਸ ਵੇਲੇ ਪਿੰਡ ਦੁਨੀਆਂ ਨੂੰ ਮਨਸੂਈ ਅਖਾਉਤੀ ਲੋਕਤੰਤਰੀ ਪ੍ਰਣਾਲੀ ਨੇ ਐਸਾ ਉਲਝਾ ਲਿਆ ਹੈ ਕਿ ਪਿੰਡਾਂ 'ਚ ਜਾਗ੍ਰਤੀ ਲਿਆਉਣ ਵਾਲਾ, ਸਰਕਾਰਾਂ ਨੂੰ- 'ਐਂ ਨਾ...ਐਂ ਕਰੋ' ਕਹਿਣ ਵਾਲਾ ਚੇਤਨ ਦਿਮਾਗ ਉਪਜ ਹੀ ਨਹੀਂ ਰਿਹਾ। ਕਦੇ ਕਦੇ ਤਾਂ ਐਂ ਲਗਦਾ ਜਿਵੇਂ ਪਿੰਡਾਂ 'ਚ ਪਹਿਲਾਂ ਵਰਗੇ ਜੁਰਅਤ, ਜਜ਼ਬੇ ਵਾਲੇ, ਅੱਗੋਂ ਵਰਜਣ ਵਾਲੇ ਸੂਝਵਾਨ ਪ੍ਰਫੁਲ ਰਹੇ ਹੀ ਨਾ ਹੋਣ।



ਵਾਹੀਯੋਗ ਜ਼ਮੀਨਾਂ 'ਤੇ ਉਸਰ ਰਹੀਆਂ ਰਿਹਾਇਸ਼ੀ ਇਮਾਰਤਾਂ

ਸਰਕਾਰਾਂ ਨੂੰ ਦੱਬਿਆ-ਕੁਚਲਿਆ, ਆਰਥਿਕ ਤੌਰ 'ਤੇ ਭੰਨਿਆ ਰੁੱਖੀ-ਮਿੱਸੀ ਖਾਂਦਾ ਸਮਾਜ ਬਹੁਤ ਰਾਸ ਆ ਰਿਹਾ ਹੈ। ਵੱਡੀਆਂ ਰੈਲੀਆਂ ਇਕੱਤਰ ਕਰਨ ਲਈ ਦਮਗਜੇ ਮਾਰਨ ਲਈ ਭੋਲਾ ਪਿੰਡ ਬਹੁਤ ਸਹੀ ਬੈਠਦਾ। ਸ਼ਹਿਰੀ ਦੁਨੀਆਂ ਕੱਠਾਂ ਵੱਠਾਂ ਤੋਂ ਗੁਰੇਜ਼ ਕਰਦੀ ਹੈ, ਉਸ ਦਾ ਭੀੜ ਕੱਠੀ ਕਰਨਾ ਸੁਭਾਅ ਹੀ ਨਹੀਂ। ਸ਼ਹਿਰ ਸੁਚੇਤ ਹੈ, ਉਸ ਦੀ ਨਜ਼ਰ ਆਪਣੇ ਘਾਟੇ-ਵਾਧੇ 'ਤੇ ਸਥਿਰ ਹੈ। ਪਰ ਪਿੰਡ ਦੁਨੀਆਂ ਇਸ ਗੰਭੀਰਤਾ ਤੋਂ ਵੰਚਿਤ ਹੈ, ਅਣਭੋਲ ਹੈ। ਸ਼ਹਿਰ 'ਚੋਂ ਨਿਕਲ ਕੇ ਜਦ ਪਿੰਡ ਦੀ ਹੱਦ ਸ਼ੁਰੂ ਹੋ ਜਾਂਦੀ ਹੈ ਅਤੇ ਪਿੰਡ ਆ ਜਾਂਦਾ ਹੈ ਤਾਂ ਜਾਣੋਂ ਹੋਰ ਈ ਦੁਨੀਆਂ ਦਿਸਣ ਲੱਗ ਪੈਂਦੀ ਹੈ। ਸੈਂਕੜੇ ਹਜ਼ਾਰਾਂ ਵਿਚ ਜਿਉਣ ਵਾਲੀ ਦੁਨੀਆਂ। ਇਸ ਪਿੰਡ ਦੁਨੀਆਂ ਨੂੰ ਇਕ ਨਾ ਇਕ ਦਿਨ ਸੋਚਣਾ ਪਵੇਗਾ ਕਿ ਉਨ੍ਹਾਂ ਦੀ ਕਮਾਈ ਦਾ ਕੀ ਮੁੱਲ ਹੈ? ਉਸ ਦੀ ਕਿਰਤ ਬਦਲੇ ਸਰਕਾਰਾਂ ਉਨ੍ਹਾਂ ਨੂੰ ਕੀ ਦਿੰਦੀਆਂ। ਪਿੰਡ ਦੁਨੀਆਂ ਨਾਲ ਕੀ ਇਨਸਾਫ ਹੋ ਰਿਹਾ ਹੈ? ਉਸ ਦੇ ਕੀਤੇ ਦਾ ਮੁੱਲ ਤਰ ਰਿਹਾ; ਕੋਈ ਵਿਤਕਰਾ ਤਾਂ ਨਹੀਂ ਹੋ ਰਿਹਾ?

*ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸਲ ਵਿਚ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ, ਪਰ ਇਸ ਰਚਨਾ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਯਾਦਾਂ ਫੈਲ ਕੇ ਪੂਰੇ ਪੰਜਾਬ ਦੇ ਪਿੰਡਾਂ ਦੀਆਂ ਯਾਦਾਂ ਨਾਲ ਜੁੜ ਗਈਆਂ ਹਨ। ਦਲਬੀਰ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛ ਰਿਹਾ ਹੈ ਅਤੇ ਪਾਠਕਾਂ ਨੂੰ ਸੁਣਾ ਰਿਹਾ ਪ੍ਰਤੀਤ ਹੁੰਦਾ ਹੈ। ਐਤਕੀਂ ਉਹ ਇਹ ਗੱਲਾਂ-ਬਾਤਾਂ ਕਰਦਾ 'ਲੰਬੜਦਾਰਾਂ ਦੀ ਗਲੀ' ਵਿਚ ਜਾ ਵੜਿਆ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

**ਤੇਰੀਆਂ ਗਲੀਆਂ-15**



***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***

***-ਦਲਬੀਰ ਸਿੰਘ***

# ਲੰਬੜਦਾਰਾਂ ਦੀ ਗਲੀ

ਸਾਡੇ ਪਿੰਡ ਦੇ ਜੱਟਾਂ ਕੋਲ ਜ਼ਮੀਨਾਂ ਬਹੁਤੀਆਂ ਨਹੀਂ ਹਨ। ਦੁਆਬੇ ਦੇ ਸਾਰੇ ਪਿੰਡਾਂ ਵਿਚ ਪਹਿਲਾਂ ਤੋਂ ਹੀ ਜ਼ਮੀਨਾਂ ਘੱਟ ਹਨ। ਇਸੇ ਕਾਰਨ ਹੀ ਖਬਰੇ ਇਸ ਖਿੱਤੇ ਦੇ ਲੋਕ ਬਾਹਰਲੇ ਦੇਸ਼ਾਂ ਵਿਚ ਜਾਣ ਨੂੰ ਤਰਜੀਹ ਦਿੰਦੇ ਹਨ। ਜ਼ਮੀਨਾਂ ਘੱਟ ਹਨ ਅਤੇ ਇਨ੍ਹਾਂ ਉਤੇ ਖੇਤੀ ਪਹਿਲਾਂ ਪਹਿਲ ਲਾਹੇਵੰਦੀ ਨਹੀਂ ਸੀ ਹੁੰਦੀ। ਇਸੇ ਕਰ ਕੇ ਦੁਆਬੇ ਦੇ ਲੋਕ ਪਹਿਲਾਂ ਸਿੰਘਾਪੁਰ, ਚੀਨ ਆਦਿ ਵੱਲ ਜਾਂਦੇ ਰਹੇ। ਫਿਰ ਉਨ੍ਹਾਂ ਇੰਗਲੈਂਡ ਵੱਲ ਰੁਖ ਕਰ ਲਿਆ। ਇੰਗਲੈਂਡ ਤੋਂ ਬਾਅਦ ਉਹ ਕੈਨੇਡਾ ਅਤੇ ਅਮਰੀਕਾ ਵੱਲ ਤੁਰ ਪਏ। ਪਿਛਲੇ ਕਈ ਸਾਲਾਂ ਤੋਂ ਉਹ ਦੁਬਈ, ਮਸਕਟ, ਅਬੂ ਧਾਬੀ ਵਰਗੇ ਦੇਸ਼ਾਂ ਵੱਲ ਤੁਰੇ ਹੋਏ ਹਨ।

ਪਿੰਡ ਦੀ ਜਿਸ 'ਗੈਰ-ਸਰਕਾਰੀ' ਸੱਥ ਦਾ ਜ਼ਿਕਰ ਪਹਿਲਾਂ ਹੋਇਆ ਸੀ, ਉਸ ਤੋਂ ਖੱਬੇ ਸੱਜੇ ਜਾਂ ਸਾਹਮਣੇ ਕਿਸੇ ਪਾਸੇ ਵੀ ਅੱਗੇ ਵਧੀਏ, ਤਾਂ ਜੇ ਪਹਿਲਾ ਨਹੀਂ, ਤਾਂ ਦੂਜਾ ਘਰ ਜ਼ਰੂਰ ਹੋਏਗਾ ਜਿਨ੍ਹਾਂ ਵਿਚੋਂ ਕੋਈ ਨਾ ਕੋਈ ਬੰਦਾ ਵਲੈਤ ਜਾਂ ਕਿਸੇ ਹੋਰ ਦੇਸ਼ ਗਿਆ ਹੋਇਆ ਹੈ। ਇਸੇ ਤਰ੍ਹਾਂ ਹੀ ਸੱਜੇ ਪਾਸੇ ਮੁੜੀ ਉਸ ਗਲੀ ਦੇ ਵੀ ਬਹੁਤ ਸਾਰੇ ਬੰਦੇ ਵਲੈਤ ਵਿਚ ਹਨ ਜਿਸ ਵੱਲ ਮੈਂ ਆਪਣੀ ਬੇਟੀ ਦੀ ਉਂਗਲ ਫੜ ਕੇ ਮੁੜ ਗਿਆ ਸਾਂ। ਸੱਜੇ ਪਾਸੇ ਪਹਿਲਾਂ ਬਾਬਿਆਂ ਦੇ ਮਕਾਨ ਦਾ ਦਰਵਾਜ਼ਾ ਹੈ। ਕਹਿੰਦੇ ਹਨ ਕਿ ਜ਼ਮੀਨ ਦੀ ਥੁੜ੍ਹ ਕਰ ਕੇ ਇਨ੍ਹਾਂ ਦੇ ਦੋ ਬੰਦੇ ਪਿਛਲੇ ਕੁਝ ਸਾਲਾਂ ਤੋਂ ਦੁਬਈ ਚਲੇ ਗਏ ਹਨ। ਖੱਬੇ ਵਾਲੇ ਪਾਸੇ ਸ਼ਹੀਦ ਕਰਨਲ ਦਰਸ਼ਨ ਸਿੰਘ ਦਾ ਘਰ ਹੈ। ਹੁਣ ਇਸ ਦੇ ਦਰਵਾਜ਼ੇ ਨੂੰ ਜੰਦਰਾ ਲੱਗਾ ਹੋਇਆ ਹੈ। ਇਨ੍ਹਾਂ ਵਿਚੋਂ ਕੋਈ ਵੀ ਪਿੰਡ ਵਿਚ ਨਹੀਂ, ਮੈਨੂੰ ਇਸ ਦਾ ਕੋਈ ਇਲਮ ਨਹੀਂ। ਖਬਰੇ ਪਿੰਡ ਦੀ ਨਵੀਂ ਪਨੀਰੀ ਨੂੰ ਤਾਂ ਇਹ ਵੀ ਨਾ ਪਤਾ ਹੋਵੇ ਕਿ ਇਸ ਪਿੰਡ ਵਿਚ ਇਸ ਮਕਾਨ ਦੀ ਕੀ ਮਹੱਤਤਾ ਹੈ!

ਉਸ ਤੋਂ ਅੱਗੇ ਖੱਬੇ ਪਾਸੇ ਅਰਜਨ ਸਿੰਘ ਲਾਲੀ ਦਾ ਮਕਾਨ ਹੈ। ਇਸ ਦਾ ਪੁੱਤਰ ਹਰਜਿੰਦਰ ਸਿੰਘ ਲਾਲੀ ਮੇਰਾ ਹਾਣੀ ਹੁੰਦਾ ਸੀ। ਉਹ ਉਨ੍ਹੀਂ ਦਿਨੀਂ ਹੀ ਅਮਰੀਕਾ ਚਲੇ ਗਿਆ ਸੀ, ਜਿਨ੍ਹੀਂ ਦਿਨੀਂ ਹਾਲੇ ਉਹਨੇ ਤੇ ਅਸਾਂ ਹਾਇਰ ਸੈਕੰਡਰੀ ਪਾਸ ਕੀਤੀ ਹੀ ਸੀ। ਵੈਸੇ ਤਾਂ ਸਾਰੇ ਪਿੰਡ ਦੇ ਲਾਲੀ ਹੀ ਇਕੋ 'ਰੱਤੇ' ਦੀ ਔਲਾਦ ਹਨ, ਪਰ ਅਰਜਨ ਸਿੰਘ ਅਤੇ ਮੇਜਰ ਮਿਹਰ ਸਿੰਘ ਸਕੇ ਚਾਚੇ-ਤਾਇਆਂ ਦੀ ਔਲਾਦ ਸਨ। ਉਨ੍ਹੀਂ ਦਿਨੀਂ ਸਰਪੰਚੀ ਮੇਜਰ ਮਿਹਰ ਸਿੰਘ ਕੋਲ ਅਤੇ ਲੰਬੜਦਾਰੀ ਅਰਜਨ ਸਿੰਘ ਕੋਲ ਹੁੰਦੀ ਸੀ। ਅਰਜਨ ਸਿੰਘ ਦਾ ਪਿਤਾ ਕਾਲਾ ਸਿੰਘ ਉਸ ਬੂਟਾ ਸਿੰਘ ਦਾ ਪੁੱਤਰ ਸੀ ਜਿਸ ਨੂੰ ਬੱਬਰ ਅਕਾਲੀਆਂ ਨੇ ਅੰਗਰੇਜ਼ਾਂ ਦੀ ਝੋਲੀ ਚੁੱਕਣ ਕਾਰਨ ਮਾਰ ਦਿੱਤਾ ਸੀ। ਲੰਬੜਦਾਰੀ ਉਸ ਵੇਲੇ ਬੂਟਾ ਸਿੰਘ ਕੋਲ ਹੁੰਦੀ ਸੀ। ਬੂਟਾ ਸਿੰਘ ਦੇ ਅੱਗੇ ਚਾਰ ਪੁੱਤਰ ਸਨ- ਕਾਲਾ ਸਿੰਘ, ਗੁਰਦਿੱਤ ਸਿੰਘ, ਬੀਰ ਸਿੰਘ ਅਤੇ ਮੇਜਰ ਮਿਹਰ ਸਿੰਘ। ਇਸ ਤਰ੍ਹਾਂ ਅਰਜਨ ਸਿੰਘ ਲੰਬੜਦਾਰ ਦਾ ਚਾਚਾ ਮੇਜਰ ਮਿਹਰ ਸਿੰਘ ਸਰਪੰਚ ਹੁੰਦਾ ਸੀ।

ਅਰਜਨ ਸਿੰਘ ਦਾ ਪੁੱਤਰ ਹਰਜਿੰਦਰ ਸਿੰਘ ਭਾਵੇਂ ਛੋਟੀ ਕਿਸਾਨੀ ਵਿਚ ਸ਼ੁਮਾਰ ਹੁੰਦਾ ਸੀ, ਫਿਰ ਵੀ ਉਸ ਦੀ ਆਕੜ 'ਲੰਬੜਦਾਰੀ' ਵਾਲੀ ਹੀ ਸੀ। ਉਨ੍ਹਾਂ ਕੋਲ ਦੋਨਾਲੀ ਬੰਦੂਕ ਹੁੰਦੀ ਸੀ ਜਿਹੜੀ ਥੋੜ੍ਹੀ ਜਿਹੀ ਗਰਮੀ ਵਿਚ ਹੀ ਹਰਜਿੰਦਰ ਕੱਢ ਲਿਆ ਕਰਦਾ ਸੀ ਅਤੇ ਹਵਾ ਵਿਚ ਫਾਇਰ ਕਰ ਦਿੰਦਾ ਸੀ, ਪਰ ਇਸ ਗੱਲ ਨੂੰ ਕਿਸੇ ਨੇ ਵੀ ਕਦੇ ਬਹੁਤੀ ਗੰਭੀਰਤਾ ਨਾਲ ਨਹੀਂ ਸੀ ਲਿਆ। ਉਸ ਨੇ ਕਦੇ ਕਿਸੇ ਨਾਲ ਗੰਭੀਰ ਪੰਗਾ ਵੀ ਨਹੀਂ ਸੀ ਲਿਆ। ਵੈਸੇ ਮੁੰਡਪੁਣੇ ਵਿਚ ਹੀ ਉਹ ਫ਼ਾਇਰ ਕਰਨ ਦਾ ਸ਼ੌਕੀਨ ਸੀ। ਕਈ ਵਾਰੀ ਤਾਂ ਮੁੰਡਿਆਂ ਦੀ ਸਾਧਾਰਨ ਲੜਾਈ ਵਿਚ ਵੀ ਉਹ ਦੋਨਾਲੀ ਕੱਢ ਲੈਂਦਾ ਸੀ। ਉਸ ਨੂੰ ਲੰਬੜਦਾਰੀ ਦਾ ਮਾਣ ਵੀ ਬਹੁਤ ਸੀ। ਉਹ ਅਕਸਰ ਇਹ ਰੋਹਬ ਦਿੰਦਾ ਹੁੰਦਾ ਸੀ ਕਿ ਉਨ੍ਹਾਂ ਦਾ ਪਰਿਵਾਰ ਲੰਬੜਦਾਰ ਦਾ ਪਰਿਵਾਰ ਹੈ, ਪਰ ਉਨ੍ਹੀਂ ਦਿਨੀਂ ਲੰਬੜਦਾਰੀ ਕੋਈ 'ਵੱਡੀ ਚੀਜ਼' ਨਹੀਂ ਸੀ ਰਹਿ ਗਈ। ਅੰਗਰੇਜ਼ਾਂ ਦੇ ਵੇਲੇ ਜਿਹੜੀ ਅਹਿਮੀਅਤ ਇਸ ਰੁਤਬੇ ਦੀ ਸੀ, ਉਹ ਹੌਲੀ-ਹੌਲੀ ਘਟ ਗਈ ਸੀ। ਇਸ ਲਈ ਲੰਬੜਦਾਰੀ ਫੋਕਾ ਰੋਹਬ ਹੀ ਰਹਿ ਗਈ ਸੀ।

ਅਰਜਨ ਸਿੰਘ ਅਤੇ ਉਸ ਦੇ ਪੁੱਤਰ ਲੰਬੜਦਾਰ ਹਰਜਿੰਦਰ ਸਿੰਘ ਉਰਫ਼ ਜਿੰਦਰ ਦੇ ਮਕਾਨ ਨੂੰ ਵੀ ਤਾਲਾ ਲੱਗਾ ਹੋਇਆ ਹੈ। ਦੱਸਿਆ ਹੀ ਹੈ ਕਿ ਉਹ ਕਾਫ਼ੀ ਸਾਲ ਪਹਿਲਾਂ ਅਮਰੀਕਾ ਚਲੇ ਗਿਆ ਸੀ। ਦੱਸਦੇ ਹਨ ਕਿ ਕੈਲੀਫ਼ੋਰਨੀਆ ਵਿਚ ਉਸ ਦਾ ਹਜ਼ਾਰਾਂ ਏਕੜ ਦਾ ਫਾਰਮ ਹੈ ਜਿਥੇ ਉਹ ਖੇਤੀ ਕਰਵਾਉਂਦਾ ਹੈ। ਉਸ ਕੋਲ ਖੇਤੀ ਕਰਨ ਲਈ ਤਾਂ ਜਹਾਜ਼ ਅਤੇ ਹੈਲੀਕਾਪਟਰ ਤਾਂ ਹਨ ਹੀ, ਉਸ ਕੋਲ ਆਪਣੀ ਨਿੱਜੀ ਵਰਤੋਂ ਲਈ ਵੀ ਹਵਾਈ ਜਹਾਜ਼ ਹੈ। ਇਹ ਗੱਲ ਉਸ ਦੇ ਰਿਸ਼ਤੇ ਵਿਚੋਂ ਭੂਆ ਦੇ ਪੁੱਤ ਭਰਾ ਕੈਪਟਨ ਮਨੀ ਸਹੋਤਾ ਨੇ ਦੱਸੀ ਹੈ। ਹੁਣ ਉਹ ਭਾਵੇਂ ਨੰਗਲ ਸ਼ਾਮਾ ਦਾ 'ਲੰਬੜਦਾਰ' ਨਹੀਂ ਰਿਹਾ, ਪਰ ਉਹ ਸ਼ਾਨੋ-ਸ਼ੌਕਤ ਵਿਚ ਜ਼ਰੂਰ ਹੀ ਲੰਬੜਦਾਰ ਹੈ।

***ਅਰਜਨ ਸਿੰਘ ਅਤੇ ਉਸ ਦੇ ਪੁੱਤਰ ਲੰਬੜਦਾਰ ਹਰਜਿੰਦਰ ਸਿੰਘ ਉਰਫ਼ ਜਿੰਦਰ ਦੇ ਮਕਾਨ ਨੂੰ ਤਾਲਾ ਲੱਗਾ ਹੋਇਆ ਹੈ। ਉਹ ਕਾਫ਼ੀ ਸਾਲ ਪਹਿਲਾਂ ਅਮਰੀਕਾ ਚਲੇ ਗਿਆ ਸੀ। ਕੈਲੀਫ਼ੋਰਨੀਆ ਵਿਚ ਉਸ ਦਾ ਹਜ਼ਾਰਾਂ ਏਕੜ ਦਾ ਫਾਰਮ ਹੈ ਜਿਥੇ ਉਹ ਖੇਤੀ ਕਰਵਾਉਂਦਾ ਹੈ। ਉਸ ਕੋਲ ਖੇਤੀ ਕਰਨ ਲਈ ਤਾਂ ਜਹਾਜ਼ ਅਤੇ ਹੈਲੀਕਾਪਟਰ ਤਾਂ ਹਨ ਹੀ, ਉਸ ਕੋਲ ਆਪਣੀ ਨਿੱਜੀ ਵਰਤੋਂ ਲਈ ਵੀ ਹਵਾਈ ਜਹਾਜ਼ ਹੈ। ਹੁਣ ਉਹ ਭਾਵੇਂ ਨੰਗਲ ਸ਼ਾਮਾ ਦਾ 'ਲੰਬੜਦਾਰ' ਨਹੀਂ ਰਿਹਾ, ਪਰ ਉਹ ਸ਼ਾਨੋ-ਸ਼ੌਕਤ ਵਿਚ ਜ਼ਰੂਰ ਹੀ ਲੰਬੜਦਾਰ ਹੈ।***



***ਕੈਲੀਫੋਰਨੀਆ ਦੇ ਖੇਤਾਂ ਦਾ ਇਕ ਅੰਬਰੀ ਨਜ਼ਾਰਾ। ਇਨ੍ਹਾਂ ਖੇਤਾਂ ਵਿਚ ਹੀ ਕਿਤੇ ਦਲਬੀਰ ਸਿੰਘ ਦੇ ਗਰਾਈਂ ਹਰਜਿੰਦਰ ਸਿੰਘ ਦਾ ਵੱਡਾ ਫਾਰਮ ਹੈ।***

ਇਸ ਘਰ ਤੋਂ ਅੱਗੇ ਮੇਜਰ ਮਿਹਰ ਸਿੰਘ ਦਾ ਮਕਾਨ ਹੈ। ਕਿਸੇ ਵੇਲੇ ਇਹ ਪਿੰਡ ਦਾ ਸਭ ਤੋਂ ਵੱਡਾ ਹਵੇਲੀਨੁਮਾ ਮਕਾਨ ਹੁੰਦਾ ਸੀ। ਫਿਰ ਇਸ ਤੋਂ ਵੀ ਵੱਡੇ ਮਕਾਨ ਪਿੰਡ ਵਿਚ ਬਣਨੇ ਸ਼ੁਰੂ ਹੋ ਗਏ। ਇਹ ਇਕੋ-ਇਕ ਮਕਾਨ ਸੀ ਜਿਸ ਦੇ ਪਾਰਲੇ ਪਾਸੇ ਗੈਰਾਜ ਵੀ ਬਣੀ ਹੋਈ ਸੀ। ਜ਼ਰੂਰੀ ਹੀ ਕਿਸੇ ਵੇਲੇ ਇਸ ਪਰਿਵਾਰ ਕੋਲ ਕੋਈ ਕਾਰ ਰਹੀ ਹੋਵੇਗੀ ਜਿਸ ਖਾਤਰ ਇਹ ਗੈਰਾਜ ਬਣਾਈ ਗਈ ਸੀ, ਪਰ ਇਸ ਮਕਾਨ ਜਾਂ ਗੈਰਾਜ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਦੇ ਸਾਹਮਣੇ ਨੰਬਰਦਾਰ ਤੇ ਸਰਪੰਚ ਨਿਰਮਲ ਸਿੰਘ ਦੇ ਮਕਾਨ ਤੇ ਬਗੀਚੀ ਬਾਰੇ ਗੱਲ ਕਰਨੀ ਜ਼ਰੂਰੀ ਹੈ।

ਨਿਰਮਲ ਸਿੰਘ ਦਾ ਮਕਾਨ ਅਤੇ ਬਾਗ ਨਾਲੋ-ਨਾਲ ਸਨ। ਉਹ ਬੂਟਾ ਸਿੰਘ ਲੰਬੜਦਾਰ ਦਾ ਪੋਤਰਾ ਅਤੇ ਅਰਜਨ ਸਿੰਘ ਦਾ ਛੋਟਾ ਸਕਾ ਭਰਾ ਸੀ। ਇਸ ਲਈ ਜਦੋਂ ਅਰਜਨ ਸਿਘ ਨੇ ਲੰਬੜਦਾਰੀ ਛੱਡੀ, ਤਾਂ ਉਹ ਖ਼ੁਦ-ਬ-ਖ਼ੁਦ ਛੋਟੇ ਭਰਾ ਨਿਰਮਲ ਸਿੰਘ ਕੋਲ ਚਲੇ ਗਈ। ਨਿਰਮਲ ਸਿੰਘ ਵੈਲੀ ਕਿਸਮ ਦਾ ਬੰਦਾ ਸੀ। ਉਸ ਨੂੰ ਸਾਰੇ ਹੀ ਛੋਟੇ ਵੱਡੇ 'ਭਾਜੀ' ਯਾਨਿ ਭਰਾ ਕਹਿ ਕੇ ਬੁਲਾਉਂਦੇ ਸਨ। ਉਹ ਕਿਸੇ ਦਾ ਚਾਚਾ, ਤਾਇਆ, ਦਾਦਾ ਆਦਿ ਨਹੀਂ ਸੀ; ਸਭ ਦਾ ਨਿਰਮਲ ਸਿੰਘ 'ਭਾਅ' ਜੀ ਹੁੰਦਾ ਸੀ। ਉਸ ਦੇ ਹਾਣੀ ਜਾਂ ਵੱਡੇਰੀ ਉਮਰ ਦੇ 'ਭਾਅ' ਕਹਿ ਕੇ ਹੀ ਸਾਰ ਲੈਂਦੇ ਸਨ ਪਰ ਛੋਟੀ ਉਮਰ ਵਾਲੇ 'ਭਾਅ ਜੀ' ਕਹਿੰਦੇ ਸਨ।

ਨਿਰਮਲ ਸਿੰਘ ਦੇ ਤਿੰਨ ਪੁੱਤਰ ਸਨ-ਗੁਰਮੀਤ ਸਿੰਘ, ਦਲਜੀਤ ਸਿੰਘ ਅਤੇ ਪਰਮਜੀਤ ਸਿੰਘ। ਇਨ੍ਹਾਂ ਵਿਚੋਂ ਦੋ ਤਾਂ ਬਾਹਰ ਕਿਤੇ ਕੰਮ ਕਰਦੇ ਸਨ, ਇਕੋ ਹੀ (ਖਬਰੇ ਦਲਜੀਤ ਸਿੰਘ) ਕਿਤੇ ਨੇੜੇ-ਤੇੜੇ ਨੌਕਰੀ ਕਰਦਾ ਸੀ। ਉਹ ਦੋਂਹ ਕਮਰਿਆਂ ਵਾਲੇ ਮਕਾਨ ਵਿਚ ਰਹਿੰਦੀ ਆਪਣੀ ਮਾਂ, ਅਰਥਾਤ ਨਿਰਮਲ ਸਿੰਘ ਦੀ ਪਤਨੀ ਨੂੰ ਕਦੇ-ਕਦੇ ਮਿਲਣ ਆਉਂਦਾ ਸੀ। ਉਸ ਨੇ ਜਾਂ ਉਨ੍ਹਾਂ ਦੇ ਭਰਾਵਾਂ ਨੇ ਕਦੇ ਆਪਣੇ ਬਾਪ ਨੂੰ ਨਹੀਂ ਸੀ ਬੁਲਾਇਆ। ਨਿਰਮਲ ਸਿੰਘ ਦੀ ਪਤਨੀ ਨੇ ਵੀ ਕਦੇ ਉਸ ਨਾਲ ਗੱਲ ਨਹੀਂ ਸੀ ਕੀਤੀ। ਉਹ ਲਗਭਗ ਵਿਧਵਾ ਵਰਗਾ ਜੀਵਨ ਬਤੀਤ ਕਰਦੀ ਸੀ।

ਨਿਰਮਲ ਸਿੰਘ ਇਸੇ ਮਕਾਨ ਦੇ ਨਾਲ ਬਣੀ ਬਗੀਚੀ ਦੇ ਪਿਛਲੇ ਪਾਸੇ ਬਣੇ ਦੋਂਹ ਕਮਰਿਆਂ ਵਿਚ ਰਹਿੰਦਾ ਸੀ। ਉਹ ਰੋਟੀ ਵੀ ਖ਼ੁਦ ਹੀ ਬਣਾਉਂਦਾ ਸੀ। ਬਹੁਤੀ ਵਾਰੀ ਉਸ ਦੀ ਬਗੀਚੀ ਵਿਚ ਮੀਟ ਰਿੰਨ੍ਹਣ ਦੀ ਵਾਸ਼ਨਾ ਉਠਦੀ ਰਹਿੰਦੀ। ਸ਼ਰਾਬ ਦਾ ਵੀ ਸ਼ੌਕੀਨ ਸੀ। ਪਿੰਡ ਦੀਆਂ ਕਈ ਤੀਵੀਂਆਂ ਨਾਲ ਉਸ ਦੇ ਮੁਆਸ਼ਰੇ ਦੀ ਚਰਚਾ ਆਮ ਹੁੰਦੀ ਸੀ। ਇਕ ਐਸੀ ਤੀਵੀਂ ਦਾ ਨਾਂ ਤਾਂ ਸ਼ਰੇਆਮ ਲਿਆ ਜਾਂਦਾ ਸੀ ਜਿਹੜੀ ਆਪਣੀ ਉਮਰ ਨਾਲੋਂ ਕਾਫੀ ਵੱਡੇ ਬੰਦੇ ਨਾਲ ਵਿਆਹੀ ਗਈ ਸੀ। ਨਿਰਮਲ ਸਿੰਘ ਬਾਰੇ ਇਹ ਵੀ ਚਰਚਾ ਹੁੰਦੀ ਸੀ ਕਿ ਉਹ ਅਫ਼ੀਮ ਤੇ ਡੋਡੇ ਵੀ ਵੇਚਦਾ ਹੈ, ਪਰ ਇਹ ਕੰਮ ਉਸ ਨੇ ਕਦੇ ਪਿੰਡ ਵਿਚ ਨਹੀਂ ਸੀ ਕੀਤਾ।

ਲੰਬੜਦਾਰੀ ਦੇ ਨਾਲ-ਨਾਲ ਸਰਪੰਚੀ ਦਾ ਭਾਰ ਵੀ ਕਈ ਸਾਲ ਉਸ ਦੇ ਮੋਢਿਆਂ ਉਤੇ ਪਿਆ ਰਿਹਾ। ਇਹ ਦੋਵੇਂ ਕੰਮ ਉਹ ਬਹੁਤ ਚਾਅ ਨਾਲ ਕਰਦਾ ਰਿਹਾ। ਆਮ ਤੌਰ ਉਤੇ ਸਵੇਰੇ ਹੀ ਕੱਢਵੀਂ ਤੇ ਚੀਕਵੀਂ ਜੁੱਤੀ ਪਾ ਕੇ, ਮਾਵਾ ਲਾ ਕੇ ਪੋਚਵੀਂ ਪੱਗ ਬੰਨ੍ਹਦਾ ਤੇ ਸਾਈਕਲ ਚੁੱਕ ਥਾਣੇ ਚਲਾ ਜਾਂਦਾ। ਉਸ ਦਾ ਪੁਲਿਸ ਨਾਲ ਕਾਫੀ ਉਠਣ-ਬੈਠਣ ਸੀ। ਕਈ ਪੁਲਿਸ ਵਾਲੇ ਗਾਹੇ-ਬਗਾਹੇ ਉਸ ਦੀ ਬਗੀਚੀ ਵਿਚ ਆਉਂਦੇ ਰਹਿੰਦੇ ਸਨ। ਥਾਣੇ ਦੇ ਇਲਾਵਾ ਉਸ ਦਾ ਟਿਕਾਣਾ ਰਾਮਾ ਮੰਡੀ ਫਾਟਕ ਲਾਗਲੀਆਂ ਕੁਝ ਦੁਕਾਨਾਂ ਸਨ। ਆਮ ਤੌਰ 'ਤੇ ਉਹ ਨਾਈ ਦੀ ਦੁਕਾਨ ਉਤੇ ਬੈਠਦਾ। ਕਹਿਣ ਵਾਲੇ ਕਹਿੰਦੇ ਸਨ ਕਿ ਉਥੇ ਬੈਠੇ ਕੇ ਉਹ ਅਫ਼ੀਮ ਤੇ ਡੋਡੇ ਵੇਚਦਾ ਸੀ, ਪਰ ਇਸ ਗੱਲ ਨੂੰ ਸ਼ਰੇਆਮ ਕੋਈ ਨਹੀਂ ਸੀ ਕਹਿ ਸਕਿਆ।

ਉਸ ਦੀ ਬਗੀਚੀ ਵਿਚ ਬੇਰਾਂ, ਨਾਖਾਂ ਦੇ ਦਰਖਤ ਸਨ। ਇਨ੍ਹਾਂ ਨੂੰ ਫਲ ਪੈਂਦੇ ਸਨ ਅਤੇ ਪਿੰਡ ਦੇ ਲੋਕ ਬਿਨਾਂ ਪੁੱਛਿਆਂ ਹੀ ਛਕ ਜਾਂਦੇ ਸਨ। ਭਾਅ ਨਿਰਮਲ ਸਿੰਘ ਦਾ ਇਹ ਸੁਭਾਅ ਹੀ ਨਹੀਂ ਸੀ ਕਿ ਉਹ ਕਿਸੇ ਨੂੰ ਟੋਕੇ। ਇਸ ਦੇ ਨਾਲ ਹੀ ਉਹ ਨੌਜਵਾਨਾਂ ਨਾਲ ਯਾਰੀ ਪਾ ਕੇ ਰੱਖਦਾ ਸੀ। ਸਰਪੰਚ ਹੋਣ ਦੇ ਨਾਤੇ ਉਸ ਦਾ ਫ਼ਰਜ਼ ਤਾਂ ਇਹ ਹੁੰਦਾ ਸੀ ਕਿ ਪਿੰਡ ਵਿਚ ਕਿਸੇ ਕਿਸਮ ਦੀ ਖ਼ੁਰਾਫ਼ਾਤ ਨਾ ਹੋਵੇ, ਪਰ ਉਹ ਅਕਸਰ ਹੀ ਮੁੰਡਿਆਂ ਦੀ 'ਸ਼ਰਾਰਤ' ਵਿਚ ਭਾਈਵਾਲ ਬਣ ਜਾਂਦਾ। ਇਸ ਤਰ੍ਹਾਂ ਦੀ ਇਕ ਸ਼ਰਾਰਤ ਵਿਚ ਉਸ ਨੇ ਸਾਨੂੰ ਹੁਕਮ ਦਿੱਤਾ ਕਿ ਕਿਸੇ ਦਾ ਮੁਰਗਾ ਚੋਰੀ ਕਰ ਕੇ ਲਿਆਂਦਾ ਜਾਵੇ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪਿੰਡ ਦੀ ਨੌਜਵਾਨ ਸਭਾ ਜਿਸ ਦਾ ਸਰਪ੍ਰਸਤ ਭਾਅ ਨਿਰਮਲ ਸਿੰਘ ਸੀ, ਟੂਰਨਾਮੈਂਟ ਕਰਵਾ ਕੇ ਹਟੀ ਸੀ। ਅਸੀਂ ਚਾਰ-ਪੰਜ ਜਣੇ ਸਾਂ। ਕਿਸੇ ਨੇ ਮੁਰਗਾ ਚੋਰੀ ਕਰ ਕੇ ਲਿਆਂਦਾ, ਕਿਸੇ ਨੇ ਵੱਢ ਕੇ ਸਾਫ਼ ਕੀਤਾ, ਕਿਸੇ ਨੇ ਚੁੱਲ੍ਹੇ ਉਤੇ ਰੱਖ ਪਤੀਲੇ ਵਿਚ ਰਿੰਨ੍ਹਿਆ ਅਤੇ ਬਾਅਦ ਵਿਚ ਦੇਸੀ ਸ਼ਰਾਬ ਦੇ ਦੋ ਹਾੜੇ ਲਾ ਕੇ ਖਾਧਾ ਗਿਆ।

ਇਸ ਬਗੀਚੀ ਨਾਲ ਅਤੇ ਲੰਬੜਦਾਰਾਂ ਦੀ ਇਸ ਗਲੀ ਨਾਲ ਹੋਰ ਵੀ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ। ਕਿਸੇ ਵੇਲੇ ਬਹੁਤ ਮਸ਼ਹੂਰ ਸਮਝੀ ਜਾਂਦੀ ਇਹ ਗਲੀ ਅਤੇ ਇਹ ਬਗੀਚੀ ਹੁਣ ਸੁੰਨਸਾਨ ਪਈਆਂ ਹਨ। ਨਿਰਮਲ ਸਿੰਘ ਦੀ ਮੌਤ ਹੋ ਚੁੱਕੀ ਹੈ। ਸਿਰਫ਼ ਨਿਰਮਲ ਸਿੰਘ ਦੀ ਬਗੀਚੀ ਦੇ ਸਾਹਮਣੇ ਵਾਲੇ ਮੇਜਰ ਮਿਹਰ ਸਿੰਘ ਵਾਲੇ ਮਕਾਨ ਵਿਚ ਹੀ ਵਸੇਬਾ ਹੈ, ਪਰ ਉਥੇ ਵੀ ਉਹ ਰੌਣਕ ਨਹੀਂ ਰਹੀ ਜਿਹੜੀ ਮੇਜਰ ਮਿਹਰ ਸਿੰਘ ਦੇ ਪੁੱਤਰ ਗੁਰਦਿਆਲ ਲਾਲੀ ਦੇ ਹੁੰਦਿਆਂ ਹੁੰਦੀ ਸੀ। ਗੁਰਦਿਆਲ ਲਾਲੀ ਤਾਂ ਇਕ ਸੰਸਥਾ ਸੀ ਜਿਹੜਾ 1997 ਵਿਚ ਦਿਲ ਦੇ ਦੌਰੇ ਕਾਰਨ ਇਸ ਦੁਨੀਆਂ ਤੋਂ ਤੁਰ ਗਿਆ ਸੀ।

***(ਚਲਦਾ)***

## ਗ਼ਜ਼ਲ

***84 ਦੀ ਨਸਲਕੁਸ਼ੀ ਨੂੰ ਚਿਤਵਦਿਆਂ***

ਬੇਦੋਸ਼ਾਂ ਦਾ ਘਾਣ ਕਰਾ ਕੇ,
ਉਹ ਪ੍ਰਚਾਰਨ ਦੰਗੇ ਬਈ।
ਐਪਰ ਇਕ ਦੇ ਕਾਤਲ ਯਾਰੋ!
ਪਲ ਵਿਚ ਫਾਹੇ ਟੰਗੇ ਬਈ।
ਇਤਿਹਾਸ ਪੜ੍ਹੋ, ਹਰਿਮੰਦਰ ਉਤੇ,
ਫ਼ੌਜ ਚੜ੍ਹਾਈ ਜਿਸ ਨੇ ਵੀ,
ਪਾਪੀ ਦੇ ਇਕ ਸੌ ਤਰਵੰਜਾ ਤੋਂ
ਦਿਨ ਵੱਧ ਨਾ ਲੰਘੇ ਬਈ।
ਦਿੰਦਾ ਹੈ ਕਾਨੂੰਨ ਸਜ਼ਾ
ਹਰ ਹਾਲ 'ਚ ਦੋਸ਼ੀ ਨੂੰ, ਐਪਰ
ਦੱਸੋ ਇਨ੍ਹਾਂ 'ਬਲਵਈਆਂ' 'ਚੋਂ,
ਕਿਹੜੇ ਫਾਂਸੀ ਟੰਗੇ ਬਈ।
ਜ਼ਾਲਿਮ, ਜਿਸ ਨੇ ਕਹਿਰ ਕਮਾਇਆ,
ਉਹ ਤਾਂ 'ਦੇਵੀ' ਹੋ ਨਿਬੜੀ,
ਦਾੜ੍ਹੀ, ਪੱਗਾਂ ਵਾਲੇ ਇਨ੍ਹਾਂ,
ਸਮਝੇ ਕੀਟ-ਪਤੰਗੇ ਬਈ।
ਤੌਬਾ! ਟਾਇਰ ਗਲ਼ਾਂ ਵਿਚ ਪਾ ਕੇ,
ਜਿਉਂਦੇ ਸਿੱਖ ਮਚਾ ਦਿੱਤੇ,
ਕਿੰਜ ਅਬਲਾਵਾਂ ਦੀ ਪਤ ਰੋਲ਼ੀ,
ਕਾਨੀ ਕਹਿਣੋਂ ਸੰਗੇ ਬਈ।
ਖੋਜ ਅਤੇ ਪੜਤਾਲ ਕਮਿਸ਼ਨਾਂ,
ਹੁਣ ਤਕ ਦੱਸੋ ਕੀਤੈ ਕੀ?
ਲੋਹੜੈ, ਯਾਰੋ! ਇਕ ਇਕ ਕਰ ਕੇ,
ਤਿੰਨ ਦਹਾਕੇ ਬੀਤੇ ਬਈ।

ਕੋਈ ਵੇਲਾ ਸੀ ਧੀਆਂ-ਭੈਣਾਂ,
ਜਾਬਰ ਚੁੱਕ ਲਿਜਾਂਦੇ ਸੀ,
ਮੋੜ ਲਿਆਉਂਦੇ 'ਬਾਰਾਂ ਵੱਜਣ' ਵੇਲੇ
ਸਿੰਘ-ਨਿਹੰਗੇ ਬਈ।
ਗੱਦੀ ਉਤੇ ਧਰਮੀ ਰਾਜਾ,
ਮੁੱਘੜ ਮਾਰੀ ਬੈਠਾ ਹੈ,
ਪਰਦੇ ਪਿੱਛੋਂ ਰਾਜ ਚਲਾਉਂਦੇ,
ਕਾਤਿਲ, ਚੋਰ, ਲਫੰਗੇ ਬਈ।
ਨੀਤ ਪੜੈ, ਕਿੱਦਾਂ ਦੀ ਹੁੰਦੀ?
ਸ਼ਾਤਰ ਲੋਕਾਂ ਦੀ 'ਸੂਫੀ',
ਰੱਖ ਸ਼ਰੀਕਾ ਤੂੰ ਇਨ੍ਹਾਂ ਤੋਂ,
ਕੀ ਲੈਣੈ ਸੀ ਵੰਗੇ ਬਈ?

***-ਅਮਰ ਸੂਫੀ***
***ਫੋਨ: 91-98555-43660***



# ਭਾਰਤ ਕੇਸਰੀ ਪਹਿਲਵਾਨ ਜਗਦੀਸ਼ ਕਾਲੀਰਮਨ

ਜਗਦੀਸ਼ ਕਾਲੀਰਮਨ ਮਸਾਂ 6 ਵਰ੍ਹਿਆਂ ਦਾ ਸੀ ਜਦੋਂ ਉਸ ਨੇ ਪਹਿਲਵਾਨੀ ਸ਼ੁਰੂ ਕੀਤੀ। ਉਸ ਦੇ ਪਿਤਾ ਪਦਮਸ੍ਰੀ ਮਾਸਟਰ ਚਾਂਦਗੀ ਰਾਮ ਜਿਹੜੇ ਖੁਦ ਤਕੜੇ ਪਹਿਲਵਾਨ ਸਨ, ਨੇ ਉਹਨੂੰ ਕੁਸ਼ਤੀ ਲਈ ਪ੍ਰੇਰਨਾ ਦਿੱਤੀ। ਜਗਦੀਸ਼ ਨੇ ਪਹਿਲਵਾਨੀ ਦੇ ਪੇਚ ਸਿੱਖਣ ਦੇ ਨਾਲ-ਨਾਲ ਪੜ੍ਹਾਈ ਵੀ ਕੀਤੀ ਅਤੇ ਬੀ.ਏ. ਦੀ ਡਿਗਰੀ ਆਪਣੇ ਲੰਗੋਟ ਨਾਲ ਟੰਗ ਲਈ। ਉਹਦਾ ਸੋਹਣਾ ਸੁਨੱਖਾ ਸਰੂ ਵਰਗਾ ਕੱਦ ਹੈ ਅਤੇ ਉਹਨੇ ਪਹਿਲਵਾਨੀ ਦੇ ਪਿੜ ਵਿਚ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਪਣੀ ਵੱਖਰੀ ਪਛਾਣ ਬਣਾਈ ਹੈ। ਉਹਦਾ ਜਨਮ 9 ਨਵੰਬਰ 1975 ਨੂੰ ਹੋਇਆ ਸੀ ਅਤੇ ਅੱਜ ਕੱਲ੍ਹ ਉਹ ਚਾਂਦਗੀ ਰਾਮ ਵਿਆਮਸ਼ਾਲਾ ਸਮਿਤੀ



**ਸੁਖਵੀਰ ਸਿੰਘ ਚਾਹਲ**
ਲਿਵਿੰਗਸਟਨ (ਕੈਲੀਫੋਰਨੀਆ)
ਫੋਨ: 209-596-6294

ਸਿਵਲ ਲਾਈਨ-ਦਿੱਲੀ ਵਿਖੇ ਰਹਿੰਦਾ ਹੈ। ਉਹਦਾ ਵਿਆਹ ਪੂਨਮ ਕਾਲੀਰਮਨ ਨਾਲ 2004 ਵਿਚ ਹੋਇਆ। ਉਸ ਦੇ ਦੋ ਬੱਚੇ ਹਨ। ਬੇਟੇ ਦਾ ਨਾਂ ਅੰਸ਼ੂਮਨ ਕਾਲੀਰਮਨ ਅਤੇ ਬੇਟੀ ਦਾ ਚਿਰਾਕਸ਼ੀ ਕਾਲੀਰਮਨ ਹੈ। ਉਹਦੀ ਇੱਛਾ ਹੈ ਕਿ ਉਹਦੇ ਬੱਚੇ ਵੀ ਪਹਿਲਵਾਨ ਬਣਨ।

ਮਾਸਟਰ ਚਾਂਦਗੀ ਰਾਮ ਨੇ ਕੁਸ਼ਤੀ ਦਾ ਟ੍ਰੇਨਿੰਗ ਸੈਂਟਰ 'ਚਾਂਦਗੀ ਰਾਮ ਵਿਆਮਸ਼ਾਲਾ' 1975 ਵਿਚ ਖੋਲ੍ਹਿਆ ਸੀ। ਉਦੋਂ ਤੋਂ ਹੀ ਇਹ ਟ੍ਰੇਨਿੰਗ ਸੈਂਟਰ ਚੱਲ ਰਿਹਾ ਹੈ। ਪਹਿਲਾਂ ਚਾਂਦਗੀ ਰਾਮ ਇਹ ਟ੍ਰੇਨਿੰਗ ਸੈਂਟਰ ਚਲਾਉਂਦਾ ਸੀ ਅਤੇ ਉਨ੍ਹਾਂ ਦੇ 2010 ਵਿਚ ਹੋਏ ਅਕਾਲ ਚਲਾਣੇ ਤੋਂ ਬਾਅਦ ਜਗਦੀਸ਼ ਕਾਲੀਰਮਨ ਪਹਿਲਵਾਨਾਂ ਨੂੰ ਟ੍ਰੇਨਿੰਗ ਦੇ ਰਿਹਾ ਹੈ। ਮਾਸਟਰ ਚਾਂਦਗੀ ਰਾਮ ਨੇ 1970 ਵਿਚ ਬੈਂਕਾਕ ਵਿਚ ਹੋਈਆਂ ਏਸ਼ੀਅਨ ਖੇਡਾਂ ਵਿਚੋਂ ਗੋਲਡ ਮੈਡਲ ਜਿੱਤਿਆ ਸੀ। ਉਹ 2 ਵਾਰ ਰੁਸਤਮ-ਏ-ਹਿੰਦ ਅਤੇ 3 ਵਾਰ ਭਾਰਤ ਕੇਸਰੀ ਬਣੇ। ਉਨ੍ਹਾਂ ਨੂੰ ਅਰਜਨ ਅਤੇ ਪਦਮਸ੍ਰੀ ਐਵਾਰਡ ਮਿਲੇ। ਉਨ੍ਹਾਂ ਦੇ ਸਿਖਾਏ ਪਹਿਲਵਾਨਾਂ ਵਿਚ ਜਗਰੂਪ ਸਿੰਘ, ਸਤਿਆਵਾਨ, ਕਿਰਪਾ ਸ਼ੰਕਰ, ਸੰਜੇ ਕੁਮਾਰ ਅਤੇ ਸ਼ਿਕੰਦਰ ਤੋਮਰ ਸ਼ਾਮਲ ਹਨ। ਇਨ੍ਹਾਂ ਨੂੰ ਵੀ ਅਰਜਨ ਐਵਾਰਡ ਮਿਲੇ। ਵਿਆਮਸ਼ਾਲਾ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਉਥੋਂ ਬਹੁਤ ਸਾਰੇ ਪਹਿਲਵਾਨ ਭਾਰਤ ਕੇਸਰੀ ਬਣੇ; ਮਸਲਨ ਬੁੱਧ ਸਿੰਘ, ਸੁਰੇਸ਼ ਕੁਮਾਰ, ਸੰਜੇ ਕੁਮਾਰ, ਰਕੇਸ਼ ਪਟੇਲ, ਜਗਦੀਸ਼ ਕਾਲੀਰਮਨ ਤੇ ਸੋਨਿਕਾ ਕਾਲੀਰਮਨ।

ਜਗਦੀਸ਼ ਕਾਲੀਰਮਨ ਨੇ 1992 ਵਿਚ ਨੈਸ਼ਨਲ ਸਕੂਲ ਖੇਡਾਂ ਵਿਚ ਪਹਿਲਾ, ਕਾਂਸੀ ਦਾ ਤਮਗਾ ਲਿਆ। ਉਸ ਤੋਂ ਬਾਅਦ ਉਹ ਜੂਨੀਅਰ ਅਤੇ ਸੀਨੀਅਰ ਕੁਸ਼ਤੀ ਮੁਕਾਬਲਿਆਂ ਵਿਚੋਂ 2008 ਤੱਕ ਮੈਡਲ ਜਿੱਤਦਾ ਗਿਆ। ਉਹ 2 ਵਾਰ ਜੂਨੀਅਰ ਨੈਸ਼ਨਲ ਚੈਂਪੀਅਨ ਅਤੇ 3 ਵਾਰ ਸੀਨੀਅਰ ਨੈਸ਼ਨਲ ਚੈਂਪੀਅਨ ਬਣਿਆ। ਉਹਨੇ ਰਾਜੀਵ ਤੋਮਰ ਨੂੰ ਹਰਾਇਆ। ਲਗਾਤਾਰ 16 ਸਾਲ ਵਧੀਆ ਪ੍ਰਦਰਸ਼ਨ ਕੀਤਾ। ਉਹਨੇ ਕੌਮਾਂਤਰੀ ਕੁਸ਼ਤੀ ਮੁਕਾਬਲਿਆਂ ਵਿਚ ਭਾਰਤ ਦੀ ਨੈਸ਼ਨਲ ਟੀਮ ਦੀ 15 ਵਾਰ ਨੁਮਾਇੰਦਗੀ ਕੀਤੀ। ਉਸ ਦੀਆਂ ਹੋਰ ਪ੍ਰਾਪਤੀਆਂ ਦੀ ਸੂਚੀ ਬਹੁਤ ਲੰਮੀ ਹੈ:

ਜਗਦੀਸ਼ ਨੇ ਫੈਡਰੇਸ਼ਨ ਕੱਪ-2003 ਰੋਹਾ (ਮਹਾਰਾਸ਼ਟਰ) ਵਿਚੋਂ ਦੂਜਾ ਅਤੇ ਫੈਡਰੇਸ਼ਨ ਕੱਪ-2004 ਧੂਲੇ (ਮਹਾਰਾਸ਼ਟਰ) ਵਿਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ। ਉਸ ਨੇ 2001, 2003 ਅਤੇ 2004 ਵਿਚ ਹੋਈਆਂ ਆਲ ਇੰਡੀਆ ਪੁਲਿਸ ਗੇਮਜ਼ ਵਿਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਉਸ ਨੇ 2001 ਤੋਂ 2003 ਦੌਰਾਨ 5 ਵਾਰ ਭਾਰਤ ਕੇਸਰੀ ਦਾ ਖਿਤਾਬ ਜਿੱਤਿਆ। 2001 ਵਿਚ ਮੰਨਣਹਾਣਾ (ਪੰਜਾਬ) ਵਿਚ ਭਾਰਤ ਕੇਸਰੀ ਦਾ ਖਿਤਾਬ ਜਿੱਤਿਆ। ਉਥੇ ਉਹਨੇ ਪਰਮਿੰਦਰ ਡੂਮਛੇੜੀ ਨੂੰ ਅੰਕਾਂ ਦੇ ਆਧਾਰ 'ਤੇ ਸੈਮੀਫਾਈਨਲ ਵਿਚ ਹਰਾਇਆ ਸੀ। ਇਸੇ ਸਾਲ ਇਸੇ ਟੂਰਨਾਮੈਂਟ ਵਿਚ ਉਸ ਦੀ ਭੈਣ ਸੋਨਿਕਾ



*ਪਹਿਲਵਾਨ ਜਗਦੀਸ਼ ਕਾਲੀਰਮਨ*

ਕਾਲੀਰਮਨ ਨੇ ਵੀ ਭਾਰਤ ਕੇਸਰੀ ਦਾ ਖਿਤਾਬ ਜਿੱਤਿਆ। 2002 ਵਿਚ ਮੰਨਣਹਾਣਾ ਵਿਖੇ ਉਹ ਦੂਜੀ ਵਾਰ ਭਾਰਤ ਕੇਸਰੀ ਬਣਿਆ। ਫਾਈਨਲ ਵਿਚ ਉਸ ਦੀ ਕੁਸ਼ਤੀ ਕੈਨੇਡਾ ਦੇ ਬਲਜੀਤ ਸੈਨ ਨਾਲ ਸੀ। 2002 ਵਿਚ ਹੀ ਉਸ ਨੇ ਕੈਨੇਡਾ ਦੇ ਰਵੀ ਨੂੰ ਵੀ ਹਰਾਇਆ। 2001 ਵਿਚ ਸੁਰਿੰਦਰ ਨਾਡ ਨੂੰ ਹਰਾ ਕੇ ਹਿੰਦ ਕੇਸਰੀ (ਝੱਜਰ, ਹਰਿਆਣਾ) ਬਣਿਆ। 2002 ਵਿਚ ਗੁੜਗਾਓਂ (ਹਰਿਆਣਾ) ਵਿਚ ਭਾਰਤ ਕੇਸਰੀ ਦਾ ਕਿਤਾਬ ਜਿੱਤਿਆ। 2003 ਵਿਚ ਦਿੱਲੀ ਵਿਖੇ ਆਲ ਇੰਡੀਆ ਰਾਜੀਵ ਗਾਂਧੀ ਗੋਲਡ ਕੱਪ ਹਾਸਲ ਕੀਤਾ। 2002 ਵਿਚ ਹੀ ਭਾਰਤ ਭੀਮ ਟੂਰਨਾਮੈਂਟ (ਯੂ.ਪੀ.) ਵਿਚ ਪਹਿਲਾ ਸਥਾਨ ਮਿਲਿਆ। 2004 ਮਹਾਪੌਰ ਕੇਸਰੀ ਦਾ ਖਿਤਾਬ ਦੋ ਵਾਰ ਜਿੱਤਿਆ। ਇਸ ਤੋਂ ਇਲਾਵਾ ਉਸ ਦੀਆਂ ਹੋਰ ਕੌਮੀ ਪੱਧਰ ਦੀਆਂ ਪ੍ਰਾਪਤੀਆਂ ਵੀ ਹਨ।

ਇਹੀ ਨਹੀਂ, ਜਗਦੀਸ਼ ਕਾਲੀਰਮਨ ਨੇ ਕੌਮਾਂਤਰੀ ਪੱਧਰ 'ਤੇ 3 ਮੈਡਲ ਪ੍ਰਾਪਤ ਕੀਤੇ। 2001 ਵਿਚ ਉਜ਼ਬੇਕਿਸਤਾਨ ਦੇ ਇੰਡੀਪੈਂਡੈਂਸ ਕੱਪ ਵਿਚ ਚਾਂਦੀ ਦਾ ਤਮਗਾ ਜਿੱਤਿਆ। 2004 ਵਿਚ ਇਸਲਾਮਾਬਾਦ ਵਿਖੇ 9ਵੇਂ ਦੱਖਣੀ ਏਸ਼ੀਅਨ ਫੈਡਰੇਸ਼ਨ ਖੇਡਾਂ ਵਿਚ ਸੋਨੇ ਦਾ ਤਮਗਾ ਅਤੇ 2007 ਵਿਚ ਮਿਸਰ ਦੇ 7ਵੇਂ ਗਰਾਂ-ਪ੍ਰੀ ਇੰਟਰਨੈਸ਼ਨਲ ਟੂਰਨਾਮੈਂਟ ਵਿਚ ਕਾਂਸੀ ਦਾ ਤਮਗਾ ਜਿੱਤਿਆ। ਉਹਨੇ 5 ਵਾਰ ਗਰਾਂ-ਪ੍ਰੀ ਇੰਟਰਨੈਸ਼ਨਲ ਟੂਰਨਾਮੈਂਟ ਤੇ 2 ਵਾਰ ਸੀਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿਚ ਹਿੱਸਾ ਲਿਆ, ਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਉਹਨੇ 3 ਵਾਰ ਸੀਨੀਅਰ ਵਰਲਡ ਚੈਂਪੀਅਨਸ਼ਿਪ ਵਿਚ ਹਿੱਸਾ ਲਿਆ। 2003 ਵਿਚ ਚੌਧਰੀ ਦੇਵੀ ਲਾਲ ਗੋਲਡ ਕੱਪ ਵਰਲਡ ਕੁਸ਼ਤੀ ਟੂਰਨਾਮੈਂਟ ਵਿਚ ਹਿੱਸਾ ਲਿਆ।

ਯੂ.ਪੀ. ਸਰਕਾਰ ਵੱਲੋਂ 2006 ਵਿਚ ਜਗਦੀਸ਼ ਕਾਲੀਰਮਨ ਨੂੰ ਯਸ਼ ਭਾਰਤੀ ਦਾ ਐਵਾਰਡ ਦਿੱਤਾ ਗਿਆ। 2000 ਵਿਚ ਉਹ ਯੂ.ਪੀ. ਪੁਲਿਸ ਵਿਚ ਸਪੋਰਟਸ ਕੋਟੇ ਉਤੇ ਸਬ ਇੰਸਪੈਕਟਰ ਲੱਗਾ। 2005 ਵਿਚ ਸੀਨੀਆਰਟੀ ਤੋਂ ਬਿਨਾਂ ਹੀ ਬਿਹਤਰੀਨ ਖੇਡ ਪ੍ਰਾਪਤੀ ਕਰ ਕੇ ਉਸ ਨੂੰ ਇੰਸਪੈਕਟਰ ਦੀ ਤਰੱਕੀ ਦਿੱਤੀ ਗਈ। ਹੁਣ ਉਹ ਯੂ.ਪੀ. ਪੁਲਿਸ ਵਿਚ ਲੜਕੇ ਅਤੇ ਲੜਕੀਆਂ ਦਾ ਚੀਫ਼ ਕੋਚ ਹੈ।

ਜਗਦੀਸ਼ ਕਾਲੀਰਮਨ ਨੇ ਆਪਣੇ ਪਿਤਾ ਮਾਸਟਰ ਚਾਂਦਗੀ ਰਾਮ ਦੀ ਯਾਦ ਵਿਚ ਟੂਰਨਾਮੈਂਟ ਕਰਵਾਉਣਾ ਸ਼ੁਰੂ ਕੀਤਾ। ਆਲ ਇੰਡੀਆ ਚਾਂਦਗੀ ਰਾਮ ਗੋਲਡ ਕੱਪ ਕੁਸ਼ਤੀ ਟੂਰਨਾਮੈਂਟ 2010 ਤੋਂ ਭਾਰਤੀ ਕੁਸ਼ਤੀ ਸੰਘ ਦੀ ਅਗਵਾਈ ਥੱਲੇ ਕਰਵਾਇਆ ਜਾ ਰਿਹਾ ਹੈ। ਭਾਰਤੀ ਕੁਸ਼ਤੀ ਸੰਘ ਨੇ ਇਸ ਟੂਰਨਾਮੈਂਟ ਨੂੰ ਮਾਨਤਾ ਦਿੱਤੀ ਹੋਈ ਹੈ। ਇਸ ਟੂਰਨਾਮੈਂਟ ਦਾ ਸਮੁੱਚਾ ਪ੍ਰਬੰਧ ਚਾਂਦਗੀ ਰਾਮ ਸਪੋਰਟਸ ਵੈਲਫ਼ੇਅਰ ਚੈਰੀਟੇਬਲ ਟਰੱਸਟ ਕਰਦਾ ਹੈ। ਜਗਦੀਸ਼ ਕਾਲੀਰਮਨ ਨੈਸ਼ਨਲ ਚੈਨਲ ਦੂਰਦਰਸ਼ਨ (ਡੀ.ਡੀ. ਸਪੋਰਟਸ) ਵਿਚ ਕੁਮੈਂਟਰੀ ਵੀ ਕਰਦਾ ਹੈ। ਉਸ ਨੇ ਖ਼ਬਰਾਂ ਦੇ ਵੱਖਰੇ-ਵੱਖਰੇ ਚੈਨਲਾਂ 'ਤੇ ਕੁਸ਼ਤੀ ਮਾਹਿਰ ਦੇ ਤੌਰ 'ਤੇ ਵੀ ਕੰਮ ਕੀਤਾ ਹੈ।

ਜਗਦੀਸ਼ ਕਾਲੀਰਮਨ ਦਾ ਸੁਭਾਅ ਮਿਲਣਸਾਰ ਹੈ। ਉਹ ਅਕਸਰ ਅਮਰੀਕਾ ਗੇੜਾ ਮਾਰਦਾ ਹੈ। ਉਸ ਦਾ ਕਹਿਣਾ ਹੈ ਕਿ ਪੁਰਾਣੇ ਸਮਿਆਂ ਵਿਚ ਪਹਿਲਵਾਨ ਜ਼ਿਆਦਾਤਰ ਡੰਡ-ਬੈਠਕਾਂ ਕੱਢਿਆ ਕਰਦੇ ਸਨ, ਕੁਸ਼ਤੀਆਂ ਮਿੱਟੀ 'ਤੇ ਹੁੰਦੀਆਂ ਸਨ, ਪਰ ਹੁਣ ਬਹੁਤੇ ਟੂਰਨਾਮੈਂਟ ਮੈਟ ਉਤੇ ਕਰਵਾਏ ਜਾਂਦੇ ਹਨ; ਭਾਵੇਂ ਪਿੰਡਾਂ ਦੀਆਂ ਕਾਫ਼ੀ ਛਿੰਜਾਂ ਅਜੇ ਵੀ ਮਿੱਟੀ 'ਤੇ ਹੁੰਦੀਆਂ ਹਨ। ਅੱਜ ਕੱਲ੍ਹ ਡੰਡ-ਬੈਠਕਾਂ ਦੀ ਜਗ੍ਹਾ ਵੇਟ ਟ੍ਰੇਨਿੰਗ ਨੇ ਲੈ ਲਈ ਹੈ। ਅਜੋਕੇ ਸਮੇਂ ਵਿਚ ਮੁਕਾਬਲਤਨ ਜ਼ਿਆਦਾ ਸਹੂਲਤਾਂ ਹਨ।

ਜਗਦੀਸ਼ ਕਾਲੀਰਮਨ ਦੇ ਭਾਣਜੇ ਦੇਵਵ੍ਰਤ ਚੌਧਰੀ ਨੇ 26 ਅਤੇ 27 ਦਸੰਬਰ 2013 ਨੂੰ ਆਲ ਇੰਡੀਆ ਚਾਂਦਗੀ ਰਾਮ ਗੋਲਡ ਕੱਪ ਟੂਰਨਾਮੈਂਟ ਵਿਚੋਂ ਭਾਰਤ ਕੇਸਰੀ ਦਾ ਖਿਤਾਬ ਜਿੱਤਿਆ। ਇਸ ਪਰਿਵਾਰ ਦੀ ਪਹਿਲਵਾਨੀ ਵਿਚ ਇਹ ਤੀਜੀ ਪੀੜ੍ਹੀ ਹੈ। ਪਹਿਲਾਂ ਮਾਸਟਰ ਚਾਂਦਗੀ ਰਾਮ, ਫਿਰ ਜਗਦੀਸ਼ ਕਾਲੀਰਮਨ ਤੇ ਸੋਨਿਕਾ ਕਾਲੀਰਮਨ ਅਤੇ ਹੁਣ ਦੇਵਵ੍ਰਤ ਚੌਧਰੀ। ਜਗਦੀਸ਼ ਕਾਲੀਰਮਨ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੂੰ ਵੱਧ ਤੋਂ ਵੱਧ ਕੁਸ਼ਤੀ ਟ੍ਰੇਨਿੰਗ ਸੈਂਟਰ ਖੋਲ੍ਹਣੇ ਚਾਹੀਦੇ ਹਨ ਜਿਥੋਂ ਭਾਰਤ ਦੇ ਪਹਿਲਵਾਨ ਵਧੀਆ ਟ੍ਰੇਨਿੰਗ ਲੈ ਕੇ ਏਸ਼ੀਆ, ਕਾਮਨਵੈਲਥ ਅਤੇ ਉਲੰਪਿਕ ਵਿਚ ਵੱਧ ਤੋਂ ਵੱਧ ਮੈਡਲ ਜਿੱਤ ਸਕਣ।

## ਖੇਡ ਸੰਸਾਰ

# ਹਰਭਜਨ ਹਲਵਾਰਵੀ ਤੇ ਵਰਿਆਮ ਸਿੰਘ ਸੰਧੂ

'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਵਰਿਆਮ ਸਿੰਘ ਸੰਧੂ ਦਾ ਆਪਣੇ ਯਾਰ ਹਰਭਜਨ ਹਲਵਾਰਵੀ ਬਾਰੇ ਲਿਖਿਆ ਲੇਖ 'ਮੇਰਾ ਯਾਰ ਹਲਵਾਰਵੀ' ਪੜ੍ਹਿਆ। ਬਹੁਤ ਵਧੀਆ ਲੱਗਾ। ਮੈਂ ਵੀ ਹਰਭਜਨ ਹਲਵਾਰਵੀ ਤੇ ਵਰਿਆਮ ਸਿੰਘ ਸੰਧੂ ਦਾ ਸਾਥ ਮਾਣਿਆ ਹੈ। ਵਰਿਆਮ ਜਿਥੇ ਮੇਰਾ ਲੰਗੋਟੀਆ ਯਾਰ ਹੈ, ਉਥੇ ਉਹ ਮੇਰੇ ਛੋਟੇ ਵੀਰਾਂ ਵਰਗਾ ਵੀ ਹੈ। ਉਹ ਹਮੇਸ਼ਾ ਮੈਨੂੰ ਵੱਡੇ ਭਰਾਵਾਂ ਵਾਲਾ ਮਾਣ ਦਿੰਦਾ ਹੈ। ਮੇਰਾ ਤੇ ਵਰਿਆਮ ਦਾ ਮੇਲ 1962 ਵਿਚ ਹੋਇਆ ਜਦੋਂ ਉਹ ਤੇ ਮੈਂ, ਗੌਰਮਿੰਟ ਬੇਸਿਕ ਟ੍ਰੇਨਿੰਗ ਸਕੂਲ ਸਰਹਾਲੀ (ਅੰਮ੍ਰਿਤਸਰ) ਵਿਖੇ ਜੇ.ਬੀ.ਟੀ. ਕਰਨ ਵਾਸਤੇ ਦਾਖਲ ਹੋਏ। ਉਸ ਵਕਤ ਉਸ ਦੀ ਉਮਰ 17 ਸਾਲ ਦੀ ਸੀ ਅਤੇ ਉਹ ਉਸ ਵੇਲੇ ਪਤਲਾ ਜਿਹਾ ਤੇ ਅਲੂੰਆਂ ਮੁੰਡਾ ਸੀ। ਸੋਹਣ ਸਿੰਘ ਸੀਤਲ ਦੇ ਲਿਖੇ 'ਸਿੱਖ ਰਾਜ ਕਿਵੇਂ ਗਿਆ?' ਵਿਚੋਂ ਉਹ ਜਦੋਂ ਕੰਵਰ ਨੌਨਿਹਾਲ ਸਿੰਘ ਦੀ ਮੌਤ ਦੀ ਕਵਿਤਾ 'ਛੱਜਾ ਡਿਗਿਆ ਕਿਸਮਤ ਪੰਜਾਬ ਦੀ 'ਤੇ, ਫੱਟੜ ਮਹਾਰਾਜਾ ਨੌਨਿਹਾਲ ਹੋਇਆ' ਤਰੰਨੁਮ ਵਿਚ ਗਾ ਕੇ ਸੁਣਾਉਂਦਾ, ਤਾਂ ਕਈ ਸੰਵੇਦਨਸ਼ੀਲ ਮੁੰਡੇ ਭਾਵੁਕ ਹੋ ਕੇ ਅੱਖਾਂ ਵਿਚ ਅੱਥਰੂ ਭਰ ਲੈਂਦੇ। ਮੈਂ ਵੀ ਢਾਡੀਆਂ ਨੂੰ ਸੁਣਨ ਦਾ ਸ਼ੌਕੀਨ ਸਾਂ। ਅਸੀਂ ਇਕ-ਦੂਜੇ ਦੇ ਗੂੜ੍ਹੇ ਮਿੱਤਰ ਬਣ ਗਏ। ਉਸ ਦੀਆਂ ਕੁਝ ਕਹਾਣੀਆਂ 'ਅਕਾਲੀ ਪੱਤਰਕਾ' ਵਿਚ ਛਪੀਆਂ ਸਨ। ਇਨ੍ਹਾਂ ਕਹਾਣੀਆਂ ਦੀ ਕਟਿੰਗਜ਼ ਉਸ ਨੇ ਆਪਣੇ ਟਰੰਕ ਵਿਚ ਸੰਭਾਲ ਕੇ ਰੱਖੀਆਂ ਸਨ। ਕਹਾਣੀਆਂ ਦਾ ਨਾਂ ਸੀ- 'ਗੰਡ ਦੇ ਦਵਾਲੇ', 'ਵਿਸਾਹਘਾਤ' ਤੇ 'ਭੈਣ ਭਰਾ'। ਇਹ ਕਹਾਣੀਆਂ ਪੜ੍ਹ ਕੇ ਮੇਰੇ ਮਨ ਵਿਚ ਉਸ ਬਾਰੇ ਸਤਿਕਾਰ ਪੈਦਾ ਹੋਇਆ ਕਿ ਇੰਨੀ ਛੋਟੀ ਉਮਰ ਵਿਚ ਇਸ ਨੇ ਕਹਾਣੀਆਂ ਲਿਖੀਆਂ ਹਨ।

ਜੇ.ਬੀ.ਟੀ. ਕਰਨ ਤੋਂ ਬਾਅਦ ਅਸੀਂ ਦੋਵੇਂ ਆਪੋ-ਆਪਣੇ ਪਿੰਡਾਂ ਦੇ ਲਾਗੇ ਅਧਿਆਪਕ ਲੱਗ ਗਏ। ਅਸੀਂ ਹਰ ਵਿਸਾਖੀ, ਦੀਵਾਲੀ ਨੂੰ ਅੰਮ੍ਰਿਤਸਰ ਮੰਜੀ ਸਾਹਿਬ ਸੋਹਣ ਸਿੰਘ ਸੀਤਲ ਨੂੰ ਜ਼ਰੂਰ ਸੁਣਨ ਜਾਣਾ। ਅਸੀਂ ਇਕ-ਦੂਜੇ ਨੂੰ ਮਿਲਣ ਲਈ ਪਿੰਡ ਜਾਣਾ ਤੇ ਕਿੰਨੇ-ਕਿੰਨੇ ਦਿਨ ਇਕ-ਦੂਜੇ ਕੋਲ ਰਹਿਣਾ। ਨਕਸਲਬਾੜੀ ਲਹਿਰ ਉਦੋਂ ਪੰਜਾਬ ਤੱਕ ਪਹੁੰਚ ਚੁੱਕੀ ਸੀ। ਹਰਭਜਨ ਹਲਵਾਰਵੀ ਤੇ ਗੋਬਿੰਦਰ ਸਿੰਘ (ਅੱਜ ਕੱਲ੍ਹ ਸਿੱਖ ਚਿੰਤਕ ਅਜਮੇਰ ਸਿੰਘ) ਕ੍ਰਮਵਾਰ ਮਨੋਹਰ ਤੇ ਗੁਰਮੀਤ ਦੇ ਨਾਂਵਾਂ ਨਾਲ ਰਹਿ ਰਹੇ ਸਨ। ਇਹ ਦੋਵੇਂ ਉਸ ਵਕਤ ਕਲੀਨ-ਸ਼ੇਵ ਸਨ। ਜਦ ਪੰਜਾਬ ਵਿਚ ਨਕਸਲੀ ਲਹਿਰ ਕੁਝ ਮੱਠੀ ਪੈ ਗਈ, ਤਾਂ ਹਲਵਾਰਵੀ ਲੁਧਿਆਣੇ ਕਚਹਿਰੀਆਂ ਵਿਚ ਆਪ ਪੇਸ਼ ਹੋ ਗਿਆ। ਜਿਹੜੇ ਥਾਣਦੇਾਰ ਦੀ ਇਸ ਨੂੰ ਗ੍ਰਿਫਤਾਰ ਕਰਨ ਦੀ ਡਿਊਟੀ ਲੱਗੀ, ਉਹ ਗ੍ਰਿਫਤਾਰ ਕਰਨ ਵਿਚ ਕਾਮਯਾਬ ਨਹੀਂ ਸੀ ਹੋ ਸਕਿਆ ਤੇ ਇਸ ਨੂੰ ਕਚਹਿਰੀ ਵਿਚ ਆ ਕੇ ਮਿਲਿਆ ਤੇ ਕਹਿਣ ਲੱਗਾ, "ਭਰਾਵਾ, ਮੈਂ ਤੇਰੇ ਵਾਸਤੇ ਜੀਪ ਵਿਚ ਬੜਾ ਪੈਟਰੌਲ ਫੂਕਿਆ, ਪਰ ਤੂੰ ਮੇਰੇ ਕਾਬੂ ਨਹੀਂ ਆਇਆ।"

ਹਲਵਾਰਵੀ ਜਿਥੇ ਬੰਦੂਕ ਦੀ ਨਾਲੀ ਨਾਲ ਇਨਕਲਾਬ ਲਿਆਉਣਾ ਚਾਹੁੰਦਾ ਸੀ, ਉਥੇ ਉਹ ਸੰਵੇਦਨਸ਼ੀਲ ਵੀ ਬਹੁਤ ਸੀ। ਜ਼ਿੰਦਗੀ ਦੀਆਂ ਤਲਖ ਹਕੀਕਤਾਂ ਪ੍ਰਤੀ ਰੋਹ ਦੀ ਸੁਰ ਵਿਚ ਗੱਲ ਕਰਨ ਵਾਲਾ ਹਲਵਾਰਵੀ ਜਦੋਂ ਮੁਹੱਬਤ ਵਰਗੇ ਤਰਲ ਜਜ਼ਬੇ ਬਾਰੇ ਲਿਖਦਾ ਸੀ, ਤਾਂ ਅਜਿਹੇ ਅਮਰ ਸ਼ਿਅਰ ਦੀ ਰਚਨਾ ਹੁੰਦੀ ਸੀ,

ਸਿਖ਼ਰ ਦੁਪਹਿਰੇ 'ਕੱਲੇ ਰੁੱਖ 'ਤੇ
ਇਕ ਪੰਛੀ ਕੁਰਲਾਵੇ,
ਆਪੇ ਦਰਦ ਕਹਾਣੀ ਆਖੇ
ਆਪੇ ਭਰੇ ਹੁੰਗਾਰਾ।
ਤੇਰੀ ਤੇਹ ਦੀ ਸੀਮਾ ਤਾਂ ਸੀ
ਇਕ ਦੋ ਬੂੰਦਾਂ ਪਾਣੀ,
ਬੱਸ ਐਵੇਂ ਹੀ ਪਿਘਲ ਗਿਆ ਸਾਂ
ਮੈਂ ਸਾਰੇ ਦਾ ਸਾਰਾ।

ਉਸ ਦੀ ਇਸ ਕਾਵਿਕ ਯੋਗਤਾ ਦੀ ਪਛਾਣ ਕਰਦਿਆਂ ਸਾਹਿਤਕ ਸਿਆਣਿਆਂ ਨੇ ਉਸ ਨੂੰ 'ਰੋਹ, ਵਿਦਰੋਹ ਤੇ ਮੋਹ' ਦਾ ਸ਼ਾਇਰ ਆਖਿਆ ਸੀ।

ਵਰਿਆਮ ਸਿੰਘ ਸੰਧੂ ਪੰਜਾਬੀ ਦਾ ਇਸ ਵੇਲੇ ਸਿਰਮੌਰ ਕਹਾਣੀਕਾਰ ਹੈ। ਵਧੀਆ ਕਹਾਣੀਕਾਰ ਹੋਣ ਦੇ ਨਾਲ-ਨਾਲ ਉਹ ਅਣਖੀ, ਸੱਚਾ-ਸੁੱਚਾ ਤੇ ਅਸਲੀਅਤ ਨੂੰ ਤਰਜੀਹ ਦੇਣ ਵਾਲਾ ਇਨਸਾਨ ਹੈ। ਸੱਚੀ ਗੱਲ ਕਹਿਣ ਤੋਂ ਉਹ ਕਿਸੇ ਖੱਬੀਖਾਨ ਦੀ ਵੀ ਪ੍ਰਵਾਹ ਨਹੀਂ ਕਰਦਾ। ਉਸ ਦੀਆਂ ਕਹਾਣੀਆਂ ਦੇ ਜਿੰਨੇ ਵੀ ਪਾਤਰ ਹਨ, ਸਭ ਉਸ ਦੇ ਵੇਖੇ-ਡਿੱਠੇ ਹਨ। ਉਸ ਦੀ ਕਹਾਣੀਆਂ 'ਅਸਲੀ ਤੇ ਵੱਡੀ ਹੀਰ' ਅਤੇ 'ਨੌਂ ਬਾਰਾਂ ਦਸ' ਦੇ ਪਾਤਰ ਮੇਰੇ ਪਿੰਡ ਦੇ ਹਨ; ਸੱਜਣ, ਨਿੰਦਰ, ਭਿੱਲੀ, ਛਿੰਨੋ ਅਤੇ ਨੈਤਾ ਆਦਿ। 'ਨੌਂ ਬਾਰਾਂ ਦਸ' ਕਹਾਣੀ ਦਾ ਮੁੱਖ ਪਾਤਰ ਨਿੰਦਰ ਮੇਰਾ ਕਾਮਾ ਸੀ। ਇਸ ਕਹਾਣੀ ਖਾਤਰ ਪਤਾ ਨਹੀਂ, ਉਹ ਕਿੰਨੀ ਵਾਰੀ ਮੇਰੇ ਪਿੰਡ ਆਇਆ! ਨਿੰਦਰ ਦੀਆਂ ਗੱਲਾਂ ਦੀ ਰਿਕਾਰਡਿੰਗ ਕਰ ਕੇ ਜਲੰਧਰ ਖੜਦਾ ਰਿਹਾ। ਇਹ ਸੱਚੀ ਕਹਾਣੀ ਸੀ, ਪਰ ਦਲਿਤ ਲੇਖਕਾਂ ਨੇ ਉਸ ਵਿਰੁਧ ਬੜਾ ਪ੍ਰਚਾਰ ਕੀਤਾ ਕਿ ਵਰਿਆਮ ਸਿੰਘ ਸੰਧੂ ਦਲਿਤ ਵਿਰੋਧੀ ਹੈ; ਪਰ ਇਹ ਗੱਲ ਬਿਲਕੁਲ ਗਲਤ ਹੈ। ਉਹ ਤਾਂ ਇਨਸਾਨੀਅਤ ਦਾ ਪੁਜਾਰੀ ਹੈ। ਜਦੋਂ ਅਸੀਂ ਜੇ.ਬੀ.ਟੀ. ਕਰਦੇ ਸੀ, ਤਾਂ ਪੰਜ ਮੁੰਡਿਆਂ ਦਾ ਜੁੱਟ ਹੁੰਦਾ ਸੀ ਜਿਸ ਵਿਚੋਂ ਦੋ ਦਲਿਤ ਸਨ। ਅਸੀਂ ਪੰਜੇ ਜਦੋਂ ਕੋਈ ਅਲੱਗ ਸਪੈਸ਼ਲ ਸਬਜ਼ੀ ਬਣਾਉਂਦੇ ਸੀ, ਤਾਂ ਇਕੋ ਭਾਂਡੇ ਵਿਚ ਖਾਂਦੇ ਸਾਂ।

ਵਰਿਆਮ ਨੂੰ ਸਾਹਿਤ ਅਕਾਡਮੀ ਦਿੱਲੀ ਦਾ ਇਨਾਮ ਮਿਲ ਚੁੱਕਾ ਹੈ, ਪਰ ਦੂਜੇ ਲੇਖਕਾਂ ਵਾਂਗ ਉਸ ਨੇ ਕਦੇ ਕਿਸੇ ਦੀ ਚਾਪਲੂਸੀ ਨਹੀਂ ਕੀਤੀ। ਸਾਡੇ ਦੇਸ਼ ਵਿਚ ਲਿਆਕਤ ਦੀ ਕਦਰ ਨਹੀਂ। ਸਿਫਾਰਸ਼ੀ ਤੇ ਪੈਸੇ ਵਾਲੇ ਨਾਲਾਇਕ ਬੰਦਿਆਂ ਦੀ ਕਦਰ ਹੈ। ਕਾਲਜ ਲੱਗਣ ਲਈ ਉਸ ਨੇ ਬੜੀਆਂ ਇੰਟਰਵਿਊਆਂ ਦਿੱਤੀਆਂ। ਹੱਕਦਾਰ ਹੋਣ ਦੇ ਬਾਵਜੂਦ ਉਹਦੀ ਕਦੀ ਚੋਣ ਨਾ ਹੋਈ, ਤਾਂ ਉਹਨੇ ਕਿਤੇ ਵੀ ਅਪਲਾਈ ਨਾ ਕਰਨ ਦਾ ਮਨ ਬਣਾ ਲਿਆ। ਲਾਇਲਪੁਰ ਖਾਲਸਾ ਕਾਲਜ ਵਿਚ ਵੀ ਉਹ ਹਰਭਜਨ ਹਲਵਾਰਵੀ ਅਤੇ ਪੰਜਾਬੀ ਵਿਭਾਗ ਦੇ ਮੁਖੀ ਨਿਰੰਜਨ ਸਿੰਘ ਢੇਸੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਚੁਣਿਆ ਗਿਆ, ਪਰ ਆਪਣਾ ਸਵੈਮਾਣ ਉਸ ਨੇ ਕਾਇਮ ਰੱਖਿਆ। ਉਹਦੀ ਵਾਕਫੀਅਤ ਪੰਜਾਬ ਦੇ ਵੱਡੇ-ਵੱਡੇ ਸਿਆਸਤਦਾਨਾਂ, ਅਫਸਰਾਂ ਤੇ ਪੱਤਰਕਾਰਾਂ ਨਾਲ ਹੈ, ਪਰ ਆਪਣੇ ਤਿੰਨ ਲਾਇਕ ਬੱਚਿਆਂ ਦੀ ਐਡਜਸਟਮੈਂਟ ਬਾਰੇ ਕਿਸੇ ਨੂੰ ਨਹੀਂ ਕਿਹਾ। ਉਸ ਦੇ ਬੱਚੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਅੱਵਲ ਆਉਂਦੇ ਰਹੇ ਹਨ।

ਮੇਰੀ ਤੇ ਉਸ ਦੀ ਦੋਸਤੀ ਦੀ ਉਮਰ ਇਸ ਵੇਲੇ 52 ਸਾਲ ਹੈ ਤੇ ਅੱਜ ਤੱਕ ਨਿਭ ਰਹੀ ਹੈ। ਜਿਥੇ ਉਸ ਵਿਚ ਸ਼ਿੱਦਤ ਦੀ ਹੱਦ ਤੱਕ ਈਗੋ ਹੈ, ਉਥੇ ਉਹ ਭਾਵੁਕ ਵੀ ਬਹੁਤ ਹੈ। 1969 ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬਾਬੇ ਬਕਾਲੇ ਰੈਡ ਕਲਾਸ ਦਾ 10 ਦਿਨਾਂ ਦਾ ਕੈਂਪ ਲੱਗਾ। ਕੈਂਪ ਵਿਚ ਉਸ ਦੀ ਭਾਸ਼ਨ ਕਲਾ ਤੇ ਕਵਿਤਾਵਾਂ ਕਹਿਣ ਦੇ ਅੰਦਾਜ਼ ਤੋਂ ਇਕ ਕੁੜੀ ਉਸ ਵੱਲ ਖਿੱਚੀ ਗਈ। ਕੈਂਪ ਦੇ ਆਖਰੀ ਦਿਨਾਂ ਵਿਚ ਉਸ ਕੁੜੀ ਨੇ ਇਕ ਡਰਾਮੇ ਵਿਚ ਮੁੰਡੇ ਦਾ ਰੋਲ ਕਰਨਾ ਸੀ। ਉਹ ਇਸ ਦਾ ਕੁੜਤਾ ਮੰਗ ਕੇ ਲੈ ਗਈ। ਡਰਾਮੇ ਤੋਂ ਬਾਅਦ ਜਦੋਂ ਅਸੀਂ ਦੋਵੇਂ ਕਮੀਜ਼ ਲੈਣ ਗਏ ਤਾਂ ਉਸ ਨੇ ਕਿਹਾ ਕਿ ਬਾਅਦ ਵਿਚ ਆਇਓ, ਕਮੀਜ਼ ਦੇ ਦਿਆਂਗੀ। ਅਸੀਂ ਦੋਵਾਂ ਨੇ ਦੋ-ਤਿੰਨ ਫੇਰੇ ਮਾਰੇ, ਪਰ ਉਸ ਨੇ ਕਮੀਜ਼ ਨਾ ਦਿੱਤਾ। ਵਰਿਆਮ ਉਸ ਨਾਲ ਗਰਮ ਹੋ ਗਿਆ, ਉਹ ਕਮਰੇ ਵਿਚ ਉਚੀ-ਉਚੀ ਰੋਣ ਲੱਗ ਪਈ, ਤੇ ਰੋਂਦਿਆਂ ਹੀ ਉਸ ਕਮੀਜ਼ ਦੇ ਦਿੱਤਾ। ਮੈਂ ਕਿਹਾ, 'ਤੂੰ ਗਲਤ ਕੀਤਾ, ਉਹ ਕੁੜੀ ਤੈਨੂੰ ਦਿਲੋਂ ਪਿਆਰ ਕਰਦੀ ਹੈ, ਤੂੰ ਉਸ ਦਾ ਦਿਲ ਤੋੜ ਦਿੱਤਾ।' ਮੈਨੂੰ ਵੀ ਪੈ ਗਿਆ, 'ਜਾਹ ਤੂੰ ਐਵੇਂ ਮਾਰਦਾ ਰਹਿੰਨੈ।' ਮੈਂ ਚੁੱਪ ਕਰ ਗਿਆ। ਜਦ ਅਸੀਂ ਅੰਮ੍ਰਿਤਸਰ ਵਾਲੀ ਬੱਸ 'ਤੇ ਬੈਠੇ ਤਾਂ ਕਹਿੰਦਾ, 'ਯਾਰ ਤੇਰੀ ਗੱਲ ਤਾਂ ਠੀਕ ਆ, ਮੈਂ ਉਸ ਤੋਂ ਮੁਆਫੀ ਮੰਗ ਲੈਨਾਂ ਅੰਮ੍ਰਿਤਸਰ ਬੱਸ ਅੱਡੇ 'ਤੇ।' ਮੈਂ ਕਿਹਾ, 'ਉਹ ਤਰਨ ਤਾਰਨ ਦੀ ਹੈ। ਉਹਨੇ ਜੰਡਿਆਲਿਓਂ ਤਰਨ ਤਾਰਨ ਵਾਲੀ ਬੱਸ ਫੜਨੀ ਹੈ। ਅੰਮ੍ਰਿਤਸਰ ਅੱਡੇ ਤਾਂ ਉਹਨੇ ਜਾਣਾ ਹੀ ਨਹੀਂ।' ਅੰਮ੍ਰਿਤਸਰ ਤੱਕ ਉਹ ਚੁੱਪ ਹੀ ਰਿਹਾ ਤੇ ਮੇਰੇ ਨਾਲ ਕੋਈ ਗੱਲ ਨਾ ਕੀਤੀ।



*ਵਰਿਆਮ ਸਿੰਘ ਸੰਧੂ, ਕੁਲਦੀਪ ਸਿੰਘ ਯੂਨੀਅਨ ਸਿਟੀ ਅਤੇ ਜਸਵੰਤ ਸਿੰਘ ਸੰਧੂ*

***-ਜਸਵੰਤ ਸਿੰਘ ਸੰਧੂ (ਘਰਿੰਡਾ)***
***ਯੂਨੀਅਨ ਸਿਟੀ, ਕੈਲੀਫੋਰਨੀਆ***
***ਫੋਨ: 510-516-5971***

## ਸੰਪਾਦਕ ਦੀ ਡਾਕ

---

## ਦੀਵਾਲੀ ਦੀ ਰਾਤਿ...

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਸ. ਮਝੈਲ ਸਿੰਘ ਸਰਾਂ ਦਾ ਲੇਖ 'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ' ਪੜ੍ਹ ਕੇ ਅੱਖਾਂ 'ਤੇ ਅਗਿਆਨ ਦੀ ਬੱਝੀ ਪੱਟੀ ਖੁੱਲ੍ਹ ਗਈ। ਮਝੈਲ ਸਿੰਘ ਸਰਾਂ ਸੱਚ ਲਿਖਣ ਅਤੇ ਆਪ ਉਸ ਸੱਚ ਨੂੰ ਛਾਪਣ ਲਈ- ਦੋਵੇਂ ਹੀ ਵਧਾਈ ਦੇ ਪਾਤਰ ਹੋ। ਮੇਰੀ ਸੱਚੇ ਦਿਲੋਂ ਅਰਦਾਸ ਹੈ ਕਿ ਪਰਮਾਤਮਾ ਸ. ਸਰਾਂ ਦੀ ਕਲਮ ਨੂੰ ਹੋਰ ਤਾਕਤ ਬਖਸ਼ੇ ਤਾਂ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਵਿਦਵਤਾ ਭਰਪੂਰ ਲੇਖ ਲਿਖਦੇ ਰਹਿਣ।

***-ਅਮਰਜੀਤ ਸਿੰਘ ਹੁੰਦਲ***
***ਫੋਨ: 408-439-4761***

## ਪੰਜਾਬ ਸੰਕਟ ਦੀ ਬਾਤ ਪਾਉਂਦੇ ਨਾਵਲ 'ਗਵਾਹ ਦੇ ਫ਼ਨਾਹ ਹੋਣ ਤੋਂ ਪਹਿਲਾਂ' ਦਾ ਨਵੰਬਰ-84 ਨਾਲ ਸਬੰਧਤ ਅੰਸ਼

# ਜਮੁਨਾ ਪੁਲ 'ਤੇ ਟੰਗਿਆ ਦਰਦ

*'ਗਵਾਹ ਦੇ ਫਨਾਹ ਹੋਣ ਤੋਂ ਪਹਿਲਾਂ' ਨੌਜਵਾਨ ਲੇਖਕ ਅਮਨਦੀਪ ਸੰਧੂ ਦੇ ਅੰਗਰੇਜ਼ੀ ਨਾਵਲ 'ਰੋਲ ਆਫ ਔਨਰ' ਦਾ ਪੰਜਾਬੀ ਤਰਜਮਾ ਹੈ ਜਿਸ ਵਿਚ ਪੰਜਾਬ ਸੰਕਟ ਦਾ ਪਿਛੋਕੜ ਫਰੋਲਿਆ ਗਿਆ ਹੈ। ਲੋਕਗੀਤ ਪ੍ਰਕਾਸ਼ਨ ਵੱਲੋਂ ਹੁਣੇ-ਹੁਣੇ ਛਾਪੇ ਇਸ ਨਾਵਲ ਦਾ ਤਰਜਮਾ ਦਲਜੀਤ ਅਮੀ ਨੇ ਕੀਤਾ ਹੈ। ਅਮਨਦੀਪ ਅੱਜ ਕੱਲ੍ਹ ਬੰਗਲੌਰ ਰਹਿੰਦਾ ਹੈ ਅਤੇ ਜਰਮਨੀ ਦੇ ਐਕਡੀਮੀਆ ਸਕਲੌਸ ਸੋਲੀਟਿਊਡ, ਸਟੱਟਗਰਾਟ ਦਾ ਫੈਲੋ ਹੈ। ਉਹਨੇ ਹੈਦਰਾਬਾਦ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਦੀ ਮਾਸਟਰਜ਼ ਅਤੇ ਏਸ਼ੀਅਨ ਸਕੂਲ ਆਫ ਜਰਨਲਿਜ਼ਮ ਤੋਂ ਪੱਤਰਕਾਰੀ ਦਾ ਡਿਪਲੋਮਾ ਕੀਤਾ ਹੈ। 'ਇਕਨੌਮਿਕਸ ਟਾਈਮਜ਼' ਵਿਚ ਬਤੌਰ ਪੱਤਰਕਾਰ ਅਤੇ ਇਨਫਰਮੇਸ਼ਨ ਟੈਕਨਾਲੋਜੀ ਦੀਆਂ ਨੋਵੈਲ, ਓਰੈਕਲ ਅਤੇ ਕੇਡੈਂਸ ਡਿਜ਼ਾਇਨ ਸਿਸਟਮਜ਼ ਜਿਹੀਆਂ ਸਰਵੋਤਮ ਕੰਪਨੀਆਂ ਲਈ ਉਹਨੇ ਤਕਨੀਕੀ ਲੇਖਕ ਵਜੋਂ ਕੰਮ ਕੀਤਾ। ਉਹਦਾ ਪਹਿਲਾ ਨਾਵਲ 'ਸੇਪੀਆ ਲੀਵਜ਼' 2007 ਵਿਚ ਛਪਿਆ ਸੀ। -ਸੰਪਾਦਕ*

ਅੰਮ੍ਰਿਤਸਰ ਤੋਂ ਪਟਿਆਲੇ ਦਾ ਸਫਰ ਤਕਰੀਬਨ ਚਾਰ ਘੰਟਿਆਂ ਦਾ ਸੀ। ਸਰਹੰਦ ਪਹੁੰਚ ਕੇ ਮੈਂ ਦੋਚਿੱਤੀ ਵਿਚ ਸੀ ਕਿ ਉਤਰ ਕੇ ਬੱਸ ਫੜਾਂ, ਜਾਂ ਰਾਜਪੁਰੇ ਤੱਕ ਬੈਠਾ ਰਹਾਂ। ਰਾਜਪੁਰਾ ਲੰਘਣ ਤੋਂ ਬਾਅਦ ਅੰਬਾਲਾ ਆ ਗਿਆ ਪਰ ਮੇਰਾ ਉਤਰਨ ਨੂੰ ਚਿੱਤ ਨਾ ਕੀਤਾ। ਗੱਡੀ ਦਿੱਲੀ ਜਾ ਰਹੀ ਸੀ ਪਰ ਮੇਰਾ ਮਨ ਉਥੇ ਪਹੁੰਚ ਚੁੱਕਿਆ ਸੀ।

ਦਿੱਲੀ ਮੇਰੀ ਕੋਈ ਜਾਣ-ਪਛਾਣ ਨਹੀਂ ਸੀ ਪਰ ਅੰਮ੍ਰਿਤਸਰ ਵਿਚ ਸੁਣੇ ਕਤਲੇਆਮ ਦੇ ਕਿੱਸੇ ਅਤੇ ਅਫਵਾਹਾਂ ਮੈਨੂੰ ਆਵਾਜ਼ਾਂ ਮਾਰ ਰਹੇ ਸਨ। ਮੈਂ ਸਭ ਕੁਝ ਅੱਖੀਂ ਦੇਖਣਾ ਚਾਹੁੰਦਾ ਸੀ। ਮੈਂ ਸੋਚਿਆ ਕਿ ਦਿੱਲੀ ਉਤਰ ਕੇ ਵਾਪਸੀ ਦੀ ਰੇਲ ਗੱਡੀ ਚੜ੍ਹ ਜਾਵਾਂਗਾ।

ਦਿੱਲੀ ਦੇ ਰੇਲਵੇ ਸਟੇਸ਼ਨ ਉਤੇ ਟਾਵਾਂ-ਟਾਵਾਂ ਬੰਦਾ ਫਿਰਦਾ ਸੀ। ਪਲੇਟਫਾਰਮ ਉਤੇ ਸੁੰਨ ਪਸਰੀ ਹੋਈ ਸੀ। ਟੈਕਸੀ ਅਤੇ ਆਟੋ ਰਿਕਸ਼ੇ ਵਾਲੇ ਵੀ ਕੁਝ ਹੀ ਬੰਦੇ ਸਨ। ਦਿੱਲੀ ਦੀ ਛਾਉਣੀ ਵੱਲੋਂ ਸਾਗਰਪੁਰ ਨੂੰ ਇੱਕ ਬੱਸ ਜਾ ਰਹੀ ਸੀ। ਆਪਣਾ ਬੈਗ ਮੋਢੇ ਉਤੇ ਪਾ ਕੇ ਮੈਂ ਬੱਸ ਚੜ੍ਹ ਗਿਆ। ਮੈਨੂੰ ਲੱਗਦਾ ਸੀ ਕਿ



ਅਮਨਦੀਪ ਸੰਧੂ

ਛਾਉਣੀ ਵਾਲੇ ਇਲਾਕੇ ਵਿਚ ਬਾਕੀ ਸ਼ਹਿਰੀ ਇਲਾਕੇ ਵਰਗਾ ਕੁਝ ਨਹੀਂ ਹੋਇਆ ਹੋਵੇਗਾ। ਮੈਂ ਦੇਖਿਆ ਕਿ ਬਹੁਤ ਸਾਰੀਆਂ ਇਮਾਰਤਾਂ ਧੁਆਂਖੀਆਂ ਪਈਆਂ ਸਨ। ਘਰਾਂ ਦੀਆਂ ਕੰਧਾਂ ਕੋਲੇ ਹੋ ਗਈਆਂ ਸਨ। ਖਿੜਕੀਆਂ ਦੇ ਸ਼ੀਸ਼ੇ ਟੁੱਟੇ ਹੋਏ ਸਨ। ਅੱਧਖੁੱਲ੍ਹੇ ਦਰਵਾਜ਼ੇ ਬਦਹਾਲ ਹੋਏ ਕਬਜ਼ਿਆਂ ਨਾਲ ਲਟਕੇ ਹੋਏ ਸਨ। ਆਬਾਦੀ ਦਾ ਨਾਮੋਨਿਸ਼ਾਨ ਨਹੀਂ ਸੀ। ਬੱਸ ਦੀ ਖਿੜਕੀ ਵਿਚੋਂ ਇਮਾਰਤਾਂ ਦੀ ਬੇਵਸੀ ਦੇਖੀ ਨਹੀਂ ਸੀ ਜਾਂਦੀ। ਕਾਲਖ਼ ਇਨ੍ਹਾਂ ਕੰਧਾਂ ਦੀ ਇੱਟ-ਇੱਟ ਉਸਾਰੀ ਕਰਨ-ਕਰਵਾਉਣ ਵਾਲਿਆਂ ਦੀ ਹੋਣੀ ਬਿਆਨ ਕਰਦੀ ਸੀ। ਬੇਆਬਾਦ ਕੰਧਾਂ ਆਪਣੇ ਅਨਾਥ ਹੋਣ ਦਾ ਦਰਦ ਹੰਢਾਅ ਰਹੀਆਂ ਸਨ। ਸੜਕ ਉਤੇ ਵਿਰਲਾ-ਟਾਵਾਂ ਜੀਅ ਦਿਖਦਾ ਸੀ। ਗੁਰਮੁਖੀ ਅੱਖਰਾਂ ਅਤੇ ਸਿੱਖ ਨਾਮਾਂ ਵਾਲੀਆਂ ਦੁਕਾਨਾਂ ਲੁੱਟੀਆਂ ਅਤੇ ਸਾੜੀਆਂ ਗਈਆਂ ਸਨ। ਕਦੇ ਸੌਦਿਆਂ ਅਤੇ ਸੇਵਾਵਾਂ ਦੀ ਦੱਸ ਪਾਉਣ ਵਾਲੇ ਫੱਟੇ ਬਦਹਾਲ ਸਨ। ਕੁਝ ਅੱਧਜਲੀਆਂ ਤਖ਼ਤੀਆਂ ਲਟਕ ਰਹੀਆਂ ਸਨ। ਕੁਝ ਫੱਟਿਆਂ-ਤਖ਼ਤੀਆਂ ਦੀਆਂ ਅਸਥੀਆਂ ਸੜਕਾਂ ਉਤੇ ਖਿੰਡੀਆਂ ਪਈਆਂ ਸਨ।

ਜਦੋਂ ਬੱਸ ਸਾਗਰਪੁਰ ਪਹੁੰਚ ਗਈ ਤਾਂ ਮੈਂ ਪਾਨ ਵਾਲੀ ਦੁਕਾਨ ਉਤੇ ਸੋਢਾ ਪੀਣ ਲਈ ਰੁਕ ਗਿਆ। ਮੈਂ ਪਾਨ ਵਾਲੇ ਤੋਂ ਮਰਨ ਵਾਲੇ ਲੋਕਾਂ ਬਾਰੇ ਪੁੱਛਿਆ। ਪਾਨ ਵਾਲਾ ਆਪਣੇ ਪਾਨ ਪੱਤਿਆਂ ਨੂੰ ਚੂਨਾ ਲਗਾਉਂਦਾ ਰਿਹਾ। ਉਹ ਸੁਪਾਰੀ, ਗੁਲਕੰਦ, ਸੌਫ਼ ਅਤੇ ਖੈਣੀ ਵਾਲੀਆਂ ਡੱਬੀਆਂ ਨੂੰ ਟਿਕਾਉਣ ਵਿਚ ਲੱਗਿਆ ਰਿਹਾ। ਸੋਢੇ ਦੀ ਝੱਗ ਬੈਠ ਗਈ ਤਾਂ ਪਾਨ ਵਾਲੇ ਨੇ ਮੂੰਹ ਖੋਲ੍ਹਿਆ: ਉਸ ਇਲਾਕੇ ਵਿਚ ਰੇਲ ਦੀ ਪਟੜੀ ਲਾਗੇ ਘੱਲੂਘਾਰਾ ਹੋਇਆ ਸੀ। ਚਾਰ ਸੌ ਲੋਕ ਥਾਂਏਂ ਮਾਰੇ ਗਏ ਸਨ। ਘੱਲੂਘਾਰਾ 31 ਅਕਤੂਬਰ ਦੀ ਸ਼ਾਮ ਨੂੰ ਹੀ ਸ਼ੁਰੂ ਹੋ ਗਿਆ ਸੀ। "ਦਵਾਰਕਾ ਤੋਂ ਜੀਪਾਂ ਭਰ ਕੇ ਲੋਕ ਆਏ ਸੀ।"

ਦਾਰ ਜੀ 'ਸ਼ਰਾਰਤੀ ਤੱਤਾਂ' ਦਾ ਜ਼ਿਕਰ ਕਰਦੇ ਸੀ। ਇਹ ਸ਼ਰਾਰਤੀ ਤੱਤ ਕੌਣ ਸਨ? "ਓਨ੍ਹਾਂ ਨੇ ਸਿਰਫ ਸਿੱਖਾਂ ਨੂੰ ਮਾਰਿਆ?"

ਪਾਨ ਵਾਲੇ ਨੇ ਲਾਲ ਮਲਮਲ ਦਾ ਕੱਪੜਾ ਬਾਲਟੀ ਵਿਚ ਗਿੱਲਾ ਕਰ ਕੇ ਨਚੋੜਿਆ ਅਤੇ ਉਸ ਨਾਲ ਪੱਤੇ ਢਕ ਦਿੱਤੇ।

"ਕਾਰਨ ਕੀ ਸੀ? ਕੋਈ ਜਵਾਬ ਹੈ ਇਸ ਗੱਲ ਦਾ?"

"ਹਾਂ! ਜਵਾਬ ਤਾਂ ਸਿੱਧਾ ਜਿਹਾ ਆ। ਸਿੱਖ ਇੰਦਰਾ ਗਾਂਧੀ ਦੀ ਮੌਤ ਤੋਂ ਬਹੁਤ ਖ਼ੁਸ਼ ਲੱਗਦੇ ਸੀ।"

"ਪਰ ਅਸਲ ਕਾਰਨ ਕੀ ਲੱਗਦੈ?"

"ਹੁਣ ਤੈਨੂੰ ਪਤਾ ਨ੍ਹੀਂ ਸਮਝ ਆਊ ਜਾਂ ਨਈਂ, ਪਰ ਸਿੱਖ ਗਰੀਬੀ ਨੇ ਮਾਰੇ ਨੇ।"

"ਮਤਲਬ ਸਿੱਖ ਗਰੀਬ ਸੀ?"

ਪਾਨ ਵਾਲਾ ਪਾਨ ਦੇ ਪੱਤਿਆਂ ਨੂੰ ਕੱਥਾ ਲਗਾਉਂਦਾ ਹੋਇਆ ਕਹਿ ਰਿਹਾ ਸੀ, "ਨਈਂ, ਸਿੱਖ ਤਾਂ ਅਮੀਰ ਸੀ। ਗ਼ਰੀਬ ਹਿੰਦੂਆਂ ਨੇ ਓਨ੍ਹਾਂ ਨੂੰ ਲੁੱਟਿਐ, ਨਾਲੇ ਮਾਰਿਐ।" ਮੇਰੇ ਤੁਰਨ ਤੋਂ ਪਹਿਲਾਂ ਉਸ ਨੇ ਮੈਨੂੰ ਮੱਤ ਦਿੱਤੀ, "ਇਹਨੂੰ ਦਿਲ ਨੂੰ ਲਾਉਣ ਦੀ ਲੋੜ ਨ੍ਹੀਂ, ਜਿੰਨਾ ਜਲਦੀ ਭੁੱਲ ਸਕੋ, ਭੁੱਲ ਜੋ।"

ਜਲੇ ਹੋਏ ਘਰਾਂ ਦੇ ਬਗ਼ੀਚਿਆਂ ਵਿਚ ਮੇਜ਼, ਕੁਰਸੀਆਂ, ਮੰਜੇ ਅਤੇ ਕੱਪੜੇ ਉਘੜ-ਦੁਘੜੇ ਖਿੰਡੇ ਪਏ ਸੀ। ਕੋਈ ਵਾਲੀ-ਵਾਰਸ ਨਹੀਂ ਸੀ। ਲੱਗਦਾ ਇੰਜ ਸੀ ਜਿਵੇਂ ਭੂਤ-ਪ੍ਰੇਤ ਇਸ ਇਲਾਕੇ ਵਿਚ ਖਿੰਡੀਆਂ ਜੈਵਿਕ ਅਤੇ ਨਿਰਜੀਵ ਅਸਥੀਆਂ ਦੀ ਰਾਖੀ ਕਰ ਰਹੇ ਹੋਣ। ਸਿਵੇ ਬੁਝ ਗਏ ਸਨ ਪਰ ਹਵਾ ਵਿਚ ਮਨੁੱਖੀ ਮਾਸ ਦੀ ਸੜਿਹਾਂਦ ਭਰੀ ਪਈ ਸੀ। ਇਨ੍ਹਾਂ ਅੰਗੀਠਿਆਂ ਦੀਆਂ ਅਸਥੀਆਂ ਕਿਸ ਨੇ ਚੁਗੀਆਂ ਹੋਣਗੀਆਂ? ਕਿੱਥੇ ਜਲ ਪ੍ਰਵਾਹ ਕੀਤੀਆਂ ਹੋਣਗੀਆਂ? ਹਰਿਦੁਆਰ? ਗੰਗਾ ਵਿਚ? ਕੌਣ ਅਸਥੀਆਂ ਪਾਉਣ ਕੀਰਤਪੁਰ ਸਾਹਿਬ ਗਿਆ ਹੋਵੇਗਾ? ਇਨ੍ਹਾਂ ਰਾਹਾਂ ਦਾ ਪੈਂਡਾ ਕਿੰਨਾ ਬਿਖੜਾ ਹੋਵੇਗਾ? ਕੁੱਤਿਆਂ ਅਤੇ ਇੱਲ੍ਹਾਂ ਨੇ ਲਾਸ਼ਾਂ ਨੂੰ ਚੂੰਡਿਆ ਹੋਵੇਗਾ? ਹੋ ਸਕਦਾ ਹੈ ਕਿ ਨਗਰ ਪਾਲਿਕਾ ਵਾਲਿਆਂ ਨੇ ਸਾਰੀਆਂ ਲਾਸ਼ਾਂ ਟਰੱਕਾਂ ਵਿਚ ਭਰ ਕੇ ਜਮੁਨਾ ਵਿਚ ਵਹਾ ਦਿੱਤੀਆਂ ਹੋਣ?

ਸੂਰਜ ਛਿਪ ਰਿਹਾ ਸੀ। ਲੁੱਟੀਆਂ ਜਾ ਚੁੱਕੀਆਂ ਦੁਕਾਨਾਂ ਖੁੱਲ੍ਹੀਆਂ ਸਨ। ਖਾਲੀ ਦੁਕਾਨਾਂ ਵਿਚ ਹਨੇਰਾ ਪਸਰਿਆ ਹੋਇਆ ਸੀ। ਅੰਦਰ ਫਰਸ਼ਾਂ ਉਤੇ ਭਿਖਾਰੀ ਸੁੱਤੇ ਪਏ ਸਨ। ਮੇਰੀਆਂ ਉਂਗਲਾਂ ਨੂੰ ਕਾਂਬਾ ਛਿੜਿਆ ਤਾਂ ਮੈਂ ਦੋਵੇਂ ਹੱਥਾਂ ਨੂੰ ਇੱਕ-ਦੂਜੇ ਨਾਲ ਘੁੱਟਿਆ। ਮੇਰੇ ਮੋਢੇ ਕੰਬੇ ਅਤੇ ਸਿਰ ਤੋਂ ਪੈਰਾਂ ਤੱਕ ਕਾਂਬਾ ਛਿੜ ਗਿਆ।

ਮੇਰੇ ਸਾਹਮਣੇ ਖੜ੍ਹੀ ਬੱਸ ਕਨਾਟ ਪਲੇਸ ਨੂੰ ਜਾ ਰਹੀ ਸੀ। ਦਿੱਲੀ ਦੇ ਦਿਲ ਤੱਕ ਪਹੁੰਚਣ ਲਈ ਮੈਂ ਬੱਸ ਚੜ੍ਹ ਗਿਆ। ਗੋਲ ਚੱਕਰ ਵਿਚ ਬਣੀਆਂ ਹੋਈਆਂ ਇਮਾਰਤਾਂ ਦੇ ਵੱਡੇ ਬਰਾਂਡੇ ਮਜ਼ਬੂਤ ਥਮ੍ਹਲਿਆਂ ਉਤੇ ਖੜ੍ਹੇ ਹਨ। ਅੰਗਰੇਜ਼ਾਂ ਦੇ ਵੇਲੇ ਦੇ ਬਣੇ ਹੋਏ ਥਮ੍ਹਲਿਆਂ ਨੂੰ ਦੇਖ ਕੇ ਮੈਨੂੰ ਕੁਝ ਧਰਵਾਸਾ ਹੋਇਆ। ਕਨਾਟ ਪਲੇਸ ਕਤਲੇਆਮ ਦੇ ਅਸਰ ਤੋਂ ਬਚਿਆ ਜਾਪਦਾ ਸੀ। ਸ਼ਾਇਦ ਇਹ ਢਾਹੁਣ ਵਾਲਿਆਂ ਦੀ ਤਾਕਤ ਤੋਂ ਜ਼ਿਆਦਾ ਮਜ਼ਬੂਤ ਸੀ। ਕੀ ਇਹ ਭਾਰਤ ਦੇ ਪੱਥਰ-ਦਿਲ ਰੇਗਿਸਤਾਨ ਵਿਚ ਬਣਿਆ ਟਾਪੂ ਹੈ?

ਕਨਾਟ ਪਲੇਸ ਦੇ ਵਿਚਕਾਰ ਜ਼ਮੀਨਦੋਜ਼ ਪਾਲਿਕਾ ਬਾਜ਼ਾਰ ਜਾਣ ਲੱਗੇ ਨੂੰ ਰੇਲ ਗੱਡੀ ਦੀ ਯਾਦ ਆਈ। ਪੰਜਾਬ ਨੂੰ ਜਾਣ ਵਾਲੀ ਆਖ਼ਰੀ ਰੇਲ ਗੱਡੀ ਲੰਘ ਚੁੱਕੀ ਸੀ। ਹੁਣ ਲਾਗੇ ਕੋਈ ਗੁਰਦੁਆਰਾ ਲੱਭਣਾ ਸੀ ਪਰ ਹਰ ਕਿਸੇ ਨੂੰ ਰਾਹ ਨਹੀਂ ਸੀ ਪੁੱਛਿਆ ਜਾ ਸਕਦਾ। ਕਾਤਲ ਹਾਲੇ ਵੀ ਸ਼ਿਕਾਰ ਦੀ ਭਾਲ ਵਿਚ ਹੋ ਸਕਦੇ ਸਨ। ਮੇਰੀ ਨਜ਼ਰ ਇੱਕ ਫਟੇ-ਹਾਲ ਬਜ਼ੁਰਗ ਉਤੇ ਪਈ ਜਿਸ ਦੇ ਮੋਢਿਆਂ ਉਤੇ ਫਟਿਆ ਜਿਹਾ ਝੋਲਾ ਸੀ। ਮੈਂ ਭੱਜ ਕੇ ਉਸ ਕੋਲ ਗਿਆ। ਉਹ ਤ੍ਰਭਕ ਕੇ ਪਾਸੇ ਹੋ ਗਈ। ਸ਼ਰੇ-ਬਾਜ਼ਾਰ ਬੱਤੀ ਲਾਗੇ ਉਹ ਬਾਂਹਾਂ ਵਿਚ ਸਿਰ ਦੇ ਕੇ ਗੋਡਿਆਂ ਭਾਰ ਹੋ ਗਈ ਸੀ ਅਤੇ ਮੂੰਹ ਦੂਜੇ ਪਾਸੇ ਘੁਮਾ ਲਿਆ ਸੀ। "ਮਾਂ ਜੀ! ਏਥੇ ਲਾਗੇ ਕੋਈ ਗੁਰਦੁਆਰਾ ਹੈਗਾ?"

ਉਸ ਨੇ ਘਬਰਾ ਕੇ ਬਾਬਾ ਖੜਕ ਸਿੰਘ ਮਾਰਗ ਵੱਲ ਇਸ਼ਾਰਾ ਕੀਤਾ।

ਮੈਂ ਸ਼ੁਕਰੀਆ ਕਰ ਕੇ ਦੱਸੇ ਰਾਹ ਤੁਰ ਪਿਆ।

ਉਸ ਨੇ ਮੇਰੇ ਵੱਲ ਦੇਖਿਆ ਜਿਵੇਂ ਮੈਂ ਪਾਗ਼ਲ ਹੋ ਗਿਆ ਹੋਵਾਂ, "ਓਥੇ ਨਾ ਜਾਈਂ, ਤੂੰ ਮੋਨੈ।"

ਮੈਨੂੰ ਰੋਡੇ ਹੋਣ ਦਾ ਅਹਿਸਾਸ ਹੋਇਆ ਪਰ ਮੈਂ ਆਪਣੇ-ਆਪ ਨੂੰ ਸਿੱਖ ਹੋਣ ਦਾ ਯਕੀਨ ਦਿਵਾਇਆ। ਮੈਨੂੰ ਪਤਾ ਲੱਗਿਆ ਕਿ ਮੈਂ ਜੋ ਦਿਖਦਾ ਸੀ, ਉਹ ਨਹੀਂ ਸੀ। ਕੁਝ ਦੇਰ ਪਹਿਲਾਂ ਰੋਡਾ ਹੋਣ ਕਾਰਨ ਮੈਂ ਬੇਪਛਾਣ ਸੀ ਅਤੇ ਬੇਪਰਵਾਹ ਘੁੰਮ ਰਿਹਾ ਸੀ। ਹੁਣ ਮੈਂ ਚਾਹੁੰਦਾ ਸੀ ਕਿ ਮੇਰੇ ਲੰਮੇ ਵਾਲ ਹੁੰਦੇ। ਮੈਂ ਹਾਂ ਕੌਣ? ਮੇਰੇ ਕੋਲ ਜ਼ਾਫ਼ਰਾਨੀ ਸਿਰੋਪਾ ਸੀ ਜੋ ਮੈਨੂੰ ਦਰਬਾਰ ਸਾਹਿਬ ਦੇ ਗ੍ਰੰਥੀ ਨੇ ਭੇਟ ਕੀਤਾ ਸੀ। ਸੜਕ ਉਤੇ ਮੈਂ ਇਹ ਸਿਰੋਪਾ ਨਹੀਂ ਬੰਨ੍ਹਿਆ ਕਿਉਂਕਿ ਆਪਣੀ ਸਿੱਖ ਪਛਾਣ ਲੁਕਾਉਣਾ ਚਾਹੁੰਦਾ ਸੀ। ਹੁਣ ਮੈਂ ਸਿਰ ਢਕੇ ਬਿਨਾਂ ਗੁਰਦੁਆਰੇ ਨਹੀਂ ਜਾ ਸਕਦਾ ਸੀ, ਕਿਉਂਕਿ ਨੰਗੇ ਸਿਰ ਰੋਡੇ ਬੰਦੇ ਉਤੇ ਗੁਰਦੁਆਰੇ ਵਿਚ ਹਮਲਾ ਹੋ ਸਕਦਾ ਸੀ। ਮੈਨੂੰ ਯਕੀਨ ਸੀ ਕਿ ਇਨ੍ਹਾਂ ਹਾਲਾਤ ਵਿਚ ਗੁਰਦੁਆਰੇ ਵਿਚ ਇਕੱਠੇ ਹੋਏ ਸਿੱਖਾਂ ਅੰਦਰ ਹਿੰਦੂਆਂ ਦੇ ਨਾਲ-ਨਾਲ ਸਹਿਜਧਾਰੀ ਸਿੱਖਾਂ ਖ਼ਿਲਾਫ਼ ਵੀ ਰੋਹ ਦੀ ਭਾਵਨਾ ਹੋਵੇਗੀ।

---

ਹਨੇਰੇ ਵਿਚ ਗੁਰਦੁਆਰਾ ਬੰਗਲਾ ਸਾਹਿਬ ਦਿਖਾਈ ਦਿੱਤਾ। ਇਹ ਜੱਸਾਬਾਦ ਦੇ ਗੁਰਦੁਆਰੇ ਤੋਂ ਵੱਡਾ ਸੀ ਪਰ ਉਸੇ ਤਰ੍ਹਾਂ ਦਾ ਦੂਧੀਆ ਅਤੇ ਸ਼ਾਨਦਾਰ ਸੀ। ਗੁਰਦੁਆਰੇ ਦੀ ਪਾਕੀਜ਼ਗੀ ਮੇਰੀ ਜਕੋ-ਤਕੀ ਦਾ ਨਿਵਾਰਨ ਕਰ ਰਹੀ ਸੀ ਜਿਵੇਂ ਮੈਨੂੰ ਬਾਂਹਾਂ ਵਿਚ ਭਰਨ ਲਈ ਉਡੀਕ ਰਹੀ ਹੋਵੇ। ਦਰਵਾਜ਼ੇ ਦੇ ਨੇੜੇ ਹੱਥ-ਕਰਘਾ ਸਨਅਤ ਵਾਲੀ ਇਮਾਰਤ ਮੂਹਰੇ ਮੈਂ ਇੱਕ ਦਰਖ਼ਤ ਹੇਠਾਂ ਖੜ੍ਹਾ ਹੋ ਕੇ ਸਿਰੋਪਾ ਸਿਰ ਉਤੇ ਬੰਨ੍ਹ ਲਿਆ। ਜਦੋਂ ਪੂਰਾ ਮੁਲਖ਼ ਖ਼ੌਫ਼ਜ਼ਦਾ ਜਾਪਦਾ ਸੀ ਤਾਂ ਮੈਂ ਇੱਕ ਛੋਟੇ ਜਿਹੇ ਕੱਪੜੇ ਨਾਲ ਰੂਪ ਬਦਲ ਲਿਆ ਸੀ। ਕੁਝ ਕੁ ਘੰਟਿਆਂ ਲਈ ਮੈਂ ਰੋਡੇ ਤੋਂ ਸਿੱਖ ਹੋ ਗਿਆ ਸੀ। ਗੁਰਦੁਆਰੇ ਪਹੁੰਚ ਕੇ ਮੇਰੀ ਜਾਨ ਵਿਚ ਜਾਨ ਆ ਗਈ। ਮੱਥਾ ਟੇਕ ਕੇ ਪ੍ਰਸ਼ਾਦ ਲਿਆ ਅਤੇ ਮੂੰਹ ਵਿਚ ਪਾ ਕੇ ਅਹਿਸਾਸ ਹੋਇਆ ਕਿ ਮੈਂ ਕਈ ਘੰਟਿਆਂ ਤੋਂ ਭੁੱਖਣ-ਭਾਣਾ ਘੁੰਮ ਰਿਹਾ ਸੀ।

> **...ਅਗਲੀ ਸਵੇਰ ਮੈਂ ਜਮਨਾ ਪਾਰ ਲਈ ਬੱਸ ਫੜੀ। ਰਾਜ ਘਾਟ ਤੋਂ ਪਾਰ ਵਿਕਾਸ ਮਾਰਗ ਸੀ। ਸਵਾਰੀਆਂ ਨਾਲ ਖਹਿੰਦੇ-ਖਹਾਉਂਦੇ ਮੈਂ ਖਿੜਕੀ ਨਾਲ ਬੈਠ ਗਿਆ। ਜਦੋਂ ਬੱਸ ਜਮਨਾ ਦੇ ਪੁਲ ਉੱਤੇ ਆਈ ਤਾਂ ਜੰਗਲੇ ਨਾਲ ਲਟਕਦਾ ਸਫ਼ੇਦ ਕੁੜਤਾ ਦਿੱਸਿਆ ਜੋ ਮਿੱਟੀ ਜਾਂ ਖ਼ੂਨ ਦੇ ਦਾਗ਼ਾਂ ਨਾਲ ਡੱਬ-ਖੜੱਬਾ ਹੋਇਆ ਪਿਆ ਸੀ। ਹਵਾ ਆਉਣ-ਜਾਣ ਵਾਲੇ ਦਾ ਧਿਆਨ ਕੁੜਤੇ ਵੱਲ ਖਿੱਚ ਰਹੀ ਸੀ।**

ਗੁਰਦੁਆਰੇ ਵਿਚ ਤਾਂ ਜ਼ਿਆਦਾ ਸ਼ਰਧਾਲੂ ਨਹੀਂ ਸਨ ਪਰ ਲੰਗਰ ਵਿਚ ਸੰਗਤ ਵੱਡੀ ਤਾਦਾਦ ਵਿਚ ਜੁੜੀ ਸੀ। ਪ੍ਰਸ਼ਾਦੇ ਦੀ ਉਡੀਕ ਕਰਦਿਆਂ ਅੰਦਾਜ਼ਾ ਹੋਇਆ ਕਿ ਇਹ ਸਾਰੇ ਪਨਾਹਗੀਰ ਹੋ ਸਕਦੇ ਹਨ ਜੋ ਰਾਤ ਕੱਟਣ ਜਾਂ ਪ੍ਰਸ਼ਾਦਾ ਛਕਣ ਗੁਰਦੁਆਰੇ ਵਿਚ ਆਏ ਹਨ। ਹੁਣ ਹਿੰਦੂ ਭਰਾ ਦੁਸ਼ਮਣ ਹੋ ਗਏ ਸਨ ਤਾਂ ਸਿੱਖਾਂ ਨੂੰ ਰੋਟੀ ਕਿੱਥੋਂ ਮਿਲਣੀ ਸੀ? ਖ਼ਸਤਾ-ਹਾਲ ਟਾਟ ਉਤੇ ਪੰਗਤ ਵਿਚ ਬੈਠ ਕੇ ਮੈਂ ਦੋਵਾਂ ਹੱਥਾਂ ਨਾਲ ਸੇਵਾਦਾਰ ਤੋਂ ਥਾਲ ਫੜਿਆ। ਮੇਰੇ ਲਾਗੇ ਇੱਕ ਨਿਹੰਗ ਆਪਣੇ ਬਾਣੇ ਵਿਚ ਬੈਠਾ ਸੀ, "ਵਾਹਿਗੂਰੂ ਜੀ ਦਾ ਖ਼ਾਲਸਾ।"

ਮੈਂ ਝਿਜਕਦੇ ਹੋਏ ਫ਼ਤਹਿ ਦਾ ਜੁਆਬ ਫ਼ਤਿਹ ਵਿਚ ਦਿੱਤਾ, "ਵਾਹਿਗੁਰੂ ਜੀ ਕੀ ਫ਼ਤਿਹ।"

ਉਸ ਮੌਕੇ-ਮਾਹੌਲ ਨਾਲ ਜੁੜ ਕੇ ਫ਼ਤਿਹ ਦੇ ਅਰਥ ਬਦਲ ਗਏ ਸਨ। ਸਿੱਖਾਂ ਲਈ ਫ਼ਤਹਿ ਵੱਖਰੀ ਪਛਾਣ ਦਾ ਹੋਕਾ ਬਣ ਗਈ ਸੀ। ਨਿਹੰਗ ਸਿੰਘ ਨੇ ਰੁੱਖੇ ਲਹਿਜ਼ੇ ਵਿਚ ਸੁਆਲ ਕੀਤਾ, "ਆਪਾਂ ਕਿੱਥੋਂ ਜੇ?"

ਮੈਨੂੰ ਸਮਝ ਨਹੀਂ ਆਈ ਕਿ ਮੈਂ ਕੀ ਜੁਆਬ ਦੇਵਾਂ। ਉੜੀਸਾ ਕਹਾਂ, ਪਟਿਆਲਾ ਕਹਾਂ ਜਾਂ ਜੱਸਾਬਾਦ ਦਾ ਸਕੂਲ ਦੱਸਾਂ। ਉਂਜ ਕਿਸੇ ਜੁਆਬ ਨਾਲ ਫਰਕ ਕੀ ਪੈਂਦਾ ਸੀ? ਸੇਵਾਦਾਰ ਨੇ ਰੋਟੀ ਮੇਰੇ ਥਾਲ ਵਿਚ ਰੱਖੀ ਅਤੇ ਮੈਂ ਸੰਕੋਚਵਾਂ ਜਿਹਾ ਜੁਆਬ ਦਿੱਤਾ, "ਪੰਜਾਬ ਤੋਂ।"

ਨਿਹੰਗ ਸਿੰਘ ਨੇ ਸੋਚਿਆ ਹੋਵੇਗਾ ਕਿ ਮੈਂ ਹੁਸ਼ਿਆਰੀ ਕਰ ਰਿਹਾ ਹਾਂ। "ਥੋਨੂੰ ਕੀ ਲੱਗਦੈ ਮੈਂ ਕਿੱਥੇ ਦੈਂ?"

"ਮੈਂ ਜੱਸਾਬਾਦ ਪੜ੍ਹਦਾਂ ਅਤੇ ਘਰ ਪਟਿਆਲੇ ਐ।"

"ਏਥੇ ਕਿਵੇਂ ਆਉਣੇ ਹੋਏ?" ਮੈਂ ਚੁੱਪ ਰਿਹਾ, "ਤੂੰ ਰੋਡਾ ਏਂ?" ਉਸ ਨੇ ਮੇਰੇ ਪਰਨੇ ਨੂੰ ਦੇਖਿਆ ਤਾਂ ਉਸ ਦੀਆਂ ਅੱਖਾਂ ਬਰਮੇ ਵਾਂਗ ਸਿਰ ਵਿਚ ਗਲੀਆਂ ਕੱਢਦੀਆਂ ਜਾਂਦੀਆਂ ਸਨ।

"ਵਾਲ਼ ਰੱਖੇ ਨੇ ਜੀ।" ਮੈਂ ਝੂਠ ਬੋਲਿਆ ਅਤੇ ਨਾਲੋ-ਨਾਲ ਮੋਟੀਆਂ-ਮੋਟੀਆਂ ਬੁਰਕੀਆਂ ਮੂੰਹ ਵਿਚ ਪਾ ਰਿਹਾ ਸੀ। ਦਾਲ ਸੁਆਦ ਸੀ।

"ਕਤਲੇਆਮ ਤੋਂ ਬਾਅਦ?"

ਮੈਂ ਹਾਮੀ ਭਰੀ।

"ਸ਼ਾਬਾਸ਼!" ਉਸ ਦੀ ਆਵਾਜ਼ ਨਰਮ ਹੋ ਗਈ ਸੀ, "ਏਸ ਵੇਲੇ ਖੜ੍ਹੇ ਹੋਣ ਦੀ ਲੋੜ ਜੇ।"

ਪ੍ਰਸ਼ਾਦਾ ਛਕਣ ਤੋਂ ਬਾਅਦ ਨਿਹੰਗ ਸਿੰਘ ਨੇ ਮੈਨੂੰ ਫਿਰ ਪੁੱਛਿਆ, "ਆਪਾਂ ਏਥੇ ਕਿਵੇਂ ਆਏ?"

ਮੈਂ ਉਸ ਦੀਆਂ ਅੱਖਾਂ ਵਿਚ ਝਾਕਿਆ, "ਸੱਚ ਦੱਸਾਂ?" ਮੇਰੇ ਮੂੰਹ ਵਿਚੋਂ ਇੱਕ ਸ਼ਬਦ ਮਸਾਂ ਨਿਕਲਿਆ, "ਵੇਖਣ।"

ਉਹ ਲਗਾਤਾਰ ਮੇਰੇ ਵੱਲ ਦੇਖ ਰਿਹਾ ਸੀ। ਮੈਂ ਹੋਰ ਕੁਝ ਨਹੀਂ ਬੋਲਿਆ। ਕੁਝ ਪਲਾਂ ਬਾਅਦ ਉਹ ਬੋਲਿਆ, "ਜਾ ਕੇ ਭਾਂਡੇ ਧੋ ਦੇ ਤੇ ਬਰਾਂਡੇ 'ਚ ਸੌਂ ਜਾ। ਜੇ ਵੇਖਣ ਆਇਐਂ ਤਾਂ ਜਮੁਨਾ ਪਾਰ ਜਾਈਂ ਜਾਂ ਫ਼ਾਰਸਖ਼ਾਨੇ ਜਾਈਂ। ਆਪਣੇ ਬੰਦੇ ਸ਼ਰਨਾਰਥੀ ਕੈਂਪ 'ਚ ਬੈਠੇ ਆ।" ਉਹ ਖੜ੍ਹਾ ਹੋਇਆ ਅਤੇ ਬੁੜਬੁੜ ਕਰਦਾ ਤੁਰ ਗਿਆ, "ਵੇਖਣ! ਓਥੇ ਦੇਖਣ ਵਾਲਾ ਕੀ ਆ?"

ਮੈਂ ਬਾਕੀ ਸੇਵਾਦਾਰਾਂ ਨਾਲ ਭਾਂਡੇ ਮਾਂਜ ਕੇ ਧੋ ਦਿੱਤੇ। ਕੁਝ ਠੰਢ ਹੋਣ ਦੇ ਬਾਵਜੂਦ ਪਾਣੀ ਅਤੇ ਮਾਹੌਲ ਨਿੱਘਾ ਸੀ। ਮੈਂ ਬਰਾਂਡੇ ਵਿਚ ਆਰਾਮ ਨਾਲ ਸੌਂ ਗਿਆ। ਉਸ ਦਿਨ ਕਿਸੇ ਅੱਖ ਨੇ ਮੈਨੂੰ ਨਹੀਂ ਘੂਰਿਆ।

ਅਗਲੀ ਸਵੇਰ ਮੈਂ ਜਮਨਾ ਪਾਰ ਲਈ ਬੱਸ ਫੜੀ। ਰਾਜ ਘਾਟ ਤੋਂ ਪਾਰ ਵਿਕਾਸ ਮਾਰਗ ਸੀ। ਸਵਾਰੀਆਂ ਨਾਲ ਖਹਿੰਦੇ-ਖਹਾਉਂਦੇ ਮੈਂ ਖਿੜਕੀ ਨਾਲ ਬੈਠ ਗਿਆ। ਜਦੋਂ ਬੱਸ ਜਮਨਾ ਦੇ ਪੁਲ ਉਤੇ ਆਈ ਤਾਂ ਜੰਗਲੇ ਨਾਲ ਲਟਕਦਾ ਸਫ਼ੇਦ ਕੁੜਤਾ ਦਿੱਸਿਆ ਜੋ ਮਿੱਟੀ ਜਾਂ ਖ਼ੂਨ ਦੇ ਦਾਗ਼ਾਂ ਨਾਲ ਡੱਬ-ਖੜੱਬਾ ਹੋਇਆ ਪਿਆ ਸੀ। ਹਵਾ ਆਉਣ-ਜਾਣ ਵਾਲੇ ਦਾ ਧਿਆਨ ਕੁੜਤੇ ਵੱਲ ਖਿੱਚ ਰਹੀ ਸੀ। "ਵੇਖਣ! ਓਥੇ ਦੇਖਣ ਵਾਲਾ ਕੀ ਆ?" ਰਾਤ ਵਾਲੇ ਸ਼ਬਦ ਮੇਰੇ ਕੰਨਾਂ ਵਿਚ ਗੂੰਜ ਰਹੇ ਸਨ। ਜਦੋਂ ਤੱਕ ਬੱਸ ਆਪਣੇ ਟਿਕਾਣੇ ਉਤੇ ਪਹੁੰਚ ਕੇ ਰੁਕ ਨਹੀਂ ਗਈ, ਮੈਂ ਬਰਬਾਦੀ ਦੇ ਮੰਜ਼ਰ ਦੇਖਦਾ ਰਿਹਾ। ਮੈਂ ਇੱਕ ਹੋਰ ਬੱਸ ਚੜ੍ਹ ਕੇ ਗੀਤਾ ਕਾਲੋਨੀ ਚਾਂਦਨੀ ਚੌਕ ਲਾਗੇ ਫਾਰਸਖ਼ਾਨੇ ਦੇ ਸਕੂਲ ਵਿਚ ਪਹੁੰਚ ਗਿਆ।

ਹਜ਼ਾਰਾਂ ਲੋਕ ਭੁੰਜੇ ਝੁੰਡਾਂ ਵਿਚ ਬੈਠੇ ਸਨ। ਸਹਿਮੇ ਤੇ ਬੌਂਦਲੇ ਹੋਏ ਬੰਦੇ ਅਤੇ ਬੀਬੀਆਂ ਆਪਣੇ ਬੱਚਿਆਂ ਨੂੰ ਸੰਭਾਲ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਖਲਾਅ ਉਤਰ ਆਇਆ ਸੀ। ਅੱਥਰੂਆਂ ਅਤੇ ਸਦਮੇ ਦੇ ਮਿਲਗੋਭੇ ਦੀ ਥਾਹ ਪਾਉਣਾ ਔਖਾ ਜਾਪਦਾ ਸੀ। ਕੰਬਲਾਂ ਅਤੇ ਰੋਟੀ ਦੀ ਪੰਗਤ ਵਿਚ ਖੜ੍ਹਨ ਨੂੰ ਕੋਈ ਥਾਂ ਨਹੀਂ ਸੀ। ਚਾਰੇ ਪਾਸੇ ਸੁੰਨ ਪਸਰੀ ਹੋਈ ਸੀ। ਇੰਜ ਮਹਿਸੂਸ ਹੁੰਦਾ ਸੀ ਕਿ ਹਰ ਕਿਸੇ ਅਤੇ ਸਭ ਕੁਝ ਨੂੰ ਮੋਮਜਾਮੇ ਦੀ ਬੇਰੰਗੀ ਚਾਦਰ ਵਿਚ ਲਪੇਟਿਆ ਗਿਆ ਹੈ। ਕੁਝ ਸੁਥਰੇ ਲੀੜੇ-ਲੱਤੇ ਵਾਲੀਆਂ ਕਾਲਜਾਂ ਵਿਚ ਪੜ੍ਹਦੀਆਂ-ਪੜ੍ਹਾਉਂਦੀਆਂ ਬੀਬੀਆਂ ਪੀੜਤਾਂ ਨਾਲ ਗੱਲੀਂ ਲੱਗੀਆਂ ਹੋਈਆਂ ਸਨ।

## ਕੁਝ ਨਾਵਲ ਬਾਰੇ...

ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਸਿੱਖਾਂ ਦੀਆਂ ਗ੍ਰਿਫਤਾਰੀਆਂ ਅਤੇ ਕਤਲਾਂ ਦਾ ਦੌਰ ਚੱਲ ਰਿਹਾ ਸੀ। ਉਸੇ ਦੌਰਾਨ ਆਪਣੀ ਆਖਰੀ ਸਾਲ ਦੀ ਪੜ੍ਹਾਈ ਲਈ ਅੱਪੂ ਸੈਨਿਕ ਸਕੂਲ ਜੱਸਾਬਾਦ ਪੁੱਜਿਆ। ਉਸ ਦੇ ਫੌਰੀ ਟੀਚਿਆਂ ਵਿਚ ਆਪਣੇ ਸਕੂਲ ਦਾ ਪਰਫੈਕਟ ਬਣਨਾ ਅਤੇ ਨੈਸ਼ਨਲ ਡਿਫੈਂਸ ਅਕੈਡਮੀ ਵਿਚ ਦਾਖਲ ਹੋਣਾ ਸ਼ਾਮਲ ਸੀ। ਐਨ ਉਸੇ ਵਕਤ ਸਕੂਲ ਦਾ ਸਾਬਕਾ ਵਿਦਿਆਰਥੀ ਬਲਰਾਜ ਹੋਸਟਲ ਵਿਚ ਪਨਾਹ ਲੈਂਦਾ ਹੈ। ਖ਼ਾਲਿਸਤਾਨੀ ਲਹਿਰ ਵਿਚ ਸ਼ਾਮਲ ਹੋ ਚੁੱਕੇ ਬਲਰਾਜ ਦੀ ਆਮਦ ਨਾਲ ਹਿੰਸਾ ਵੀ ਸਕੂਲ ਦੀਆਂ ਬਰੂਹਾਂ ਲੰਘ ਆਉਂਦੀ ਹੈ। ਕੁਝ ਵਿਦਿਆਰਥੀ ਬਲਰਾਜ ਦੀ ਮਦਦ ਕਰਦੇ ਹਨ ਅਤੇ ਪਸੰਦ-ਨਾਪਸੰਦ ਨੂੰ ਪਾਸੇ ਕਰ ਕੇ ਇਹ ਵਿਦਿਆਰਥੀ ਫਿਰਕੂ ਧੜਿਆਂ ਵਿਚ ਵੰਡੇ ਜਾਂਦੇ ਹਨ। ਬੁਰਛਾਗਰਦੀ ਦਾ ਰਾਜ ਹੋ ਜਾਂਦਾ ਹੈ। ਇਸੇ ਘੁੰਮਣਘੇਰੀ ਵਿਚ ਫਸਿਆ ਅੱਪੂ ਆਪਣੇ ਸੁਫਨਿਆਂ ਤੋਂ ਕਿਨਾਰਾਕਸ਼ੀ ਕਰਨ ਲਈ ਮਜਬੂਰ ਹੁੰਦਾ ਹੈ। ਉਸ ਉਤੇ ਮੁਲਕ ਜਾਂ ਭਾਈਚਾਰੇ ਵਿਚੋਂ ਇੱਕ ਦੀ ਚੋਣ ਕਰਨ ਦਾ ਸੁਆਲ ਆਣ ਡਿੱਗਦਾ ਹੈ।

'ਗਵਾਹ ਦੇ ਫਨਾਹ ਹੋ ਜਾਣ ਤੋਂ ਪਹਿਲਾਂ' ਦਲੇਰੀ ਅਤੇ ਇਮਾਨਦਾਰੀ ਨਾਲ ਗੜੁੱਚ ਲਿਖਤ ਹੈ ਜੋ ਪਾਠਕ ਨੂੰ ਝੰਜੋੜਦੀ ਹੈ। ਇੱਜ਼ਤ ਅਤੇ ਵਫਾਦਾਰੀ ਵਰਗੀਆਂ ਧਾਰਨਾਵਾਂ ਸੁਆਲਾਂ ਦੇ ਘੇਰੇ ਵਿਚ ਆਉਂਦੀਆਂ ਹਨ। ਖ਼ਾਲਸ ਕੀ ਹੁੰਦਾ ਹੈ ਭਲਾ?...ਇਹੀ ਵੱਡਾ ਸਵਾਲ ਬਣ ਜਾਂਦਾ ਹੈ!




ਇਹ ਨਾਵਲ ਇਤਿਹਾਸ ਅਤੇ ਸਿਆਸਤ ਦੇ ਨਿੱਜੀ ਬਿਰਤਾਂਤ ਦਾ ਹਕੀਕੀ ਬਿਆਨ ਹੈ। ਅਪਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੇ ਕਤਲ ਅਤੇ ਸਿੱਖ ਕਤਲੇਆਮ ਤੋਂ ਬਾਅਦ ਦੀ ਬੇਵਿਸਾਹੀ, ਘੁੰਮਣਘੇਰੀ, ਭੰਬਲਭੂਸੇ ਅਤੇ ਸਦਮੇ ਦਾ ਬਿਆਨ 'ਗਵਾਹ ਦੇ ਫਨਾਹ ਹੋ ਜਾਣ ਤੋਂ ਪਹਿਲਾਂ' ਦੀ ਪ੍ਰਾਪਤੀ ਹੈ। ਸੰਧੂ ਕਿਸੇ ਧਿਰ ਦਾ ਪੱਖ ਪੂਰਦਾ ਨਹੀਂ ਜਾਪਦਾ, ਪਰ ਸਪਸ਼ਟ ਇਖ਼ਲਾਕੀ ਪੈਂਤੜਾ ਅਖ਼ਤਿਆਰ ਕਰਦਾ ਹੈ।



# ਸ਼ਾਬਾਸ਼ ਸੈਫ

## ਲਵ ਜਹਾਦ ਦੇ ਦੂਰ-ਪ੍ਰਚਾਰ ਨੂੰ ਕਰਾਰਾ ਜਵਾਬ

***ਭਾਜਪਾ ਅਤੇ ਆਰ.ਐਸ.ਐਸ. ਆਗੂਆਂ ਨੇ 'ਲਵ ਜਹਾਦ' ਦੇ ਨਾਂ ਉਤੇ ਸਿਆਸਤ ਤਾਂ ਬਥੇਰੀ ਕੀਤੀ ਅਤੇ ਹਿੰਦੂਆਂ ਨੂੰ ਮੁਸਲਮਾਨਾਂ ਖਿਲਾਫ ਭੜਕਾਉਣ ਦਾ ਬਹੁਤ ਯਤਨ ਕੀਤਾ, ਪਰ ਲੋਕਾਂ ਨੇ ਇਨ੍ਹਾਂ ਆਗੂਆਂ ਨੂੰ ਕਰਾਰਾ ਜਵਾਬ ਦਿੱਤਾ। ਆਖਰਕਾਰ ਇਨ੍ਹਾਂ ਆਗੂਆਂ ਨੂੰ ਚੁੱਪ ਹੋਣਾ ਪੈ ਗਿਆ।***

ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਆਰ.ਐਸ.ਐਸ. ਦੇ ਕੱਟੜ ਕਾਰਕੁਨਾਂ ਨੇ 'ਲਵ ਜਹਾਦ' ਦੇ ਨਾਂ ਉਤੇ ਮੁਸਲਮਾਨਾਂ ਖਿਲਾਫ ਬੜਾ ਧੂੰਆਂਧਾਰ ਪ੍ਰਚਾਰ ਕੀਤਾ। ਇਸ ਦੇ ਹੱਕ ਵਿਚ ਅਤੇ ਵਿਰੋਧ ਵਿਚ ਵੀ ਬੜੀਆਂ ਟਿੱਪਣੀਆਂ ਸਾਹਮਣੇ ਆਈਆਂ। ਟੀ.ਵੀ. ਚੈਨਲ 'ਲਵ ਜਹਾਦ' ਬਾਰੇ ਕਈ ਦਿਨ ਵੱਖਰੇ-ਵੱਖਰੇ ਕਿੱਸੇ-ਕਹਾਣੀਆਂ ਸੁਣਾਉਂਦੇ ਰਹੇ। ਇਸ ਬਾਰੇ ਅੰਗਰੇਜ਼ੀ ਅਖਬਾਰ 'ਦਿ ਇੰਡੀਅਨ ਐਕਸਪ੍ਰੈਸ' ਨੇ ਵੀ ਇਕ ਸੀਰੀਜ਼ ਛਾਪੀ ਜਿਸ ਵਿਚ ਵੱਖ-ਵੱਖ ਖੇਤਰਾਂ ਦੀਆਂ ਅਹਿਮ ਹਸਤੀਆਂ ਦੇ ਵਿਚਾਰ ਛਾਪੇ ਗਏ। ਇਸ ਸੀਰੀਜ਼ ਵਿਚ ਸਭ ਤੋਂ ਪਹਿਲਾਂ ਅਦਾਕਾਰ ਸੈਫ ਅਲੀ ਖਾਨ ਦੇ ਵਿਚਾਰ ਛਾਪੇ ਗਏ। ਉਦੋਂ ਤੱਕ ਮੈਂ ਇਸ ਮੁੱਦੇ ਬਾਰੇ ਬੜਾ ਕੁਝ ਪੜ੍ਹ ਚੁੱਕਿਆ ਸਾਂ, ਇਸ ਲਈ ਸੈਫ ਵਾਲਾ ਲੇਖ ਪੜ੍ਹਨੋਂ ਰਹਿ ਗਿਆ। ਹੁਣ ਜਦੋਂ ਇਕ ਦਿਨ ਸਵੀਡਨ ਦੇ ਸ਼ਹਿਰ ਵਿਚ ਵੱਸਦੇ ਲਾਹੌਰੀਏ ਇਸ਼ਤਿਆਕ ਅਹਿਮਦ ਦੀ ਟਿੱਪਣੀ ਪੜ੍ਹੀ ਤਾਂ ਲੱਭ ਕੇ ਇਹ ਲੇਖ ਪੜ੍ਹਿਆ। ਜਨਾਬ ਇਸ਼ਤਿਆਕ ਨੇ ਹੋਰ ਕਿਤਾਬਾਂ ਤੋਂ ਇਲਾਵਾ ਹਿੰਦੁਸਤਾਨ (ਪੰਜਾਬ) ਦੀ ਵੰਡ ਨਾਲ ਸਬੰਧਤ ਸਮੁੱਚੇ ਦਸਤਾਵੇਜ਼ਾਂ ਦੀ ਕਿਤਾਬ 'ਦਿ ਪੰਜਾਬ ਬਲੱਡੀਡ, ਪਾਰਟੀਸ਼ਨਡ ਐਂਡ ਕਲੀਨਜ਼ਡ' ਇਸੇ ਸਾਲ 2014 ਵਿਚ ਛਪਵਾਈ ਹੈ। ਇਸ ਕਿਤਾਬ ਵਿਚ ਦਰਜ ਵੇਰਵੇ ਹੌਲ ਪਾਉਣ ਵਾਲੇ ਹਨ। ਖੈਰ!... ਸੈਫ ਵਾਲਾ ਲੇਖ ਚੰਗਾ ਲੱਗਿਆ ਅਤੇ ਉਸ ਦਿਨ ਤੋਂ ਹੀ ਇਸ ਬਾਰੇ ਲੋਕਾਂ ਨਾਲ ਗੱਲਾਂ ਕਰ ਰਿਹਾ ਹਾਂ। ਸੈਫ ਨੇ ਆਪਣੇ ਇਸ ਲੇਖ ਵਿਚ ਵੱਖਰੇ ਅੰਦਾਜ਼ ਵਿਚ 'ਲਵ ਜਹਾਦ' ਦੇ ਨਾਂ ਉਤੇ ਸਿਆਸਤ ਕਰਨ ਵਾਲਿਆਂ ਨੂੰ ਘੇਰਿਆ ਹੈ। ਯਾਦ ਰਹੇ ਕਿ ਸੈਫ ਅਲੀ ਖਾਨ ਨੇ ਫਿਲਮੀ ਦੁਨੀਆਂ ਦੀ ਖੂਬਸੂਰਤ ਅਦਾਕਾਰਾ ਕਰੀਨਾ ਕਪੂਰ ਨਾਲ ਵਿਆਹ ਕਰਵਾਇਆ ਹੈ। ਇਸ ਤੋਂ ਪਹਿਲਾਂ ਉਸ ਅੱਬਾ ਮਨਸੂਰ ਅਲੀ ਖਾਨ ਪਟੌਦੀ ਨੇ ਅਦਾਕਾਰਾ ਸ਼ਰਮੀਲਾ ਟੈਗੋਰ ਨਾਲ ਵਿਆਹ ਕਰਵਾਇਆ ਸੀ। ਅਜਿਹੇ ਬਥੇਰੇ ਲੋਕ ਹਨ ਜਿਨ੍ਹਾਂ ਨੇ ਅੰਤਰ-ਧਰਮ ਵਿਆਹ ਕਰਵਾਏ ਹਨ। ਕਦੀ ਕਿਸੇ ਨੇ ਕੋਈ ਉਜਰ ਨਹੀਂ ਕੀਤਾ; ਸਗੋਂ ਖੁਦ ਭਾਰਤੀ ਜਨਤਾ ਪਾਰਟੀ ਦੇ ਦੋ ਅਹਿਮ ਆਗੂਆਂ ਅਹਿਮਦ ਅੱਬਾਸ ਨਕਵੀ ਅਤੇ ਸ਼ਾਹਨਵਾਜ਼ ਹੁਸੈਨ ਨੇ ਹਿੰਦੂ ਕੁੜੀਆਂ ਨਾਲ ਵਿਆਹ ਕਰਵਾਏ ਹਨ। ਸੈਫ ਨੇ ਆਪਣੇ ਲੇਖ ਵਿਚ ਧਰਮ ਬਾਰੇ ਬੜੇ ਅਹਿਮ ਸਵਾਲ ਉਠਾਏ ਹਨ।

ਇਥੇ ਸੈਫ ਦੇ ਲੇਖ ਦਾ ਜ਼ਿਕਰ ਮੈਂ ਇੰਨਾ ਕੁ ਹੀ ਕਰਨਾ ਹੈ ਤਾਂ ਕਿ ਪਾਠਕ ਲੇਖ ਆਪ ਲੱਭ ਕੇ ਪੜ੍ਹੇ। ਮੇਰਾ ਯਕੀਨ ਹੈ ਕਿ ਫਿਰ ਉਹ ਸੈਫ ਦਾ ਉਹ ਲੇਖ ਅਗਾਂਹ ਪੜ੍ਹਨ ਲਈ ਜ਼ਰੂਰ ਕਹੇਗਾ ਜਿਸ ਤਰ੍ਹਾਂ ਪ੍ਰੋ. ਇਸ਼ਤਿਆਕ ਅਹਿਮਦ ਨੇ ਕੀਤਾ ਸੀ।

***-ਗੁਰਬਖਸ਼ ਸਿੰਘ ਸੋਢੀ***



# ਦੀਆ ਮਿਰਜ਼ਾ ਦੀਆਂ ਸ਼ਹਿਨਾਈਆਂ

ਐਤਕੀਂ ਸਭ ਤੋਂ ਚੰਗੀ ਦੀਵਾਲੀ ਫਿਲਮ ਅਦਾਕਾਰਾ ਦੀਆ ਮਿਰਜ਼ਾ ਨੇ ਮਨਾਈ ਹੈ। ਹੁਣੇ-ਹੁਣੇ ਉਸ ਦਾ ਸਾਹਿਲ ਸੰਘਾ ਨਾਲ ਵਿਆਹ ਹੋਇਆ ਹੈ ਅਤੇ ਉਸ ਨੇ ਆਪਣੀ ਪਹਿਲੀ ਦੀਵਾਲੀ ਦੱਬ ਕੇ ਮਨਾਈ ਹੈ। ਦੀਆ ਨੇ 2000 ਵਿਚ ਮਿਸ ਏਸ਼ੀਆ ਪੈਸਿਫਿਕ ਇੰਟਰਨੈਸ਼ਨਲ ਮੁਕਾਬਲਾ ਜਿੱਤਿਆ ਸੀ ਅਤੇ ਉਸ ਤੋਂ ਬਾਅਦ ਫਿਲਮੀ ਦੁਨੀਆਂ ਵਿਚ ਪੈਰ ਧਰ ਲਿਆ ਸੀ। 2001 ਵਿਚ ਉਸ ਦੀ ਪਹਿਲੀ ਫਿਲਮ 'ਰਹਿਨਾ ਹੈ ਤੇਰੇ

***ਫਿਲਮਾਂ ਤੋਂ ਇਲਾਵਾ ਦੀਆ ਮਿਰਜ਼ਾ ਨੇ ਵੱਖ-ਵੱਖ ਸਮਾਜਕ ਮੁੱਦਿਆਂ ਬਾਰੇ ਵੀ ਮੁਹਿੰਮਾਂ ਚਲਾਈਆਂ ਹਨ। ਆਮਿਰ ਖਾਨ ਨਾਲ ਰਲ ਕੇ ਉਸ ਨੇ 'ਨਰਮਦਾ ਬਚਾਓ ਅੰਦੋਲਨ' ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਇਸੇ ਕਾਰਨ ਇਨ੍ਹਾਂ ਦੋਹਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਕੱਟੜ ਕਾਰਕੁਨਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ ਸੀ, ਪਰ ਦੋਵੇਂ ਜਣੇ ਪਿੱਛੇ ਨਹੀਂ ਸਨ ਹਟੇ।***

ਦਿਲ ਮੇਂ' ਰਿਲੀਜ਼ ਹੋਈ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਦੀਵਾਨਾਪਨ' ਆਈ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। 2014 ਵਿਚ ਉਸ ਦੀ ਫਿਲਮ 'ਬੌਬੀ ਜਾਸੂਸ' ਰਿਲੀਜ਼ ਹੋਈ ਸੀ। ਇਸ ਫਿਲਮ ਦੀ ਨਿਰਮਾਤਾ ਵੀ ਉਹ ਖੁਦ ਸੀ ਅਤੇ ਇਸ ਵਿਚ ਉਸ ਨੇ ਵਿਦਿਆ ਬਾਲਨ ਨਾਲ ਅਦਾਕਾਰੀ ਦੇ ਜ਼ੌਹਰ ਵੀ ਦਿਖਾਏ ਸਨ। ਅਗਲੇ ਸਾਲ ਉਸ ਦੇ ਫਿਲਮ 'ਫੈਮਿਲੀਵਾਲਾ' ਰਿਲੀਜ਼ ਹੋ ਰਹੀ ਹੈ।

ਫਿਲਮਾਂ ਤੋਂ ਇਲਾਵਾ ਦੀਆ ਮਿਰਜ਼ਾ ਨੇ ਵੱਖ-ਵੱਖ ਸਮਾਜਕ ਮੁੱਦਿਆਂ ਬਾਰੇ ਵੀ ਮੁਹਿੰਮਾਂ ਚਲਾਈਆਂ ਹਨ। ਉਹ ਕੈਂਸਰ ਪੇਸ਼ੈਂਟ ਐਡ ਐਸੋਸੀਏਸ਼ਨ, ਜੀਵ-ਜੰਤੂਆਂ ਦੀ ਸੁਰੱਖਿਆ ਲਈ ਸਰਗਰਮ ਸੰਸਥਾ 'ਪੇਟਾ', ਬੱਚਿਆਂ ਦੇ ਅਧਿਕਾਰਾਂ ਲਈ ਲੜ ਰਹੀ ਸੰਸਥਾ 'ਚਾਈਲਡ ਰਾਇਟਸ ਐਂਡ ਯੂ' (ਕਰਾਈ), ਵਾਤਾਵਰਨ ਨਾਲ ਸਬੰਧਤ ਸੰਸਥਾ 'ਗਰੀਨ ਪੀਸ ਇੰਡੀਆ' ਅਤੇ ਅਜਿਹੀਆਂ ਹੋਰ ਕਈ ਸੰਸਥਾਵਾਂ ਨਾਲ ਜੁੜੀ




ਹੋਈ ਹੈ। ਆਮਿਰ ਖਾਨ ਨਾਲ ਰਲ ਕੇ ਉਸ ਨੇ 'ਨਰਮਦਾ ਬਚਾਓ ਅੰਦੋਲਨ' ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਇਸੇ ਕਾਰਨ ਇਨ੍ਹਾਂ ਦੋਹਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਕੱਟੜ ਕਾਰਕੁਨਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ ਸੀ, ਪਰ ਦੋਵੇਂ ਜਣੇ ਪਿੱਛੇ ਨਹੀਂ ਸਨ ਹਟੇ।

ਦੀਆ ਮਿਰਜ਼ਾ ਦਾ ਜਨਮ ਹੈਦਰਾਬਾਦ ਵਿਚ 9 ਦਸੰਬਰ 1981 ਨੂੰ ਹੋਇਆ ਸੀ। ਉਸ ਦਾ ਪਿਤਾ ਫਰੈਂਕ ਹੈਨਰਿੱਕ ਜਰਮਨ ਤੋਂ ਸੀ ਅਤੇ ਉਸ ਦੀ ਮਾਂ ਬੰਗਾਲ ਦੀ ਰਹਿਣ ਵਾਲੀ ਸੀ। ਉਹ ਅਜੇ ਚਾਰ ਕੁ ਵਰ੍ਹਿਆਂ ਦੀ ਸੀ, ਜਦੋਂ ਦੋਵੇਂ ਪਤੀ-ਪਤਨੀ ਵੱਖਰੇ ਹੋ ਗਏ। ਉਹ 9 ਵਰ੍ਹਿਆਂ ਦੀ ਹੋਈ ਤਾਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਫਿਰ ਉਸ ਦੀ ਮਾਂ ਨੇ ਅਹਿਮਦ ਮਿਰਜ਼ਾ ਨਾਲ ਵਿਆਹ ਕਰਵਾ ਲਿਆ। ਅਹਿਮਦ ਮਿਰਜ਼ਾ ਦੇ ਨਾਂ ਤੋਂ ਹੀ ਉਸ ਨੇ ਆਪਣੇ ਨਾਮ ਨਾਲ ਮਿਰਜ਼ਾ ਲਗਾ ਲਿਆ। ਸਾਹਿਲ ਸੰਘਾ ਨਾਲ ਉਸ ਨੇ 18 ਅਕਤੂਬਰ 2014 ਨੂੰ ਨਵੀਂ ਦਿੱਲੀ ਵਿਚ ਵਿਆਹ ਕਰਵਾਇਆ ਹੈ। ਉਸ ਦਾ ਐਲਾਨ ਹੈ ਕਿ ਉਹ ਫਿਲਮਾਂ ਵਿਚ ਕੰਮ ਜਾਰੀ ਰੱਖੇਗੀ। ਵਿਆਹ ਤੋਂ ਬਾਅਦ ਅਕਸਰ ਹੀਰੋਇਨਾਂ ਕੰਮ ਛੱਡ ਜਾਂਦੀਆਂ ਹਨ, ਪਰ ਦੀਆ ਮਿਰਜ਼ਾ ਅਜਿਹਾ ਨਹੀਂ ਕਰ ਰਹੀ।



# ਸ਼ਹਿਨਸ਼ਾਹ

## ਸ਼ਾਹਰੁਖ਼



ਅਦਾਕਾਰਾ/ਕੋਰੀਓਗ੍ਰਾਫਰ/ਫਿਲਮਸਾਜ਼ ਫਰਹਾ ਖਾਨ ਦੀ ਫਿਲਮ 'ਹੈਪੀ ਨਿਊ ਈਅਰ' ਜਿਸ ਵਿਚ ਮੁੱਖ ਰੋਲ ਸ਼ਾਹਰੁਖ਼ ਖਾਨ ਦਾ ਹੈ, ਨੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। ਇਸ ਫਿਲਮ ਨੇ ਪਹਿਲੇ ਹੀ ਦਿਨ 44.97 ਕਰੋੜ ਰੁਪਏ ਕਮਾ ਲਏ ਹਨ। ਇਸ ਫਿਲਮ ਵਿਚ ਸ਼ਾਹਰੁਖ਼ ਖਾਨ ਤੋਂ ਇਲਾਵਾ ਦੀਪਕਾ ਪਾਦੂਕੋਣ, ਅਭਿਸ਼ੇਕ ਬਚਨ, ਬੋਮਿਨ ਇਰਾਨੀ, ਸੋਨੂੰ ਸੂਦ ਅਤੇ ਵਿਵਾਨ ਸ਼ਾਹ (ਨਸੀਰੂਦੀਨ ਸ਼ਾਹ ਦਾ ਛੋਟਾ ਮੁੰਡਾ) ਨੇ ਅਹਿਮ ਰੋਲ ਨਿਭਾਏ ਹਨ। ਸ਼ਾਹਰੁਖ ਖਾਨ ਪਿਛਲੇ ਲੰਮੇ ਸਮੇਂ ਤੋਂ ਬਾਲੀਵੁੱਡ ਵਿਚ ਛਾਇਆ ਹੋਇਆ ਹੈ ਅਤੇ ਇਕ ਤਰ੍ਹਾਂ ਨਾਲ ਉਸ ਨੂੰ ਬਾਲੀਵੁੱਡ ਦਾ ਸ਼ਹਿਨਸ਼ਾਹ ਵੀ ਕਿਹਾ ਜਾਂਦਾ ਹੈ। ਉਹਦੀਆਂ ਫਿਲਮਾਂ ਕਿਹੋ ਜਿਹੀਆਂ ਵੀ ਹੋਣ, ਪਰ ਵਪਾਰ ਪੱਖੋਂ ਇਨ੍ਹਾਂ ਦੀ ਝੰਡੀ ਹੁੰਦੀ ਹੈ। 'ਹੈਪੀ ਨਿਊ ਈਅਰ' ਫਿਲਮ ਸਲਮਾਨ ਖਾਨ ਦੀ 'ਕਿੱਕ' ਤੋਂ ਵੀ ਅੱਗੇ ਲੰਘ ਗਈ ਹੈ। ਹੁਣ ਤਾਂ ਇਹ ਦੇਖਣਾ ਹੈ ਕਿ ਇਹ ਕੁੱਲ ਕਿੰਨੇ ਸੌ ਕਰੋੜ ਰੁਪਏ ਦੀ ਕਮਾਈ ਕਰਦੀ ਹੈ।


BAGHI SANDHU RURKA KALAN (U.K.)
Presents
ਇਨਸਾਫ ਦੀ ਉਡੀਕ
ਦਿੱਲੀ ੧੯੮੪
ਦੰਗੇ ਕਤਲੇਆਮ
INSAAF DI UDEEK
DILLI
1984
RIOTS MASSACRE
(in Punjabi)
Ravi
Produced by Mrs. SUBHASH GUPTA, BALBIR KAUR NAHAR ( U.K. ) Music: GURDEEP MEHNDI,
Lyrics ASHOK GUPTA, PREET MOHINDER TIWARI, story : BALJINDER KAUR SANDHU,
DOP. RAVI CHANDAN : Action SINGH IS KING

ੴ ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

**2468 Tierra Buena Rd., Yuba City, CA 95992**

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 35ਵਾਂ ਮਹਾਨ ਨਗਰ ਕੀਰਤਨ

## 2 ਨਵੰਬਰ 2014 ਦਿਨ ਐਤਵਾਰ ਨੂੰ



**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 2 ਨਵੰਬਰ 2014 ਨੂੰ ਸਜਾਏ ਜਾ ਰਹੇ ਹਨ। ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।**

## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 31 ਅਕਤੂਬਰ, ਦਿਨ ਸ਼ੁਕਰਵਾਰ ਤੋਂ ਅਰੰਭ ਹੋ ਕੇ 2 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8 ਵਜੇ ਭੋਗ ਪੈਣਗੇ।

**ਸ਼ਹੀਦੀ ਦਿਵਸ:** 31 ਅਕਤੂਬਰ, ਦਿਨ ਸ਼ੁਕਰਵਾਰ ਨੂੰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਅਤੇ ਢਾਡੀ ਦੀਵਾਨ ਸਜਣਗੇ।

**ਆਤਿਸ਼ਬਾਜੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ 31 ਅਕਤੂਬਰ, ਦਿਨ ਸ਼ੁਕਰਵਾਰ ਨੂੰ ਰਾਤ 8:30 ਵਜੇ ਆਤਿਸ਼ਬਾਜੀ ਹੋਵੇਗੀ।

**ਅੰਮ੍ਰਿਤ ਸੰਚਾਰ:** ਪਹਿਲੀ ਨਵੰਬਰ, ਦਿਨ ਸਨਿਚਰਵਾਰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਪਹਿਲੀ ਨਵੰਬਰ ਦਿਨ ਸਨਿਚਰਵਾਰ ਨੂੰ ਸਵੇਰੇ 9 ਵਜੇ ਹੋਵੇਗੀ।

**ਵਿਸ਼ੇਸ਼ ਸਮਾਗਮ:** 2012 ਵਿਚ ਗੁਰਦੁਆਰਾ ਓਕ ਕਰੀਕ (ਵਿਸਕਾਨਸਿਨ) ਵਿਖੇ ਵਾਪਰੇ ਦੁਖਾਂਤ 'ਤੇ ਇਕ ਡਾਕੂਮੈਂਟਰੀ ਫਿਲਮ ਤਿਆਰ ਕੀਤੀ ਗਈ ਹੈ, ਜੋ ਕਿ ਪਹਿਲੀ ਨਵੰਬਰ, ਦਿਨ ਸਨਿਚਰਵਾਰ ਨੂੰ ਦੁਪਹਿਰ 2 ਵਜੇ 4 ਵਜੇ ਤੱਕ ਦਸ਼ਮੇਸ਼ ਹਾਲ ਵਿਚ ਦਿਖਾਈ ਜਾਵੇਗੀ ਅਤੇ ਪਤਵੰਤੇ ਸੱਜਣ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।

**ਰੈਣ ਸਬਾਈ ਕੀਰਤਨ:** ਪਹਿਲੀ ਨਵੰਬਰ, ਸਨਿਚਰਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6:00 ਵਜੇ ਤੋਂ ਰਾਤ 1:00 ਵਜੇ ਤੱਕ ਹੋਵੇਗਾ ਜਿਸ ਵਿਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

**ਰੋਜ਼ਾਨਾ ਕੀਰਤਨ ਦਰਬਾਰ:** 19 ਅਕਤੂਬਰ ਤੋਂ ਸ਼ੁਰੂ ਹੋਇਆ ਕੀਰਤਨ ਸਮਾਗਮ 2 ਨਵੰਬਰ ਤੱਕ ਹਰ ਰੋਜ਼ ਸ਼ਾਮ 5:00 ਤੋਂ ਲੈ ਕੇ ਰਾਤ 10 ਵਜੇ ਤੱਕ ਹੋਣਗੇ।

**ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ:** (1) ਭਾਈ ਸਰਬਜੀਤ ਸਿੰਘ ਜੀ ਲਾਡੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ (2) ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਦਿੱਲੀ ਵਾਲੇ (3) ਭਾਈ ਤਾਰਾ ਸਿੰਘ ਹਜੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ (4) ਗਿਆਨੀ ਸਰੂਪ ਸਿੰਘ ਜੀ ਕੰਡਿਆਣਾ ਦਾ ਢਾਡੀ ਜਥਾ ਤੇ ਗਿਆਨੀ ਸੁੱਚਾ ਸਿੰਘ ਦਾ ਕਵੀਸ਼ਰੀ ਜਥਾ। ਇਸ ਤੋਂ ਇਲਾਵਾ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜ਼ਰੀ ਭਰਨਗੇ।

**ਭੋਗ ਅਤੇ ਕੀਰਤਨ ਸਮਾਗਮ:** 2 ਨਵੰਬਰ, ਦਿਨ ਐਤਵਾਰ ਨੂੰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ਕੀਰਤਨ ਸਮਾਗਮ ਹੋਣਗੇ।

**ਨਗਰ ਕੀਰਤਨ:** 2 ਨਵੰਬਰ, ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਵੇਰੇ 10:00 ਵਜੇ ਅਰੰਭ ਹੋ ਕੇ ਸ਼ਾਮ 4:00 ਵਜੇ ਗੁਰਦੁਆਰਾ ਸਾਹਿਬ ਪਹੁੰਚੇਗਾ, ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

**ਬੇਨਤੀ:** ਸਮੁੱਚੇ ਨਗਰ ਕੀਰਤਨ ਵਿਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿਚ ਹਿੱਸਾ ਪਾ ਸਕਦੀਆਂ ਹਨ।

*ਨੋਟ: ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।*

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਹੈਡ ਗ੍ਰੰਥੀ: ਭਾਈ ਤਾਰਾ ਸਿੰਘ ਜੀ 530-673-9918
ਪ੍ਰਧਾਨ: ਸ. ਜਗਦੀਪ ਸਿੰਘ ਬਾਜਵਾ 530-682-7077

ਸੀਨੀਅਰ ਮੀਤ ਪ੍ਰਧਾਨ: ਮਾਸਟਰ ਪ੍ਰੀਤਮ ਸਿੰਘ
ਮੀਤ ਪ੍ਰਧਾਨ: ਸ. ਸੁਰਜਨ ਸਿੰਘ ਨੱਖਵਾਲ
ਸਕੱਤਰ: ਸ. ਕੁਲਦੀਪ ਸਿੰਘ ਕਾਹਲੋਂ 530-844-8910
ਸੀਨੀਅਰ ਮੀਤ ਸਕੱਤਰ: ਸ. ਪਾਲ ਸਿੰਘ ਤੱਖਰ

ਸਹਾਇਕ ਸਕੱਤਰ: ਸ. ਜੋਗਾ ਸਿੰਘ ਥਿਆੜਾ
ਖਜ਼ਾਨਚੀ: ਸ. ਪਰਮਿੰਦਰ ਸਿੰਘ ਕੂਨਰ 530-632-0363
ਸੀਨੀਅਰ ਸਹਾਇਕ ਖਜ਼ਾਨਚੀ: ਮਾਸਟਰ ਜਗੀਰ ਸਿੰਘ
ਸਹਾਇਕ ਖਜ਼ਾਨਚੀ: ਸ. ਤਖਤਪਾਲ ਸਿੰਘ ਜੌਹਲ